SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

ਹਫਤਾਵਾਰੀ
ਦੇਸ਼ ਦੁਆਬਾ
VOL -10 ISSUE - 23
September 15, 2021
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ

# ਪੰਜਾਬ ਚੋਣਾਂ- ਉਮੀਦਵਾਰ ਐਲਾਨਣ 'ਚ ਅਕਾਲੀ-ਬਸਪਾ ਮੋਹਰੀ

**ਚੰਡੀਗੜ੍ਹ (ਬਿਊਰੋ)–** ਪੰਜਾਬ ਵਿਧਾਨ ਸਭਾ ਚੋਣਾਂ 2022 ਲਈ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਸੋਮਵਾਰ ਨੂੰ ਕੁਝ ਹੋਰ ਪਾਰਟੀ ਉਮੀਦਵਾਰਾਂ ਦਾ ਐਲਾਨ ਕੀਤਾ। ਇਸ ਦੇ ਨਾਲ ਹੀ ਹੁਣ ਤਕ ਐਲਾਨ ਗਏ ਉਮੀਦਵਾਰਾਂ ਦੀ ਕੁੱਲ ਗਿਣਤੀ 64 ਹੋ ਗਈ। ਅੱਜ ਪਾਰਟੀ ਦੇ ਮੁੱਖ ਦਫਤਰ ਤੋਂ ਜਾਰੀ ਕੀਤੀ ਸੂਚੀ ਅਨੁਸਾਰ ਸ. ਸੁਖਬੀਰ ਸਿੰਘ ਬਾਦਲ ਖੁਦ ਵਿਧਾਨ ਸਭਾ ਹਲਕਾ ਜਲਾਲਾਬਾਦ ਤੋਂ ਚੋਣ ਲੜਨਗੇ, ਜਥੇਦਾਰ ਤੋਤਾ ਸਿੰਘ ਹਲਕਾ ਧਰਮਕੋਟ, ਸ. ਜਨਮੇਜਾ ਸਿੰਘ ਸੇਖੋਂ ਜ਼ੀਰਾ, ਡਾ. ਦਲਜੀਤ ਸਿੰਘ ਚੀਮਾ ਰੋਪੜ, ਸ. ਮਹੇਸ਼ਇੰਦਰ ਸਿੰਘ ਗਰੇਵਾਲ ਲੁਧਿਆਣਾ ਪੱਛਮੀ, ਸ. ਸਿਕੰਦਰ ਸਿੰਘ ਮਲੂਕਾ ਰਾਮਪੁਰਾ ਫੂਲ, ਸ. ਜਗਮੀਤ ਸਿੰਘ ਬਰਾੜ ਮੌੜ, ਸ. ਸ਼ਰਨਜੀਤ ਸਿੰਘ ਢਿੱਲੋਂ ਸਾਹਨੇਵਾਲ, ਸ. ਗੁਲਜ਼ਾਰ ਸਿੰਘ ਰਣੀਕੇ ਅਟਾਰੀ (ਐੱਸਸੀ), ਸ. ਸੁਰਜੀਤ ਸਿੰਘ ਰੱਖੜਾ ਸਮਾਣਾ, ਸ਼੍ਰੀ ਅਨਿਲ ਜੋਸ਼ੀ ਅੰਮ੍ਰਿਤਸਰ ਉੱਤਰੀ, ਪ੍ਰੋ. ਵਿਰਸਾ ਸਿੰਘ ਵਲਟੋਹਾ ਖੇਮਕਰਨ, ਸ. ਹਰਮੀਤ ਸਿੰਘ ਸੰਧੂ ਤਰਨਤਾਰਨ, ਸ. ਪਰਮਬੰਸ ਸਿੰਘ ਰੋਮਾਣਾ ਫਰੀਦਕੋਟ, ਸ਼੍ਰੀ ਰਾਜ ਕੁਮਾਰ ਗੁਪਤਾ ਸੁਜਾਨਪੁਰ, ਸ. ਗੁਰਬਚਨ ਸਿੰਘ ਬੱਬੇਹਾਲੀ ਗੁਰਦਾਸਪੁਰ, ਸ. ਅਮਰਪਾਲ ਸਿੰਘ ਬੋਨੀ ਅਜਨਾਲਾ, ਸ. ਮਲਕੀਅਤ ਸਿੰਘ ਏਆਰ ਜੰਡਿਆਲਾ (ਐੱਸਸੀ), ਸ. ਤਲਬੀਰ ਸਿੰਘ ਗਿੱਲ ਅੰਮ੍ਰਿਤਸਰ ਦੱਖਣੀ, ਡਾ. ਦਲਬੀਰ ਸਿੰਘ ਵੇਰਵਾ ਅੰਮ੍ਰਿਤਸਰ ਪੱਛਮੀ (ਐੱਸਸੀ), ਸ. ਆਦੇਸ਼ ਪ੍ਰਤਾਪ ਸਿੰਘ ਕੈਰੋਂ ਪੱਟੀ, ਸ. ਬਲਦੇਵ ਸਿੰਘ ਖਹਿਰਾ ਫਿਲੌਰ (ਐੱਸਸੀ), ਸ. ਗੁਰਪ੍ਰਤਾਪ ਸਿੰਘ ਵਡਾਲਾ ਨਕੋਦਰ, ਸ਼੍ਰੀ ਚੰਦਨ ਗਰੇਵਾਲ ਜਲੰਧਰ ਸੈਂਟਰਲ, ਸ. ਜਗਬੀਰ ਸਿੰਘ ਬਰਾੜ ਜਲੰਧਰ ਕੈਂਟ, ਸ਼੍ਰੀ ਪਵਨ ਕੁਮਾਰ ਟੀਨੂੰ ਆਦਮਪੁਰ (ਐੱਸਸੀ), ਸ. ਸਰਬਜੋਤ ਸਿੰਘ ਸਾਹਬੀ ਮੁਕੇਰੀਆਂ, ਸ. ਸੋਹਣ ਸਿੰਘ ਠੰਡਲ ਚੱਬੇਵਾਲ ਰਾਖਵਾਂ, ਸ. ਸੁਰਿੰਦਰ ਸਿੰਘ ਠੇਕੇਦਾਰ ਗੜ੍ਹਸ਼ੰਕਰ, ਡਾ. ਸੁਖਵਿੰਦਰ ਸੁੱਖੀ ਬੰਗਾ ਰਾਖਵਾਂ, ਸ. ਰਣਜੀਤ ਸਿੰਘ ਗਿੱਲ ਖਰੜ, ਸ. ਜਗਦੀਪ ਸਿੰਘ ਚੀਮਾ ਫਤਿਹਗੜ੍ਹ ਸਾਹਿਬ, ਸ. ਗੁਰਪ੍ਰੀਤ ਸਿੰਘ ਰਾਜੂ ਖੰਨਾ ਅਮਲੋਹ, ਸ. ਪਰਮਜੀਤ ਸਿੰਘ ਢਿੱਲੋਂ ਸਮਰਾਲਾ, ਸ. ਰਣਜੀਤ ਸਿੰਘ ਢਿੱਲੋਂ ਲੁਧਿਆਣਾ ਈਸਟ, ਸ਼੍ਰੀ ਹਰੀਸ਼ ਰਾਏ ਢਾਂਡਾ ਆਤਮ ਨਗਰ, ਸ. ਪ੍ਰਿਤਪਾਲ ਸਿੰਘ ਪਾਲੀ ਲੁਧਿਆਣਾ ਸੈਂਟਰਲ, ਸ. ਦਰਸ਼ਨ ਸਿੰਘ ਸ਼ਿਵਾਲਿਕ ਗਿੱਲ (ਐੱਸਸੀ), ਸ. ਮਨਪ੍ਰੀਤ ਸਿੰਘ ਇਯਾਲੀ ਦਾਖਾ, ਐੱਸਆਰ ਕਲੇਰ ਜਗਰਾਓਂ (ਐੱਸਸੀ), ਸ. ਤੀਰਥ ਸਿੰਘ ਮਾਹਲਾ ਬਾਘਾ ਪੁਰਾਣਾ, ਸ.ਬਰਜਿੰਦਰ ਸਿੰਘ ਬਰਾੜ ਮੋਗਾ, ਸ. ਚਰਨਜੀਤ ਸਿੰਘ ਬਰਾੜ ਰਾਜਪੁਰਾ, ਸ. ਜੋਗਿੰਦਰ ਸਿੰਘ ਜਿੰਦੂ ਫਿਰੋਜ਼ਪੁਰ ਦਿਹਾਤੀ (ਐੱਸਸੀ), ਸ. ਵਰਦੇਵ ਸਿੰਘ ਮਾਨ ਗੁਰੂ ਹਰਸਹਾਏ, ਹੰਸ ਰਾਜ ਜੋਸਨ ਫਾਜ਼ਲਿਕਾ, ਸ. ਹਰਦੀਪ ਸਿੰਘ ਡਿੰਪੀ ਢਿੱਲੋਂ ਗਿੱਦੜਬਾਹਾ, ਸ. ਹਰਪ੍ਰੀਤ ਸਿੰਘ ਕੋਟਭਾਈ ਮਲੋਟ (ਐੱਸਸੀ), ਸ. ਕੰਵਰਜੀਤ ਸਿੰਘ ਰੋਜ਼ੀ ਬਰਕੰਦੀ ਮੁਕਤਸਰ, ਸ. ਮਨਤਾਰ ਸਿੰਘ ਬਰਾੜ ਕੋਟਕਪੂਰਾ, ਸ. ਸੂਬਾ ਸਿੰਘ ਬਾਦਲ ਜੈਤੋ (ਐੱਸਸੀ), ਸ. ਦਰਸ਼ਨ ਸਿੰਘ ਕੋਟਫੱਤਾ ਭੁਚੋ ਮੰਡੀ (ਐੱਸਸੀ), ਸ਼੍ਰੀ ਸਰੂਪ ਚੰਦ ਸਿੰਗਲਾ ਬਠਿੰਡਾ ਸ਼ਹਿਰੀ, ਸ. ਪਰਕਾਸ਼ ਸਿੰਘ ਭੱਟੀ ਬਠਿੰਡਾ ਦਿਹਾਤੀ (ਐੱਸਸੀ), ਸ. ਜੀਤ ਮਹਿੰਦਰ ਸਿੰਘ ਸਿੱਧੂ ਤਲਵੰਡੀ ਸਾਬੋ, ਸ਼੍ਰੀ ਪੇਮ ਕੁਮਾਰ ਮਾਨਸਾ, ਸ. ਗੁਲਜ਼ਾਰ ਸਿੰਘ ਗੁਲਜ਼ਾਰੀ ਦਿੜਬਾ (ਐੱਸਸੀ), ਸ. ਸਤਨਾਮ ਸਿੰਘ ਰਾਹੀ ਭਦੌੜ (ਐੱਸਸੀ), ਸ. ਕੁਲਵੰਤ ਸਿੰਘ ਕੰਤਾ ਬਰਨਾਲਾ, ਸ. ਇਕਬਾਲ ਸਿੰਘ ਝੂੰਦਾ ਅਮਰਗੜ੍ਹ, ਸ਼੍ਰੀ ਕਬੀਰ ਦਾਸ ਨਾਭਾ (ਐੱਸਸੀ), ਸ਼੍ਰੀ ਐੱਨਕੇ ਸ਼ਰਮਾ ਡੇਰਾਬਸੀ, ਸ. ਹਰਿੰਦਰਪਾਲ ਸਿੰਘ ਚੰਦੂਮਾਜਰਾ ਸਨੌਰ ਅਤੇ ਬੀਬੀ ਵਨਿੰਦਰ ਕੌਰ ਲੂੰਬਾ ਹਲਕਾ ਸ਼ੁਤਰਾਣਾ (ਐੱਸਸੀ) ਤੋਂ ਪਾਰਟੀ ਦੇ ਉਮੀਦਵਾਰ ਹੋਣਗੇ। ਵਰਣਨਯੋਗ ਹੈ ਕਿ ਪਿਛਲੇ ਹਫਤੇ ਬਸਪਾ ਨੇ ਆਪਣੇ ਉਮੀਦਵਾਰ ਐਲਾਨੇ ਹਨ।





ਰਾਸ਼ਟਰਪਤੀ ਬਾਈਡੇਨ ਨੇ ਉਹਨਾਂ ਦੀ ਪਤਨੀ ਜਿਲ ਬਾਈਡਨ ਸਮੇਤ 9/11 ਹਮਲੇ ਨਾਲ ਸਬੰਧਿਤ ਪੀੜਤਾਂ ਨੂੰ ਦਿੱਤੀ ਸ਼ਰਧਾਂਜਲੀ **(ਰਿਪੋਰਟ ਦੇਖੋ ਸਫਾ 3 'ਤੇ)**



ਬੇਗਮਪੁਰਾ ਫਾਊਡੇਸ਼ਨ ਪੰਜਾਬ ਵੱਲੋਂ ਵਿਸ਼ਵ ਰਿਕਾਰਡ ਵਿਜੇਤਾ ਰਣਜੀਤ ਔਜਲਾ ਅਤੇ ਕੌਮਾਂਤਰੀ ਫੁੱਟਬਾਲ ਖਿਡਾਰੀ ਮਨੀਸ਼ਾ ਕਲਿਆਣ ਦਾ ਸਨਮਾਨ ਅੱਜ।
**(ਰਿਪੋਰਟ ਦੇਖੋ ਸਫਾ 11 'ਤੇ)**

SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
WE OPEN 7-DAYS A WEEK
MANDEEP SANDHU
ਵੀਜ਼ਾ
Note: I am not an Immigration Attorney.
3222 PENELOPE DR. STOCKTON, CA- 95212 (NEAR HWY 99 ON MORADA LANE)
(209-373-3562) msandhu2014@gmail.com

DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

MAJESTIC HOMES
RAMESH SUMAN Broker Realtor RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

GINNY WALIA Law Offices. Inc
Ginny H. K. Walia
Experienced Jury Trial Lawyer
Featured as a legal analyst on Fox News, MSNBC and Kron 4
FAMILY LAW, CRIMINAL DEFENSE AND CIVIL LITIGATION
Tel: (408) 724-9200
Fax: (408) 724-9202
Toll Free: 1 (800) 379-9330
ginny@walialawfirm.com
www.walialawfirm.com

THINKING ABOUT BUYING, SELLING, OR INVESTING IN REAL ESTATE? CALL ME!
JOHN SINGH BANGA
916-271-5404
banga.realtor@gmail.com
www.banga.bhhser.com
BERKSHIRE HATHAWAY
TRUST the advice of a professional
CALBRE #01397975
When it comes to Buying, Selling or Investing in real estate, it's important to Trust in a Real Estate Agent who cares about your neighborhood as as much as you do. When you are ready to buy or sell, give me a call.

Indian Grill
Indiangrillsanleandro.com
Pal343@ yahoo.com
510-878-2704, 510-332-1074 Mobile
We do Outdoor & Indoor Catering for all your Events
1600 Washington Ave. San Leandro.CA 94577
Open 7 days a week
Lunch Buffet : 11:00 AM - 2:30 PM
Fine Dining: 4.30 PM - 9"30 PM

ਸੋਹੰ ਹਰਿ

# SHRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

## Sri Guru Ravidass Temple Pittsburg (CA) Gurughar's coming programs

**September 19, 2021**
**Health Camp at the Gurughar**

There will be a health camp at Gurdwara Sahib on this Sunday from 10:00 AM to 2:00 PM. Doctors and nurses will be volunteering their time to answer any health related questions.

**September 26, 2021**
**Birthday celebration of Jasmine Chonkria**

Bhai Puran Chand Chonkria and family will be celebrating 2nd birthday of his granddaughter Jasmine Chonkria, daughter of Lajpat Rai Chonkria and Gurwinder Kaur, on Sunday September 26, 2021. Sukhmani Sahib Path will be followed by Guru Ka Langar. Family is requesting you to come and give your blessings to Jasmine.

**October 3, 2021**
**Sukhmani Sahib Path by the New Committee**

10-03-2021 Sukhmani Sahib Path by the New Committee (Newly formed committee) will be hosting Sukhmani Sahib Path and Lager Sewa to thank Guru Maharaj for granting them this Sewa.

**October 10, 2021**
**Barsi of Hazoor Shri Nabh Kanwal Raja Sahib**

Dedicated families are conducting the three days service of Akhand Path Sahib and Langar Sewa in the loving memories of Braham Giani Bhagwan Dass "Raja Sahib" on the occasion of his 81st Barsi. Akhand path will begin on 10-08-2021, Friday at 10:00 AM, and conclude on Sunday 10-10-2021.RaggiJathas will be coming to delight Sangat with Shabad Kirtan. May Akal Purakh bless HIS devotees.

**October 17, 2021**
**Barsi of Master Gurbachan Singh Ji**

Bhai Kanwaljit Singh and family will be hosting Sukhmani Sahib path and Langar Sewa on the occasion of their fathers first Barsi.Family is asking Sangat to join them in the Ardass.

**November 4, 2021 Diwali Celebration**

Diwali will be celebrated in the Gurughar at 6:00 pm on November 4, 2021. Sukhmani Sahib Path and Langar Sewa will be hosted by Ramesh Suman, Gyan Suman and family.Please come and enjoy festivities after Gurbani Kirtan and Ardass for the entire Sangat.

## 2021-2022 Committee of Sri Guru Ravidass Sabha Pittsburg (CA)



**EXECUTIVE COMMITTEE**

Kulwant Kaur Banga (Chairperson), Surinder Rattu (Vice-Chairman), Jagtar Singh Bhatia (President), Harmesh Bangar (Vice President), Harbans Kalu (2nd Vice President), Abhishek Pal Narabut (General Secretary), Naresh Kumar (Assistant Secretary), Joginder Singh (2nd Assistant Secretary), Sunita K. Singh (Treasurer), Vinod Kumar Jakhu (Assistant Treasurer).

**ADVISORY COMMITTEE**

Ramesh Suman, O.P. Balley, Balbir Mall, Jagdev Ram, Jaila Jaggi

**BOARD OF DIRECTORS**

Ashok Kumar Ralh, Dharam Pal Chonkria, Gurnam Singh Rattu, Gyan Suman, Harbans Singh Rattu, Kashmiri Bhatia, Major Bhatia, Paras Ram, Prem Lal Saroay, Santokh Madhar, Shinder Paul Narabut

**CO OPT MEMBERS**

Baksho Jaggi, Salinder Singh Bhatia, Simer Kaur, Satya Dass

**LEGAL COMMITTEE**

Shashi K Paul, Ajay Pal Ram

# ਸਾਡੀ ਠੋਸ ਮਜ਼ਬੂਤੀ ਦਾ ਆਧਾਰ ਏਕਤਾ ਹੈ- ਜੋ ਬਾਇਡਨ

## 9/11 ਅੱਤਵਾਦੀ ਹਮਲੇ ਵਿੱਚ ਮਾਰੇ ਗਏ ਲੋਕਾਂ ਨੂੰ ਕੀਤਾ ਯਾਦ

**ਸੈਕਰਾਮੈਂਟੋ 11 ਸਤੰਬਰ (ਹੁਸਨ ਲੜੋਆ ਬੰਗਾ)-** ਅਮਰੀਕਾ ਦੇ ਰਾਸ਼ਟਰਪਤੀ ਜੋ ਬਾਈਡਨ ਨੇ 9/11 ਅੱਤਵਾਦੀ ਹਮਲੇ ਦੀ 20 ਵੀਂ ਵਰੇ ਗੰਢ ਮੌਕੇ ਇਸ ਹਮਲੇ ਵਿਚ ਮਾਰੇ ਗਏ ਲੋਕਾਂ ਨੂੰ ਯਾਦ ਕਰਦਿਆਂ ਜਾਰੀ ਇਕ ਵੀਡੀਓ ਸੰਦੇਸ਼ ਵਿਚ ਕਿਹਾ ਹੈ ਕਿ ਇਹ ਦਿਨ ਨਾ ਕੇਵਲ ਬਹਾਦਰੀ ਬਲਕਿ ਏਕਤਾ ਤੇ ਸੰਜਮ ਦਾ ਵੀ ਪੈਰਤੀਕ ਹੈ।

ਰਾਸ਼ਟਰਪਤੀ ਨੇ ਆਪਣੇ 6ਮਿੰਟ ਦੇ ਵੀਡੀਓ ਸੰਦੇਸ਼ ਵਿਚ ਕਿਹਾ ਕਿੰ ਸਾਨੂੰ ਇਹ ਹਮੇਸ਼ਾਂ ਚੇਤੇ ਰੱਖਣਾ ਪਵੇਗਾ ਕਿ ਏਕਤਾ ਇਕ ਅਜਿਹੀ ਚੀਜ਼ ਹੋ ਜੋ ਕਦੇ ਵੀ ਭੰਗ ਨਹੀਂ ਹੋਣੀ ਚਾਹੀਦੀ। ਸਭ ਤੋਂ ਵਧ ਲੋੜਵੰਦਾਂ ਦੀ ਮੱਦਦ ਸਾਨੂੰ ਮਨੁੱਖ ਬਣਾਉਂਦੀ ਹੈ ਤੇ ਏਕਤਾ ਹੀ ਸਾਡੀ ਮਹਾਨ ਮਜ਼ਬੂਤੀ ਦਾ ਆਧਾਰ ਹੈ। ਰਾਸ਼ਟਰਪਤੀ ਨੇ ਪੈਰਤਖ ਤੌਰ ੋਤੇ ਦੇਸ਼ ਦੀ ਰਾਜਨੀਤਿਕ ਤੌਰ ੋਤੇ ਹੋਈ ਵੰਡ ਦਾ ਹਵਾਲਾ ਦਿੰਦਿਆਂ ਕਿਹਾ ਕਿ ਏਕਤਾ ਦਾ ਇਹ ਅਰਥ ਨਹੀਂ ਹੈ ਕਿ ਅਸੀਂ ਸਾਰੇ ਇਕੋ ਵਿਚਾਰ ਧਾਰਾ ਦੇ ਹੋਈਏ ਪਰੰਤੂ ਸਾਨੂੰ ਇਕ ਦੂਸਰੇ ਦੇ ਵਿਸ਼ਵਾਸ਼ ਦਾ ਸਨਮਾਨ ਕਰਨਾ ਪਵੇਗਾ। ਵਾਈਟ ਹਾਊਸ ਦੇ ਪ੍ਰੈਸ ਸਕੱਤਰ ਜੇਨ ਪਸਾਕੀ ਨੇ ਕਿਹਾ ਹੈ ਕਿ ਇਹ ਮੌਕਾ ਕੋਈ ਲੰਬੀਆਂ ਤਕਰੀਰਾਂ ਕਰਨ ਦਾ ਨਹੀਂ ਹੈ।

ਇਸੇ ਲਈ ਰਾਸ਼ਟਰਪਤੀ ਨੇ ਵੀਡੀਓ ਸੰਦੇਸ਼ ਦਿੱਤਾ ਹੈ। ਰਾਸ਼ਟਰਪਤੀ ਨਿਊਯਾਰਕ ਵੀ ਜਾਣਗੇ ਜਿਥੇ ਉਹ 9/11ਅੱਤਵਾਦੀ ਹਮਲੇ ਵਿਚ ਮਾਰੇ ਗਏ ਲੋਕਾਂ ਨੂੰ ਸ਼ਰਧਾਂਜਲੀ ਦੇਣਗੇ। ਉਨਾਂ ਦੇ ਨਾਲ ਸਾਬਕਾ ਰਾਸ਼ਟਰਪਤੀ ਜਾਰਜ ਬੁੱਸ਼ ਵੀ ਜਾਣਗੇ ਜੋ 2001 ਵਿਚ ਹੋਏ ਅੱਤਵਾਦੀ ਹਮਲੇ ਸਮੇਂ ਕਮਾਂਡਰ ਇਨ ਚੀਫ ਸਨ।

ਇਥੇ ਜਿਕਰਯੋਗ ਹੈ ਕਿ ਨਿਊਯਾਰਕ ਦੇ ਟਰੇਡ ਟਾਵਰਾਂ ਉਪਰ ਹੋਏ ਅੱਤਵਾਦੀ ਹਮਲੇ ਵਿਚ 3000 ਤੋਂ ਵਧ ਲੋਕ ਮਾਰੇ ਗਏ ਸਨ। ਇਸ ਹਮਲੇ ਦੀ 20 ਵੀਂ ਵਰੇ ਗੰਢ ਉਸ ਸਮੇ ਆਈ ਹੈ ਜਦੋਂ ਅਮਰੀਕਾ ਨੇ ਅਫਗਾਨਿਸਤਾਨ ਵਿਚੋਂ 20 ਸਾਲ ਟਿਕੇ ਰਹਿਣ ਤੋਂ ਬਾਅਦ ਆਪਣੀਆਂ ਫੌਜਾਂ ਪੂਰੀ ਤਰਾਂ ਕੱਢ ਲਈਆਂ ਹਨ ਤੇ ਇਸ ਵੇਲੇ ਅਫਗਾਨਿਸਤਾਨ ਫਿਰ ਤਾਲਿਬਾਨ ਦੇ ਕਬਜ਼ੇ ਵਿਚ ਆ ਗਿਆ ਹੈ।

ਪਿਛਲੇ ਮਹੀਨੇ ਫੌਜਾਂ ਕੱਢਣ ਦੇ ਆਖਰੀ ਦਿਨਾਂ ਵਿੱਚ ਅਫਗਾਨਿਸਤਾਨ ਵਿਚ ਸਥਿੱਤੀ ਬਹੁਤ ਹੀ ਅਰਾਜਕਤਾ ਵਾਲੀ ਬਣ ਗਈ ਸੀ ਤੇ ਕਾਬੁਲ ਹਵਾਈ ਅੱਡੇ ਉਪਰ ਹੋਏ ਫਿਦਾਇਨ ਹਮਲੇ ਵਿਚ 13 ਅਮਰੀਕੀ ਸੈਨਿਕਾਂ ਸਮੇਤ 170 ਦੇ ਕਰੀਬ ਲੋਕ ਮਾਰੇ ਗਏ ਸਨ।

## ਨਿਕੋਲਾ ਸਟਰਜਨ ਨੇ 9/11 ਹਮਲੇ ਦੀ 20 ਵੀਂ ਬਰਸੀ ਮੌਕੇ ਪੀੜਤਾਂ ਨੂੰ ਦਿੱਤੀ ਸ਼ਰਧਾਂਜਲੀ



**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)-** ਦੁਨੀਆਂ ਦੀ ਵਿਸ਼ਵ ਸਕਤੀ ਅਮਰੀਕਾ ਨੇ 11 ਸਤੰਬਰ ਨੂੰ 20 ਸਾਲ ਪਹਿਲਾਂ 2001 ਵਿੱਚ ਹੋਏ ਅੱਤਵਾਦੀ ਹਮਲਿਆਂ ਵਿੱਚ ਮਾਰੇ ਗਏ ਲੋਕਾਂ ਨੂੰ ਵੱਖ ਵੱਖ ਸਮਾਗਮਾਂ ਰਾਹੀਂ ਸ਼ਰਧਾਂਜਲੀ ਪੇਸ਼ ਕੀਤੀ। ਇਹਨਾਂ ਸ਼ਰਧਾਂਜਲੀਆਂ ਦੀ ਹੀ ਲੜੀ ਤਹਿਤ ਸਕਾਟਲੈਂਡ ਦੀ ਫਸਟ ਮਨਿਸਟਰ ਨਿਕੋਲਾ ਸਟਰਜਨ ਨੇ ਵੀ 9/ 11 ਦੇ ਪੀੜਤਾਂ ਨੂੰ ਸ਼ਰਧਾਂਜਲੀ ਪੇਸ਼ ਕੀਤੀ। ਸਟਰਜਨ ਨੇ ਟਵਿੱਟਰ 'ਤੇ ਪੋਸਟ ਕੀਤਾ ਕਰਦਿਆਂ ਕਿਹਾ ਕਿ 9/11 ਦੀ ਦਹਿਸ਼ਤ ਇੱਕ ਨਾ ਭੁੱਲਣਯੋਗ ਘਟਨਾ ਹੈ। ਉਹਨਾਂ ਅਨੁਸਾਰ 20 ਸਾਲਾਂ ਬਾਅਦ ਉਹਨਾਂ ਦੀ ਹਮਦਰਦੀ ਅੱਤਵਾਦੀ ਹਮਲਿਆਂ ਦੇ ਸਾਰੇ ਪੀੜਤਾਂ ਅਤੇ ਉਹਨਾਂ ਦੇ ਪਰਿਵਾਰਾਂ ਨਾਲ ਹੈ। ਇਸਦੇ ਇਲਾਵਾ ਸਟਰਜਨ ਨੇ ਨਿਊਯਾਰਕ ਦੇ ਵਰਲਡ ਟ੍ਰੇਡ ਸੈਂਟਰ ਟਵਿਨ ਟਾਵਰਜ਼ 'ਤੇ ਹਮਲੇ ਸਬੰਧੀ ਯਾਦਗਾਰੀ ਸਥਾਨ ਦੀ ਫੋਟੋ ਵੀ ਸਾਂਝੀ ਕੀਤੀ।

## ਬਾਈਡੇਨ ਨੇ 9/11 ਹਮਲੇ ਨਾਲ ਸਬੰਧਿਤ ਪੀੜ੍ਹਤਾਂ ਨੂੰ ਦਿੱਤੀ ਸ਼ਰਧਾਂਜਲੀ

**ਫਰਿਜ਼ਨੋ (ਕੈਲੀਫੋਰਨੀਆ) ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ-** ਅਮਰੀਕਾ ਵਿੱਚ 11 ਸਤੰਬਰ ਨੂੰ ਵੱਖ ਵੱਖ ਥਾਵੀਂ 9/11 ਦੇ ਅੱਤਵਾਦੀ ਹਮਲਿਆਂ ਵਿੱਚ ਮਾਰੇ ਲੋਕਾਂ ਨੂੰ ਸ਼ਰਧਾਂਜਲੀ ਦੇਣ ਲਈ ਸਮਾਗਮਾਂ ਦਾ ਆਯੋਜਨ ਕੀਤਾ ਗਿਆ। ਇਸੇ ਦੌਰਾਨ ਰਾਸ਼ਟਰਪਤੀ ਜੋਅ ਬਾਈਡੇਨ ਨੇ ਵੀ ਆਪਣੀ ਪਤਨੀ ਜਿਲ ਬਾਈਡੇਨ ਸਮੇਤ ਇਹਨਾਂ ਹਮਲਿਆਂ ਨਾਲ ਸਬੰਧਿਤ 3 ਯਾਦਗਾਰੀ ਸਮਾਰਕਾਂ 'ਤੇ ਪਹੁੰਚ ਕੇ ਸ਼ਰਧਾਂਜਲੀ ਅਰਪਿਤ ਕੀਤੀ।



ਰਾਸ਼ਟਰਪਤੀ ਬਾਈਡੇਨ ਨੇ ਆਪਣੇ ਦੌਰੇ ਦੇ ਅਖੀਰ ਵਿੱਚ ਪੈਂਟਾਗਨ ਵਿਖੇ 9/11 ਦੀ 20 ਵੀਂ ਬਰਸੀ 'ਤੇ ਮਾਰੇ ਗਏ ਲੋਕਾਂ ਦੀ ਯਾਦ ਵਿੱਚ ਸ਼ਰਧਾ ਦੇ ਫੁੱਲ ਭੇਟ ਕੀਤੇ। ਬਾਈਡੇਨ ਨੇ ਪੈਂਟਾਗਨ ਵਿਖੇ ਕੋਈ ਭਾਸ਼ਣ ਨਹੀਂ ਦਿੱਤਾ ਜਿੱਥੇ ਦਿਨ ਦੇ ਸ਼ੁਰੂ ਵਿੱਚ ਇੱਕ ਯਾਦਗਾਰ ਸੇਵਾ ਰੱਖੀ ਗਈ ਸੀ ਜਦੋਂ ਉਹ ਨਿਊਯਾਰਕ ਵਿੱਚ ਗਰਾਊਂਡ ਜ਼ੀਰੋ ਦੇ ਸਮਾਰੋਹ ਵਿੱਚ ਸਾਬਕਾ ਰਾਸ਼ਟਰਪਤੀਆਂ ਓਬਾਮਾ ਤੇ ਬਿਲ ਕਲਿੰਟਨ ਨਾਲ ਸ਼ਾਮਲ ਹੋਏ ਸਨ। ਉਨ੍ਹਾਂ ਦੇ ਨਾਲ ਉਪ ਰਾਸ਼ਟਰਪਤੀ ਕਮਲਾ ਹੈਰਿਸ ਅਤੇ ਸੈਕਿੰਡ ਜੈਂਟਲਮੈਨ ਡਗਲਸ ਐਮਹੌਫ, ਜਾਇੰਟ ਚੀਫ ਆਫ ਸਟਾਫ ਦੇ ਚੇਅਰਮੈਨ ਜਨਰਲ ਮਾਰਕ ਮਿਲੇ ਅਤੇ ਰੱਖਿਆ ਸੈਕਟਰੀ ਲੋਇਡ ਆਸਟਿਨ ਵੀ ਸਨ।

ਇਸ ਤੋਂ ਪਹਿਲਾਂ ਬਾਈਡੇਨ ਨਿਊਯਾਰਕ ਦੇ ਸਮਾਗਮ ਵਿੱਚ ਹਿੱਸਾ ਲੈਣ ਤੋਂ ਬਾਅਦ, ਸ਼ੈਂਕਸਵਿਲੇ ਵਿੱਚ ਰੁਕੇ ਅਤੇ ਫਲਾਈਟ 93 ਨੈਸ਼ਨਲ ਮੈਮੋਰੀਅਲ ਵਿਖੇ ਫੁੱਲਮਾਲਾ ਭੇਟ ਕੀਤੀ ਅਤੇ ਸਥਾਨਕ ਫਾਇਰ ਹਾਊਸ ਵਿਖੇ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ। ਸ਼ੁੱਕਰਵਾਰ ਦੀ ਰਾਤ ਨੂੰ ਬਾਈਡੇਨ ਨੇ 9/11 ਹਮਲਿਆਂ ਦੀ 20 ਵੀਂ ਬਰਸੀ ਦੇ ਮੌਕੇ 'ਤੇ ਆਪਣੇ ਵਿਚਾਰਾਂ ਦੇ ਨਾਲ ਇੱਕ ਵੀਡੀਓ ਵੀ ਸਾਂਝੀ ਕੀਤੀ ਸੀ, ਜਿਸ ਵਿੱਚ ਉਹਨਾਂ ਦੁਆਰਾ "ਆਦਰ ਅਤੇ ਵਿਸ਼ਵਾਸ" ਦੀ ਮੰਗ ਕਰਦਿਆਂ ਇਸ ਦੁਖਦਾਈ ਦਿਨ ਦੇ ਪੀੜਤਾਂ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਸ਼ਰਧਾਂਜਲੀ ਦਿੱਤੀ।


SKY TRANSPORT SOLUTIONS

STRIVE FOR MORE



WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

# 4 ਸਾਬਕਾ ਪੁਲਿਸ ਅਧਿਕਾਰੀਆਂ ਵਿਰੁੱਧ ਜਾਰਜ ਫਲਾਇਡ ਦੇ ਅਧਿਕਾਰਾਂ ਦੀ ਉਲੰਘਣਾ ਦੇ ਦੋਸ਼ਾਂ ਤਹਿਤ ਸੁਣਵਾਈ

**ਸੈਕਰਾਮੈਂਟੋ 15 ਸਤਬੰਰ (ਹੁਸਨ ਲੜੋਆ ਬੰਗਾ)–** ਮਿਨੀਆਪੋਲਿਸ ਦੇ 4 ਸਾਬਕਾ ਪੁਲਿਸ ਅਧਿਕਾਰੀਆਂ ਡੈਰਕ ਚੌਵਿਨ, ਟੌਅ ਥਾਓ, ਥਾਮਸ ਲੇਨ ਤੇ ਜੇ ਅਲੈਗਜੈਂਡਰ ਕੁਏਂਗ ਵਿਰੁੱਧ ਚਰਚਿਤ ਜਾਰਜ ਫਲਾਇਡ ਹੱਤਿਆ ਮਾਮਲੇ ਵਿਚ ਮਾਨਵੀ ਅਧਿਕਾਰਾਂ ਦੀ ਉਲੰਘਣਾ ਕਰਨ ਦੇ ਦੋਸ਼ ਆਇਦ ਕੀਤੇ ਗਏ ਹਨ ਹਾਲਾਂ ਕਿ ਸੰਘੀ ਅਦਾਲਤ ਸਾਹਮਣੇ ਇਨਾਂ ਪੁਲਿਸ ਅਧਿਕਾਰੀਆਂ ਨੇ ਆਪਣੇ ਆਪ ਨੂੰ ਨਿਰੋਦਸ਼ ਦੱਸਿਆ ਹੈ। ਪੁਲਿਸ ਅਧਿਕਾਰੀਆਂ ਦੀ ਪੇਸ਼ੀ ਮਿਨੀਆਪੋਲਿਸ ਦੀ ਅਦਾਲਤ ਵਿਚ ਵੀਡੀਓ ਕਾਨਫਰੰਸ ਰਾਹੀਂ ਹੋਈ ਜਿਥੇ ਉਨਾਂ ਵਿਰੁੱਧ ਮਈ 2020 ਵਿਚ ਮਾਰੇ ਗਏ ਜਾਰਜ ਫਲਾਇਡ ਦੇ ਅਧਿਕਾਰਾਂ ਦੀ ਉਲੰਘਣਾ ਕਰਨ ਦੇ ਦੋਸ਼ਾਂ ਤਹਿਤ ਸੁਣਵਾਈ ਹੋਈ। ਇਨਾਂ ਪੁਲਿਸ ਅਧਿਕਾਰੀਆਂ ਵਿਚੋਂ ਚੌਵਿਨ ਪਹਿਲਾਂ ਹੀ ਸ਼ਾਹਫਿਆਮ ਜਾਰਜ ਫਲਾਇਡ




ਦੀ ਹੱਤਿਆ ਦੇ ਮਾਮਲੇ ਵਿਚ ਸਾਢੇ 22 ਸਾਲ ਦੀ ਸਜ਼ਾ ਕਟ ਰਿਹਾ ਹੈ। ਉਹ ਮਿਨੀਆਪੋਲਿਸ ਦੇ ਬਾਹਰਵਾਰ ਬੇਹੱਦ ਸੁਰੱਖਿਆ ਵਾਲੀ ਓਕ ਪਾਰਕ ਹਾਈਟਸ ਜੇਲ ਵਿਚ ਬੰਦ ਹੈ।

ਸੰਘੀ ਅਦਾਲਤ ਵਿਚ ਲਾਏ ਗਏ ਦੋਸ਼ਾਂ ਵਿਚ ਕਿਹਾ ਗਿਆ ਹੈ ਕਿ 25 ਮਈ 2020 ਨੂੰ ਜਾਰਜ ਫਲਾਇਡ ਦੀ ਗੈਰਿਫਤਾਰੀ ਸਮੇ ਡੈਰਕ ਚੌਵਿਨ ਨੇ ਬਿਨਾਂ ਕਿਸੇ ਕਾਰਨ ਫਲਾਇਡ ਵਿਰੁੱਧ ਸਖਤੀ ਵਰਤੀ ਜਿਸ ਦੌਰਾਨ ਉਸ ਦੀ ਮੌਤ ਹੋ ਗਈ ਜਦ ਕਿ ਬਾਕੀ 3 ਪੁਲਿਸ ਅਧਿਕਾਰੀ ਮਾਮਲੇ ਵਿਚ ਦਖਲ ਦੇਣ ਵਿੱਚ ਅਸਫਲ ਰਹੇ ਜਦ ਕਿ ਉਹ ਚੌਵਿਨ ਨੂੰ ਸਿਰੇ ਦੀ ਸਖਤੀ ਵਰਤਣ ਤੋਂ ਰੋਕ ਸਕਦੇ ਸੀ। ਇਨਾਂ 4 ਪੁਲਿਸ ਅਧਿਕਾਰੀਆਂ ਨੂੰ ਫਲਾਇਡ ਨੂੰ ਡਾਕਟਰੀ ਸਹਾਇਤਾ ਨਾ ਦੇਣ ਦੇ ਦੋਸ਼ਾਂ ਦਾ ਵੀ ਸਾਹਮਣਾ ਕਰਨਾ ਪਵੇਗਾ।

# ਕੋਵਿਡ ਕਾਰਨ ਇਕ ਨਵ ਜੰਮੇ ਬੱਚੇ ਸਮੇਤ 5 ਬੱਚਿਆਂ ਦੇ ਮਾ-ਬਾਪ ਦੀ ਮੌਤ

**ਸੈਕਰਾਮੈਂਟੋ 15 ਸਤੰਬਰ (ਹੁਸਨ ਲੜੋਆ ਬੰਗਾ)–** ਕੈਲੀਫੋਰਨੀਆ ਵਾਸੀ ਪਤੀ-ਪਤਨੀ ਦੀ ਕੋਵਿਡ-19 ਕਾਰਨ ਮੌਤ ਹੋ ਗਈ। ਇਸ ਜੋੜੇ ਦੇ ਇਕ ਨਵ ਜੰਮੇ ਬੱਚੇ ਸਮੇਤ 5 ਬੱਚੇ ਹਨ। ਪੈਰਾਪਤ ਜਾਣਕਾਰੀ ਅਨੁਸਾਰ ਡੈਵੀ ਮੈਕੀਅਸ ਤੇ ਉਸ ਦੇ ਪਤੀ ਡੈਨੀਅਲ ਮੈਕੀਅਸ ਆਪਣੇ 4 ਬੱਚਿਆਂ ਸਮੇਤ ਅਗਸਤ ਦੇ ਸ਼ੁਰੂ ਵਿਚ ਕੋਵਿਡ-19 ਦੀ ਲਪੇਟ ਵਿਚ ਆਏ ਸਨ। ਬੱਚੇ ਠੀਕ ਹੋ ਗਏ ਜਦ ਕਿ ਡੈਵੀ ਤੇ ਡੈਨੀਅਲ ਬਿਮਾਰੀ ਤੋਂ ਉਭਰ ਨਾ ਸਕੇ ਤੇ ਉਨਾਂ ਨੂੰ ਹਸਪਤਾਲ ਦਾਖਲ ਕਰਵਾਉਣਾ ਪਿਆ। ਡੈਵੀ ਨੇ ਹਸਪਤਾਲ ਵਿਚ ਹੀ ਇਕ ਬੱਚੀ ਨੂੰ ਜਨਮ ਦਿੱਤਾ। ਬੱਚੀ ਦੇ ਜਨਮ ਸਮੇ ਡੈਵੀ ਦੇ ਨਾਲੀ ਲੱਗੀ ਹੋਈ ਸੀ ਤੇ ਉਹ ਸੁਰਤ ਵਿਚ ਨਹੀਂ ਸੀ। ਡੈਵੀ ਦੀ ਨਨਾਣ ਟੈਰੀ ਸਰੇ ਨੇ ਦੱਸਿਆ ਕਿ ਡੈਵੀ ਦਾ ਪਤੀ ਡੈਨੀਅਲ ਚਹੁੰਦਾ ਸੀ ਕਿ ਬੱਚੀ ਦਾ ਨਾਂ ਅਜੇ ਨਾ ਰਖਿਆ ਜਾਵੇ । ਉਸ ਦਾ ਵਿਸ਼ਵਾਸ਼ ਸੀ ਕਿ ਡੈਵੀ ਤੇ ਉਹ ਖੁਦ ਠੀਕ ਹੋ ਜਾਣਗੇ ਤੇ ਠੀਕ ਹੋਣ ਉਪਰੰਤ ਬੱਚੀ ਦਾ ਨਾਂ ਰਖਣਗੇ ਪਰੰਤੂ ਡੈਵੀ ਮੈਕੀਅਸ ਦੀ ਮੌਤ 26 ਅਗਸਤ ਨੂੰ ਹੋ ਗਈ ਜਦ ਕਿ ਡੈਨੀਅਲ 9 ਸਤੰਬਰ ਨੂੰ ਇਸ ਦੁਨੀਆ ਨੂੰ ਅਲਵਿਦਾ ਕਹਿ ਗਿਆ। ਇਸ ਜੋੜੇ ਦੇ ਬਾਕੀ 4 ਬੱਚਿਆਂ ਦੀ ਉਮਰ 10 ਸਾਲ ਤੋਂ ਘੱਟ ਹੈ। ਡੈਵੀ ਰਜਿਸਟਰਡ ਨਰਸ ਸੀ ਤੇ ਉਸ ਦਾ ਪਤੀ ਡੈਨੀਅਲ ਇਕ ਅਧਿਆਪਕ ਸੀ। ਇਸ ਸਮੇ ਉਹ ਜੇਹੂ ਮਿਡਲ ਸਕੂਲ ਕੋਲਟਨ, ਕੈਲੀਫੋਰਨੀਆ ਵਿਚ ਆਪਣੀਆਂ ਸੇਵਾਵਾਂ ਦੇ ਰਿਹਾ ਸੀ।

# ਕਾਰੋਬਾਰੀ ਅਦਾਰੇ ਆਪਣੇ ਸਾਰੇ ਮੁਲਾਜ਼ਮਾਂ ਦਾ ਕੋਵਿਡ ਟੀਕਾਕਰਣ ਕਰਵਾਉਣ-ਬਾਈਡਨ

**ਸੈਕਰਾਮੈਂਟੋ 10 ਸਤੰਬਰ (ਹੁਸਨ ਲੜੋਆ ਬੰਗਾ)–** ਰਾਸ਼ਟਰਪਤੀ ਜੋ ਬਾਈਡਨ ਨੇ ਆਪਣੇ ਪ੍ਰਸ਼ਾਸਨ ਦੀ ਕੋਵਿਡ -19 ਟੀਕਾਕਰਣ ਮੁਹਿੰਮ ਨੂੰ ਹੋਰ ਕਾਰਗਰ ਬਣਾਉਣ ਲਈ ਹੋਰ ਕਦਮ ਚੁੱਕਣ ਦਾ ਐਲਾਨ ਕੀਤਾ ਹੈ। ਉਨ੍ਹਾਂ ਨੇ ਕਿਰਤ ਵਿਭਾਗ ਦੇ ਨਵੇਂ ਨਿਯਮ ਦਾ ਐਲਾਨ ਕਰਦਿਆਂ ਕਿਹਾ ਹੈ ਕਿ ਉਨ੍ਹਾਂ ਕਾਰੋਬਾਰੀ ਅਦਾਰਿਆਂ ਲਈ ਆਪਣੇ ਸਾਰੇ ਮੁਲਾਜ਼ਮਾਂ ਦਾ ਕੋਵਿਡ-19 ਤੋਂ ਬਚਾਅ ਲਈ ਟੀਕਾਕਰਣ ਕਰਵਾਉਣਾ ਲਾਜ਼ਮੀ ਹੋਵੇਗਾ ਜਿਨ੍ਹਾਂ ਵਿਚ 100 ਜਾਂ ਇਸ ਤੋਂ ਵਧ ਮੁਲਾਜ਼ਮ ਕੰਮ ਕਰਦੇ ਹਨ। ਜੇਕਰ ਉਹ ਅਜਿਹਾ ਨਹੀਂ ਕਰਦੇ ਤਾਂ ਉਨ੍ਹਾਂ ਨੂੰ ਆਪਣੇ ਮੁਲਾਜ਼ਮਾਂ ਦਾ ਹਫਤੇ ਵਿਚ ਘੱਟੋ ਘੱਟ ਇਕ ਵਾਰੀ ਕੋਵਿਡ ਟੈਸਟ ਕਰਵਾਉਣਾ ਪਵੇਗਾ ਤੇ ਇਸ ਸਬੰਧੀ ਰਿਪੋਰਟ ਦੇਣੀ ਪਵੇਗੀ। ਇਸ ਤੋਂ ਇਲਾਵਾ ਰਾਸ਼ਟਰਪਤੀ ਨੇ ਇਕ ਆਦੇਸ਼ ਉਪਰ ਦਸਤਖ਼ਤ ਕੀਤੇ ਹਨ ਜਿਸ ਤਹਿਤ ਸੰਘੀ ਵਰਕਰਾਂ ਤੇ ਠੇਕੇਦਾਰਾਂ ਨੂੰ ਕੋਵਿਡ-19 ਤੋਂ ਬਚਾਅ ਲਈ ਟੀਕੇ ਲਵਾਉਣੇ ਪੈਣਗੇ। ਰਾਸ਼ਟਰਪਤੀ ਨੇ ਜੁਲਾਈ ਵਿਚ ਜਾਰੀ ਨੀਤੀ ਨੂੰ ਸਖ਼ਤ ਕਰਦਿਆਂ ਇਹ ਆਦੇਸ਼ ਜਾਰੀ ਕੀਤਾ ਹੈ। ਜੁਲਾਈ ਵਿਚ ਸੰਘੀ ਵਰਕਰਾਂ ਤੇ ਠੇਕੇਦਾਰਾਂ ਨੂੰ ਕੋਵਿਡ-19 ਤੋਂ ਬਚਾਅ ਲਈ ਟੀਕੇ ਲਵਾਉਣ ਲਈ ਕਿਹਾ ਗਿਆ ਸੀ ਪਰੰਤੂ ਟੀਕੇ ਨਾ ਲਵਾਉਣ ਦੀ ਸਥਿਤੀ ਵਿਚ ਹੋਰ ਰਾਹ ਵੀ ਖੁਲੇ ਰੱਖੇ ਸਨ। ਬਾਈਡਨ ਨੇ ਕਿਹਾ ਹੈ ਕਿ ਨਵੀਂ ਨੀਤੀ ਤਹਿਤ ਤਕਰੀਬਨ 10 ਕਰੋੜ ਵਰਕਰਾਂ ਨੂੰ ਕੋਵਿਡ-19 ਤੋਂ ਬਚਾਅ ਲਈ ਟੀਕੇ ਲਵ-ਾਉਣੇ ਜਰੂਰੀ ਹੋ ਜਾਣਗੇ ਜੋ ਦੇਸ਼ ਦੇ ਕੁਲ ਵਰਕਰਾਂ ਦੀ ਗਿਣਤੀ ਦਾ ਦੋ ਤਿਹਾਈ ਹਿੱਸਾ ਬਣਦਾ ਹੈ। ਉਨ੍ਹਾਂ ਕੋਵਿਡ-19 ਵੈਕਸੀਨੇਸ਼ਨ ਕਰਵਾਉਣ ਉਪਰ ਜੋਰ ਦਿੰਦਿਆਂ ਕਿਹਾ ਹੋਰ ਕਿਸ ਗੱਲ ਦੀ ਉਡੀਕ ਹੋ ਰਹੀ ਹੈ? ਅਸੀਂ ਹੋਰ ਕੀ ਵੇਖਣਾ ਚਾਹੁੰਦੇ ਹਾਂ? ਬਾਈਡਨ ਨੇ ਕਿਹਾ ਕਿ 'ਅਸੀਂ ਵੈਕਸੀਨ ਮੁਫਤ, ਸੁਰੱਖਿਅਤ ਤੇ ਬਿਨਾਂ ਕਿਸੇ ਦਿੱਕਤ ਦੇ ਲਵਾਉਣ ਦੇ ਪ੍ਰਬੰਧ ਕੀਤੇ ਹਨ। ਵੈਕਸੀਨ ਐਫ ਡੀ ਏ ਵੱਲੋਂ ਪ੍ਰਵਾਨਿਤ ਹੈ। 20 ਕਰੋੜ ਅਮਰੀਕੀ ਘੱਟੋ ਘੱਟ ਇਕ ਖੁਰਾਕ ਲੈ ਚੁੱਕੇ ਹਨ। ਤੁਹ-ਾਡੇ ਵੱਲੋਂ ਵੈਕਸੀਨ ਨਾ ਲਵਾਉਣ ਦਾ ਖਮਿਆਜ਼ਾ ਸਾਨੂੰ ਸਾਰਿਆਂ ਨੂੰ ਭੁਗਤਣਾ ਪੈ ਰਿਹਾ ਹੈ। ਇਸ ਲਈ ਮੇਰੀ ਬੇਨਤੀ ਹੈ ਕਿ ਸਹੀ ਰਸਤੇ ਦੀ ਚੋਣ ਕਰੋ। ਇਥੇ ਜਿਕਰਯੋਗ ਹੈ ਕਿ ਬਾਈਡਨ ਉਨ੍ਹਾਂ ਲੋਕਾਂ ਜਿਨ੍ਹਾਂ ਨੇ ਟੀਕਾਕਰਣ ਨਹੀਂ ਕਰਵਾਇਆ ਹੈ, ਨੂੰ ਵਾਰ ਵਾਰ ਸਿੱਧਾ ਸੁਨੇਹਾ ਦਿੰਦੇ ਰਹੇ ਹਨ ਤੇ ਉਹ ਮੌਜੂਦਾ ਕੋਵਿਡ ਮਹਾਂਮਾਰੀ ਨੂੰ ਟੀਕੇ ਨਾ ਲਵਾਉਣ ਵਾਲੇ ਲੋਕਾਂ ਦੀ ਮਹਾਂਮਾਰੀ ਕਹਿੰਦੇ ਰਹੇ ਹਨ।

# ਘਰ ਉਪਰ ਚਲਾਈਆਂ ਅੰਧਾਧੁੰਦ ਗੋਲੀਆਂ, 3 ਸਾਲਾ ਲੜਕੇ ਦੀ ਮੌਤ

**ਸੈਕਰਾਮੈਂਟੋ 11 ਸਤੰਬਰ (ਹੁਸਨ ਲੜੋਆ ਬੰਗਾ)–** ਉਤਰੀ ਕੈਰੋਲੀਨਾ ਦੇ ਚਾਰਲੋਟ ਖੇਤਰ ਵਿਚ ਗੋਲੀਆਂ ਵੱਜਣ ਨਾਲ ਮਾਰੇ ਗਏ ਇਕ 3 ਸਾਲ ਦੇ ਲੜਕੇ ਦੇ ਮਾਮਲੇ ਵਿਚ ਪੁਲਿਸ ਨੇ 21 ਸਾਲਾ ਕੁਆ ਟੋਨੀਓ ਸਟੈਫਨਜ ਨੂੰ ਗੈਰਿਫਤਾਰ ਕੀਤਾ ਹੈ। ਪੁਲਿਸ ਵੱਲੋਂ ਜਾਰੀ ਬਿਆਨ ਅਨੁਸਾਰ ਚਾਰਲੋਟ ਵਿਖੇ ਇਕ ਘਰ ਉਪਰ 150 ਦੇ ਕਰੀਬ ਗੋਲੀਆਂ ਚਲਾਈਆਂ ਗਈਆਂ। ਉਸ ਸਮੇ ਘਰ ਵਿਚ 11 ਵਿਅਕਤੀ ਮੌਜੂਦ ਸਨ। 3 ਸਾਲ ਦਾ ਲੜਕਾ ਆਪਣੀ ਦਾਦੀ ਨਾਲ ਸੌਂ ਰਿਹਾ ਸੀ ਜਦੋਂ ਉਸ ਦੇ ਗੋਲੀ ਵੱਜੀ। ਉਸ ਦੀ ਮੌਕੇ ਉਪਰ ਹੀ ਮੌਤ ਹੋ ਗਈ। ਉਸ ਦੀ 4 ਸਾਲ ਦੀ ਭੈਣ ਵੀ ਜਖਮੀ ਹੋਈ ਹੈ ਪਰੰਤੂ ਉਸ ਦੀ ਹਾਲਤ ਸਥਿਰ ਹੈ।








# ਫਰਿਜ਼ਨੋ ਵਿਖੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ 26ਵੀਂ ਬਰਸੀ ਮੌਕੇ ਵਿਸ਼ੇਸ਼ ਸਮਾਗਮ


















**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਫਰਿਜ਼ਨੋ (ਕੈਲੀਫੋਰਨੀਆਂ)–** ਸਥਾਨਿਕ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਯਾਦ ਵਿੱਚ ਬਣੇ ਖਾਲੜਾ ਪਾਰਕ ਵਿੱਚ ਲੰਘੇ ਐਤਵਾਰ ਇੰਡੋ-ਯੂ.ਐਸ.ਏ ਹੈਰੀਟੇਜ਼ ਫਰਿਜ਼ਨੋ&; ( ਗਦਰੀ ਬਾਬਿਆਂ ਅਤੇ ਸ਼ਹੀਦਾਂ ਨੂੰ ਸਮੱਰਪਤ ਜਥੇਬੰਦੀ)ਵੱਲੋਂ ਪਾਰਕ ਦੀ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ 'ਤੇ ਜੈਕਾਰਾ ਮੂਵਮਿੰਟ ਦੇ ਨੌਜਵਾਨਾਂ ਦੇ ਉੱਦਮ ਸਦਕੇ ਇੱਕ ਵਿਸ਼ੇਸ਼ ਸਮਾਗਮ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ 26ਵੀਂ ਬਰਸੀ ਨੂੰ ਮੁੱਖ ਰੱਖਕੇ ਕਰਵਾਇਆ ਗਿਆ। ਇਸ ਮੌਕੇ ਜਿੱਥੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਲਾਸਾਨੀ ਕੁਰਬਾਨੀ ਨੂੰ ਯਾਦ ਕੀਤਾ ਗਿਆ, ਓਥੇ ਹੀ 9/11 ਦੀ 20ਵੀ ਬਰਸੀ ਮੌਕੇ ਅਮਰੀਕਾ ਵਿੱਚ ਹੋਏ ਅੱਤਵਾਦੀ ਹਮਲੇ ਵਿੱਚ ਮਾਰੇ ਗਏ ਤਿੰਨ ਹਜ਼ਾਰ ਤੋਂ ਵੱਧ ਨਿਰਦੋਸ਼ ਲੋਕਾਂ ਨੂੰ ਵੀ ਸ਼ਰਧਾਂਜਲੀ ਦਿੱਤੀ ਗਈ। ਇਸ ਮੌਕੇ ਭਾਰਤ ਵਿੱਚ ਚੱਲ ਰਹੇ ਕਿਸਾਨੀ ਸੰਘਰਸ਼ ਵਿੱਚ ਸ਼ਹੀਦ ਹੋਏ 600 ਤੋਂ ਵੱਧ ਕਿਸਾਨਾਂ ਨੂੰ ਵੀ ਨਮਨ ਕੀਤਾ ਗਿਆ। ਸਮਾਗਮ ਦੀ ਸ਼ੁਰੂਆਤ ਸ. ਕੁਲਵੰਤ ਸਿੰਘ ਖਹਿਰਾ ਨੇ ਜਪੁਜੀ ਸਹਿਬ ਜੀ ਦਾ ਪਾਠ ਕਰਕੇ ਅਰਦਾਸ ਉਪਰੰਤ ਕੀਤੀ। ਇਸ ਮੌਕੇ ਅਮੈਰਕਿਨ ਰਾਸ਼ਟਰੀ ਗੀਤ ਵੀ ਗਾਇਆ ਗਿਆ ਅਤੇ ਇੱਕ ਮਿੰਟ ਦਾ ਮੌਨ ਧਾਰਨ ਕਰਕੇ ਸਮੂਹ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ ਗਈ। ਇਸ ਪਿੱਛੋਂ ਢਾਡੀ ਬਲਿਹਾਰ ਸਿੰਘ ਚੋਹਲਾ ਸਾਬ੍ਹ ਦੇ ਕਵੀਸ਼ਰੀ ਜਥੇ ਨੇ ਵਾਰਾਂ ਗਾਕੇ ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਜੀਵਨ ਤੇ ਪੰਛੀ ਝਾਤ ਪਾਈ। ਯਮਲੇ ਜੱਟ ਦੇ ਲਾਡਲੇ ਸ਼ਗਿਰਦ ਰਾਜ ਬਰਾੜ ਨੇ ਇੱਕ ਇਨਕਲਾਬੀ ਗੀਤ ਨਾਲ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ। ਇਸ ਮੌਕੇ ਨਿਰਮਲ ਸਿੰਘ ਧਨੌਲਾ, ਸਾਧੂ ਸਿੰਘ ਸੰਘਾ, ਰਣਜੀਤ ਗਿੱਲ, ਗੁਰਦੀਪ ਸ਼ੇਰਗਿੱਲ,ਸੁਰਿੰਦਰ ਮੰਡਾਲੀ, ਗੁਰਵਿੰਦਰ ਸਿੰਘ , ਪਰਮਪਾਲ ਸਿੰਘ,&; ਹੈਰੀ ਮਾਨ, ਦਲਜੀਤ ਰਿਆੜ, ਹਰਜਿੰਦਰ ਢੇਸੀ, ਫਾਰਮਰ ਅਜੀਤ ਸਿੰਘ ਗਿੱਲ, ਹਾਕਮ ਸਿੰਘ ਢਿੱਲੋ, ਹਰਦੇਵ ਸਿੰਘ ਰਸੂਲਪੁਰ, ਰਾਜਕਰਨਬੀਰ ਸਿੰਘ, ਹਰਜਿੰਦਰ ਸਿੰਘ ਸੈਣੀ,ਰਾਜ ਕਿਸ਼ਨਪੁਰਾ, ਡਾ. ਅਰਜਨ ਸਿੰਘ ਜੋਸ਼ਨ, ਡਾ. ਚੰਨ, ਅਮਰੀਕ ਸਿੰਘ ਸੈਕਟਰੀ ਗੁਰਦਵਾਰਾ ਸਹਿਬ ਮਡੇਰਾ, ਮਲਕੀਤ ਸਿੰਘ ਕਿੰਗਰਾ ਆਦਿ ਨੇ ਇਨਕਲਾਬੀ ਕਵਿਤਾਵਾਂ ਅਤੇ ਤਕਰੀਰਾਂ ਨਾਲ ਹਾਜ਼ਰੀ ਭਰੀ। ਇਸ ਸਮਾਗਮ ਵਿੱਚ ਸੌਗੀ ਦੇ ਬਾਦਸ਼ਾਹ ਚਰਨਜੀਤ ਸਿੰਘ ਬਾਠ ਖ਼ਾਸ ਤੌਰ ਤੇ ਪਹੁੰਚੇ ਹੋਏ ਸਨ। ਇਸ ਮੌਕੇ ਗੁਰਦਵਾਰਾ ਸਹਿਬ ਮਡੇਰਾ ਦੀ ਕਮੇਟੀ ਨੇ ਸ਼ਾਨਦਾਰ ਪ੍ਰਦਰਸ਼ਨੀ ਵੀ ਲਾਈ, ਜੋ ਕਿ ਲੋਕਾਂ ਲਈ ਖ਼ਾਸ ਖਿੱਚ ਦਾ ਕੇਂਦਰ ਰਹੀ। ਇਸ ਮੌਕੇ ਪ੍ਰਬੰਧਕਾਂ ਵੱਲੋਂ ਸਿਕੰਦਰ ਸਿੰਘ ਚੀਮਾਂ, ਮਨਜਿੰਦਰ ਸਿੰਘ ਅਤੇ ਤਲਵਿੰਦਰ ਸਿੰਘ ਦੇ ਸਹਿਯੋਗ ਨਾਲ ਚਾਹ ਪਕੌੜਿਆ ਦਾ ਲੰਗਰ ਅਤੁੱਟ ਵਰਤਾਇਆ ਗਿਆ। ਅਖੀਰ ਵਿੱਚ ਪ੍ਰਬੰਧਕਾਂ ਵੱਲੋਂ ਜੈਕਾਰਾ ਮੂਵਮਿੰਟ ਅਤੇ ਸਕੂਲ ਟਰੱਸਟੀ ਨੈਂਣਦੀਪ ਸਿੰਘ ਚੰਨ, ਹਰਜਿੰਦਰ ਸੈਣੀ ਅਤੇ ਗੁਰਦੀਪ ਸ਼ੇਰਗਿੱਲ&; ਨੂੰ ਉਹਨਾਂ ਦੀਆਂ ਸੇਵਾਵਾਂ ਬਦਲੇ ਸਿਰੋਪਾਓ ਦੇਕੇ ਨਿਵਾਜਿਆ ਗਿਆ। ਇਸ ਮੌਕੇ ਸਰਪੰਚ ਅਵਤਾਰ ਸਿੰਘ ਚੌਹਾਨ, ਹਰਦੇਵ ਸਿੰਘ ਰਸੂਲਪੁਰ, ਸਿਕੰਦਰ ਸਿੰਘ ਚੀਮਾਂ ਅਤੇ ਸਾਥੀਆਂ ਨੂੰ ਵੀ ਸਹਿਯੋਗ ਲਈ ਸਿਰੋਪਾਓ ਦਿੱਤੇ ਗਏ। ਇਸ ਪ੍ਰੋਗਰਾਮ ਦੀ ਕਾਮਯਾਬੀ ਦਾ ਸਿਹਰਾ ਸਮੂਹ ਇੰਡੋ-ਯੂ. ਐਸ.ਏ. ਹੈਰੀਟੇਜ਼, ਸਮੂਹ ਪਾਰਕ ਕਮੇਟੀ ਮੈਂਬਰ ਅਤੇ ਜੈਕਾਰਾ ਮੂਵਮਿੰਟ ਦੇ ਅਣਥੱਕ ਮੈਂਬਰਾਂ ਸਿਰ ਬੱਝਦਾ ਹੈ। ਇਸ ਮੌਕੇ ਇੰਡੋ - ਯੂ. ਐਸ. ਏ ਹੈਰੀਟੇਜ਼ ਵੱਲੋਂ ਐਲਾਨ ਕੀਤਾ ਗਿਆ ਕਿ ਸਤੰਬਰ ਦੇ ਤੀਸਰੇ ਐਤਵਾਰ ਨੂੰ ਭਰਾਤਰੀ ਜਥੇਬੰਦੀਆਂ ਅਤੇ ਭਾਰਤੀ ਭਾਈਚਾਰੇ ਦੇ ਸਹਿਯੋਗ ਨਾਲ ਇਹ ਬਰਸੀ ਹਰੇਕ ਸਾਲ ਮਨਾਈ ਜਾਇਆ ਕਰੇਗੀ ਅਤੇ ਸੰਗਤ ਦੇ ਸਹਿਯੋਗ ਲਈ ਅਤੇ ਵਲੰਟੀਅਰ ਵੀਰਾ ਦੀ ਮਿਹਨਤ ਲਈ ਉਹਨਾਂ ਦਾ ਸ਼ਪੈਸ਼ਲ ਧੰਨਵਾਦ ਕੀਤਾ। ਅਖੀਰ ਅਗਲੇ ਸਾਲ ਮੁੜ ਇਕੱਠੇ ਹੋਣ ਦਾ ਪ੍ਰਣ ਕਰਦੇ ਹੋਏ ,ਅਮਿੱਟ ਪੈੜਾਂ ਛੱਡਦਾ ਇਹ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆ। ਪੂਰੇ ਸਮਾਗਮ ਦੌਰਾਨ ਸਟੇਜ ਸੰਚਾਲਨ ਪੱਤਰਕਾਰ ਨੀਟਾ ਮਾਛੀਕੇ ਨੇ ਬਾਖ਼ੂਬੀ ਕੀਤਾ।

# ਸਿਆਸੀ ਪਾਰਟੀਆਂ ਦੀ ਅੱਖ ਪੰਜਾਬ ਦੀਆਂ 2022 ਦੀਆਂ ਚੋਣਾਂ 'ਤੇ

**ਚੰਡੀਗੜ੍ਹ –** ਵਿਧਾਨ ਸਭਾ ਚੋਣਾਂ ਵਿਚ ਹਾਲੇ 6 ਕੁ ਮਹੀਨੇ ਬਾਕੀ ਹਨ ਪਰ ਹੁਣ ਤੋਂ ਪੰਜਾਬ ਦਾ ਸਿਆਸੀ ਮਾਹੌਲ ਉਬਾਲੇ ਖਾਣ ਲੱਗਾ ਹੈ। ਸਾਰੀਆਂ ਹੀ ਪਾਰਟੀਆਂ ਆਪੋ-ਆਪਣੇ ਪੱਧਰ ਉਤੇ ਬੇਹੱਦ ਸਰਗਰਮ ਹੋ ਰਹੀਆਂ ਹਨ। ਇਸ ਸਮੇਂ ਕੈਪਟਨ ਅਮਰਿੰਦਰ ਸਿੰਘ ਸਰਕਾਰ ਦੀਆਂ ਸਾਢੇ ਚਾਰ ਸਾਲ ਦੀਆਂ ਨਕਾਮੀਆਂ ਦਾ ਮੁੱਦਾ ਸਭ ਤੋਂ ਵੱਧ ਭਖਿਆ ਹੋਇਆ ਹੈ। ਆਮ ਲੋਕਾਂ, ਸਿਆਸੀ ਵਿਰੋਧੀਆਂ ਦੇ ਨਾਲ-ਨਾਲ ਸਰਕਾਰ ਦੇ ਆਪਣੇ ਮੰਤਰੀ-ਵਿਧਾਇਕ ਸਰਕਾਰ ਨੂੰ ਘੇਰਨ ਲਈ ਮੈਦਾਨ ਮੱਲੀ ਬੈਠੇ ਹਨ। ਕਿਸਾਨ ਅੰਦੋਲਨ ਨੇ ਪੰਜਾਬੀਆਂ ਦੇ ਮਨਾਂ ਵਿਚ ਨਵੀਆਂ ਆਸਾਂ ਤਾਂ ਪੈਦਾ ਕੀਤੀਆਂ ਹਨ ਪਰ ਲੋਕਾਂ ਦੇ ਮਨਾਂ ਵਿਚ ਸਿਆਸੀ ਹਾਲਾਤ ਬਾਰੇ ਵੱਡੇ ਸ਼ੰਕੇ ਹਨ। ਹਾਲਾਤ ਇਹ ਹਨ ਕਿ ਕੋਈ ਵੀ ਸਿਆਸੀ ਧਿਰ ਪੰਜਾਬ ਦੇ ਮਸਲਿਆਂ ਦੀ ਗੱਲ ਕਰਨ ਲਈ ਤਿਆਰ ਨਹੀਂ ਹੈ। ਸੱਤਾਧਾਰੀ ਕਾਂਗਰਸ, ਅਕਾਲੀ ਦਲ ਤੇ ਆਮ ਆਦਮੀ ਪਾਰਟੀ ਸਣੇ ਚੋਣ ਮੈਦਾਨ ਵਿਚ ਡਟੀਆਂ ਹੋਰ ਧਿਰਾਂ ਲੋਕਾਂ ਨੂੰ ਮੁਫਤ ਸਹੂਲਤਾਂ ਦਾ ਲਾਲਚ ਵਿਖਾ ਕੇ ਮੇਲਾ ਲੁੱਟਣ ਦੀਆਂ ਕੋਸ਼ਿਸ਼ਾਂ ਵਿਚ ਹੈ। ਪੰਜਾਬ ਕਾਂਗਰਸ ਵਿਚ ਹੋ ਰਹੀਆਂ ਸਿਆਸੀ ਸਰਗਰਮੀਆਂ ਨੇ ਰਾਜਸੀ ਹਲਕਿਆਂ ਨੂੰ ਹੈਰਾਨੀ ਵਿਚ ਪਾਇਆ ਹੋਇਆ ਹੈ। ਨਵਜੋਤ ਸਿੰਘ ਸਿੱਧੂ ਦੇ ਪ੍ਰਧਾਨ ਬਣਨ ਤੋਂ ਬਾਅਦ ਅੰਦਰੂਨੀ ਖਿੱਚੋਤਾਣ ਇਥੋਂ ਤੱਕ ਵਧੀ ਕਿ ਕੁਝ ਮੰਤਰੀਆਂ ਅਤੇ ਵਿਧਾਇਕਾਂ ਨੇ ਮੁੱਖ ਮੰਤਰੀ ਬਦਲਣ ਦੀ ਮੰਗ ਉਠਾ ਦਿੱਤੀ। ਇਨ੍ਹਾਂ ਮੰਤਰੀਆਂ ਦੀ ਪੰਜਾਬ ਕਾਂਗਰਸ ਦੇ ਇੰਚਾਰਜ ਹਰੀਸ਼ ਰਾਵਤ ਨਾਲ ਗੱਲਬਾਤ ਤੋਂ ਬਾਅਦ, ਰਾਵਤ ਨੇ ਸਪੱਸ਼ਟ ਕਿਹਾ ਕਿ ਵਿਧਾਨ ਸਭਾ ਦੀਆਂ ਚੋਣਾਂ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਲੜੀਆਂ ਜਾਣਗੀਆਂ।



ਇਹ ਸਿਆਸੀ ਕਸ਼ਮਕਸ਼ ਕਾਂਗਰਸ ਲਈ ਮਹਿੰਗੀ ਸਾਬਤ ਹੋ ਸਕਦੀ ਹੈ। ਕਾਂਗਰਸ ਨੇ ਸਰਕਾਰ ਤੇ ਪਾਰਟੀ ਵਿਚ ਸਾਂਝ ਵਧਾਉਣ ਲਈ ਮੁੱਖ ਮੰਤਰੀ ਅਤੇ ਪਾਰਟੀ ਪ੍ਰਧਾਨ ਦੀ ਰਜ਼ਾਮੰਦੀ ਨਾਲ ਦਸ ਮੈਂਬਰੀ ਕਮੇਟੀ ਬਣਾਈ ਹੈ। ਪਾਰਟੀ ਅੰਦਰਲੀਆਂ ਦੋਹਾਂ ਧਿਰਾਂ ਨੂੰ ਉਸ ਕਮੇਟੀ ਦੀ ਕਾਰਗੁਜ਼ਾਰੀ ਨੂੰ ਵਾਚਣਾ ਚਾਹੀਦਾ ਸੀ। ਇਸ ਵੇਲੇ ਮੁੱਖ ਮੰਤਰੀ ਦਾ ਵਿਰੋਧ ਕਰ ਰਹੇ ਮੰਤਰੀਆਂ ਦੀ ਸਥਿਤੀ ਬਹੁਤ ਵਿਰੋਧਾਭਾਸ ਵਾਲੀ ਹੋ ਗਈ ਹੈ; ਉਹ ਸਾਢੇ ਚਾਰ ਸਾਲ ਸਰਕਾਰ ਦਾ ਹਿੱਸਾ ਰਹੇ ਹਨ; ਸਰਕਾਰ ਵਿਚ ਜ਼ਿੰਮੇਵਾਰੀ ਸਾਂਝੀ ਹੁੰਦੀ ਹੈ; ਜਦ ਮੰਤਰੀ ਆਪਣੀ ਸਰਕਾਰ ਦੀ ਕਾਰਗੁਜ਼ਾਰੀ 'ਤੇ ਸਵਾਲ ਉਠਾ ਰਹੇ ਹਨ ਤਾਂ ਉਨ੍ਹਾਂ ਦੀ ਆਪਣੀ ਕਾਰਗੁਜ਼ਾਰੀ 'ਤੇ ਵੀ ਸਵਾਲ ਉੱਠਣੇ ਸੁਭਾਵਿਕ ਹਨ। ਇਸ ਖਿੱਚੋਤਾਣ ਵਿਚ ਨਾ ਸਿਰਫ ਕਾਂਗਰਸ ਦੇ ਅਕਸ ਨੂੰ ਖੋਰਾ ਲੱਗ ਰਿਹਾ ਹੈ ਸਗੋਂ ਵਿਰੋਧੀ ਪਾਰਟੀਆਂ ਨੂੰ ਵੀ ਕਾਂਗਰਸ 'ਤੇ ਹਮਲਾ ਕਰਨ ਦਾ ਮੌਕਾ ਮਿਲ ਰਿਹਾ ਹੈ। ਸਿਆਸੀ ਮਾਹਿਰਾਂ ਦਾ ਅੰਦਾਜ਼ਾ ਸੀ ਕਿ ਕਾਂਗਰਸ ਦੀ ਅੰਦਰੂਨੀ ਲੜਾਈ ਦਾ ਫਾਇਦਾ ਅਕਾਲੀ-ਬਸਪਾ ਗੱਠਜੋੜ ਨੂੰ ਮਿਲੇਗਾ। ਸ਼੍ਰੋਮਣੀ ਅਕਾਲੀ ਦਲ ਕੋਲ ਆਪਣਾ ਕਾਡਰ ਤਾਂ ਹੈ ਪਰ ਇਸ ਦੇ ਬਾਵਜੂਦ ਉਸ ਨੂੰ ਲੋਕਾਂ, ਖਾਸ ਕਰਕੇ ਕਿਸਾਨਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸੰਯੁਕਤ ਕਿਸਾਨ ਮੋਰਚੇ ਨੇ ਐਲਾਨ ਕੀਤਾ ਹੈ ਕਿ ਉਹ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਦਾ ਬਾਈਕਾਟ ਜਾਂ ਵਿਰੋਧ ਕਰਨਗੇ ਜਦੋਂਕਿ ਹੋਰ ਸਿਆਸੀ ਪਾਰਟੀਆਂ ਦੇ ਆਗੂਆਂ ਤੋਂ ਸਵਾਲ ਪੁੱਛੇ ਜਾਣਗੇ। ਚੋਣਾਂ ਤੋਂ ਪਹਿਲਾਂ ਜ਼ਿਆਦਾ ਸਵਾਲ ਸੱਤਾਧਾਰੀ ਪਾਰਟੀ ਦੇ ਆਗੂਆਂ ਨੂੰ ਪੁੱਛੇ ਜਾਂਦੇ ਹਨ ਪਰ ਪਿਛਲੇ ਕੁਝ ਦਿਨਾਂ ਦੇ ਤਜਰਬੇ ਅਨੁਸਾਰ ਲੋਕ ਅਕਾਲੀ ਦਲ ਦੇ ਆਗੂਆਂ ਤੋਂ ਵੀ ਤਿੱਖੇ ਸਵਾਲ ਪੁੱਛ ਰਹੇ ਹਨ। ਕਈ ਥਾਵਾਂ 'ਤੇ ਸਵਾਲ ਪੁੱਛਣ ਦੀ ਪ੍ਰਕਿਰਿਆ ਇੰਨੀ ਗਰਮ ਮਾਹੌਲ ਵਾਲੀ ਹੋ ਗਈ ਕਿ ਅਕਾਲੀ ਦਲ ਨੂੰ ਆਪਣੇ ਸਮਾਗਮ ਰੱਦ ਕਰਨੇ ਪਏ। ਅਕਾਲੀ ਦਲ ਵੱਲੋਂ ਕੁਝ ਭਾਜਪਾ ਆਗੂਆਂ ਨੂੰ ਪਾਰਟੀ ਵਿਚ ਸ਼ਾਮਲ ਕਰਨ ਨਾਲ ਭਾਜਪਾ ਦਾ ਆਧਾਰ ਹੋਰ ਕਮਜ਼ੋਰ ਹੋਇਆ ਹੈ। ਆਮ ਆਦਮੀ ਪਾਰਟੀ ਅਜੇ ਵੀ ਪੰਜਾਬ ਲਈ ਭਵਿੱਖ ਦਾ ਮੁੱਖ ਮੰਤਰੀ ਤਲਾਸ਼ ਕਰ ਰਹੀ ਹੈ। ਪਿਛਲੇ ਕੁਝ ਦਿਨਾਂ ਤੋਂ ਪਾਰਟੀਆਂ ਦੀਆਂ ਸਰਗਰਮੀਆਂ ਵੀ ਕੁਝ ਘਟੀਆਂ ਹਨ। ਅਕਾਲੀ ਦਲ (ਡੈਮੋਕ੍ਰੇਟਿਕ) ਵੀ ਆਪਣੇ ਲਈ ਸਿਆਸੀ ਜਮੀਨ ਦੀ ਭਾਲ ਵਿਚ ਹੈ।

ਇਸੇ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਿਧਾਨ ਸਭਾ ਚੋਣਾਂ ਦੇ ਸੰਦਰਭ ਵਿਚ 'ਗੱਲ ਪੰਜਾਬ ਦੀ' ਮੁਹਿੰਮ ਤਹਿਤ ਵਪਾਰੀਆਂ, ਨੌਜਵਾਨਾਂ ਤੇ ਹੋਰ ਵਰਗਾਂ ਦੀ ਨਬਜ਼ ਟੋਹਣ ਲੱਗੇ ਹੋਏ ਹਨ। ਬਾਘਾਪੁਰਾਣਾ ਹਲਕੇ ਦੀ ਫੇਰੀ ਦੌਰਾਨ ਅਕਾਲੀ ਵਰਕਰਾਂ ਅਤੇ ਕਿਸਾਨਾਂ ਵਿਚਾਲੇ ਹੋਏ ਟਕਰਾਅ ਮਗਰੋਂ ਪਿੰਡ ਲੰਗੇਆਣਾ ਨਵਾਂ ਕੋਲੋਂ ਲੰਘਦਿਆਂ ਸੁਖਬੀਰ ਬਾਦਲ ਦੀ ਟਿਊਬਵੈੱਲ 'ਤੇ ਤਾਸ਼ ਖੇਡ ਰਹੇ ਨੌਜਵਾਨਾਂ ਵੱਲ ਨਜ਼ਰ ਪੈ ਗਈ ਤਾਂ ਉਹ ਉਨ੍ਹਾਂ ਨਾਲ ਹਾਸਾ-ਠੱਠਾ ਕਰਨ ਲਈ ਰੁਕ ਗਏ। ਆਪਣੇ ਸੋਸ਼ਲ ਮੀਡੀਆ ਪੇਜ 'ਤੇ ਉਨ੍ਹਾਂ ਕਿਹਾ ਕਿ 25 ਸਾਲ ਪਹਿਲਾਂ ਉਨ੍ਹਾਂ ਨੇ ਇਥੋਂ ਚੋਣ ਲੜੀ ਸੀ ਤੇ ਸਭ ਤੋਂ ਪਹਿਲਾਂ ਉਨ੍ਹਾਂ ਨੇ ਸਿਆਸਤ ਵੀ ਇਥੋਂ ਹੀ ਸ਼ੁਰੂ ਕੀਤੀ ਸੀ। ਸੁਖਬੀਰ ਬਾਦਲ ਨੇ ਨੌਜਵਾਨਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਉਨ੍ਹਾਂ ਦੀ ਸਰਕਾਰ ਆਉਣ 'ਤੇ ਸਰਕਾਰੀ ਸਕੂਲਾਂ 'ਚੋਂ ਪੜ੍ਹੇ ਨੌਜਵਾਨਾਂ ਲਈ ਰੁਜ਼ਗਾਰ ਵਿਚ 33 ਫੀਸਦੀ ਰਾਖਵਾਂਕਰਨ ਕਰਨ ਦੀ ਯੋਜਨਾ ਹੈ ਤਾਂ ਜੋ ਪੇਂਡੂ ਨੌਜਵਾਨਾਂ ਦੀ ਵੀ ਨੌਕਰੀ ਲਈ ਮੈਰਿਟ ਬਣ ਸਕੇ।




NIRMAL SINGH BADHAN

NSB Insurance

HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

for Insurance Call:
NIRMAL SINGH BADHAN
707-228-2020
Lic #0144676

Call: 707-228-2020, Fax: 707-260-2813

www.nsbinsures.com

1519 Gary CT., Rohnert Park, CA 94928

ਦੇਸ਼ ਦੁਆਬਾ

# ਮਹਾਨ ਅਧਿਆਪਕ ਜਯੋਤੀਰਾਓ ਅਤੇ ਸਵਿਤਰੀਬਾਈ ਫੂਲੇ

ਭਾਰਤ ਵਿਚ ਸਿੱਖਿਆ ਦੀ ਹਾਲਤ ਅੱਜ ਵੀ ਬਹੁਤ ਤਰਸਯੋਗ ਹੈ ਅਤੇ ਇਸ ਤੋਂ ਪਹਿਲਾਂ ਵੀ ਬਹੁਤ ਮਾੜੇ ਹਾਲਾਤ ਰਹੇ ਹਨ। ਭਾਰਤ ਦੀ 90 ਫੀਸਦੀ ਤੋਂ ਜ਼ਿਆਦਾ ਆਬਾਦੀ ਨੂੰ ਵਧੀਆ ਸਿੱਖਿਆ ਨਹੀਂ ਮਿਲਦੀ, ਜ਼ਿਆਦਾਤਰ ਬੱਚੇ ਤਾਂ ਸਕੂਲਾਂ ਵਿਚ ਜਾ ਨਹੀਂ ਪਾਉਂਦੇ, ਜਿਹੜੇ ਜਾਂਦੇ ਹਨ, ਉਹ ਵੀ ਦੋ-ਚਾਰ ਕਲਾਸਾਂ ਪੜ੍ਹ ਕੇ ਵਿਚਾਲੇ ਹੀ ਸਿੱਖਿਆ ਛੱਡ ਦਿੰਦੇ ਹਨ। ਭਾਰਤ ਵਿਚ ਸਿੱਖਿਆ ਨੂੰ ਆਮ ਆਦਮੀ ਅਤੇ ਗਰੀਬ ਤਬਕੇ ਤੱਕ ਪਹੁੰਚਾਉਣ ਲਈ ਕਈ ਮਹਾਨ ਸ਼ਖਸੀਅਤਾਂ ਨੇ ਕੰਮ ਕੀਤਾ, ਜਿਹਨਾਂ ਵਿਚੋਂ ਜਯੋਤੀਰਾਓ ਅਤੇ ਸਵਿੱਤਰੀਬਾਈ ਫੂਲੇ ਨੇ ਮਹਾਨ ਯੋਗਦਾਨ ਦਿੱਤਾ। ਸ੍ਰੀ ਫੂਲੇ ਨੇ 1 ਜਨਵਰੀ 1848 ਵਿਚ ਭਾਰਤ ਵਿਚ ਕੁੜੀਆਂ ਦੇ ਲਈ ਪਹਿਲਾ ਸਕੂਲ ਖੋਲ੍ਹਿਆ। ਇਸ ਤੋਂ ਬਾਅਦ ਉਹਨਾਂ ਨੇ ਪੂਨੇ ਵਿਚ 1848 ਵਿਚ ਉਹਨਾਂ ਲੋਕਾਂ ਦੇ ਲਈ ਸਕੂਲ ਖੋਲ੍ਹਿਆ, ਜਿਹੜੇ ਬਚਪਨ ਵਿਚ ਸਿੱਖਿਆ ਤੋਂ ਵਾਂਝੇ ਰਹਿ ਗਏ।



ਫੂਲੇ ਪਰਿਵਾਰ ਦੀਆਂ ਸੇਵਾਵਾਂ ਦੇ ਮੱਦੇਨਜ਼ਰ ਉਸ ਵਕਤ ਦੀ ਅੰਗਰੇਜ਼ ਸਰਕਾਰ ਨੇ ਉਹਨਾਂ ਨੂੰ ਬੈਸਟ ਟੀਚਰ ਦਾ ਸਨਮਾਨ ਦਿੱਤਾ। ਜਯੋਤੀਰਾਓ ਫੂਲੇ ਨੇ ਸਿੱਖਿਆ ਦੇ ਨਾਲ ਨਾਲ ਬਰਾਬਰੀ, ਸਮਾਜ ਵਿਚ ਸਹਿਹੋਂਦ, ਛੂਤ ਛਾਤ ਦੇ ਖਾਤਮੇ ਦੇ ਲਈ ਲੰਮਾ ਸੰਘਰਸ਼ ਕੀਤਾ। ਉਹਨਾਂ ਨੇ ਔਰਤਾਂ ਦੀ ਸਿੱਖਿਆ ਨੂੰ ਵਿਸ਼ੇਸ਼ ਅਹਿਮੀਅਤ ਦਿੰਦਿਆਂ ਲੜਕੀਆਂ ਲਈ ਸਕੂਲ ਖੋਲ੍ਹੇ। ਉਹਨਾਂ ਨੇ ਗਰੀਬ ਤਬਕੇ ਅਤੇ ਖਾਸ ਕਰਕੇ ਲੇਬਰ ਕਲਾਸ ਦੇ ਲਈ 1855 ਵਿਚ ਨਾਈਟ ਸਕੂਲ ਆਰੰਭ ਕੀਤਾ। 1855 ਵਿਚ ਉਹਨਾਂ ਨੇ ਕਿਸਾਨਾਂ ਦੇ ਲਈ ਇਕ ਨਾਈਟ ਯਾਨਿ ਰਾਤ ਦਾ ਸਕੂਲ ਖੋਲ੍ਹਿਆ। ਫੂਲੇ ਪਰਿਵਾਰ ਨੇ ਆਪਣਾ ਸਾਰਾ ਜੀਵਨ ਸਿੱਖਿਆ ਨੂੰ ਸਮਰਪਿਤ ਕੀਤਾ ਅਤੇ ਸਮਾਜ ਦੇ ਹਰ ਵਰਗ ਤੱਕ ਸਿੱਖਿਆ ਦਾ ਪਸਾਰਾ ਕਰਨ ਲਈ ਸੰਘਰਸ਼ ਕੀਤਾ। ਫੂਲੇ ਪਰਿਵਾਰ ਨੇ ਸਿੱਖਿਆ ਨੂੰ ਸਸਤੀ ਅਤੇ ਅਤੇ ਆਮ ਆਦਮੀ ਦੀ ਪਹੁੰਚ ਵਿਚ ਲਿਆਉਣ ਲਈ ਸਰਕਾਰ, ਸਮਾਜ ਅਤੇ ਸਮਾਜ ਸੇਵੀ ਸੰਸਥਾਵਾਂ ਦੀ ਮਦਦ ਲਈ। ਅੱਜ ਉਹਨਾਂ ਦੇ ਸੁਪਨਿਆਂ ਦੇ ਉਲਟ ਫਿਰ ਚੰਗੀ ਸਿੱਖਿਆ ਇਕ ਸੀਮਤ ਵਰਗ ਵੱਲ ਮੁੜਦੀ ਜਾ ਰਹੀ ਹੈ।

ਮਹਿੰਗੀ ਅਤੇ ਅਸਮਾਨਤਾ ਦੀ ਭਾਵਨਾ ਪੈਦਾ ਕਰਨ ਵਾਲੀ ਸਿੱਖਿਆ ਪ੍ਰਣਾਲੀ ਦੇ ਵਿਸਥਾਰ ਨੂੰ ਰੋਕਣ ਦੇ ਲਈ ਹਾਲ ਹੀ ਵਿਚ ਭਾਰਤ ਦੀ ਇਕ ਅਦਾਲਤ ਨੇ ਬਹੁਤ ਵਧੀਆ ਫੈਸਲਾ ਦਿੱਤਾ ਹੈ। ਇਲਾਹਾਬਾਦ ਹਾਈਕੋਰਟ ਨੇ ਇਕ ਮਹੱਤਵਪੂਰਨ ਫੈਸਲੇ ਵਿਚ ਇਹ ਕਿਹਾ ਕਿ ਸਰਕਾਰੀ ਕਰਮਚਾਰੀਆਂ ਨੂੰ ਆਪਣੇ ਬੱਚਿਆਂ ਨੂੰ ਨਿੱਜੀ ਸਕੂਲਾਂ ਵਿਚ ਨਹੀਂ ਭੇਜਣਾ ਚਾਹੀਦਾ, ਸਰਕਾਰੀ ਸਕੂਲਾਂ ਵਿਚ ਹੀ ਪੜ੍ਹਾਉਣਾ ਚਾਹੀਦਾ ਹੈ। ਅਦਾਲਤ ਨੇ ਕਿਹਾ ਕਿ ਜੱਜ ਵੀ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿਚ ਪੜ੍ਹਾਉਣ, ਸਿਆਸਤਦਾਨ ਅਤੇ ਅਫਸਰ ਵੀ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿਚ ਭੇਜਣ। ਇਸ ਫੈਸਲੇ ਤੋਂ ਅਦਾਲਤ ਦਾ ਭਾਵ ਇਹ ਸੀ ਕਿ ਸੱਤਾ ਦੇ ਸਿਖਰ ਤੇ ਬੈਠੇ, ਮੁਲਕ ਨੂੰ ਚਲਾਉਣ ਵਾਲੇ ਲੋਕਾਂ ਨੂੰ ਪਤਾ ਲੱਗੇ ਕਿ ਇਕ ਗਰੀਬ ਅਤੇ ਆਮ ਆਦਮੀ ਦੇ ਸਰਕਾਰੀ ਸਕੂਲਾਂ ਵਿਚ ਪੜ੍ਹਦੇ ਬੱਚਿਆਂ ਦੀਆਂ ਕੀ ਮੁਸ਼ਕਿਲਾਂ ਹਨ। ਜਯੋਤੀਰਾਓ ਅਤੇ ਸਵਿਤਰੀਬਾਈ ਫੂਲੇ ਨੇ ਆਪਣਾ ਸਾਰਾ ਜੀਵਨ ਹੀ ਇਸ ਵਰਗ ਦੇ ਬੱਚਿਆਂ ਨੂੰ ਅੱਗੇ ਲਿਆਉਣ ਲਈ ਲਗਾਇਆ। ਅਜਿਹੇ ਮਹਾਨ ਸਿੱਖਿਆ ਸ਼ਾਸਤਰੀਆਂ ਨੂੰ ਸਾਡਾ ਕੋਟਿ-ਕੋਟਿ ਪ੍ਰਣਾਮ।

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

ਲੜੀ ਨੰਬਰ-178

## ਜਗਨਨਾਥ ਪੁਰੀ ਦੀ ਕਥਾ ਤੇ ਉਪਦੇਸ਼



ਅਵਤਾਰ ਸਿੰਘ ਮਿਸ਼ਨਰੀ
510-432-5827

ਜਗਨਨਾਥ-ਜਗਤ ਦਾ ਸਵਾਮੀ, ਕਰਤਾਰ-ਜਗਨਨਾਥ ਸਭ ਜੰਤ ਉਪਾਇ॥(ਮ:੪) ਦੂਜਾ ਅਰਥ ਵਿਸ਼ਨੂੰ ਅਥਵਾ ਕ੍ਰਿਸ਼ਨ ਜੀ ਦੀ ਇਕ ਮੂਰਤੀ ਜੋ ਬੰਗਾਲ ਤੇ ਭਾਰਤ ਦੇ ਕਈ ਹੋਰ ਪ੍ਰਦੇਸਾਂ ਵਿੱਚ ਪੂਜੀ ਜਾਂਦੀ ਪਰ ਉੜੀਸਾ ਵਿੱਚ ਕਟਕ ਦੇ ਜਿਲੇ ਸਮੁੰਦਰ ਦੇ ਕਿਨਾਰੇ "ਪੁਰੀ" 'ਚ ਇਸ ਦੀ ਬਹੁਤ ਮਾਣਤਾ ਤੇ ਬਹੁਤੇ ਯਾਤਰੀ ਰਥ ਯਾਤਰਾ ਦੇ ਦਿਨਾਂ 'ਚ ਇੱਥੇ ਆਉਂਦੇ ਹਨ। ਹਾੜ ਸੁਦੀ ੨ ਨੂੰ ਇਹ ਯਾਤਰਾ ਕੱਢੀ ਜਾਂਦੀ ਹੈ। ਇਸ ਸਮੇਂ ਜਗਨਾਥ (ਕ੍ਰਿਸ਼ਨ) ਦੀ ਮੂਰਤ ਨੂੰ ਰੱਥ 'ਚ ਰੱਖਦੇ ਨੇ ਜਿਸ ਰਥ ਦੇ ੧੬ ਪਹੀਏ ਤੇ ਇਹ ਰਥ ੪੮ ਫੁੱਟ ਉੱਚਾ ਤੇ ਭਗਤ ਲੋਕ ਇਸ ਨੂੰ ਸ਼ਰਧਾ ਨਾਲ ਖਿੱਚਦੇ ਹਨ। ਇਸ ਨਾਲ ਦੋ ਹੋਰ ਰਥ "ਬਲਰਾਮ" ਦਾ ੧੪ ਪਹੀਏ ਦਾ ੪੪ ਫੁੱਟ ਉੱਚਾ, ਭਦੈਰਾ ਦਾ ੧੨ ਪਹੀਏ ਦਾ ੪੩ ਫੁੱਟ ਉੱਚਾ ਇਹਨਾਂ 'ਚ ਵੀ ਦੋਹਾਂ ਦੀਆਂ ਮੂਰਤੀਆਂ ਰੱਖੀਆਂ ਜਾਂਦੀਆਂ ਹਨ। ਪੁਰਾਣੇ ਸਮੇਂ ਅੰਧਭਗਤ ਇਹਨਾਂ ਰਥਾਂ ਥੱਲੇ ਆ ਕੇ ਮਰਨ ਨੂੰ ਮੁਕਤੀ ਸਮਝਦੇ ਸਨ।

ਸਕੰਧ ਪੁਰਾਨ 'ਚ ਜਗਨਨਾਥ ਦੀ ਇਕ ਅਨੋਖੀ ਕਥਾ ਕਿ ਜਦ ਕ੍ਰਿਸ਼ਨ ਜੀ ਨੂੰ ਸ਼ਿਕਾਰੀ "ਜਰ" ਨੇ ਮਾਰ ਦਿੱਤਾ ਤਾਂ ਉਹਨਾਂ ਦਾ ਸਰੀਰ ਇੱਕ ਬ੍ਰਿਛ ਥੱਲੇ ਹੀ ਪਿਆ ਪਿਆ ਸੜ ਗਿਆ ਪਰ ਕੁਝ ਸਮੇਂ ਪਿੱਛੋਂ ਕਿਸੇ ਪ੍ਰੇਮੀ ਨੇ ਕ੍ਰਿਸ਼ਨ ਦੀਆਂ ਅਸਥੀਆਂ ਨੂੰ ਇਕ ਸੰਦੂਕ 'ਚ ਪਾ ਕੇ ਰੱਖ ਦਿੱਤਾ। ਉੜੀਸਾ ਦੇ ਰਾਜੇ ਇੰਦ੍ਰਦੁਯਮਨ ਨੂੰ ਵਿਸ਼ਨੂੰ ਵੱਲੋਂ ਹੁਕਮ ਹੋਇਆ ਕਿ ਜਗਨਨਾਥ ਦਾ ਬੁੱਤ ਬਣਾ ਕੇ ਉਹ ਅਸਥੀਆਂ ਉਸ 'ਚ ਅਸਥਾਪਨ ਕਰੇ ਤਾਂ ਇਸ ਰਾਜੇ ਦੀ ਬੇਨਤੀ ਮੰਨ ਵਿਸ਼ਕਰਮਾ ਦੇਵਤਿਆਂ ਦਾ ਮਿਸਤਰੀ ਇੱਕ ਸ਼ਰਤ 'ਤੇ ਬੁੱਤ ਬਣੌਣ ਲੱਗ ਪਿਆ ਕਿ ਜੇ ਕੋਈ ਬਣਦੀ ਮੂਰਤੀ ਨੂੰ ਪੂਰੀ ਹੋਈ ਬਿਨਾ ਹੀ ਦੇਖ ਲਵੇਗਾ ਤਾਂ ਮੈਂ ਕੰਮ ਓਥੇ ਹੀ ਬੰਦ ਕਰ ਦੇਵਾਂਗਾ। ਪੰਦਰਾਂ ਦਿਨਾਂ 'ਚ ਹੀ ਰਾਜਾ ਬੇਸਬਰਾ ਹੋ ਵਿਸ਼ਕਰਮਾ ਪਾਸ ਪੁੱਜਾ ਤੇ ਗੁਸੈਲ ਵਿਸ਼ਕਰਮਾ ਨੇ ਮੂਰਤੀ ਦਾ ਕੰਮ ਵਿੱਚੇ ਛੱਡਤਾ ਤਾਂ ਇਹ ਬੁੱਤ ਬਿਨਾ ਹੱਥਾਂ ਪੈਰਾਂ ਦੇ ਰਹਿ ਗਿਆ। ਮਿਥਿਹਾਸ ਮੁਤਾਬਿਕ "ਰਾਜੇ" ਨੇ ਬ੍ਰਹਮਾਂ ਅੱਗੇ ਪ੍ਰਾਰਥਨਾ ਕੀਤੀ ਤਾਂ ਬੁੱਤ ਪੂਰਾ ਕਰ ਥਾਪਿਆ। ਇਤਿਹਾਸ ਤੋਂ ਪ੍ਰਸਿੱਧ ਹੈ ਕਿ ਜਗਨਨਾਥ ਦਾ ਮੰਦਰ ਰਾਜਾ ਅਨੰਤਵਰਮਾ ਨੇ ਬਣਵਾਇਆ ਜੋ ਸੰਨ ੧੦੭੬ ਤੋਂ ੧੧੪੭ ਤੱਕ ਗੰਗਾ ਤੇ ਗੋਦਾਵਰੀ ਦੇ ਮੱਧ ਰਾਜ ਕਰਦਾ ਸੀ।ਇਸ ਮੰਦਰ ਤੇ ਉੱਕਰੀਆਂ ਨਗਨ ਮੂਰਤੀਆਂ ਨਿਰਲੱਜਤਾ ਦਾ ਨਮੂਨਾ ਪੇਸ਼ ਕਰਦੀਆਂ ਹਨ। ਵਿਦਵਾਨਾਂ ਦਾ ਖਿਆਲ ਹੈ ਕਿ ਇਹ ਅਸਥਾਨ ਵਾਮਮਾਰਗੀਆਂ ਦਾ ਸੀ ਜਿਸ ਨੂੰ ਵੈਸ਼ਨਵਾਂ ਨੇ ਆਪਣੇ ਕਬਜ਼ੇ ਕਰ ਲਿਆ ਹੈ।

ਲੋਕਾਂ ਨੂੰ ਸੱਚੇ ਧਰਮ ਦਾ ਉਪਦੇਸ਼ ਦਿੰਦੇ, ਗੁਰੂ ਨਾਨਕ ਸਾਹਿਬ ਜਗਨਨਾਥ ਪੁਰੀ ਜਾ ਪਹੁੰਚੇ ਤੇ ਪਾਂਡਿਆਂ ਨਾਲ ਵਿਚਾਰ-ਚਰਚਾ ਕਰਦੇ ਆਰਤੀ ਵਾਲਾ ਸ਼ਬਦ ਇੱਥੇ ਉਚਾਰ ਓਪਦੇਸ਼ ਦਿੱਤਾ।(ਮਹਾਨਕੋਸ਼)

ਗੁਰੂ ਜੀ ਮੰਦਰ ਤੋਂ ਕੁਝ ਵਿੱਥ ਤੇ ਜਾ ਕੇ ਬਹਿ ਗਏ ਭਾਈ ਮਰਦਾਨਾ ਜੀ ਰਬਾਬ ਵਜਾਉਣ ਲੱਗੇ। ਲੋਕ ਉਦਾਲੇ ਆ ਜੁੜੇ, ਕੀਰਤਨ ਸੁਣਿਆਂ ਤੇ ਗੁਰੂ ਜੀ ਤੋਂ ਰੱਬ ਬਾਰੇ, ਗੱਲਾਂ ਪੁੱਛੀਆਂ। ਗੁਰੂ ਜੀ ਨੇ ਸਭ ਸਵਾਲਾਂ ਦੇ ਉੱਤਰ ਦਿੱਤੇ। ਤਕਾਲਾਂ ਪੈ ਗਈਆਂ। ਬ੍ਰਾਹਮਣਾਂ ਤੇ ਪੁਜਾਰੀਆਂ ਨੇ ਕਿਹਾ "ਜਗਨਨਾਥ ਦੀ ਆਰਤੀ ਹੋਣ ਲੱਗੀ ਹੈ, ਤੁਸੀਂ ਵੀ ਸ਼ਾਮਲ ਹੋਵੋ। ਗੁਰੂ ਜੀ ਨੇ ਕਿਹਾ, "ਜਗਤ ਦੇ ਨਾਥ ਕਰਤਾਰ ਦੀ ਆਰਤੀ 'ਚ ਅਸੀਂ ਜਰੂਰ ਸ਼ਾਮਲ ਹੋਵਾਂਗੇ। ਗੁਰੂ ਜੀ ਜਗਨਨਾਥ ਦੇ ਮੰਦਰ ਪੁੱਜੇ। ਉਹ ਕੀ ਵੇਖਦੇ ਨੇ ਕਿ ਇੱਕ ਵੱਡੇ ਸਾਰੇ ਸੁਨਹਿਰੀ ਥਾਲ 'ਚ ਹੀਰੇ ਮੋਤੀ ਅਤੇ ਲਾਲ ਜੜੇ ਹੋਏ ਹਨ। ਇਸ ਵਿੱਚ ਇੱਕ ਵੱਡਾ ਸਾਰਾ ਚਹੁੰਵੱਟੀਆਂ ਵਾਲਾ ਦੀਵਾ ਹੈ। ਦੀਵੇ ਦੀਆਂ ਚਾਰੇ ਵੱਟੀਆਂ ਬਲ ਰਹੀਆਂ ਹਨ। ਦੀਵੇ ਦੇ ਲਾਗੇ ਥਾਲ 'ਚ ਧੂਪ ਧੁਖ ਰਹੀ ਹੈ। ਇੱਕ ਪਾਸੇ ਚਾਂਦੀ ਦੀ ਥਾਲੀ 'ਚ ਸੰਦਲ ਦਾ ਬੂਰ ਪਿਆ ਹੈ। ਉਸ ਉਪਰ ਮੁਸਕ ਕਾਫੂਰ ਦੀ ਡਲੀ ਰੱਖ ਅੱਗ ਲਾਈ ਹੋਈ, ਮੂਰਤੀ ਨੂੰ ਚੌਰ ਹੋ ਰਿਹਾ ਤੇ ਢੋਲਕੀਆਂ, ਛੈਣੇ ਵੱਜ ਰਹੇ ਹਨ। ਮੂਰਤੀ ਦੀ ਆਰਤੀ ਹੋ ਰਹੀ ਹੈ। ਥਾਲ ਨੂੰ ਹੇਠਾਂ-ਉਪਰ ਅਤੇ ਗੋਲ ਚੱਕਰ 'ਚ ਘੁ-ਮਾਇਆ ਜਾ ਰਿਹਾ ਹੈ। ਨਾਲ ਨਾਲ ਬ੍ਰਾਹਮਣ ਤੇ ਹੋਰ ਲੋਕ ਭਜਨ ਗਾ ਰਹੇ ਹਨ।

ਗੁਰੂ ਜੀ ਚੁੱਪ ਕੀਤੇ ਬਾਹਰ ਆ ਗਏ। ਆਪ ਤਾਰਿਆਂ ਨਾਲ ਜੜਤ ਨੀਲੇ ਅਸਮਾਨ ਨੂੰ ਵੇਖਦੇ ਰਹੇ ਤੇ ਰੱਬ ਦੀ ਕੁਦਰਤ ਨੂੰ ਵੇਖ ਕੇ ਉਸ ਦਾ ਜਸ ਕਰਦੇ ਰਹੇ। ਜਦੋਂ ਲੋਕੀ ਆਰਤੀ ਕਰਕੇ ਬਾਹਰ ਆਏ ਤਾਂ ਉਹਨਾਂ ਨੇ ਗੁਰੂ ਜੀ ਨੂੰ ਪੁੱਛਿਆ, "ਤੁਸੀਂ ਆਰਤੀ 'ਚ ਸ਼ਾਮਲ ਕਿਉਂ ਨਹੀਂ ਹੋਏ?" ਗੁਰੂ ਜੀ ਨੇ ਬੜੇ ਧੀਰਜ ਨਾਲ ਉੱਤਰ ਦਿੱਤਾ, "ਮੈਂ ਤਾਂ ਜਗਤ ਦੇ ਮਾਲਕ ਦੀ ਸੱਚੀ ਆਰਤੀ ਕਰ ਰਿਹਾ ਸਾਂ। ਤੁਸੀਂ ਆਪ ਉਸ ਸੱਚੀ ਆਰਤੀ 'ਚ ਸ਼ਾਮਲ ਨਹੀਂ ਸਉ।ਇੱਕ ਬ੍ਰਾਹਮਣ ਨੇ ਪੁੱਛਿਆ, "ਤੁਸੀਂ ਇੱਥੇ ਬੈਠੇ ਕਿਹੜੀ ਆਰਤੀ ਕਰਦੇ ਰਹੇ ਹੋ? ਆਰਤੀ ਤਾਂ ਮੰਦਰ ਦੇ ਅੰਦਰ ਹੋ ਰਹੀ ਸੀ।

ਗੁਰੂ ਜੀ ਨੇ ਦੱਸਿਆ ਕਿ ਜਗਤ ਦੇ ਮਾਲਕ ਦੀ ਸੱਚੀ ਆਰਤੀ ਹਰ ਸਮੇਂ, ਹਰ ਜਗਾਂ ਹੋ ਰਹੀ ਹੈ। ਅਸੀਂ ਇਨਸਾਨ ਦੇ ਹੱਥੀਂ ਘੜੀ ਹੋਈ ਕਿਸੇ ਮੂਰਤੀ ਦੀ ਆਰਤੀ ਨਹੀਂ ਕਰਦੇ। ਅਸੀਂ ਤਾਂ ਪ੍ਰਮਾਤਮਾ ਦੀ ਸੱਚੀ ਆਰਤੀ ਕਰਦੇ ਹਾਂ। ਇਹ ਬਚਨ ਕਹਿ ਗੁਰੂ ਜੀ ਨੇ ਭਾਈ ਮਰਦਾਨਾ ਜੀ ਨੂੰ ਇਸ਼ਾਰਾ ਕੀਤਾ ਤੇ ਭਾਈ ਮਰਦਾਨਾ ਜੀ ਨੇ ਰਬਾਬ ਵਜਾਈ। ਗੁਰੂ ਜੀ ਨੇ ਧਨਾਸਰੀ ਰਾਗ 'ਚ ਇਹ ਸ਼ਬਦ ਉਚਾਰਿਆ-

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥੧॥ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ॥ਅਨਹਤਾ ਸ਼ਬਦ ਵਾਜੰਤ ਭੇਰੀ॥੧॥ਰਹਾਉ॥ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋਹੀ॥ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ॥੨॥ਸਭ ਮਹਿ ਜੋਤਿ ਜੋਤਿ ਹੈ ਸੋਇ॥ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ॥ਗੁਰ ਸਾਖੀ ਜੋਤਿ ਪਰਗਟੁ ਹੋਇ॥ਜੋ ਤਿਸੁ ਭਾਵੈ ਸੁ ਆਰਤੀ ਹੋਇ॥੩॥ਹਰਿ ਚਰਣ ਕਮਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ॥ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਮਿ ਵਾਸਾ॥੪॥੧॥੭॥੯॥ (੬੬੩)

ਸ਼ਬਦ ਦਾ ਕੀਰਤਨ ਕਰਨ ਮਗਰੋਂ ਗੁਰੂ ਜੀ ਨੇ ਉਸ ਦੇ ਅਰਥ ਸਮਝਾਏ। ਗੁਰੂ ਜੀ ਨੇ ਦੱਸਿਆ ਕਿ ਅਸਮਾਨ ਇਕ ਥਾਲ ਹੈ। ਸੂਰਜ ਅਤੇ ਚੰਦ ਉਸ ਥਾਲ ਵਿਚ ਮਾਨੋ ਦੀਵੇ ਹਨ, ਤਾਰੇ ਮੋਤੀ ਹਨ। ਸੁਗੰਧੀ ਵਾਲੇ ਫੁੱਲ ਤੇ ਚੰਦਨ ਦੇ ਰੁੱਖ ਧੂਪ ਹਨ, ਵਗ ਰਹੀ ਹਵਾ ਚੋਰ ਕਰ ਰਹੀ ਹੈ। ਵਾਹਿਗੁਰੂ ਇਹ ਆਰਤੀ ਹਰ ਸਮੇਂ ਆਪ ਵੇਖ ਰਿਹਾ ਹੈ ਅਤੇ ਖੁਸ ਹੋ ਰਿਹਾ ਹੈ। ਇਹ ਆਰਤੀ ਹਰ ਸਮੇਂ ਹੁੰਦੀ ਰਹਿੰਦੀ ਹੈ। ਤੁਸੀਂ ਵੀ ਸਾਰੇ ਐਸੀ ਸੱਚੀ ਆਰਤੀ ਵਿਚ ਸ਼ਾਮਲ ਹੋਵੇ। ਪੈਰਭੂ ਦੀ ਆਰਤੀ ਇਹਨਾਂ ਥਾਲਾਂ ਨਾਲ ਨਹੀਂ ਉਤਾਰੀ ਜਾ ਸਕਦੀ ਤੇ ਨਾ ਹੀ ਕੋਈ ਮਨੁੱਖ ਜਾਂ ਉਸ ਦੀ ਮੂਰਤੀ ਜਗਨਨਾਥ ਪੈਰਭੂ ਹੋ ਸਕਦੀ ਹੈ। ਸਭ ਨੂੰ ਸੱਚੀ ਆਰਤੀ ਦਾ ਪਤਾ ਲੱਗਾ।

ਲੋਕਾਂ ਨੂੰ ਸਮਝ ਆਈ ਕਿ ਮੂਰਤੀ ਪੂਜਾ ਦਾ ਕੋਈ ਲਾਭ ਨਹੀਂ। ਸਾਨੂੰ ਜਗਤ ਦੇ ਸੱਚੇ ਮਾਲਕ ਦੀ ਬੰਦਗੀ ਕਰਨੀ ਚਾਹੀਦੀ ਹੈ। ਜਿਸ ਸਦਕਾ ਕਲਯੁਗ ਪੰਡਾ ਤੇ ਹੋਰ ਪਾਖੰਡੀ ਤੇ ਕੁਕਰਮੀ ਗੁਰਮੁਖ ਪਦਵੀ ਨੂੰ ਪੈਰਾਪਤ ਹੋਏ। ਗੁਰੂ ਸਾਹਿਬ ਦੀ ਯਾਦ 'ਚ ਇੱਥੇ ਗੁਰਦੁਆਰਾ ਮੰਗੂਮੱਟ ਹੈ। ਇਹ ਸ਼ਹਿਰ ਸਮੁੰਦਰ ਦੇ ਕੰਢੇ ਉੱਪਰ ਹੈ। ਇਥੇ ਹਿੰਦੂਆਂ ਦਾ ਵੱਡਾ ਤੀਰਥ ਹੈ। ਇੱਕ ਮੰਦਰ ਦੇ ਅੰਦਰ ਜਗਨਨਾਥ ਦੀ ਮੂਰਤੀ ਹੈ, ਜਿਸ ਦੀ ਬੜੀ ਪੂਜਾ ਹੁੰਦੀ ਹੈ।

ਮਹਾਂਕਵੀ ਰਾਬਿੰਦਰ ਨਾਥ ਟੈਗੋਰ ਨੇ ਵੀ ਇਸ ਉਪਰੋਕਤ ਸ਼ਬਦ ਨੂੰ ਬ੍ਰਹਿਮੰਡੀ-ਆਰਤੀ ਕਹਿਕੇ ਸਨਮਾਨ ਦਿੱਤਾ ਹੈ।

# ਪੰਜਾਬ ਸਰਕਾਰ ਵਲੋਂ ਬਿਜਲੀ ਖਰੀਦ ਸਮਝੌਤੇ ਰੱਦ ਕਰਨ ਨੂੰ ਹਰੀ ਝੰਡੀ

**ਚੰਡੀਗੜ੍ਹ** - ਪੰਜਾਬ ਸਰਕਾਰ ਨੇ ਸਿਆਸੀ ਦਬਾਅ ਬਣਨ ਮਗਰੋਂ ਪ੍ਰਾਈਵੇਟ ਤਾਪ ਬਿਜਲੀ ਘਰਾਂ ਨਾਲ ਹੋਏ ਬਿਜਲੀ ਖਰੀਦ ਸਮਝੌਤੇ ਰੱਦ ਕਰਨ ਨੂੰ ਹਰੀ ਝੰਡੀ ਦੇ ਦਿੱਤੀ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਬਿਜਲੀ ਖਰੀਦ ਸਮਝੌਤੇ ਰੱਦ ਕਰਨ ਲਈ ਲਿਖਤੀ ਪ੍ਰਵਾਨਗੀ ਦਿੱਤੀ ਹੈ। ਉਨ੍ਹਾਂ ਪਾਵਰਕੌਮ ਨੂੰ ਇਨ੍ਹਾਂ ਸਮਝੌਤਿਆਂ ਬਾਰੇ ਕਾਨੂੰਨੀ ਪੱਖ ਮਜ਼ਬੂਤ ਰੱਖਣ ਦੀ ਹਦਾਇਤ ਕਰਦਿਆਂ ਪ੍ਰਾਈਵੇਟ ਤਾਪ ਬਿਜਲੀ ਘਰਾਂ ਨੂੰ ਨੋਟਿਸ ਦੇਣ ਲਈ ਆਖ ਦਿੱਤਾ ਹੈ।

ਇਹ ਸਮਝੌਤੇ ਰੱਦ ਕੀਤੇ ਜਾਣ ਨੂੰ ਲੈ ਕੇ ਸਿਆਸੀ ਤੌਰ 'ਤੇ ਪਹਿਲਾਂ ਪਾਸਾ ਵੱਟਿਆ ਜਾ ਰਿਹਾ ਸੀ ਅਤੇ ਹੁਣ ਜਦੋਂ ਆਉਂ-ਦੀਆਂ ਚੋਣਾਂ 'ਚ ਇਹ ਮੁੱਦਾ ਮਹਿੰਗਾ ਪੈਣ ਦਾ ਡਰ ਬਣਿਆ ਤਾਂ ਕਾਂਗਰਸ ਸਰਕਾਰ ਨੇ ਫੌਰੀ ਪੈਂਤੜਾ ਬਦਲ ਲਿਆ। ਉਂਜ ਪੰਜਾਬ ਸਰਕਾਰ ਨੇ ਪੂਰੇ ਮਸਲੇ ਨੂੰ ਗੁਪਤ ਰੱਖਿਆ ਹੋਇਆ ਹੈ। ਮੁੱਖ ਮੰਤਰੀ ਨੇ ਜੀਵੀਕੇ ਪਾਵਰ (ਗੋਇੰਦਵਾਲ ਸਾਹਿਬ) ਲਿਮਟਿਡ ਅਤੇ ਦਮੋਦਰ ਵੈਲੀ ਕਾਰ-ਪੋਰੇਸ਼ਨ ਦੇ ਰਘੂਨਾਥਪੁਰ ਥਰਮਲ ਪ੍ਰੋਜੈਕਟ ਨਾਲ ਹੋਏ ਬਿਜਲੀ ਖਰੀਦ ਸਮਝੌਤੇ ਰੱਦ ਕਰਨ ਲਈ 18 ਅਗਸਤ ਜਦੋਂ ਕਿ ਤਲਵੰਡੀ ਸਾਬੋ ਪਾਵਰ ਪਲਾਂਟ ਅਤੇ ਰਾਜਪੁਰਾ ਥਰਮਲ ਪਲਾਂਟ ਨਾਲ ਹੋਏ ਸਮਝੌਤੇ ਰੱਦ ਕਰਨ ਦੀ 25 ਅਗਸਤ ਨੂੰ ਪ੍ਰਵਾਨਗੀ ਦਿੱਤੀ ਹੈ। ਬਿਜਲੀ ਖਰੀਦ ਸਮਝੌਤਿਆਂ ਦਾ ਮਾਮਲਾ ਜਦੋਂ ਭਖਿਆ ਸੀ ਤਾਂ ਮੁੱਖ ਮੰਤਰੀ ਦੇ ਹੁਕਮਾਂ 'ਤੇ ਇਨ੍ਹਾਂ ਨੂੰ ਰੱਦ ਕਰਨ ਵਾਸਤੇ ਤਿੰਨ ਮੈਂਬਰੀ ਕਮੇਟੀ ਬਣਾਈ ਗਈ ਸੀ ਜਿਸ ਵਿਚ ਮੁੱਖ ਇੰਜੀਨੀਅਰ (ਪਾਵਰ ਪਰਚੇਜ਼ ਐਂਡ ਰੈਗੂਲੇਸ਼ਨ), ਮੁੱਖ ਇੰਜੀਨੀਅਰ (ਥਰਮਲ ਡਿਜ਼ਾਈਨ) ਅਤੇ ਮੁੱਖ ਇੰਜੀਨੀਅਰ (ਫਿਊਲ) ਨੂੰ ਸ਼ਾਮਲ ਕੀਤਾ ਗਿਆ ਸੀ। ਕਮੇਟੀ ਨੇ ਘੋਖ ਕਰਨ ਮਗਰੋਂ ਆਪਣੀ ਰਿਪੋਰਟ ਪਾਵਰਕੌਮ ਦੇ ਸੀ।ਐਮ।ਡੀ। ਨੂੰ ਸੌਂਪ ਦਿੱਤੀ ਸੀ ਜੋ ਅੱਗੇ ਪ੍ਰਵਾਨਗੀ ਲਈ ਮੁੱਖ ਮੰਤਰੀ ਦਫਤਰ ਨੂੰ ਭੇਜੀ ਗਈ ਸੀ। ਵੇਰਵਿਆਂ ਅਨੁਸਾਰ ਗੋਇੰਦਵਾਲ ਥਰਮਲ ਪਲਾਂਟ ਨਾਲ ਬਿਜਲੀ ਖਰੀਦ ਸਮਝੌਤਾ ਰੱਦ ਕਰਨ ਲਈ ਜਨਤਕ ਆਧਾਰ ਬਣਾਇਆ ਗਿਆ ਹੈ ਜਿਸ 'ਚ ਦਲੀਲ ਦਿੱਤੀ ਗਈ ਹੈ ਕਿ ਇਸ ਪਲਾਂਟ ਤੋਂ ਬਿਜਲੀ ਮਹਿੰਗੀ ਪੈਂਦੀ ਹੈ। ਲੰਘੇ ਤਿੰਨ ਵਰ੍ਹਿਆਂ 'ਚ ਇਸ ਥਰਮਲ ਤੋਂ ਖਰੀਦ ਕੀਤੀ ਮਹਿੰਗੀ ਬਿਜਲੀ ਦੇ ਹਵਾਲੇ ਨਾਲ ਦੱਸਿਆ ਗਿਆ ਹੈ ਕਿ ਪਾਵਰਕੌਮ ਨੂੰ ਹੋਰ ਪਾਸਿਆਂ ਤੋਂ ਔਸਤ ਬਿਜਲੀ 3 ਤੋਂ 4 ਰੁਪਏ ਪ੍ਰਤੀ ਯੂਨਿਟ ਪੈਂਦੀ ਹੈ। ਐਡਵੋਕੇਟ ਜਨਰਲ ਨੇ ਵੀ ਇਸ ਮਾਮਲੇ 'ਚ ਜਨਤਕ ਆਧਾਰ ਬਣਾਏ ਜਾਣ ਦੀ ਸਿਫਾਰਸ਼ ਕੀਤੀ ਸੀ। ਥਰਮਲ ਨੂੰ ਦਿੱਤੇ ਫਿਕਸਡ ਚਾਰਜਿਜ ਦੀ ਗੱਲ ਵੀ ਕੀਤੀ ਗਈ ਹੈ। ਤਲਵੰਡੀ ਸਾਬੋ ਥਰਮਲ ਪਲਾਂਟ ਨਾਲ ਸਮਝੌਤਾ ਰੱਦ ਕਰਨ ਪਿੱਛੇ ਖਰੀਦ ਸਮਝੌਤੇ ਦੀ ਇਕ ਸ਼ਰਤ ਨੂੰ ਆਧਾਰ ਬਣਾਇਆ ਗਿਆ ਹੈ ਜਿਸ ਤਹਿਤ ਜੇਕਰ 36 ਮਹੀਨਿਆਂ ਦੌਰਾਨ ਕਿਸੇ 12 ਮਹੀਨਿਆਂ ਵਿਚ ਥਰਮਲ ਪਲਾਂਟ ਦੀ ਬਿਜਲੀ ਉਪਲੱਬਧਤਾ 65 ਫੀਸਦੀ ਤੋਂ ਘ ਟ ਰਹਿੰਦੀ ਹੈ ਤਾਂ ਨੋਟਿਸ ਦਿੱਤਾ ਜਾ ਸਕਦਾ ਹੈ। ਤਰਕ ਦਿੱਤਾ ਗਿਆ ਹੈ ਕਿ ਤਲਵੰਡੀ ਥਰਮਲ ਤੋਂ ਐਤਕੀਂ ਪੈਡੀ ਦੇ ਸੀਜ਼ਨ ਦੌਰਾਨ ਪੂਰੀ ਬਿਜਲੀ ਨਹੀਂ ਮਿਲੀ ਅਤੇ ਇਕ ਯੂਨਿਟ ਮਾਰਚ ਮਹੀਨੇ ਤੋਂ ਬੰਦ ਰਿਹਾ ਹੈ। 12 ਮਹੀਨੇ ਦੌਰਾਨ ਇਸ ਥਰਮਲ ਤੋਂ ਬਿਜਲੀ ਉਪਲਬਧਤਾ 65 ਫੀਸਦੀ ਤੋਂ ਘੱਟ ਰਹੀ ਹੈ।



ਪਾਵਰਕੌਮ ਤਰਫੋਂ ਇਸ ਥਰਮਲ ਦੇ ਲੈਂਡਰ ਨੂੰ ਨੋਟਿਸ ਦਿੱਤਾ ਜਾਵੇਗਾ ਜਿਸ ਵਿਚ ਸਪੱਸ਼ਟ ਆਖਿਆ ਜਾ ਰਿਹਾ ਹੈ ਕਿ ਪਾਵਰਕੌਮ ਇਸ ਥਰਮਲ ਤੋਂ ਬਿਜਲੀ ਖਰੀਦਣਾ ਨਹੀਂ ਚਾਹੁੰਦੀ ਹੈ। ਗੱਲ ਸਿਰੇ ਲੱਗੀ ਤਾਂ 20 ਫੀਸਦੀ ਤੱਕ ਫਿਕਸਡ ਚਾਰਜਿਜ ਘੱਟ ਸਕਦੇ ਹਨ। ਜੇਕਰ ਕੰਪਨੀ ਕਾਨੂੰਨੀ ਚਾਰਾਜੋਈ ਵਿਚ ਪੈ ਗਈ ਤਾਂ ਕੁਝ ਵੀ ਸੰਭਵ ਹੈ। ਇਸੇ ਤਰ੍ਹਾਂ ਨਾਭਾ ਪਾਵਰ ਪਲਾਂਟ ਨਾਲ ਬਿਜਲੀ ਖਰੀਦ ਸਮਝੌਤਾ ਰੱਦ ਕਰਨ ਦੀ ਥਾਂ ਮੁੜ ਗੱਲਬਾਤ ਤੈਅ ਕੀਤੇ ਜਾਣ ਦੀ ਵਿਉਂਤ ਹੈ। ਦਲੀਲ ਇਹ ਦਿੱਤੀ ਜਾ ਰਹੀ ਹੈ ਕਿ ਇਸ ਪਲਾਂਟ ਦੇ 25 ਵਰ੍ਹਿਆਂ ਦੇ ਔਸਤਨ ਫਿਕਸਡ ਚਾਰਜਿਜ 1।33 ਰੁਪਏ ਪ੍ਰਤੀ ਯੂਨਿਟ ਪੈਂਦੇ ਹਨ। ਕਾਰਪੋਰੇਟ ਟੈਕਸ ਘਟਣ, ਬੈਂਕਾਂ ਦੇ ਰੇਟ ਘਟਣ ਅਤੇ ਘੱਟ ਕੋਲਾ ਰੱਖੇ ਜਾਣ ਦਾ ਪੱਖ ਵੀ ਦਿੱਤਾ ਜਾ ਰਿਹਾ ਹੈ। ਰਾਜਪੁਰਾ ਥਰਮਲ ਨੂੰ ਵੇਰੀਏਬਲ ਚਾਰਜਿਜ ਅਤੇ ਫਿਕਸਡ ਚਾਰਜਿਜ ਘਟਾਉਣ ਲਈ ਨੋਟਿਸ ਦਿੱਤਾ ਜਾਣਾ ਹੈ। ਚੌਥਾ, ਦਮੋਦਰ ਵੈਲੀ ਕਾਰਪੋਰੇਸ਼ਨ ਨਾਲ ਸਮਝੌਤਾ ਹੀ ਰੱਦ ਕੀਤਾ ਜਾਣਾ ਹੈ। ਇਸ ਪਿੱਛੇ ਇਹੋ ਦਲੀਲ ਦਿੱਤੀ ਜਾਣੀ ਹੈ ਕਿ ਬਿਜਲੀ ਖਰੀਦ ਸਮਝੌਤਾ ਪੰਜ ਵਰ੍ਹਿਆਂ ਮਗਰੋਂ ਰੀਵਿਊ ਕੀਤਾ ਜਾ ਸਕਦਾ ਹੈ। ਬਿਜਲੀ ਮਹਿੰਗੀ ਪੈਣ ਦੇ ਹਵਾਲੇ ਨਾਲ ਇਹ ਕਦਮ ਚੁੱਕਿਆ ਜਾ ਰਿਹਾ ਹੈ।

ਬਿਜਲੀ ਸਮਝੌਤੇ ਰੱਦ ਹੋਣ ਨਾਲ ਬਿਜਲੀ ਸਪਲਾਈ 'ਚ ਹੋਣ ਵਾਲੀ ਕਟੌਤੀ ਦੀ ਪੂਰਤੀ ਕਿਵੇਂ ਹੋਵੇਗੀ, ਇਸ ਬਾਰੇ ਵੀ ਤਿੰਨ ਮੈਂਬਰੀ ਕਮੇਟੀ ਨੇ ਆਪਣੇ ਸੁਝਾਅ ਪੇਸ਼ ਕੀਤੇ ਹਨ। ਕਮੇਟੀ ਨੇ ਰਿਪੋਰਟ ਵਿਚ ਕਿਹਾ ਹੈ ਕਿ ਬਿਜਲੀ ਦੀ ਕਟੌਤੀ ਦੀ ਪੂਰਤੀ ਲਈ ਟਰਾਂਸਮਿਸ਼ਨ ਸਮਰੱਥਾ ਵਿਚ ਵਾਧਾ ਕੀਤਾ ਜਾਵੇ। ਪਹਿਲੇ ਵਰ੍ਹੇ ਇਕ ਹਜ਼ਾਰ ਮੈਗਾਵਾਟ ਅਤੇ ਦੂਸਰੇ ਵਰ੍ਹੇ ਹੋਰ ਹਜ਼ਾਰ ਮੈਗਾਵਾਟ ਟਰਾਂਸਮਿਸ਼ਨ ਸਮਰੱਥਾ ਵਿਚ ਵਾਧਾ ਕਰ ਦਿੱਤਾ ਜਾਵੇ। ਇਸ ਸਮਰੱਥਾ ਵਾਧੇ ਨਾਲ ਬਿਜਲੀ ਸਪਲਾਈ ਦੇ ਖੱਪੇ


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ



ਗੁਰਿੰਦਰਜੀਤ ਨੀਟਾ ਮਾਛੀਕੇ

## ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ



ਕੁਲਵੰਤ ਧਾਲੀਆਂ

# ਦੂਜੇ ਵਿਸ਼ਵ ਯੁੱਧ ਵੇਲੇ ਦੇ ਸੈਨਿਕ ਨੇ ਮਨਾਇਆ 112 ਵਾਂ ਜਨਮ ਦਿਨ

**ਫਰਿਜ਼ਨੋ (ਕੈਲੀਫੋਰਨੀਆ)–** ਅਮਰੀਕਾ ਵਿੱਚ ਦੂਜੇ ਵਿਸ਼ਵ ਯੁੱਧ ਵੇਲੇ ਦੇ ਇੱਕ ਸੈਨਿਕ ਨੇ ਐਤਵਾਰ ਨੂੰ ਆਪਣਾ 112 ਵਾਂ ਜਨਮ ਦਿਨ ਮਨਾਇਆ ਹੈ। ਲਾਰੈਂਸ ਬਰੁਕਸ ਨਾਮ ਦੇ ਇਸ ਸੈਨਿਕ ਨੇ ਐਤਵਾਰ ਨੂੰ ਨਿਊ ਓਰਲੀਨਜ਼ ਵਿੱਚ ਆਪਣੇ ਘਰ 'ਚ ਜਨਮ ਦਿਨ ਦੀ ਖੁਸ਼ੀ ਸਾਂਝੀ ਕੀਤੀ। 12 ਸਤੰਬਰ, 1909 ਨੂੰ ਜਨਮੇ, ਬਰੁਕ ਨੇ 1940 ਤੋਂ 1945 ਤੱਕ ਮੁੱਖ ਤੌਰ 'ਤੇ ਅਫਰੀਕੀ-ਅਮਰੀਕਨ 91 ਵੀਂ ਇੰਜੀਨੀਅਰ ਬਟਾਲੀਅਨ ਦੇ ਹਿੱਸੇ ਵਜੋਂ ਅਮਰੀਕੀ ਫੌਜ ਵਿੱਚ ਸੇਵਾ ਕੀਤੀ ਸੀ। ਉਹ ਨਿਊਗਿਨੀ ਵਿੱਚ ਤਾਇਨਾਤ ਸੀ ਅਤੇ ਯੁੱਧ ਦੇ ਦੌਰਾਨ ਪ੍ਰਾਈਵੇਟ ਫਸਟ ਕਲਾਸ ਦੇ ਦਰਜੇ 'ਤੇ ਪਹੁੰਚ ਗਿਆ ਸੀ। ਲੁਈਸਿਆਨਾ ਦੇ ਗਵਰਨਰ ਜੌਹਨ ਬੇਲ ਐਡਵਰਡਸ ਨੇ ਵੀ ਐਤਵਾਰ ਨੂੰ ਇਸ ਸੈਨਿਕ ਨੂੰ ਟਵੀਟ ਕਰਦਿਆਂ ਉਸ ਦੁਆਰਾ ਕੀਤੀ



ਸੇਵਾ ਲਈ ਧੰਨਵਾਦ ਕੀਤਾ। ਕੋਵਿਡ -19 ਮਹਾਂਮਾਰੀ ਦੇ ਵਿਚਕਾਰ ਪਿਛਲੇ ਸਾਲ ਬਰੁਕਸ ਦੇ ਜਨਮਦਿਨ ਲਈ ਵਿਸ਼ਵ ਯੁੱਧ ਵੇਲੇ ਦੇ ਜਹਾਜ਼ਾਂ ਦਾ ਇੱਕ ਫਲਾਈਓਵਰ ਵੀ ਆਯੋਜਿਤ ਕੀਤਾ ਗਿਆ ਸੀ। ਵੈਟਰਨਜ਼ ਅਫੇਅਰਜ਼ ਦੇ ਅਨੁਸਾਰ, ਬਰੁਕਸ ਨੇ ਮਿਸੀਸਿਪੀ ਦੇ ਕੈਂਪ ਸ਼ੈਲਬੀ ਵਿਖੇ ਸਿਖਲਾਈ ਲਈ, ਅਤੇ ਨਵੰਬਰ 1941 ਵਿੱਚ ਉਸਨੂੰ ਸਨਮਾਨਜਨਕ ਤੌਰ ਛੁੱਟੀ ਦੇ ਦਿੱਤੀ ਗਈ ਹਾਲਾਂਕਿ, ਜਦੋਂ ਜਾਪਾਨੀਆਂ ਨੇ ਦਸੰਬਰ 1941 ਵਿੱਚ ਪਰਲ ਹਾਰਬਰ ਉੱਤੇ ਬੰਬਾਰੀ ਕੀਤੀ ਤਾਂ ਬਰੁਕਸ ਨੂੰ ਸੇਵਾ ਲਈ ਵਾਪਸ ਬੁਲਾਇਆ ਗਿਆ। ਹੁਣ ਉਸਦੇ 13 ਪੋਤੇ-ਪੋਤੀਆਂ ਅਤੇ 22 ਪੜਪੋਤੇ ਹਨ। ਐਤਵਾਰ ਨੂੰ ਉਸਦੇ ਜਨਮ ਦਿਨ ਦਾ ਸਮਾਗਮ ਦਾ ਆਯੋਜਨ ਨਿਊ ਓਰਲੀਨਜ਼ ਦੇ ਰਾਸ਼ਟਰੀ ਵਿਸ਼ਵ ਯੁੱਧ ਦੋ ਅਜਾਇਬ ਘਰ ਦੁਆਰਾ ਕੀਤਾ ਗਿਆ।

# ਟਰੰਪ ਨੇ 9/11 ਬਰਸੀ ਮੌਕੇ ਨਿਊਯਾਰਕ ਪੁਲਿਸ ਅਤੇ ਫਾਇਰ ਫਾਈਟਰਜ਼ ਨਾਲ ਕੀਤੀ ਮੁਲਾਕਾਤ

**ਫਰਿਜ਼ਨੋ (ਕੈਲੀਫੋਰਨੀਆ)–** ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਟਰੰਪ ਨੇ 11 ਸਤੰਬਰ ਦੇ ਅੱਤਵਾਦੀ ਹਮਲਿਆਂ ਦੀ 20 ਵੀਂ ਬਰਸੀ ਮਨਾਉਣ ਲਈ ਸ਼ਨੀਵਾਰ ਨੂੰ ਨਿਊਯਾਰਕ ਸਿਟੀ ਪੁਲਿਸ ਅਤੇ ਫਾਇਰ ਫਾਈਟਰਜ਼ ਨਾਲ ਅਚਾਨਕ ਮੁਲਾਕਾਤ ਕੀਤੀ। ਇਸ ਮੁਲਾਕਾਤ ਦੌਰਾਨ ਇਕੱਠੇ ਹੋਏ ਮਹਿਮਾਨਾਂ ਵਿੱਚ ਟਰੰਪ ਨੇ ਰਾਸ਼ਟਰਪਤੀ ਬਾਈਡੇਨ ਦੀ ਅਫਗਾਨਿ-ਸਤਾਨ ਮਾਮਲੇ ਸਬੰਧੀ ਤਿੱਖੀ ਨਿਖੇਧੀ ਕੀਤੀ ਅਤੇ ਕਿਹਾ ਕਿ ਮੈਨੂੰ ਇਸ ਦਿਨ ਇਸ ਬਾਰੇ ਗੱਲ ਕਰਨ ਤੋਂ ਨਫਰਤ ਹੈ।



ਇਸ ਮੌਕੇ ਟਰੰਪ ਨੇ ਨਿਊਯਾਰਕ ਪੁਲਿਸ ਦੀ ਪ੍ਰਸ਼ੰਸਾ ਕੀਤੀ।

ਆਪਣੇ ਦੌਰੇ ਦੌਰਾਨ ਟਰੰਪ ਨੇ ਸਟੇਸ਼ਨ ਹਾਊਸ ਲਾਗ ਬੁੱਕ 'ਤੇ ਵੀ ਹਸਤਾਖਰ ਕੀਤੇ ਅਤੇ ਉਸਤੇ "ਮੈਂ ਤੁਹਾਨੂੰ ਸਾਰਿਆਂ ਨੂੰ ਪਿਆਰ ਕਰਦਾ ਹਾਂ" ਲਿਖਿਆ। ਸਾਬਕਾ ਰਾਸ਼ਟਰਪਤੀ ਦਾ ਸਵਾਗਤ ਕਰਨ ਲਈ ਅਧਿਕਾਰੀ ਸਟੇਸ਼ਨ ਹਾਊਸ ਦੇ ਬਾਹਰ ਇਕੱਠੇ ਹੋਏ ਸਨ ਅਤੇ ਟਰੰਪ ਨੇ ਅੱਗੇ ਜਾਣ ਤੋਂ ਪਹਿਲਾਂ ਅਧਿਕਾਰੀਆਂ ਲਈ ਹੱਥ ਹਿਲਾਏ, ਫੋਟੋਆਂ ਲਈ ਪੋਜ਼ ਅਤੇ ਆਟੋਗ੍ਰਾਫ ਵੀ ਦਿੱਤੇ।

# ਫਰਿਜ਼ਨੋ ਫਾਇਰ ਡਿਪਾਰਟਮੈਂਟ ਲਈ ਜਾਰੀ ਹੋਈ ਗਰਾਂਟ, ਹੋਵੇਗੀ ਨਵੇਂ ਫਾਇਰ ਫਾਈਟਰਾਂ ਦੀ ਭਰਤੀ

**ਫਰਿਜ਼ਨੋ (ਕੈਲੀਫੋਰਨੀਆ)–** ਕੈਲੀਫੋਰਨੀਆ ਦੇ ਸ਼ਹਿਰ ਫਰਿਜ਼ਨੋ ਦੇ ਫਾਇਰ ਡਿਪਾਰਟਮੈਂਟ ਨੂੰ ਅਮਰੀਕੀ ਸਰਕਾਰ ਵੱਲੋਂ ਸੇਫਰ ਗ੍ਰਾਂਟ ਰਾਹੀਂ 12.6 ਮਿਲੀਅਨ ਡਾਲਰ ਜਾਰੀ ਕੀਤੇ ਗਏ ਹਨ। ਇਸ ਗਰਾਂਟ ਦੀ ਮੱਦਦ ਨਾਲ ਵਿਭਾਗ ਵੱਲੋਂ ਤਕਰੀਬਨ 42 ਨਵੇਂ ਫਾਇਰ ਫਾਈਟਰਜ਼ ਨਿਯੁਕਤ ਕੀਤੇ ਜਾ ਸਕਣਗੇ।

ਫਰਿਜ਼ਨੋ ਫਾਇਰ ਵਿਭਾਗ ਦੇ ਅਧਿਕਾਰੀ ਸ਼ੇਨ ਬਰਾਊਨ ਅਨੁਸਾਰ




ਇਹ ਇੱਕ ਅਪਗ੍ਰੇਡ ਹੈ , ਜਿਸਦੀ ਵਿਭਾਗ ਨੂੰ ਸਾਲਾਂ ਤੋਂ ਲੋੜ ਸੀ। ਬਰਾਊਨ ਅਨੁਸਾਰ ਵਿਭਾਗ ਕੋਲ ਉਹੀ ਸਟਾਫਿੰਗ ਮਾਡਲ ਹੈ ਜੋ 1980 ਵਿੱਚ ਸੀ। 1980 ਵਿੱਚ, ਫਰਿਜ਼ਨੋ ਫਾਇਰ ਕੋਲ 80 ਫਾਇਰ ਫਾਈਟਰਜ਼ ਪ੍ਰਤੀ ਦਿਨ ਡਿਊਟੀ 'ਤੇ ਸਨ ਜਦਕਿ ਹੁਣ 2021 ਵਿੱਚ ਇਹ ਗਿਣਤੀ 81 ਹੈ। 1980 ਵਿੱਚ ਸ਼ਹਿਰ ਦੀ ਆਬਾਦੀ ਤਕਰੀਬਨ 218,000 ਸੀ ਪਰ ਅੱਜ ਲਗਭਗ 540,000 ਹੈ। ਇਸ ਲਈ ਸ਼ਹਿਰ ਵਿੱਚ ਫਾਇਰ ਫਾਈਟਰਜ਼ ਦੀ ਜ਼ਰੂਰਤ ਹੈ।

ਵਿਭਾਗ ਅਨੁਸਾਰ ਸੇਫਰ ਗਰਾਂਟ ਤਿੰਨ ਸਾਲਾਂ ਲਈ ਸਾਰੇ 42 ਫਾਇਰ ਫਾਈਟਰਾਂ ਦੀਆਂ ਤਨਖਾਹਾਂ ਦਾ ਭੁਗਤਾਨ ਕਰੇਗੀ। ਇਸ ਵੇਲੇ, ਵਿਭਾਗ ਕੋਲ ਸਿਰਫ 300 ਤੋਂ ਵੱਧ ਫਾਇਰ ਫਾਈਟਰ ਹਨ। ਆਬਾਦੀ ਅਤੇ ਅੱਗ ਦੀਆਂ ਘਟਨਾਵਾਂ ਦੇ ਹਿਸਾਬ ਨਾਲ ਫਰਿਜ਼ਨੋ ਨੂੰ ਅਸਲ ਵਿੱਚ 500-600 ਦੀ ਜ਼ਰੂਰਤ ਹੈ। ਬਰਾਊਨ ਅਨੁਸਾਰ ਜੇ ਸਭ ਕੁੱਝ ਠੀਕ ਰਿਹਾ ਤਾਂ ਅਗਲੇ ਸਾਲ ਦੇ ਅਰੰਭ ਤੱਕ 42 ਫਾਇਰ ਫਾਈਟਰਜ਼ ਨੂੰ ਨਿਯੁਕਤ ਕਰਕੇ ਸਿਖਲਾਈ ਦਿੱਤੀ ਜਾਵੇਗੀ।

# ਅਫਗਾਨਿਸਤਾਨ ਹਵਾਈ ਅੱਡੇ ਧਮਾਕੇ 'ਚ ਮਾਰੇ ਗਏ 22 ਸਾਲਾਂ ਮਰੀਨ ਦੀ ਲਾਸ਼ ਪਹੁੰਚੀ ਘਰ

**ਫਰਿਜ਼ਨੋ (ਕੈਲੀਫੋਰਨੀਆ)–** ਅਫਗਾਨਿਸਤਾਨ ਦੇ ਕਾਬੁਲ ਹਵਾਈ ਅੱਡੇ 'ਤੇ ਅਮਰੀਕਾ ਦੁਆਰਾ ਚਲਾਈ ਗਈ ਨਿਕਾਸੀ ਮੁਹਿੰਮ ਦੇ ਦੌਰਾਨ ਬੰਬ ਧਮਾਕੇ ਵਿੱਚ ਮਾਰੇ ਗਏ 13 ਅਮਰੀਕੀ ਸਰਵਿਸ ਮੈਂਬਰਾਂ ਵਿੱਚੋਂ ਇੱਕ ਮਰੀਨ ਦੀ ਲਾਸ਼ ਐਤਵਾਰ ਨੂੰ ਉਸਦੇ ਉੱਤਰੀ ਇੰਡੀਆਨਾ ਦੇ ਘਰ ਵਿੱਚ ਪਹੁੰਚੀ ਹੈ।

ਇੱਕ ਫੌਜੀ ਕਾਫਿਲੇ ਨੇ ਸਨਮਾਨ ਸਹਿਤ ਲੋਗਨਸਪੋਰਟ ਦੇ 22 ਸਾਲਾਂ ਮਰੀਨ ਕੋਰ ਕਾਰਪੋਰੇਲ ਹਮਬਰਟੋ ਸਾਂਚੇਜ਼ ਦਾ ਮ੍ਰਿਤਕ ਸਰੀਰ ਉਸਦੇ ਘਰ ਪਹੁੰਚਾਇਆ। ਸਾਂਚੇਜ਼ ਦੀ ਲਾਸ਼ ਐਤਵਾਰ ਸਵੇਰੇ ਇੰਡੀਆਨਾਪੋਲਿਸ ਤੋਂ ਲਗਭਗ 80 ਮੀਲ ਉੱਤਰ ਵਿੱਚ ਪੇਰੂ ਦੇ ਨੇੜੇ ਗ੍ਰਿਸਮ ਏਅਰ ਰਿਜ਼ਰਵ



ਬੇਸ 'ਤੇ ਪਹੁੰਚੀ ਅਤੇ ਫਿਰ ਫੌਜੀ ਕਾਫਿਲਾ 20 ਮੀਲ ਦੀ ਦੂਰੀ 'ਤੇ ਲੋਗਨਸਪੋਰਟ ਵੱਲ ਗਿਆ। ਅਮਰੀਕੀ ਲੋਕਾਂ ਨੇ ਇਸ ਸੈਨਿਕ ਨੂੰ ਸੜਕ 'ਤੇ ਲਾਈਨਾਂ ਲਗਾ ਕੇ ਅਮਰੀਕੀ ਝੰਡਿਆਂ ਸਮੇਤ ਸ਼ਰਧਾਂਜਲੀ ਅਤੇ ਸਨਮਾਨ ਦਿੱਤਾ। ਫੌਜੀ ਕਾਫਿਲੇ ਵਿੱਚ ਗੱਡੀਆਂ ਅਤੇ ਸੈਂਕੜੇ ਮੋਟਰਸਾਈਕਲ ਸਨ। ਸਾਂਚੇਜ਼ ਆਪਣੀ ਲੋਗਨਸਪੋਰਟ ਹਾਈ ਸਕੂਲ ਕਲਾਸ ਦੇ 17 ਮੈਂਬਰਾਂ ਵਿੱਚੋਂ ਇੱਕ ਸੀ ਜੋ ਆਪਣੀ 2017 ਦੀ ਗ੍ਰੈਜੂਏਸ਼ਨ ਤੋਂ ਬਾਅਦ ਫੌਜ ਵਿੱਚ ਭਰਤੀ ਹੋਇਆ ਸੀ। ਸੋਮਵਾਰ ਨੂੰ ਲੋਗਨਸਪੋਰਟ ਦੇ ਲਾਈਫ ਗੇਟ ਚਰਚ ਵਿਖੇ ਇੱਕ ਪਬਲਿਕ ਵਿਜ਼ਟ ਦੇ ਬਾਅਦ ਸਾਂਚੇਜ਼ ਦੀ ਫਿਊਨਰਲ ਮੰਗਲਵਾਰ ਸਵੇਰੇ 11 ਵਜੇ ਨਿ-ਰਧਾਰਤ ਕੀਤੀ ਗਈ ਹੈ।

# 243,000 ਤੋਂ ਵੱਧ ਬੱਚਿਆਂ ਨੇ 1 ਹਫਤੇ ਦੌਰਾਨ ਕੀਤਾ ਪਾਜੇਟਿਵ ਕੋਰੋਨਾ ਟੈਸਟ

**ਫਰਿਜ਼ਨੋ (ਕੈਲੀਫੋਰ-ਨੀਆ)–** ਫਰਿਜ਼ਨੋ (ਕੈਲੀਫੋਰਨੀਆ)- ਅਮੈਰੀਕਨ ਅਕੈਡਮੀ ਆਫ ਪੀਡੀਆਟ੍ਰਿਕਸ ਐਂਡ ਚਿਲਡਰਨਜ਼ ਹਸਪਤਾਲ ਐਸੋਸੀਏਸ਼ਨ ਦੀ ਇੱਕ ਨਵੀਂ ਰਿਪੋਰਟ ਦੇ ਅਨੁਸਾਰ, ਅਮਰੀਕਾ ਵਿੱਚ ਪਿਛਲੇ ਹਫਤੇ ਦੌਰਾਨ 243,000 ਤੋਂ ਵੱਧ ਬੱਚਿਆਂ ਨੇ ਕੋਵਿਡ -19 ਲਈ ਪਾਜੇਟਿਵ ਟੈਸਟ ਕੀਤਾ ਹੈ, ਜੋ ਕਿ ਬੱਚਿਆਂ ਦੇ ਮਾਮਲੇ ਵਿੱਚ ਹੁਣ ਤੱਕ ਦਾ ਦੂਜਾ ਸਭ ਤੋਂ ਵੱਧ ਹਫਤਾਵਰੀ ਰਿਕਾਰਡ ਹੈ। ਅੰਕੜਿਆਂ ਅਨੁਸਾਰ ਪਿਛਲੇ ਹਫਤੇ, ਬੱਚਿਆਂ ਦੀ



28.9% ਗਿਣਤੀ ਕੋਰੋਨਾ ਦੀ ਲਪੇਟ ਵਿੱਚ ਆਈ। ਪੂਰੇ ਯੂ ਐਸ ਵਿੱਚ, ਲਗਭਗ 2,200 ਬੱਚੇ ਕੋਵਿਡ-19 ਕਾਰਨ ਹਸਪਤਾਲਾਂ ਵਿੱਚ ਹਨ। ਟੈਕਸਾਸ ਵਿੱਚ ਇਸ ਵੇਲੇ 377 ਬੱਚਿਆਂ ਦੀ ਹਸਪਤਾਲ ਵਿੱਚ ਦੇਖਭਾਲ ਕੀਤੀ ਜਾ ਰਹੀ ਹੈ, ਜਦਕਿ ਓਹੀਓ ਅਤੇ ਫਲੋਰਿਡਾ ਵਿੱਚ ਇਹ ਗਿਣਤੀ ਕ੍ਰਮਵਾਰ 258 ਅਤੇ 168 ਹੈ। ਸਿਰਫ ਪਿਛਲੇ ਮਹੀਨੇ ਵਿੱਚ ਹੀ ਯੂ ਐਸ ਨੇ 1 ਮਿਲੀਅਨ ਤੋਂ ਵੱਧ ਬਾਲ ਕੋਰੋਨਾ ਕੇਸਾਂ ਦੀ ਰਿਪੋਰਟ ਕੀਤੀ ਹੈ ਜਦਕਿ ਜੁਲਾਈ ਦੇ ਅਖੀਰ ਵਿੱਚ ਕਲਾਸਰੂਮਾਂ ਵਿੱਚ ਵਾਪਸ ਆਉਣ ਤੋਂ ਬਾਅਦ 1.2 ਮਿ-ਲੀਅਨ ਤੋਂ ਵੱਧ ਬੱਚਿਆਂ ਨੇ ਸਕ-

# ਫਰਿਜ਼ਨੋ ਸਿਟੀ ਕਾਲਜ ਫਾਇਰ ਅਕੈਡਮੀ ਦੇ ਕੈਡਿਟਾਂ ਨੇ ਨਿਊਯਾਰਕ ਦੇ 9/11 ਸਮਾਰੋਹ 'ਚ ਲਿਆ ਹਿੱਸਾ

**ਫਰਿਜ਼ਨੋ (ਕੈਲੀਫੋਰਨੀਆ)–** ਕੈਲੀਫੋਰਨੀਆ ਦੇ ਸ਼ਹਿਰ ਫਰਿਜ਼ਨੋ ਦੀ ਫਰਿਜ਼ਨੋ ਸਿਟੀ ਕਾਲਜ (ਐੱਫ ਸੀ ਸੀ) ਫਾਇਰ ਅਕੈਡਮੀ ਦੇ ਕੈਡਿਟਾਂ ਦੀ ਕਲਾਸ ਪਿਛਲੇ ਤਕਰੀਬਨ 16 ਸਾਲਾਂ ਤੋਂ ਨਿਊਯਾਰਕ ਵਿੱਚ ਹੁੰਦੇ 9/11 ਦੇ ਅੱਤਵਾਦੀ ਹਮਲਿਆਂ ਦੇ ਸਮਾਰੋਹ ਵਿੱਚ ਭਾਗ ਲੈਂਦੀ ਆ ਰਹੀ ਹੈ। ਇਸ ਸਾਲ ਵੀ 11 ਸਤੰਬਰ ਨੂੰ ਇਸ ਫਾਇਰ ਅਕੈਡਮੀ ਨੇ ਨਿਊਯਾਰਕ ਵਿੱਚ ਹੋਏ 9/11 ਹਮਲਿਆਂ ਦੇ ਸਮਾਗਮਾਂ ਵਿੱਚ ਸ਼ਰਧਾਂਜਲੀ ਅਰਪਿਤ ਕਰਨ ਲਈ ਸ਼ਮੂਲੀਅਤ ਕੀਤੀ। ਇਸ ਸਾਲ, ਅੱਤਵਾਦੀ ਹਮ-ਲਿਆਂ ਦੀ 20 ਵੀਂ ਬਰਸੀ ਮੌਕੇ ਐੱਫ ਸੀ ਸੀ ਡਾਇਰੈਕਟਰ ਪੀਟਰ ਕਾਕੋਸਾ ਅਨੁਸਾਰ 27 ਕੈਡਿਟਾਂ ਨੇ ਸਮਾਗਮ ਵਿੱਚ ਭਾਗ ਲਿਆ। ਸ਼ਨੀਵਾਰ ਨੂੰ, ਫਰਿਜ਼ਨੋ ਸਿਟੀ ਕਾਲਜ ਫਾਇਰ ਅਕੈਡਮੀ ਕੈਡਿਟਾਂ ਦੀ ਕਲਾਸ ਨੇ ਨਿਊਯਾਰਕ ਫਾਇਰ ਡਿਪਾਰਟਮੈਂਟ ਦੇ ਨਾਲ ਇੱਕ ਸਮਾਰੋਹ ਵਿੱਚ ਹਿੱਸਾ ਲਿਆ ਜਿੱਥੇ ਜਾਨਾਂ ਗੁਆਉਣ ਵਾਲੇ 343 ਫਾਇਰ ਫਾਈਟਰਜ਼ ਵਿੱਚੋਂ ਹਰੇਕ ਨਾਮ ਨੂੰ ਉੱਚੀ ਆਵਾਜ਼ ਵਿੱਚ ਪੜ੍ਹਿਆ ਗਿਆ। ਕਾਕੋਸਾ ਅਨੁਸਾਰ ਇਹ ਕੈਡੇਟ ਲਗਭਗ ਅੱਠ ਹਫਤਿਆਂ ਤੋਂ ਅਕੈਡਮੀ ਵਿੱਚ ਹਨ ਅਤੇ ਉਨ੍ਹਾਂ ਨੇ ਨਿਊਯਾਰਕ ਜਾਣ ਦੀ ਇਜਾਜ਼ਤ ਲਈ ਕਈ ਫੰਡਰੇਜ਼ਰ ਇਕੱਠੇ ਕੀਤੇ ਹਨ। ਅਕੈਡਮੀ ਅਨੁਸਾਰ ਕੈਡਿਟ ਸੋਮਵਾਰ ਨੂੰ ਫਰਿਜ਼ਨੋ ਵਾਪਸ ਆ ਜਾਣਗੇ ਅਤੇ ਲਗਭਗ ਚਾਰ ਮਹੀਨਿਆਂ ਵਿੱਚ, ਉਨ੍ਹਾਂ ਦੀ ਅਕੈਡਮੀ ਖਤਮ ਹੋ ਜਾਵੇਗੀ ਅਤੇ ਉਹ ਫੋਰਸ ਵਿੱਚ ਸ਼ਾਮਲ ਹੋਣ ਲਈ ਤਿਆਰ ਹੋ ਜਾਣਗੇ।

# ਅਮਰੀਕਾ 'ਚ ਐਮਾਜ਼ਾਨ, ਕਰੋਗਰ ਅਤੇ ਵਾਲਮਾਰਟ ਕਰਨਗੇ, ਸਸਤੇ ਕੋਰੋਨਾ ਟੈਸਟਾਂ ਦੀ ਪੇਸ਼ਕਸ਼

**ਫਰਿਜ਼ਨੋ (ਕੈਲੀਫੋਰਨੀਆ)–** ਅਮਰੀਕਾ ਵਿੱਚ ਕੋਵਿਡ ਟੈਸਟਾਂ ਵਿੱਚ ਤੇਜੀ ਲਿਆਉਣ ਲਈ ਸੁਪਰ ਮਾਰਕੀਟ ਸਟੋਰਾਂ ਜਿਵੇਂ ਕਿ ਐਮਾਜ਼ਾਨ, ਕਰੋਗਰ ਅਤੇ ਵਾਲਮਾਰਟ ਆਦਿ ਦੁਆਰਾ ਜਲਦੀ ਹੀ ਸਸਤੇ ਅਤੇ ਛੇਤੀ ਨਤੀਜਾ ਦੇਣ ਵਾਲੇ ਘਰੇਲੂ ਰੇਪਿਡ ਟੈਸਟਾਂ ਦੀ ਪੇਸ਼ਕਸ਼ ਕੀਤੀ ਜਾਵੇਗੀ। ਇਸ ਸਬੰਧੀ ਵਾਈਟ ਹਾਊਸ ਦੇ ਅਨੁਸਾਰ ਅਮਰੀਕੀ ਲੋਕ ਇਹ ਟੈਸਟ ਆਪਣੇ ਸਥਾਨਕ ਰਿਟੇਲਰਾਂ ਜਾਂ ਆਨਲਾਈਨ ਸੰਭਾਵਿਤ ਤੌਰ 'ਤੇ ਇਸ ਹਫਤੇ ਦੇ ਅੰਤ ਤੱਕ 35% ਤੱਕ ਘੱਟ ਰੇਟ 'ਤੇ ਖਰੀਦਣ ਦੇ ਯੋਗ ਹੋਣਗੇ ਅਤੇ ਇਹ ਅਗਲੇ ਤਿੰਨ ਮਹੀਨਿਆਂ ਤੱਕ ਜਾਰੀ ਰਹਿਣਗੇ। ਜਿਕਰਯੋਗ ਹੈ ਕਿ ਰਾਸ਼ਟਰਪਤੀ ਬਾਈਡੇਨ ਦੁਆਰਾ ਜਾਰੀ ਕੀਤੇ ਗਏ ਨਵੇਂ ਵੈਕਸੀਨ ਦਿਸ਼ਾ ਨਿਰਦੇਸ਼ਾਂ ਤਹਿਤ ਟੀਕਾਕਰਨ ਰਹਿਤ ਕਾਮਿਆਂ ਨੂੰ ਆਪਣੀਆਂ ਨੌਕਰੀਆਂ ਬਣਾਈ ਰੱਖਣ ਲਈ ਹਫਤਾਵਾਰੀ ਅਧਾਰ 'ਤੇ ਨੈਗੇਟਿਵ ਟੈਸਟ ਕਰਨਾ ਪਵੇਗਾ। ਇਸ ਲਈ ਟੈਸਟਾਂ ਨੂੰ ਵੱਡੇ ਪੱਧਰ 'ਤੇ ਸਸਤੇ ਰੇਟਾਂ ਨਾਲ ਉਪਲੱਬਧ ਕਰਵਾਉਣ ਲਈ ਇਹ ਉਪਰਾਲਾ ਕੀਤਾ ਜਾ ਰਿਹਾ ਹੈ। ਕਰੋਗਰ, ਵਾਲਮਾਰਟ ਆਦਿ ਦੇ ਨਾਲ ਐਮਾਜ਼ਾਨ ਨੇ ਵੀ ਟੈਸਟਾਂ ਦੀ ਪੇਸ਼ਕਸ਼ ਵਿੱਚ ਆਪਣੀ ਭਾਗੀਦਾਰੀ ਦੀ ਪੁਸ਼ਟੀ ਕੀਤੀ ਹੈ। ਕੰਪਨੀ ਅਨੁਸਾਰ ਸਸਤੇ ਅਤੇ ਉੱਚ-ਗੁਣਵੱਤਾ ਦੇ ਐਫ ਡੀ ਏ ਦੁਆਰਾ ਅਧਿਕਾਰਤ ਟੈਸਟਾਂ ਤੱਕ ਪਹੁੰਚ ਵਧਾਉਣ ਲਈ ਬਾਈਡੇਨ ਪ੍ਰਸ਼ਾਸਨ ਦੇ ਨਾਲ ਕੰਮ ਕਰਨਾ ਇੱਕ ਮਾਣ ਵਾਲੀ ਗੱਲ ਹੈ।

# ਸਰਕਾਰ ਅਤੇ ਪੰਥ ਦੇ ਠੇਕੇਦਾਰਾਂ ਵੱਲੋਂ ਬਾਬਾ ਜੀਵਨ ਸਿੰਘ ਨੂੰ ਅਣਗੌਲਿਆ ਜਾਣਾ ਬਹੁਜਨ ਸਮਾਜ ਦੀ ਬੇਪੱਤੀ: ਜਸਵੀਰ ਸਿੰਘ ਗੜ੍ਹੀ





**ਬੁਢਲਾਡਾ–** ਬਾਬਾ ਜੀਵਨ ਸਿੰਘ ਜੀ ਨੂੰ ਅਣਗੌਲਿਆਂ ਜਾਣਾ ਬਹੁਜਨ ਸਮਾਜ ਦੀ ਬੇਪੱਤੀ ਹੈ ਅਤੇ ਬਹੁਜਨ ਸਮਾਜ ਦੇ ਨਾਲ ਅਜਿਹਾ ਪਹਿਲੀ ਵਾਰ ਨਹੀਂ ਹੋਇਆ ਸਗੋਂ ਸਰਕਾਰਾਂ ਅਤੇ ਪੰਥ ਦੇ ਠੇਕੇਦਾਰਾਂ ਵੱਲੋਂ ਅਕਸਰ ਹੀ ਬਹੁਜਨ ਸਮਾਜ ਦੇ ਰਹਿਬਰਾਂ ਅਤੇ ਬਜ਼ੁਰਗਾਂ ਨੂੰ ਅਣਗੌਲਿਆ ਜਾਂਦਾ ਰਿਹਾ ਹੈ। ਪਰ ਹੁਣ ਜ਼ਿਆਦਾ ਸਮਾਂ ਅਜਿਹਾ ਨਹੀਂ ਹੋਣਾ ਕਿਉਂਕਿ ਬਹੁਜਨ ਸਮਾਜ ਦੇ ਲੋਕਾਂ ਨੇ ਆਪਣੀ ਖੁਦ ਦੀ ਸੱਤਾ ਵਿੱਚ ਹਿੱਸੇਦਾਰੀ ਬਣਾਉਣ ਦਾ ਮਨ ਬਣਾ ਲਿਆ ਹੈ ਅਤੇ ਜਦੋਂ ਸੱਤਾ 'ਚ ਬਹੁਜਨ ਸਮਾਜ ਦੀ ਹਿੱਸੇਦਾਰੀ ਹੋਣੀ ਹੈ ਤੇ ਬਹੁਜਨ ਸਮਾਜ ਦੇ ਰਹਿਬਰਾਂ ਨੂੰ ਅਣਗੌਲਿਆਂ ਕਰਨ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ ਸਗੋਂ ਉਨ੍ਹਾਂ ਨੂੰ ਉਹਨਾਂ ਦਾ ਬਣਦਾ ਸਤਿਕਾਰ ਦੇਣ ਲਈ ਬਹੁਜਨ ਸਮਾਜ ਦੀ ਸਰਕਾਰ ਵਧ ਚੜ੍ਹ ਕੇ ਕੰਮ ਕਰੇਗੀ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਕੀਤਾ।

ਉਹ ਮਾਨਸਾ ਜ਼ਿਲ੍ਹੇ ਦੇ ਬੁਢਲਾਡਾ ਵਿਖੇ ਸ਼ਨੀਵਾਰ ਨੂੰ ਬਾਬਾ ਜੀਵਨ ਸਿੰਘ ਜੀ ਨੂੰ ਯਾਦ ਕਰਨ ਲਈ ਰੱਖੇ ਗਏ ਸਮਾਗਮ ਦੌਰਾਨ ਹਾਜ਼ਰੀਨ ਨੂੰ ਸੰਬੋਧਤ ਕਰ ਰਹੇ ਸਨ ਜਿੱਥੇ ਪ੍ਰੋਗਰਾਮ ਦੀ ਅਗਵਾਈ ਸੂਬਾ ਜਨਰਲ ਸਕੱਤਰ ਕੁਲਦੀਪ ਸਿੰਘ ਸਰਦੂਲਗੜ੍ਹ ਨੇ ਕੀਤੀ। ਇਸ ਮੌਕੇ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਐਲਾਨ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਬਹੁਜਨ ਸਮਾਜ ਪਾਰਟੀ ਦੀ ਸਰਕਾਰ ਬਣਦਿਆਂ ਹੀ ਬਾਬਾ ਜੀਵਨ ਸਿੰਘ ਜੀ ਦੇ ਨਾਮ ਤੇ ਯੂਨਿਵਰਸਿਟੀ ਬਣਾਈ ਜਾਵੇਗੀ ਅਤੇ ਗਜ਼ਟਿਡ ਛੁੱਟੀ ਦਾ ਵੀ ਬਸਪਾ ਸਰਕਾਰ ਵੱਲੋਂ ਪ੍ਰਬੰਧ ਕੀਤਾ ਜਾਵੇਗਾ। ਇਸ ਤੋਂ ਪਹਿਲਾਂ ਉਨ੍ਹਾਂ ਬਾਬਾ ਜੀਵਨ ਸਿੰਘ ਜੀ ਨੂੰ ਫੁੱਲ ਅਰਪਿਤ ਕਰਦਿਆਂ ਉਨ੍ਹਾਂ ਨੂੰ ਯਾਦ ਕੀਤਾ।

ਹਾਜ਼ਰ ਸੰਗਤਾਂ ਨੂੰ ਸੰਬੋਧਤ ਕਰਦਿਆਂ ਕਿਹਾ ਬਸਪਾ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਬਹੁਜਨ ਸਮਾਜ ਪਾਰਟੀ ਇੱਕ ਪਾਰਟੀ ਨਹੀਂ ਸਗੋਂ ਇੱਕ ਅੰ-ਦੋਲਨ ਹੈ ਜਿਹੜਾ ਹੁਣ ਨਹੀਂ ਬੀਤੇ ਡੇਡ਼ ਸੌ ਸਾਲਾਂ ਤੋਂ ਲਗਾਤਾਰ ਚੱਲਦਾ ਆ ਰਿਹਾ ਹੈ। ਉਨ੍ਹਾਂ ਕਿਹਾ ਕਿ ਬਹੁਜਨ ਸਮਾਜ ਪਾਰਟੀ ਦਾ ਇਹ ਅੰਦੋਲਨ 1848 ਵਿੱਚ ਜੋਤੀਬਾ ਫੂਲੇ ਨੇ ਸ਼ੁਰੂ ਕੀਤਾ ਸੀ ਅਤੇ ਇਸ ਅੰਦੋਲਨ ਨੂੰ ਬਾਅਦ ਵਿੱਚ ਛਤਰਪਤੀ ਸਾਹੂ ਤੇ ਫਿਰ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਨੇ ਅੱਗੇ ਵਧਾਇਆ ਅਤੇ ਫਿਰ ਸਾਹਿਬ ਕਾਂਸ਼ੀ ਰਾਮ ਜੀ ਇਸ ਅੰਦੋਲਨ ਵਿੱਚ ਆਏ ਅਤੇ ਇਹ ਅੰਦੋਲਨ ਨਿਰੰਤਰ, ਨਿਰਵਿਘਨ ਚੱਲਦਾ ਆ ਰਿਹਾ ਹੈ। ਸ. ਗੜ੍ਹੀ ਨੇ ਕਿਹਾ ਕਿ ਹਾਲਾਂਕਿ ਪੰਜਾਬ ਵਿੱਚ ਇਸ ਤੋਂ ਪਹਿਲਾਂ 1984 ਤੋਂ ਲੈ ਕੇ 1994 ਤੱਕ ਸਿੱਖ ਅੰਦੋਲਨ ਚੱਲਿਆ ਜਿਸ ਦੌਰਾਨ ਸਾਲ 1991 ਵਿਚ ਸਿੱਖ ਅੰਦੋਲਨ ਨੇ ਵੱਡੇ ਪੱਧਰ ਤੇ ਵੋਟਾਂ ਦੇ ਬਾਈਕਾਟ ਦਾ ਸੱਦਾ ਦਿੱਤਾ ਸੀ, ਪਰ ਬਸਪਾ ਦਾ ਇਹ ਅੰਦੋਲਨ ਉਸ ਸਮੇਂ ਵੀ ਨਹੀਂ ਸੀ ਰੁਕਿਆ।

ਉਨ੍ਹਾਂ ਕਿਹਾ ਕਿ ਬਸਪਾ ਨੇ ਉਸ ਸਮੇਂ ਵੀ ਆਪਣਾ ਅੰਦੋਲਨ ਚੱਲਦਾ ਰੱਖਿਆ ਸੀ ਅਤੇ 1991 ਵਿੱਚ ਬਸਪਾ ਦੇ 9 ਵਿਧਾਇਕ ਬਣੇ ਸੀ। ਇਸੇ ਤਰ੍ਹਾਂ ਨਾਲ ਅੱਜ ਵੀ ਜੋ ਕਿਸਾਨ ਅੰਦੋਲਨ ਚੱਲ ਰਿਹਾ ਹੈ, ਬਹੁਜਨ ਸਮਾਜ ਪਾਰਟੀ ਉਸਦਾ ਸਮਰਥਨ ਕਰਦੀ ਹੈ ਤੇ ਬਸਪਾ ਦਾ ਅੰਦੋਲਨ ਨਹੀਂ ਰੁਕੇਗਾ। ਬਸਪਾ ਪੰਜਾਬ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਉਹ ਕਿਸਾਨ ਜਥੇਬੰਦੀਆਂ ਅਤੇ ਕਿਸਾਨ ਆਗੂਆਂ ਨੂੰ ਅਪੀਲ ਕਰਦੇ ਹਨ ਕਿ ਜਿਸ ਤਰ੍ਹਾਂ ਬਹੁਜਨ ਸਮਾਜ ਪਾਰਟੀ ਕਿਸਾਨ ਅੰਦੋਲਨ ਦਾ ਸਮਰਥਨ ਕਰਦੀ ਹੈ, ਉਹ (ਕਿਸਾਨ ਜਥੇਬੰਦੀਆਂ ਤੇ ਕਿਸਾਨ ਆਗੂ) ਵੀ ਬਹੁਜਨ ਸਮਾਜ ਪਾਰਟੀ ਦਾ ਸਮਰਥਨ ਕਰਨ ਕਿਉਂਕਿ ਬਸਪਾ ਜਿਨ੍ਹਾਂ ਦੇ ਲਈ ਲੜ ਰਹੀ ਹੈ ਉਹ ਵੀ ਦੇਸ਼ ਦੇ ਵਿੱਚ ਹਕੂਮਤਾਂ ਦੇ ਸਤਾਏ ਹੋਏ ਹਨ ਤੇ ਹਜ਼ਾਰਾਂ ਸਾਲਾਂ ਤੋਂ ਨਿਮਾਣੇ, ਨਿਆਸਰੇ, ਨਿਓਟੇ, ਨਿਪੱਤੇ, ਨਿਘਰ੍ਹੇ ਨੇ ਅਤੇ ਕਿਸਾਨਾਂ ਨੂੰ ਵੀ ਹਕੂਮਤ ਨੇ ਨਿਘਰ੍ਹਾ ਤੇ ਨਿਧਰ੍ਹਾ ਕਰ ਦਿੱਤਾ ਹੈ ਇਸਲਈ ਨਿਘਰ੍ਹੇ ਤੇ ਨਿਧਰ੍ਹੇ ਲੋਕਾਂ ਨੂੰ ਇੱਕ ਦੂਸਰੇ ਦਾ ਸਮਰਥਨ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਬਸਪਾ ਦਾ ਅੰਦੋਲਨ ਬਹੁਤ ਪੁਰਾਣਾ ਅਤੇ ਨਿਰੰਤਰ ਚੱਲਦਾ ਆ ਰਿਹਾ ਹੈ ਜੋ ਰੁਕੇਗਾ ਨਹੀਂ।

ਇਸ ਮੌਕੇ ਸਥਾਨਕ ਆਗੂਆਂ ਵੱਲੋਂ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਸਮੇਤ ਹੋਰ ਪਤਵੰਤੇ ਆਗੂਆਂ ਦਾ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਹੋਰਨਾਂ ਤੋਂ ਸੂਬਾ ਜਨਰਲ ਸੱਕਤਰ ਕੁਲਦੀਪ ਸਿੰਘ ਸਰਦੂਲਗੜ੍ਹ ਤੋਂ ਇਲਾਵਾ ਜ਼ਿਲ੍ਹਾ ਮਾਨਸਾ ਦੇ ਪ੍ਰਧਾਨ ਗੁਰਦੀਪ ਸਿੰਘ ਮਾਖਾ, ਜ਼ਿਲ੍ਹਾ ਇੰਚਾਰਜ ਸਰਬਰ ਕੁਰੈਸ਼ੀ, ਨਗਿੰਦਰ ਸਿੰਘ, ਜ਼ਿਲ੍ਹਾ ਵਾਈਸ ਪ੍ਰਧਾਨ ਸੁਖਦੇਵ ਸਿੰਘ ਭੀਖੀ, ਹਲਕਾ ਜਨਰਲ ਸਕੱਤਰ ਕੱਕੂ ਸਿੰਘ, ਜ਼ਿਲ੍ਹਾ ਸਕੱਤਰ ਤੇਜਾ ਸਿੰਘ ਬਰੇਟਾ, ਹਲਕਾ ਪ੍ਰਧਾਨ ਬਲਵੀਰ ਸਿੰਘ, ਹਲਕਾ ਇੰਚਾਰਜ ਸ਼ੇਰ ਸਿੰਘ ਸੇਠ, ਬੀ.ਵਾਈ.ਐਫ ਜ਼ਿਲ੍ਹਾ ਇੰਚਾਰਜ ਹਰਦੀਪ ਗੱਗੀ, ਲੋਕਸਭਾ ਇੰਚਾਰਜ ਰਜਿੰਦਰ ਸਿੰਘ ਭੀਖੀ, ਹਲਕਾ ਜਨਰਲ ਸਕੱਤਰ ਭੋਲਾ ਸਿੰਘ, ਮੀਤ ਪ੍ਰਧਾਨ ਬੂਟਾ ਸਿੰਘ, ਕੈਸ਼ੀਅਰ ਜਸਵਿੰਦਰ ਸਿੰਘ ਜੱਸਾ, ਸ਼ਹਿਰੀ ਪ੍ਰਧਾਨ ਬਲਜੀਤ ਸਿੰਘ, ਸਕੱਤਰ ਦੇਵੀ ਦਿਆਲ, ਜਗਦੀਸ਼ ਬਰੇਟਾ ਆਦਿ ਹਾਜ਼ਰ ਸਨ।

# ਅਮਰੀਕਾ ਨੇ ਜਹਾਜ਼ਾਂ 'ਚ ਫੇਸ ਮਾਸਕ ਨਿਯਮ ਤੋੜਨ ਲਈ ਜੁਰਮਾਨਾ ਕੀਤਾ ਦੁੱਗਣਾ

**ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ**

**ਫਰਿਜ਼ਨੋ (ਕੈਲੀਫੋਰਨੀਆ)–** ਅਮਰੀਕੀ ਪ੍ਰਸ਼ਾਸਨ ਦੁਆਰਾ ਉਨ੍ਹਾਂ ਲੋਕਾਂ ਲਈ ਜੁਰਮਾਨੇ ਨੂੰ ਦੁੱਗਣਾ ਕੀਤਾ ਜਾ ਰਿਹਾ ਹੈ ਜੋ ਕਿ ਕੋਵਿਡ -19 ਦੇ ਫੈਲਣ ਨੂੰ ਰੋਕਣ ਵਿੱਚ ਮਹੱਤਵਪੂਰਨ ਫੇਸ ਮਾਸਕ ਦੇ ਨਿਯਮ ਨੂੰ ਜਹਾਜ਼ਾਂ, ਰੇਲ ਗੱਡੀਆਂ ਅਤੇ ਜਨਤਕ ਆਵਾਜਾਈ ਦੇ ਹੋਰ ਸਾਧਨਾਂ ਵਿੱਚ ਤੋੜਦੇ ਹਨ। ਰਾਸ਼ਟਰਪਤੀ ਜੋਅ ਬਾਈਡੇਨ ਨੇ ਵੀਰਵਾਰ ਨੂੰ ਟ੍ਰਾਂਸਪੋਰਟੇਸ਼ਨ ਸਕਿਉਰਿਟੀ ਐਡਮਨਿਸਟ੍ਰੇਸ਼ਨ (ਟੀ ਐਸ ਏ) ਨੂੰ ਇਸ ਲਈ ਨਿਰਦੇਸ਼ਤਿ ਕੀਤਾ ਹੈ। ਨਵੇਂ ਨਿਯਮਾਂ ਤਹਿਤ ਪਹਿਲੀ ਵਾਰ ਫੇਸ ਮਾਸਕ ਨਿਯਮ ਦੀ ਉਲੰਘਣਾ ਕਰਨ ਵਾਲਿਆਂ ਨੂੰ 500 ਤੋਂ 1,000 ਡਾਲਰ&; ਦੇ ਸੰਭਾਵੀ ਜੁਰਮਾਨੇ ਦਾ ਸਾਹਮਣਾ ਕਰਨਾ ਪਵੇਗਾ ਅਤੇ ਦੂਜੀ ਵਾਰ ਦੀ ਉਲੰਘਣਾ ਲਈ 1,000 ਤੋਂ 3,000 ਡਾਲਰ ਦਾ ਜੁਰਮਾਨਾ ਹੋ ਸਕਦਾ ਹੈ। ਟ੍ਰਾਂਸਪੋਰਟੇਸ਼ਨ ਸਕਿਉਰਿਟੀ ਐਡਮਨਿਸਟ੍ਰੇਸ਼ਨ ਅਨੁਸਾਰ ਇਹ ਨਿਯਮ ਸ਼ੁੱਕਰਵਾਰ ਤੋਂ ਲਾਗੂ ਹੋਵੇਗਾ। ਇਸ ਅਪਰਾਧ ਲਈ ਮੌਜੂਦਾ ਜੁਰਮਾਨਾ 250 ਡਾਲਰ ਤੋਂ ਸ਼ੁਰੂ ਹੁੰਦਾ ਹੈ ਅਤੇ ਦੁਹਰਾਉਣ ਵਾਲੇ ਲੋਕਾਂ ਲਈ 1,500 ਡਾਲਰ ਤੱਕ ਜਾ ਸਕਦਾ ਹੈ। ਇਸ ਸਬੰਧੀ ਘੋਸ਼ਣਾ ਕਰਦਿਆਂ ਬਾਈਡੇਨ ਨੇ ਕਿਹਾ ਕਿ ਨਿਯਮਾਂ ਨੂੰ ਤੋੜਣ ਦੀ ਸੂਰਤ ਵਿੱਚ ਭੁਗਤਾਨ ਕਰਨ ਲਈ ਤਿਆਰ ਰਹੋ। ਯਾਤਰਾ ਦੌਰਾਨ ਫੇਸ ਮਾਸਕ ਦੀ ਵਰਤੋਂ ਕਰਨੀ ਮਹਾਂਮਾਰੀ ਦੌਰਾਨ ਵਿਵਾਦਪੂਰਨ ਰਹੀ ਹੈ।

Law Office of
NIRWAN & ASSOCIATES
www.nirwanlaw.com

Business Incorporation
Articles of Incorp
Dissolution
501 © Non-Profit
Jagdip S. Nirwan, Esq
916-832-3144
IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense
TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020
1104 Corporate Way Sacramento, CA 95831

A & S
Auto Repair & Services
Specializing in Brakes & Axles
Mon-Fri 9:00 AM to 6:00 PM
Saturday 9:00 AM to 5:00 PM
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics


Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu

## ਯੂ ਐਸ ਏ ਖਬਰਨਾਮਾ (ਹੁਸਨ ਲੜੋਆ ਬੰਗਾ)

# ਕੈਲੀਫੋਰਨੀਆ ਦੇ ਗਵਰਨਰ ਨੂੰ ਵਾਪਿਸ ਬੁਲਾਉਣ ਲਈ ਹੋ ਰਹੀ ਚੋਣ ਵਿਚ ਡੈਮੋਕਰੈਟਿਕ ਪਾਰਟੀ ਦਾ ਰਾਜਸੀ ਭਵਿੱਖ ਦਾਅ 'ਤੇ ਲੱਗਾ

## ਗਵਰਨਰ ਗੈਵਿਨ ਨਿਊਸਮ ਦਾ ਪਲੜਾ ਭਾਰੀ

**ਸੈਕਰਾਮੈਂਟੋ 14 ਸਤੰਬਰ–** ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਊਸਮ ਨੂੰ ਵਾਪਿਸ ਬੁਲਾਉਣ ਲਈ ਹੋ ਰਹੀ ਮੁੜ ਇਤਿਹਾਸਕ ਚੋਣ ਵਿੱਚ ਡੈਮੋਕਰੈਟਿਕ ਪਾਰਟੀ ਦਾ ਰਾਜਸੀ ਭਵਿੱਖ ਦਾਅ ਉਪਰ ਲੱਗਾ ਹੋਇਆ ਹੈ। ਕੈਲੀਫੋਰਨੀਆ ਇਕ ਅਜਿਹਾ ਰਾਜ ਹੈ ਜਿਥੇ ਰਿਪਬਲੀਕਨਾਂ ਦੀ ਤੁਲਨਾ ਵਿਚ 50 ਲੱਖ ਵਧ ਲੋਕ ਡੈਮੋਕਰੈਟਿਕ ਪਾਰਟੀ ਨਾਲ ਜੁੜੇ ਹਨ। ਗਵਰਨਰ ਗੈਵਿਨ ਦੀ ਕਾਰਗੁਜਾਰੀ ਤੋਂ ਅਸੰਤੁਸ਼ਟ ਲੋਕਾਂ ਦੀ ਮੰਗ 'ਤੇ ਹੋ ਰਹੀ ਮੁੜ ਚੋਣ ਵਿਚ ਹਾਲਾਂ ਕਿ ਸਰਵੇ ਵਿਚ ਗਵਰਰਨ ਨਿਊਸੋਮ ਦਾ ਪਲੜਾ ਥੋਹੜਾ ਬਹੁਤ ਭਾਰੀ ਦਸਿਆ ਜਾ ਰਿਹਾ ਹੈ ਪਰ ਮਹਿਰਾਂ ਦਾ ਕਹਿਣਾ ਹੈ ਕਿ ਇਸ ਸਮੇ ਕੁਝ ਨਹੀਂ ਕਿਹਾ ਜਾ ਸਕਦਾ। ਰਾਜਸੀ ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਨਿਊਸੋਮ ਹਾਰ ਜਾਂਦੇ ਹਨ ਤਾਂ ਸਮੁੱਚੇ ਅਮਰੀਕਾ ਵਿਚ ਰਿਪਬਲੀਕਨਾਂ ਦੀ ਚੜ ਮੱਚ ਜਾਵੇਗੀ ਜੋ ਵੈਕਸੀਨ ਤੇ ਹੋਰ ਕੋਵਿਡ-19 ਪਾਬੰਦੀਆਂ ਦਾ ਵਿਰੋਧ ਕਰ ਰਹੇ ਹਨ। ਨਿਊਸੋਮ ਦੀ ਹਾਰ ਨਾਲ ਡੈਮੋਕਰੈਟਿਕ ਪਾਰਟੀ ਦਾ ਅਮਰੀਕੀ ਸੈਨੇਟ ਉਪਰ ਨਿਯੰਤਰਣ ਵੀ ਖਤਰੇ ਵਿਚ ਪੈ ਸਕਦਾ ਹੈ। ਮੁੜ ਚੋਣ ਵਿਚ ਮੱਤਦਾਤਾ ਨੂੰ ਦੋ ਸਵਾਲ ਪੁੱਛੇ ਜਾਣਗੇ। ਕੀ ਨਿਊਸੋਮ ਨੂੰ ਵਾਪਿਸ ਬੁਲਾਉਣਾ ਚਾਹੀਦਾ ਹੈ? ਜੇਕਰ ਵਾਪਿਸ ਬੁਲਾਉਣਾ ਚਾਹੀਦਾ ਹੈ ਤਾਂ ਉਨਾਂ ਦੇ ਸਥਾਨ 'ਤੇ ਕੌਣ ਗਵਰਨਰ ਹੋਣਾ ਚਾਹੀਦਾ ਹੈ? ਗਵਰਨਰ ਨੂੰ ਵਾਪਿਸ ਬੁਲਾਉਣ ਲਈ ਪਹਿਲੇ ਸਵਾਲ ਦੇ ਸਮਰਥਨ ਵਿੱਚ ਬਹੁਗਿਣਤੀ ਵੋਟਾਂ ਪੈਣੀਆਂ ਚਾਹੀਦੀਆਂ ਹਨ। ਰਾਸ਼ਟਰਪਤੀ ਜੋ ਬਾਈਡਨ ਤੇ ਹੋਰ ਡੈਮੋਕਰੈਟਿਕ ਆਗੂਆਂ ਨੇ ਵੀ ਨਿਊਸੋਮ ਦੇ ਹੱਕ ਵਿਚ ਚੋਣ ਮੁਹਿੰਮ ਵਿੱਚ ਹਿੱਸਾ ਲਿਆ ਹੈ

ਇਸ ਚੋਣ ਵਿਚ 9 ਡੈਮੋਕਰੈਟਿਕ ਤੇ 24 ਰਿਪਬਲੀਕਨਾਂ ਸਮੇਤ 46 ਉਮੀਦਵਾਰ ਮੈਦਾਨ ਵਿਚ ਹਨ। ਇਥੇ ਜਿਕਰਯੋਗ ਹੈ ਕਿ ਅਮਰੀਕਾ ਦੇ ਇਤਿਹਾਸ ਵਿਚ ਹੁਣ ਤੱਕ ਮੁੜ ਹੋਈ ਚੋਣ ਵਿਚ 2 ਗਵਰਨਰਾਂ ਨੂੰ ਅਹੁੱਦਾ ਛੱਡਣਾ ਪਿਆ ਸੀ। 1921 ਵਿਚ ਹੋਈ ਮੁੜ ਚੋਣ ਵਿੱਚ ਉੱਤਰੀ ਡਕੋਟਾ ਦੇ ਗਵਰਨਰ ਨੂੰ ਅਹੁੱਦਾ ਛੱਡਣਾ ਪਿਆ ਸੀ ਤੇ 2003 ਵਿਚ ਕੈਲੀਫੋਰਨੀਆ ਦੇ ਗਵਰਨਰ ਗਰੇਅ ਡੇਵਿਸ ਵਿਰੁੱਧ ਫਤਵਾ ਦਿੱਤਾ ਗਿਆ ਸੀ ਤੇ ਉਸ ਦੀ ਥਾਂ 'ਤੇ ਫਿਲਮ ਅਦਾਕਾਰ ਅਰਨੋਲਡ ਸ਼ਵਰਜ਼ੇਨੇਗਰ ਚੋਣ ਜਿੱਤੇ ਸਨ।

# ਟੀਕਾਕਰਣ ਨਾ ਕਰਵਾਉਣ ਵਾਲੇ ਲੋਕਾਂ ਨੂੰ ਮੌਤ ਦਾ 11 ਗੁਣਾਂ ਵਧ ਖਤਰਾ!

## ਕੋਵਿਡ-19 ਦੇ ਆਏ ਮਾਮਲਿਆਂ ਦਾ ਤਾਜ਼ਾ ਅਧਿਐਨ

**ਸੈਕਰਾਮੈਂਟੋ 12 ਸਤੰਬਰ (ਹੁਸਨ ਲੜੋਆ ਬੰਗਾ)** ਸੈਂਟਰ ਫਾਰ ਡਸੀਜ਼ ਕੰਟਰੋਲ ਐਂਡ ਪ੍ਰੀਵੈਨਸ਼ਨ ਵੱਲੋਂ ਕੋਵਿਡ-19 ਕਾਰਨ ਹੋ ਰਹੀਆਂ ਮੌਤਾਂ ਦੇ ਕੀਤੇ ਇਕ ਤਾਜ਼ਾ ਅਧਿਐਨ ਵਿਚ ਕਿਹਾ ਹੈ ਕਿ ਜਿਨ੍ਹਾਂ ਲੋਕਾਂ ਨੇ ਕੋਵਿਡ ਟੀਕਾਕਰਣ ਨਹੀਂ ਕਰਵਾਇਆ ਹੈ , ਉਨ੍ਹਾਂ ਦੇ ਟੀਕਾਕਰਣ ਕਰਵਾ ਚੁੱਕੇ ਲੋਕਾਂ ਦੀ ਤੁਲਨਾ ਵਿਚ ਕੋਵਿਡ ਕਾਰਨ 11 ਗੁਣਾਂ ਵਧ ਮਰਨ ਦੀ ਸੰਭਾਵਨਾ ਹੈ। ਕੋਵਿਡ ਦੇ ਡੈਲਟਾ ਵਾਇਰਸ ਬਾਰੇ ਹੋਏ ਇਸ ਅਧਿਐਨ ਵਿਚ ਇਹ ਪਾਇਆ ਗਿਆ ਹੈ ਕਿ ਟੀਕਾਕਰਣ ਨਾ ਕਰਵਾਉਣ ਵਾਲੇ ਲੋਕਾਂ ਦੇ ਬਿਮਾਰ ਹੋਣ ਦੀ ਸਾਢੇ ਚਾਰ ਗੁਣਾਂ , ਹਸਪਤਾਲ ਵਿਚ ਦਾਖਲ ਹੋਣ ਦੀ 10 ਗੁਣਾਂ ਤੇ ਕੋਵਿਡ ਕਾਰਨ ਮਰ ਜਾਣ ਦੀ 11 ਗੁਣਾਂ ਵਧ ਸੰਭਾਵਨਾ ਹੈ। ਇਹ ਅਧਿਐਨ ਇਸ ਸਾਲ ਅਪ੍ਰੈਲ ਤੋਂ ਬਾਅਦ ਅਮਰੀਕਾ ਦੇ 13 ਰਾਜਾਂ ਵਿਚ ਕੋਵਿਡ ਕਾਰਨ ਬਿਮਾਰ ਹੋਏ 6 ਲੱਖ ਲੋਕਾਂ ਦੇ ਮਾਮਲਿਆਂ ਨੂੰ ਲੈ ਕੇ ਕੀਤਾ ਗਿਆ। ਸੀ ਡੀ ਸੀ ਦੇ ਡਾਇਰੈਕਟਰ ਰੋਚੈਲ ਵਾਲੇਨਸਕੀ ਨੇ ਕਿਹਾ ਹੈ ਕਿ ਇਸ ਸਮੇਂ ਹਸਪਤਾਲ ਵਿਚ ਦਾਖਲ ਹੋਣ ਵਾਲੇ 90× ਤੋਂ ਵਧ ਉਹ ਲੋਕ ਹਨ ਜਿਨ੍ਹਾਂ ਨੇ ਕੋਵਿਡ ਟੀਕਾਕਰਣ ਨਹੀਂ ਕਰਵਾਇਆ ਹੈ। ਦੋ ਹੋਰ ਅਧਿਐਨਾਂ ਵਿਚ ਇਹ ਗੱਲ ਸਾਹਮਣੇ ਆਈ ਹੈ ਕਿ ਟੀਕਾਕਰਣ ਤੋਂ ਕੁਝ ਸਮੇਂ ਬਾਅਦ ਵਿਸ਼ੇਸ਼ ਤੌਰ 'ਤੇ ਵੱਡੀ ਉਮਰ ਦੇ ਲੋਕਾਂ ਉਪਰ ਵੈਕਸੀਨ ਦਾ ਅਸਰ ਘਟਣਾ ਸ਼ੁਰੂ ਹੋ ਜਾਂਦਾ ਹੈ। ਇਨ੍ਹਾਂ ਅਧਿਐਨਾਂ ਵਿਚ ਸਿਹਤ ਮਾਹਿਰਾਂ ਦੀ ਉਸ ਸਿਫਾਰਿਸ਼ ਦਾ ਸਮਰਥਨ ਕੀਤਾ ਗਿਆ ਹੈ ਜਿਸ ਵਿਚ ਕਿਹਾ ਗਿਆ ਹੈ ਕਿ ਜਿਨ੍ਹਾਂ ਅਮਰੀਕੀਆਂ ਨੇ 8 ਮਹੀਨੇ ਪਹਿਲਾਂ ਟੀਕਾਕਰਣ ਕਰਵਾਇਆ ਸੀ, ਉਨ੍ਹਾਂ ਨੂੰ ਤੀਸਰਾ ਟੀਕਾ ਲਵਾ ਲੈਣ ਦੀ ਲੋੜ ਹੈ ਜੋ 20 ਸਤੰਬਰ ਤੋਂ ਲੱਗਣਾ ਸ਼ੁਰੂ ਹੋ ਜਾਵੇਗਾ। ਵਾਲੇਨਸਕੀ ਨੇ ਕਿਹਾ ਹੈ ਕਿ 'ਸਾਡੇ ਕੋਲ ਵਿਗਿਆਨ ਦੇ ਸਾਧਨ ਹਨ ਜੋ ਇਸ ਮਹਾਂਮਾਰੀ ਨੂੰ ਖਤਮ ਕਰਨਗੇ। ਟੀਕਾਕਰਣ ਪ੍ਰਭਾਵੀ ਹੈ ਜੋ ਸਾਨੂੰ ਕੋਵਿਡ-19 ਕਾਰਨ ਪੈਦਾ ਹੋਣ ਵਾਲੀਆਂ ਗੰਭੀਰ ਸਮੱਸਿਆਵਾਂ ਤੋਂ ਬਚਾਵੇਗਾ।

## ਫਲੋਰਿਡਾ ਦੀ ਅਪੀਲ ਕੋਰਟ ਨੇ ਮਾਸਕ ਬਾਰੇ ਗਵਰਨਰ ਦੇ ਫੈਸਲੇ ਦੀ ਕੀਤੀ ਪੁਸ਼ਟੀ

**ਸੈਕਰਾਮੈਂਟੋ 12 ਸਤੰਬਰ (ਹੁਸਨ ਲੜੋਆ ਬੰਗਾ)–** ਫਲੋਰਿਡਾ ਦੀ ਅਪੀਲ ਕੋਰਟ ਨੇ ਗਵਰਨਰ ਰੋਨ ਡੀ ਸੇਨਟਿਸ ਦੇ ਉਸ ਆਦੇਸ਼ ਨੂੰ ਉਚਿਤ ਠਹਿਰਾਇਆ ਹੈ ਜਿਸ ਤਹਿਤ ਗਵਰਨਰ ਨੇ ਸਕੂਲਾਂ ਵਿਚ ਮਾਸਕ ਲਾਜ਼ਮੀ ਪਾਉਣ ਉਪਰ ਪਾਬੰਦੀ ਲਾ ਦਿੱਤੀ ਸੀ। ਇਕ ਅਦਾਲਤ ਦੇ ਉਸ ਨਿਰਨੇ ਨੂੰ ਅਪੀਲ ਕੋਰਟ ਵਿਚ ਚੁਣੌਤੀ ਦਿੱਤੀ ਗਈ ਸੀ ਜਿਸ ਵਿਚ ਕਿਹਾ ਗਿਆ ਸੀ ਕਿ ਸਟੇਟ ਜਬਰਨ ਮਾਸਕ ਪਾਬੰਦੀ ਲਾਗੂ ਕਰਨੀ ਬੰਦ ਕਰੇ। ਗਵਰਨਰ ਨੇ ਇਸ ਸਾਲ ਜੁਲਾਈ ਵਿਚ ਇਕ ਆਦੇਸ਼ ਜਾਰੀ ਕਰਕੇ ਫਲੋਰਿਡਾ ਦੇ ਸਿੱਖਿਆ ਵਿਭਾਗ ਤੇ ਸਿਹਤ ਵਿਭਾਗ ਨੂੰ ਕਿਹਾ ਸੀ ਕਿ ਹੰਗਾਮੀ ਨਿਯਮ ਜਾਰੀ ਕੀਤਾ ਜਾਵੇਗਾ ਜਿਸ ਤਹਿਤ ਮਾਸਕ ਪਾਉਣ ਜਾਂ ਨਾ ਪਾਉਣ ਦਾ ਨਿਰਨਾ ਬੱਚਿਆਂ ਦੇ ਮਾਪਿਆਂ ਉਪਰ ਛੱਡ ਦਿੱਤਾ ਜਾਵੇ। ਹੁਣ ਇਹ ਮਾਮਲਾ ਸਟੇਟ ਤੇ ਕੁਝ ਸਥਾਨਕ ਸਕੂਲ ਡਿਸਟੈਰਿਕਟਸ ਵਿਚਾਲੇ ਇੱਜ਼ਤ ਦਾ ਸਵਾਲ ਬਣ ਗਿਆ ਹੈ। ਇਹ ਸਕੂਲ ਚਾਹੁੰਦੇ ਹਨ ਕਿ ਕੋਵਿਡ ਤੋਂ ਬਚਣ ਲਈ ਬੱਚਿਆਂ ਲਈ ਮਾਸਕ ਪਾਉਣਾ ਲਾਜ਼ਮੀ ਹੈ।

## ਨਿਊਯਾਰਕ ਦੇ ਇਕ ਹਸਪਤਾਲ ਵਿਚ ਕੋਵਿਡ ਟੀਕਾ ਲਵਾਉਣ ਦੀ ਬਜਾਏ ਮੁਲਾਜ਼ਮਾਂ ਨੇ ਛੱਡੀਆਂ ਨੌਕਰੀਆਂ

**ਸੈਕਰਾਮੈਂਟੋ 13 ਸਤੰਬਰ (ਹੁਸਨ ਲੜੋਆ ਬੰਗਾ)–** ਨਿਊਯਾਰਕ ਦੇ ਦਿਹਾਤੀ ਖੇਤਰ ਵਿਚਲੇ ਇਕ ਹਸਪਤਾਲ ਦੇ ਸਟਾਫ ਨੇ ਕੋਵਿਡ-19 ਤੋਂ ਬਚਾਅ ਲਈ ਟੀਕੇ ਲਵਾਉਣ ਤੋਂ ਨਾਂਹ ਕਰ ਦਿੱਤੀ ਹੈ ਤੇ ਨੌਕਰੀਆਂ ਤੋਂ ਅਸਤੀਫੇ ਦੇ ਦਿੱਤੇ ਹਨ ਜਿਸ ਕਾਰਨ ਹਸਪਤਾਲ ਵਿਚ ਜੱਚਾ- ਬੱਚਾ ਸੇਵਾਵਾਂ ਪ੍ਰਭਾਵਿਤ ਹੋਈਆਂ ਹਨ ਤੇ ਹਸਪਤਾਲ ਨੇ ਗਰਭਵਤੀ ਔਰਤਾਂ ਲਈ ਜਨੇਪਾ ਸੇਵਾਵਾਂ ਬੰਦ ਕਰਨ ਦਾ ਐਲਾਨ ਕੀਤਾ ਹੈ।

ਹਸਪਤਾਲ ਦੇ ਮੁਲਾਜ਼ਮਾਂ ਲਈ ਕੋਵਿਡ ਵੈਕਸੀਨ ਲਵਾਉਣੀ ਜਰੂਰੀ ਕਰਨ ਉਪਰੰਤ ਲੈਵਿਸ ਕਾਊਂਟੀ ਜਨਰਲ ਹਸਪਤਾਲ ਦੇ 6 ਮੁਲਾਜ਼ਮਾਂ ਨੇ ਅਸਤੀਫੇ ਦੇ ਦਿੱਤੇ ਹਨ ਤੇ 7 ਹੋਰ ਮੁਲਾਜ਼ਮ ਕੋਵਿਡ ਟੀਕਾ ਨਹੀਂ ਲਵਾਉਣਾ ਚਹੁੰਦੇ ਪਰ ਉਨਾਂ ਨੇ ਅਜੇ ਅਸਤੀਫੇ ਨਹੀਂ ਦਿੱਤੇ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਹਸਪਤਾਲ ਮੁਲਾਜ਼ਮਾਂ ਦੀ ਘਾਟ ਕਾਰਨ ਜਨੇਪਾ ਸੇਵਾਵਾਂ ਬੰਦ ਕਰ ਰਿਹਾ ਹੈ। ਲੈਵਿਸ ਕਾਊਂਟੀ ਹੈਲਥ ਸਿਸਟਮ ਦੇ ਸੀ ਈ ਓ ਗੇਰਾਲਡ ਆਰ ਕੇਅਰ ਨੇ ਕਿਹਾ ਹੈ ਕਿ 24 ਸਤੰਬਰ ਤੋਂ ਬਾਅਦ ਜਨੇਪਾ ਸੇਵਾਵਾਂ ਬੰਦ ਕਰ ਦਿੱਤੀਆਂ ਜਾਣਗੀਆਂ।

ਉਨਾਂ ਇਹ ਵੀ ਕਿਹਾ ਕਿ ਇਹ ਸੇਵਾਵਾਂ ਆਰਜੀ ਤੌਰ 'ਤੇ ਬੰਦ ਹੋਣਗੀਆਂ ਤੇ ਹੋਰ ਨਰਸਾਂ ਦੀ ਭਰਤੀ ਉਪਰੰਤ ਜਨੇਪਾ ਸੇਵਾਵਾਂ ਮੁੜ ਆਮ ਵਾਂਗ ਸ਼ੁਰੂ ਕਰ ਦਿੱਤੀਆਂ ਜਾਣਗੀਆਂ। ਕੇਅਰ ਨੇ ਕਿਹਾ ਕਿ ਸਾਡੇ ਲਈ ਮੁਲਾਜ਼ਮਾਂ ਦਾ ਟੀਕਾਕਰਣ ਕਰਵਾਉਣਾ ਤੇ ਹਸਪਤਾਲ ਦੀਆਂ ਸੇਵਾਵਾਂ ਜਾਰੀ ਰਖਣੀਆਂ ਇਕ ਚੁਣੌਤੀ ਹਨ। ਕੇਅਰ ਨੇ ਕਿਹਾ ਕਿ ਉਹ ਵੈਕਸੀਨ ਲਾਜ਼ਮੀ ਲਾਉਣ ਦੇ ਹੱਕ ਵਿਚ ਹਨ ਕਿਉਂਕਿ ਸਿਹਤ ਮਲਾਜ਼ਮਾਂ ਦੀ ਤੰਦਰੁਸਤੀ ਲਈ ਇਹ ਜ਼ੂਰਰੀ ਹੈ। ਕੇਅਰ ਅਨੁਸਾਰ ਲੈਵਿਸ ਕਾਊਂਟੀ ਜਨਰਲ ਹਸਪਤਾਲ ਦੇ 27% ਮੁਲਾਜ਼ਮਾਂ ਨੇ ਕੋਵਿਡ ਵੈਕਸੀਨ ਨਹੀਂ ਲਵਾਈ ਹੈ। ਇਥੇ ਜਿਕਰਯੋਗ ਹੈ ਕਿ ਨਿਊਯਾਰਕ ਦੇ ਸਾਬਕਾ ਗਵਰਨਰ ਐਂਡਰੀਊ ਕੂਮੋ ਨੇ 16 ਅਗਸਤ ਨੂੰ ਜਾਰੀ ਇਕ&; ਆਦੇਸ਼ ਵਿਚ ਨਿਊਯਾਰਕ ਦੇ ਸਾਰੇ ਸਿਹਤ ਸੰਭਾਲ ਕਰਮਚਾਰੀਆਂ ਦਾ ਟੀਕਾਕਰਣ ਯਕੀਨੀ ਬਣਾਉਣ ਲਈ ਕਿਹਾ ਸੀ। ਇਸ ਆਦੇਸ਼ ਵਿਚ ਕਿਹਾ ਗਿਆ ਹੈ ਕਿ ਵਿਸ਼ੇਸ਼ ਤੌਰ 'ਤੇ ਹਸਪਤਾਲਾਂ ਤੇ ਮਿਆਦੀ ਸਿਹਤ ਸੰਭਾਲ ਕੇਂਦਰਾਂ ਦੇ ਮੁਲਾਜ਼ਮਾਂ ਨੂੰ 27 ਸਤੰਬਰ ਤੱਕ ਕੋਵਿਡ ਵੈਕਸੀਨ ਦੀ ਇਕ ਖੁਰਾਕ ਜ਼ੂਰਰ ਦੇ ਦਿੱਤੀ ਜਾਵੇ।

## ਪੈਨਸਿਲਵਾਨੀਆ ਵਿਚ ਹੋਈ ਗੋਲੀਬਾਰੀ ਵਿੱਚ ਇਕ ਲੜਕੇ ਦੀ ਮੌਤ, ਇਕ ਦੀ ਹਾਲਤ ਗੰਭੀਰ

**ਸੈਕਰਾਮੈਂਟੋ 13 ਸਤੰਬਰ (ਹੁਸਨ ਲੜੋਆ ਬੰਗਾ)–** ਪੈਨਸਿਲਵਾਨੀਆ ਵਿਚ ਹਾਂਟਡ ਹਿਲਜ਼ ਹੇਰਾਈਡ ਵਿਖੇ ਹੋਈ ਗੋਲੀਬਾਰੀ ਵਿਚ ਇਕ 15 ਸਾਲਾ ਲੜਕੇ ਦੀ ਮੌਤ ਹੋ ਗਈ ਜਦ ਕਿ ਇਕ ਹੋਰ ਜ਼ਖਮੀ ਹੋ ਗਿਆ। ਪੁਲਿਸ ਮੌਕੇ ਉਪਰ ਪੁੱਜੀ ਤਾਂ ਸਿਹਤ ਕਰਮਚਾਰੀ ਪੀੜਤਾਂ ਨੂੰ ਮੁੱਢਲੀ ਸਹਾਇਤਾ ਦੇ ਰਹੇ ਸਨ। ਦੋ ਜ਼ਖਮੀ ਲੜਕਿਆਂ ਨੂੰ ਹਸਪਤਾਲ ਲੈ ਜਾਇਆ ਗਿਆ ਜਿਥੇ ਇਕ ਦਮ ਤੋੜ ਗਿਆ ਜਦ ਕਿ ਦੂਸਰੇ



ਦੀ ਹਾਲਤ ਗੰਭੀਰ ਬਣੀ ਹੋਈ ਹੈ। ਪੁਲਿਸ ਅਨੁਸਾਰ ਨਬਾਲਗ ਲੜਕਿਆਂ ਦੇ ਦੋ ਧੜਿਆਂ ਵਿਚਾਲੇ ਤਕਰਾਰ ਉਪਰੰਤ ਗੋਲੀ ਚੱਲੀ ਹੈ ਹਾਲਾਂ ਕਿ ਤਕਰਾਰ ਦੀ ਵਜਾ ਦਾ ਅਜੇ ਪਤਾ ਨਹੀਂ ਲੱਗਿਆ ਹੈ। ਪੁਲਿਸ ਨੇ ਸ਼ੱਕੀ ਦੋਸ਼ੀ ਦੀ ਪਛਾਣ ਕਰ ਲਈ ਹੈ। ਪੁਲਿਸ ਅਨੁਸਾਰ ਸ਼ੱਕੀ ਦੋਸ਼ੀ ਦੀ ਉਮਰ 15 ਤੋਂ 17 ਸਾਲ ਵਿਚਕਾਰ ਹੈ ਤੇ ਉਸ ਦੀ ਲੰਬਾਈ ਤਕਰੀਬਨ 6 ਫੁੱਟ ਹੈ। ਘਟਨਾ ਸਮੇ ਉਸ ਨੇ ਕਾਲੀ ਟੀ ਸ਼ਰਟ ਪਾਈ ਹੋਈ ਸੀ।

## 43 ਹਸਪਤਾਲਾਂ ਵਿਚ ਆਈ ਸੀ ਯ ਬੈੱਡ ਨਾ ਮਿਲਣ ਕਾਰਨ ਦਿੱਲ ਦੇ ਮਰੀਜ਼ ਨੇ ਤੋੜਿਆ ਦਮ



**ਸੈਕਰਾਮੈਂਟੋ (ਹੁਸਨ ਲੜੋਆ ਬੰਗਾ)** 73 ਸਾਲਾ ਰੇਅ ਡੇਮੋਨੀਆ ਨਾਮੀ ਵਿਅਕਤੀ ਕੋਵਿਡ-19 ਦਾ ਮਰੀਜ਼ ਨਹੀਂ ਸੀ ਪਰੰਤੂ ਉਹ ਅਸਿੱਧੇ ਤੌਰ 'ਤੇ ਕੋਵਿਡ ਮਰੀਜ਼ਾਂ ਕਾਰਨ ਹੀ ਇਸ ਦੁਨੀਆ ਨੂੰ ਅਲਵਿੱਦਾ ਕਹਿ ਗਿਆ। ਉਹ ਦਿੱਲ ਦਾ ਮਰੀਜ਼ ਸੀ ਤੇ ਉਸ ਨੂੰ ਆਈ ਸੀ ਯੂ ਬੈੱਡ ਦੀ ਲੋੜ ਸੀ। 43 ਹਸਪਤਾਲਾਂ ਵਿਚ ਕੋਈ ਵੀ ਆਈ ਸੀ ਯੂ ਬੈੱਡ ਖਾਲੀ ਨਹੀਂ ਸੀ ਤੇ ਸਾਰੇ ਆਈ ਸੀ ਯੂ ਬੈੱਡ ਕੋਵਿਡ ਮਰੀਜ਼ਾਂ ਨੇ ਮੱਲ ਰਖੇ ਸਨ। ਕੂਲਮੈਨਨ, ਅਲਾਬਾਮਾ ਵਾਸੀ ਰੇਅ ਡੇਮੋਨੀਆ ਨੇ ਆਪਣੇ ਘਰ ਤੋਂ 200 ਮੀਲ ਦੂਰ ਮਿਸੀਸਿਪੀ ਦੇ ਹਸਪਤਾਲ ਵਿਚ ਆਈ ਸੀ ਯੂ ਬੈੱਡ ਦੀ ਅਣਹੋਂਦ ਵਿਚ ਦਮ ਤੋੜ ਦਿੱਤਾ। ਇਹ ਜਾਣਕਾਰੀ ਮ੍ਰਿਤਕ ਦੀ ਧੀ ਰੈਵਨ ਡੇਮੋਨੀਆ ਨੇ ਮੀਡੀਆ ਨੂੰ ਦਿੱਤੀ ਹੈ। ਡੇਮੋਨੀਆ ਪਰਿਵਾਰ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਕੋਵਿਡ-19 ਟੀਕਾਕਰਣ ਕਰਵਾਉਣ ਤਾਂ ਜੋ ਹਸਪਤਾਲਾਂ ਵਿਚ ਦਾਖਲ ਹੋਣ ਤੋਂ ਬਚਿਆ ਜਾ ਸਕੇ।






## ਨਿਊਯਾਰਕ ਵਿਚ ਭਾਰਤੀ ਮੂਲ ਦੇ ਟੈਕਸੀ ਡਰਾਇਵਰ ਦੀ ਹੱਤਿਆ

**ਸੈਕਰਾਮੈਂਟੋ 10 ਸਤੰਬਰ–** ਨਿਊਯਾਰਕ ਵਿਚ ਭਾਰਤੀ ਮੂਲ ਦੇ ਅਮਰੀਕੀ ਉਬੇਰ ਡਰਾਈਵਰ ਕੁਲਦੀਪ ਸਿੰਘ ਦੀ ਕਥਿਤ ਤੌਰ 'ਤੇ ਇਕ 15 ਸਾਲਾ ਲੜਕੇ ਵੱਲੋਂ ਹੱਤਿਆ ਕਰ ਦਿੱਤੀ ਗਈ। ਕੁਲਦੀਪ ਸਿੰਘ ਨੂੰ ਉਸ ਦੀ ਟੈਕਸੀ ਵਿਚ ਗੋਲੀ ਮਾਰੀ ਗਈ ਤੇ ਉਹ ਹਸਪਤਾਲ ਵਿਚ ਦਮ ਤੋੜ ਗਿਆ। ਪ੍ਰਾਪਤ ਵੇਰਵੇ ਅਨੁਸਾਰ ਉਸ ਦੀ ਟੈਕਸੀ ਵਿਚ ਸਵਾਰ ਇਕ ਯਾਤਰੀ ਤੇ ਇਕ ਨਬਾਲਗ ਵਿਚਾਲੇ ਚੱਲੀ ਗੋਲੀ ਦੌਰਾਨ ਕੁਲਦੀਪ ਸਿੰਘ ਜ਼ਖਮੀ ਹੋ ਗਿਆ ਸੀ। ਪੁਲਿਸ ਦਾ ਵਿਸ਼ਵਾਸ ਹੈ ਕਿ ਕੁਲਦੀਪ ਸਿੰਘ ਨੂੰ ਗੋਲੀ ਨਬਾਲਗ ਨੇ ਮਾਰੀ ਹੈ। ਉਸ ਦੇ ਗੋਲੀ ਸਿਰ ਦੇ ਪਿਛਲੇ ਪਾਸੇ ਵੱਜੀ ਸੀ ਜਿਸ ਨੂੰ ਕੱਢਿਆ ਨਹੀਂ ਜਾ ਸਕਿਆ। ਉਸ ਦੇ ਦਿਮਾਗ ਦੇ ਜ਼ਿਆਦਾਤਰ ਹਿੱਸੇ ਨੇ ਕੰਮ ਕਰਨਾ ਬੰਦ ਕਰ ਦਿੱਤਾ ਸੀ। ਪੁਲਿਸ ਨੇ ਨਬਾਲਗ ਹੋਣ ਕਾਰਨ ਕਥਿਤ ਦੋਸ਼ੀ ਲੜਕੇ ਦਾ ਨਾਂ ਨਹੀਂ ਦੱਸਿਆ ਹੈ।

## ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ


ਗੁਰਿੰਦਰਜੀਤ ਨੀਟਾ ਮਾਛੀਕੇ


ਕੁਲਵੰਤ ਧਾਲੀਆਂ

# ਰਾਸ਼ਟਰਪਤੀ ਬਾਇਡੇਨ ਨੇ ਮਾਰੇ ਗਏ ਲੋਕਾਂ ਨੂੰ ਕੀਤਾ ਯਾਦ

**ਫਰਿਜ਼ਨੋ (ਕੈਲੀਫੋਰਨੀਆ)–** ਅਮਰੀਕਾ ਦੇ ਇਤਿਹਾਸ 'ਚ 11 ਸਤੰਬਰ ਦਾ ਦਿਨ ਕਾਲੇ ਅੱਖਰਾਂ 'ਚ ਦਰਜ ਹੈ। ਇਸ ਦਿਨ 2001 ਵਿੱਚ ਹੋਏ ਜਬਰਦਸਤ ਅੱਤਵਾਦੀ ਹਮਲੇ ਨੇ ਵਿਸ਼ਵ ਸਕਤੀ ਅਮਰੀਕਾ ਨੂੰ ਕੰਬਾ ਦਿੱਤਾ ਸੀ, ਜਿਸਨੇ ਤਕਰੀਬਨ 3000 ਨਾਗਰਿਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਸੀ। ਅੱਜ ਇਸ ਹਮਲੇ ਦੀ 20ਵੀਂ ਬਰਸੀ ਹੈ ਅਤੇ ਇਸ ਮੌਕੇ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡੇਨ ਨੇ ਅਮਰੀਕੀਆਂ ਨੂੰ ਇੱਕ ਸੰਦੇਸ਼ ਦਿੱਤਾ ਹੈ। ਆਪਣੇ ਸੰਦੇਸ਼ ਵਿੱਚ ਬਾਇਡੇਨ ਨੇ ਕਿਹਾ ਕਿ 11 ਸਤੰਬਰ, 2001 ਦੇ 20 ਸਾਲ ਬਾਅਦ ਅਸੀਂ 2977 ਲੋਕਾਂ ਨੂੰ ਯਾਦ ਕਰਦੇ ਹਾਂ, ਜਿੰਨ੍ਹਾਂ ਨੂੰ ਅਸੀਂ ਗਵਾ ਦਿੱਤਾ ਸੀ। ਅਸੀਂ ਇਨ੍ਹਾਂ ਲੋਕਾਂ ਦਾ ਸਨਮਾਨ ਕਰਦੇ ਹਾਂ। ਇਸ ਹਮਲੇ ਦੀ ਬਰਸੀ 'ਤੇ ਯੂਨਾਈਟਿਡ



ਨੇਸ਼ਨਜ਼ ਸੁਰੱਖਿਆ ਪਰਿਸ਼ਦ ਦੇ ਮੈਂਬਰਾਂ ਨੇ ਵੀ ਅੱਤਵਾਦ ਨੂੰ ਹਰ ਤਰ੍ਹਾਂ ਨਾਲ ਰੋਕਣ ਤੇ ਮੁਕਾਬਲਾ ਕਰਨ ਦੀ ਵਚਨਬੱਧਤਾ ਦੁਹਰਾਈ। ਯੂਨਾਈਟਿਡ ਨੇਸ਼ਨਜ਼ 'ਚ ਭਾਰਤ ਦੇ ਪ੍ਰਤੀਨਿਧੀ ਟੀ ਐਸ ਤ੍ਰਿਮੂਰਤੀ ਨੇ ਨਿਊਯਾਰਕ ਦੇ ਗ੍ਰਾਊਂਡ ਜ਼ੀਰੋ 'ਤੇ ਪਹੁੰਚ ਕੇ ਸਾਰੇ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਿਤ ਕੀਤੀ।

ਸਾਲ 2001 ਨੂੰ 11 ਸਤੰਬਰ ਦੇ ਦਿਨ ਅਲ ਕਾਇਦਾ ਦੇ ਅੱਤਵਾਦੀਆਂ ਨੇ ਯਾਤਰੀ ਜਹਾਜ਼ਾਂ ਨੂੰ ਮਿਜਾਈਲੀ ਹਥਿਆਰ ਦੀ ਤਰ੍ਹਾਂ ਵਰਤੋਂ ਕਰਦਿਆਂ ਅਮਰੀਕਾ ਦੇ ਮਸ਼ਹੂਰ ਵਰਲਡ ਟ੍ਰੇਡ ਟਾਵਰ ਨੂੰ ਨਿਸ਼ਾਨਾ ਬਣਾਇਆ ਸੀ।

ਜਿਸ ਵਿੱਚ ਹਜਾਰਾਂ ਅਮਰੀਕੀਆਂ ਦੀ ਜਾਨ ਚਲੀ ਗਈ ਸੀ। ਇਸ ਨੂੰ ਅਮਰੀਕਾ ਦੇ ਇਤਿਹਾਸ ਦੇ ਸਭ ਤੋਂ ਵੱਡੇ ਅੱਤਵਾਦੀ ਹਮਲੇ ਦੇ ਤੌਰ 'ਤੇ ਦੇਖਿਆ ਜਾਂਦਾ ਹੈ।

# ਮਿਸੀਸਿਪੀ ਨੇ ਗਰਭਵਤੀ ਔਰਤਾਂ ਨੂੰ ਕੀਤੀ ਕੋਰੋਨਾ ਵੈਕਸੀਨ ਲਗਵਾਉਣ ਦੀ ਅਪੀਲ

**ਫਰਿਜ਼ਨੋ (ਕੈਲੀਫੋਰਨੀਆ)–** ਅਮਰੀਕੀ ਸਟੇਟ ਮਿਸੀਸਿਪੀ ਦੇ ਸਿਹਤ ਅਧਿਕਾਰੀਆਂ ਵੱਲੋਂ, ਸੂਬੇ ਵਿੱਚ ਗਰਭਵਤੀ ਔਰਤਾਂ ਦਰਮਿਆਨ ਡੈਲਟਾ ਵਾਇਰਸ ਦੇ ਵਾਧੇ ਦੌਰਾਨ ਹੋਈਆਂ ਮੌਤਾਂ ਦੇ ਮੱਦੇਨਜ਼ਰ ਗਰਭਵਤੀ ਮਾਵਾਂ ਨੂੰ ਕੋਰੋਨਾ ਟੀਕਾ ਲਗਵਾਉਣ ਦੀ ਅਪੀਲ ਕੀਤੀ ਗਈ ਹੈ। ਮਿਸੀਸਿਪੀ ਦੇ ਸਿਹਤ ਅਧਿਕਾਰੀ ਡਾਕਟਰ ਥੌਮਸ ਡੌਬਸ ਨੇ ਬੁੱਧਵਾਰ ਨੂੰ ਜਾਣਕਾਰੀ ਦਿੱਤੀ ਕਿ ਸਿਹਤ ਵਿਭਾਗ ਪਿਛਲੇ ਚਾਰ ਹਫਤਿਆਂ ਵਿੱਚ ਕੋਵਿਡ -19 ਨਾਲ ਮਰਨ ਵਾਲੀਆਂ 8 ਗਰਭਵਤੀ ਔਰਤਾਂ ਦੀਆਂ ਰਿਪੋਰਟਾਂ ਦੀ ਜਾਂਚ ਕਰ ਰਿਹਾ ਹੈ। ਦੱਸਣਯੋਗ ਹੈ ਕਿ ਦੇਸ਼ ਭਰ ਵਿੱਚ ਜ਼ਿਆਦਾਤਰ ਗਰਭਵਤੀ ਔਰਤਾਂ ਦਾ ਕੋਰੋਨਾ ਟੀਕਾਕਰਨ ਬਾਕੀ ਹੈ। ਸੀ ਡੀ ਸੀ ਦੇ ਅੰਕੜਿਆਂ ਅਨੁਸਾਰ, ਅਮਰੀਕਾ ਵਿੱਚ 4 ਵਿੱਚੋਂ 3 ਗਰਭਵਤੀ ਔਰਤਾਂ ਨੂੰ ਅਜੇ ਤੱਕ ਕੋਵਿਡ -19 ਦਾ ਟੀਕਾ ਨਹੀਂ ਲੱਗਿਆ ਹੈ। ਏਜੰਸੀ ਅਨੁਸਾਰ ਗਰਭਵਤੀ ਔਰਤਾਂ ਨੂੰ ਗੈਰ-ਗਰਭਵਤੀ ਔਰਤਾਂ ਦੀ ਤੁਲਨਾ ਵਿੱਚ ਇੰਟੈਂਸਿਵ ਕੇਅਰ ਯੂਨਿਟ 'ਚ ਦਾਖਲਾ, ਅਤੇ ਮੌਤ ਸਮੇਤ ਕੋਵਿਡ -19 ਦਾ ਸੰਕਰਮਣ ਹੋਣ ਦਾ ਵਧੇਰੇ ਖਤਰਾ ਹੁੰਦਾ ਹੈ। ਸੀ ਡੀ ਸੀ ਦੇ ਅੰਕੜਿਆਂ ਅਨੁਸਾਰ ਸੋਮਵਾਰ ਤੱਕ, ਮਹਾਂਮਾਰੀ ਦੇ ਦੌਰਾਨ ਦੇਸ਼ ਭਰ ਵਿੱਚ ਘੱਟੋ ਘੱਟ 147 ਗਰਭਵਤੀ ਔਰਤਾਂ ਦੀ ਮੌਤ ਕੋਵਿਡ -19 ਨਾਲ ਹੋਈ ਹੈ। ਮਿਸੀਸਿਪੀ ਸਟੇਟ ਵਿੱਚ ਮਾਰਚ 2020 ਤੋਂ ਜਨਵਰੀ 2021 ਤੱਕ ਗਰਭਵਤੀ ਔਰਤਾਂ ਵਿੱਚ 6 ਕੋਵਿਡ -19 ਮੌਤਾਂ ਅਤੇ ਮਈ ਤੋਂ ਲੈ ਕੇ ਹੁਣ ਤੱਕ 7 ਮੌਤਾਂ ਹੋਈਆਂ ਹਨ, ਜਿਨ੍ਹਾਂ ਵਿੱਚ&; ਅਗਸਤ ਮਹੀਨੇ 'ਚ 4 ਸ਼ਾਮਲ ਹਨ। ਇਸ ਲਈ ਗਰਭਵਤੀ ਔਰਤਾਂ ਦੀ ਮੌਤ ਦਰ ਘੱਟ ਕਰਨ ਲਈ ਸਟੇਟ ਪ੍ਰਸ਼ਾਸਨ ਵੱਲੋਂ ਔਰਤਾਂ ਨੂੰ ਕੋਰੋਨਾ ਵੈਕਸੀਨ ਲਗਵਾਉਣ ਦੀ ਅਪੀਲ ਕੀਤੀ ਗਈ ਹੈ।





ਸਰਕਾਰੀ ਮਿਡਲ ਸਕੂਲ ਸੀਚੇਵਾਲ (ਸ਼ਾਹਕੋਟ) ਵਿਖੇ ਪ੍ਰਿੰ. ਜਸਪਾਜੀਤ ਕੌਰ ਦੀ ਅਗਵਾਈ ਤੇ ਸਕੂਲ ਮੁਖੀ ਗੌਰਵ ਕੁਮਾਰ ਦੀ ਦੇਖਰੇਖ ਹੇਠ ਅਧਿਆਪਕ ਦਿਵਸ ਮੌਕੇ ਕਰਵਾਏ ਸਮਾਗਮ ਦੌਰਾਨ ਡੀ. ਐਮ. ਸਪੋਰਟਸ ਜਲੰਧਰ ਸ੍ਰੀ ਇਕਬਾਲ ਸਿੰਘ ਰੰਧਾਵਾ ਦਾ ਵਿਸ਼ੇਸ ਸਨਮਾਨ ਕਰਦੇ ਹੋਏ ਉਘੇ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਤੇ ਵਿਧਾਇਕ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ। ਇੱਥੇ ਵਰਣਨਯੋਗ ਹੈ ਕਿ ਸ੍ਰੀ ਇਕਬਾਲ ਸਿੰਘ ਰੰਧਾਵਾ, ਸਾਹਿਤਕ ਸ਼ਖਸੀਅਤ, ਨਾਮਵਰ ਸ਼ਖਸੀਅਤ ਸ੍ਰੀ ਫਕੀਰ ਸਿੰਘ ਮੱਲ੍ਹੀ (ਕੈਲੇਫੋਰਨੀਆ ਵਾਸੀ) ਦੇ ਖਾਸ ਦੋਸਤ ਹਨ, ਜਿਹਨਾਂ ਇਕੱਠਿਆਂ ਹੀ ਪਟਿਆਲਾ ਤੋਂ ਐਮ. ਫਿਜ਼ੀਕਲ ਕੀਤੀ ਹੈ।
ਤਸਵੀਰ ਅਤੇ ਵੇਰਵਾ- ਸੁਖਦੀਪ ਸਿੰਘ ਮਲਸੀਆ।


RE/MAX® Gold
Each Office Independently Owned and Operated
ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ
Dil Nijjar REALTOR ®
CalBRE # 01418648
Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004
Cell: 916-628-2210
Fax: 916-745-3424
Office: 916-285-1000
Email : Dil.Realtor@gmail.com
2081 Arena Blvd # 100 Sacramento, CA 95834




Chicago's Pizza with a Twist

Call: 1-209-398-2221

Parvinder Dhesi

Kulwant Sandhu
1471 B St., Unit B, Livingston, CA 95334

## ਲੰਡਨ/ ਗਲਾਸਗੋ ਖਬਰਨਾਮਾ (ਮਨਦੀਪ ਖੁਰਮੀ ਹਿੰਮਤਪੁਰਾ)

# ਪਲਿਮਥ ਦੇ ਸਮੁੰਦਰੀ ਤੱਟ ਤੋਂ ਜ਼ਬਤ ਕੀਤੀ 160 ਮਿਲੀਅਨ ਪੌਂਡ ਦੀ ਕੋਕੀਨ

**ਗਲਾਸਗੋ / ਲੰਡਨ–** ਬਰਤਾਨਵੀ ਪੁਲਿਸ ਅਤੇ ਏਜੰਸੀਆਂ ਵੱਲੋਂ ਨਸ਼ਿਆਂ ਦੀ ਤਸਕਰੀ ਵਿਰੁੱਧ ਵਿੱਢੀ ਮੁਹਿੰਮ ਵਿੱਚ ਉਸ ਵੇਲੇ ਵੱਡੀ ਸਫਲਤਾ ਮਿਲੀ ਜਦੋਂ ਵੀਰਵਾਰ ਨੂੰ ਪਲਿਮਥ ਦੇ ਸਮੁੰਦਰੀ ਤੱਟ 'ਤੇ ਇੱਕ ਵੱਡੀ ਕਿਸ਼ਤੀ ਵਿੱਚੋਂ ਅਧਿਕਾਰੀਆਂ ਵੱਲੋਂ ਕੋਕੀਨ ਦਾ ਜਖੀਰਾ ਜ਼ਬਤ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਅਧਿਕਾਰੀਆਂ ਨੇ ਦੱਸਿਆ ਕਿ ਪਲਿਮਥ ਨੇੜੇ ਇੱਕ ਕਿਸ਼ਤੀ ਉੱਤੇ ਦੋ ਟਨ ਤੋਂ ਵੱਧ ਅੰਦਾਜ਼ਨ 160 ਮਿਲੀਅਨ ਪੌਂਡ ਮੁੱਲ ਦੀ ਕੋਕੀਨ ਜ਼ਬਤ ਕੀਤੇ ਜਾਣ ਤੋਂ ਬਾਅਦ ਛੇ ਵਿਅਕਤੀਆਂ ਉੱਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਦੋਸ਼ ਲਗਾਏ ਗਏ ਹਨ।



ਇਹਨਾਂ ਵਿੱਚ ਇੱਕ ਬ੍ਰਿਟਿਸ਼ ਅਤੇ ਪੰਜ ਨਿਕਾਰਾਗੁਆਨ ਨਾਗਰਿਕ ਹਨ, ਜਿਹਨਾਂ ਨੂੰ 13 ਸਤੰਬਰ ਨੂੰ ਪਲਿਮਥ ਦੀ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ। ਬ੍ਰਿਟਿਸ਼ ਵਿਅਕਤੀ ਦੀ ਪਛਾਣ 32 ਸਾਲਾਂ ਐਂਡਰਿਊ ਕੋਲ ਵਜੋਂ ਹੋਈ ਹੈ, ਜੋ ਕਿ ਸਟਾਕਟਨ ਆਨਟੀਜ਼, ਕਾਉਂਟੀ ਡਰਹਮ ਦਾ ਰਹਿਣ ਵਾਲਾ ਹੈ। ਜਦਕਿ ਨਿਕਾਰਾਗੁਆਨ ਦੇ ਪੰਜ ਆਦ-ਮੀਆਂ ਦੇ ਨਾਂ ਬਿਲੀ ਡਾਨਜ਼ (49), ਡੈਨਸਨ ਵਾਈਟ ਮੋਰਾਲੇਸ (34), ਐਡਵਿਨ ਟੇਲਰ ਮੋਰਗਨ (40), ਬ੍ਰਾਇਨੀ ਸਜੋਗ੍ਰੀਨ (38) ਅਤੇ ਰਿਆਨ ਟੇਲਰ (42) ਹਨ।

ਇਹਨਾਂ ਵਿਅਕਤੀਆਂ ਦੀ ਕਿਸ਼ਤੀ ਨੂੰ ਵੀਰਵਾਰ ਨੂੰ ਤਟ 'ਤੇ ਰੋਕਿਆ ਗਿਆ ਤੇ ਛਾਪੇਮਾਰੀ ਕੀਤੀ ਗਈ। ਇਸ ਕਾਰਵਾਈ ਦੀ ਅਗਵਾਈ ਨੈਸ਼ਨਲ ਕਰਾਈਮ ਏਜੰਸੀ (ਐੱਨ ਸੀ ਏ) ਦੇ ਨਾਲ ਨਾਲ ਬਾਰਡਰ ਫੋਰਸ ਅਤੇ ਆਸਟ੍ਰੇਲੀਅਨ ਫੈਡਰਲ ਪੁਲਿਸ ਨੇ ਕੀਤੀ।

# ਸਕਾਟਲੈਂਡ 'ਚ ਹਨ ਲੱਖਾਂ ਪੌਂਡ ਦਾ ਸੋਨਾ ਹੋਣ ਦੀਆਂ ਸੰਭਾਵਨਾਵਾਂ

## ਸੋਨਾ ਮਿਲਣ ਦੀ ਆਸ ਵਿੱਚ ਗੋਲਡ ਮਾਈਨ, ਨਦੀਆਂ, ਝਰਨਿਆਂ 'ਚ ਕੀਤੀ ਜਾ ਰਹੀ ਹੈ ਭਾਲ








**ਗਲਾਸਗੋ–** ਸਕਾਟਲੈਂਡ ਵਿੱਚ ਮਾਹਰਾਂ ਦੁਆਰਾ ਦੁਨੀਆਂ ਦੀਆਂ ਮਹਿੰਗੀਆਂ ਧਾਤਾਂ ਵਿੱਚੋਂ ਇੱਕ ਸੋਨੇ ਦੇ ਭੰਡਾਰ ਹੋਣ ਦੀਆਂ ਸੰਭਾਵਨਾਵਾਂ ਪ੍ਰਗਟ ਕੀਤੀਆਂ ਜਾ ਰਹੀਆਂ ਹਨ। ਇਸੇ ਆਸ ਦੇ ਵਿੱਚ ਸੋਨੇ ਦੀ ਖੋਜ ਲਈ ਖਦਾਨਾਂ ਵਿੱਚ ਖੁਦਾਈ ਅਭਿਆਨ ਕੀਤੇ ਜਾ ਰਹੇ ਹਨ।

ਸਕਾਟਲੈਂਡ ਦੇ ਅਰਗਿਲ ਵਿੱਚ ਲੋਚ ਲੋਮੋਂਡ ਅਤੇ ਟ੍ਰੋਸਾਚਸ ਨੈਸ਼ਨਲ ਪਾਰਕ ਦੀਆਂ ਪਹਾੜੀਆਂ ਵਿੱਚ ਟਿੰਡਰਮ ਦੇ ਕੋਲ ਸਥਿਤ ਕੋਨੋਨਿਸ਼ ਗੋਲਡ ਮਾਈਨ ਵਿੱਚ ਮਾਈਨਿੰਗ ਇੰਜੀਨੀਅਰਾਂ ਦੁਆਰਾ ਧਮਾਕੇ ਕਰੇ ਜਾ ਰਹੇ ਹਨ। ਇਸੇ ਸਬੰਧੀ ਲੋਚਗਿਲਪਹੇਡ ਦੇ ਇੱਕ 29 ਸਾਲਾਂ ਮਾਈਨਿੰਗ ਇੰਜੀਨੀਅਰ ਸਟੈਨਲੇ ਲਿਸਟਰ ਅਨੁਸਾਰ ਯੂਕੇ ਵਿੱਚ ਇਕਲੌਤੀ ਵਪਾਰਕ ਸੋਨੇ ਦੀ ਖਾਣ ਕੋਨੋਨਿਸ਼ ਗੋਲਡ ਮਾਈਨ ਦੇ ਅੰਦਰ ਦਿਨ ਵਿੱਚ ਘੱਟੋ ਘੱਟ ਦੋ ਵਾਰ ਦੋ ਵਾਰ ਧਮਾਕੇ ਕੀਤੇ ਜਾਂਦੇ ਹਨ। ਇਸ ਖਾਣ ਦੇ ਆਸਟਰੇਲੀਆਈ ਆਧਾਰਿਤ ਮਾਲਕਾਂ 'ਸਕਾਟਗੋਲਡ ਰੀਸੋਰਸਜ਼' ਇਥੇ 200 ਮਿਲੀਅਨ ਪੌਂਡ ਮੁੱਲ ਤੱਕ ਦਾ ਸੋਨਾ ਹੋਣ ਦਾ ਦਾਅਵਾ ਕਰਦੇ ਹਨ ਅਤੇ ਹਰੇਕ ਵਿਸਫੋਟ ਦੇ ਨਾਲ ਇੰਜਨੀਅਰ ਸੋਨੇ ਦੀ ਖਾਣ 'ਚ ਤਿੰਨ ਮੀਟਰ ਹੇਠਾਂ ਅੱਗੇ ਵਧਦੇ ਹਨ। ਸਕਾਟਲੈਂਡ ਵਿਚਲੀ ਕੋਨੋਨਿਸ਼ ਸੋਨੇ ਦੀ ਖਾਣ ਜੋ ਕਿ 1980 ਦੇ ਦਹਾਕੇ ਵਿੱਚ ਸਾਹਮਣੇ ਆਈ, ਭੂ-ਵਿਗਿਆਨੀਆਂ ਲਈ ਇੱਕ ਗਿਰਜਾਘਰ ਹੈ। ਇਸਨੂੰ ਜਿਆਦਾਤਰ ਵਿਗਿਆਨੀ ਅਤੇ ਮਾਹਰ ਇੱਕ ਕਿਸਮ ਦੇ ਖਜ਼ਾਨੇ ਦੀ ਭਾਲ ਵਜੋਂ ਵੇਖਦੇ ਹਨ। ਐਡਿਨਬਰਾ ਤੋਂ ਸੀਨੀਅਰ ਮਹਿਲਾ ਭੂ-ਵਿਗਿਆਨੀ ਰੈਚੇਲ ਪਾਲ ਦੇ ਅਨੁਸਾਰ, ਮਾਈਨ ਵਿੱਚ ਛੇਤੀ ਹੀ ਕਾਰਜਾਂ ਨੂੰ 24/7 ਦੀ ਸਮਰੱਥਾ 'ਤੇ ਲਿਜਾਇਆ ਜਾਵੇਗਾ। ਪਾਲ ਅਨੁਸਾਰ ਖਾਣ ਦੀਆਂ ਪਰਤਾਂ ਵਿੱਚ 9 ਸਾਲਾਂ ਦੇ ਉਤਪਾਦਨ ਲਈ ਲੋੜੀਂਦੀ ਸੋਨੇ ਦੀ ਧਾਤ ਹੈ ਅਤੇ ਇਸਦੇ ਹਰ ਟਨ ਵਿੱਚ 30 ਗ੍ਰਾਮ ਸੋਨਾ ਲੁਕਿਆ ਹੋਇਆ ਹੈ। ਸਕਾਟਲੈਂਡ ਵਿੱਚ 'ਸਕਾਟਗੋਲਡ' ਇਕੱਲੇ ਨਹੀਂ ਹਨ ਜੋ ਸੋਨੇ ਦੀ ਖੋਜ ਵਿੱਚ ਹਨ। ਕੋਰੋਨਾ ਤਾਲਾਬੰਦੀ ਦੌਰਾਨ ਕੁੱਝ ਨਦੀਆਂ, ਝਰਨੇ ਵੀ ਫਿਸ਼ਿੰਗ ਅਤੇ ਪੈਡਲਿੰਗ ਆਦਿ ਤੋਂ ਇਲਾਵਾ ਸਥਾਨਕ ਲੋਕਾਂ ਲਈ ਵੀ ਸੋਨੇ ਆਦਿ ਧਾਤਾਂ ਦੀ ਖੋਜ ਵਿੱਚ ਤਬਦੀਲ ਹੋ ਗਈਆਂ ਹਨ।

# ਗਲਾਸਗੋ ਦੀ 'ਬੋਨਫਾਇਰ ਨਾਈਟ ਆਤਿਸ਼ਬਾਜ਼ੀ' ਕੋਪ 26 ਦੇ ਮੱਦੇਨਜ਼ਰ ਕੀਤੀ ਰੱਦ

**ਗਲਾਸਗੋ–** ਸਕਾਟਲੈਂਡ ਦੇ ਸ਼ਹਿਰ ਗਲਾਸਗੋ ਵਿੱਚ ਇਸ ਸਾਲ ਦੀ 'ਬੋਨਫਾਇਰ ਨਾਈਟ ਆਤਿਸ਼ਬਾਜ਼ੀ' ਕੋਪ 26 ਦੇ ਕਾਰਨ ਰੱਦ ਕਰ ਦਿੱਤੀ ਗਈ ਹੈ। ਗਲਾਸਗੋ ਗ੍ਰੀਨ ਦਾ 5 ਨਵੰਬਰ ਦਾ ਆਤਿਸ਼ਬਾਜ਼ੀ ਸਮਾਰੋਹ ਸ਼ਹਿਰ ਦੇ ਸਲਾਨਾ ਕੈਲੰਡਰ ਦੀ ਇੱਕ ਵਿਸ਼ੇਸ਼ਤਾ ਹੈ, ਪਰ ਇਸ ਸਾਲ ਅਧਿਕਾਰੀਆਂ ਅਨੁਸਾਰ ਇਹ ਸਮਾਰੋਹ ਕੋਪ 26 ਸਿਖਰ ਸੰਮੇਲਨ ਦੀਆਂ ਇੱਕ ਸਮਾਨ ਤਰੀਕਾਂ ਹੋਣ ਕਰਕੇ ਰੱਦ ਕੀਤਾ ਗਿਆ ਹੈ। ਗਲਾਸਗੋ ਵਿੱਚ ਕੋਪ 26 ਜਲਵਾਯੂ ਸੰਮੇਲਨ 31 ਅਕਤੂਬਰ ਨੂੰ ਸ਼ੁਰੂ ਹੋਣ ਵਾਲਾ ਹੈ, ਜਿਸ ਕਰਕੇ ਗਲਾਸਗੋ ਦਾ ਬੋਨਫਾਇਰ ਨਾਈਟ ਸਮਾਰੋਹ ਰੱਦ ਕੀਤਾ ਜਾ ਰਿਹਾ ਹੈ ਤਾਂ ਜੋ ਗਲਾਸਗੋ ਗ੍ਰੀਨ ਸੰਮੇਲਨ



ਲਈ ਖੁੱਲ੍ਹਾ ਰਹਿ ਸਕੇ। ਦੱਸਣਯੋਗ ਹੈ ਕਿ ਪਿਛਲੇ ਸਾਲ ਦੀ ਆਤਿਸ਼ਬਾਜ਼ੀ ਪ੍ਰਦਰਸ਼ਨੀ ਵੀ ਕੋਰੋਨਾ ਵਾਇਰਸ ਮਹਾਂਮਾਰੀ ਦੇ ਕਾਰਨ ਰੱਦ ਕਰ ਦਿੱਤੀ ਗਈ ਸੀ। ਬੋਨਫਾਇਰ ਦੇ ਪ੍ਰਬੰਧਕਾਂ ਅਨੁਸਾਰ ਆਤਿਸ਼ਬਾਜ਼ੀ ਈਵੈਂਟ ਲਈ ਗਲਾਸਗੋ ਗ੍ਰੀਨ ਦੀ ਤਿਆਰੀ ਅਤੇ ਸਾਫ ਸਫਾਈ ਕਰਨ ਵਿੱਚ ਕਈ ਦਿਨ ਲੱਗਦੇ ਹਨ ਅਤੇ ਇਸ ਲਈ ਗਲਾਸਗੋ ਗ੍ਰੀਨ ਨਵੰਬਰ ਦੇ ਸ਼ੁਰੂ ਵਿੱਚ ਕੋਪ 26 ਵਾਸਤੇ ਲੋਕਾਂ ਲਈ ਉਪਲੱਬਧ ਰੱਖਣ ਦੇ ਉਦੇਸ਼ ਨਾਲ ਇਸ ਸਾਲ ਦੀ ਗਲਾ-ਸਗੋ ਫਾਇਰ ਵਰਕਸ ਦੀ ਮੇਜ਼ਬਾਨੀ ਨਹੀਂ ਕੀਤੀ ਜਾ ਰਹੀ ਹੈ।

# ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਦੀ ਮਾਂ ਦਾ 79 ਸਾਲ ਦੀ ਉਮਰ 'ਚ ਹੋਇਆ ਦੇਹਾਂਤ

**ਗਲਾਸਗੋ/ ਲੰਡਨ (ਮਨਦੀਪ ਖੁਰਮੀ ਹਿੰਮਤਪੁਰਾ)–** ਬਰਤਾਨੀਆ ਦੇ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਦੀ ਮਾਂ ਸ਼ਾਰਲੋਟ ਜੌਹਨਸਨ ਵਾਹਲ ਦਾ ਸੋਮਵਾਰ ਨੂੰ ਇੱਕ ਹਸਪਤਾਲ ਵਿੱਚ 79 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ ਹੈ। ਸ਼ਾਰਲੋਟ ਦੀ ਸੋਮਵਾਰ ਨੂੰ ਪੈਡਿੰਗਟਨ ਦੇ ਸੇਂਟ ਮੈਰੀ ਹਸਪਤਾਲ ਵਿੱਚ ਅਚਾਨਕ ਅਤੇ ਸ਼ਾਂਤੀਪੂਰਵਕ ਮੌਤ ਹੋਈ। ਪ੍ਰਧਾਨ ਮੰਤਰੀ ਜੌਹਨਸਨ ਨੇ ਆਪਣੀ ਮਾਂ ਨੂੰ ਪਰਿਵਾਰ ਦੀ ਇੱਕ ਜ਼ਿੰਮੇਵਾਰ ਮੁਖੀ ਦੱਸਿਆ। ਇਸ ਦੁੱਖ ਦੀ ਘੜੀ ਵਿੱਚ ਜੌਹਨਸਨ ਨਾਲ ਸਕਾਟਲੈਂਡ ਦੀ ਫਸਟ ਮਨਿਸਟਰ ਨਿਕੋਲਾ ਸਟਰਜਨ, ਲੇਬਰ ਨੇਤਾ ਕੀਰ ਸਟਾਰਮਰ ਸਮੇਤ ਕਈ ਹੋਰਾਂ ਨੇ ਦੁੱਖ ਦਾ ਪ੍ਰਗਟਾਵਾ ਕੀਤਾ। ਸ਼ਾਰਲੋਟ, ਬੈਰਿਸਟਰ ਸਰ ਜੇਮਜ਼ ਫੌਸੇਟ ਦੀ ਧੀ ਸੀ, ਜੋ ਕਿ 1970 ਦੇ ਦਹਾਕੇ ਵਿੱਚ ਮਨੁੱਖੀ ਅਧਿਕਾਰਾਂ ਲਈ ਯੂਰਪੀਅਨ ਕਮਿਸ਼ਨ ਦੇ ਪ੍ਰਧਾਨ ਸਨ। ਉਸਨੇ ਅੰਡਰਗ੍ਰੈਜੂਏਟ ਵਜੋਂ ਡਿਗਰੀ ਪੂਰੀ ਕਰਨ ਤੋਂ ਪਹਿਲਾਂ, ਸਟੈਨਲੇ ਜੌਹਨਸਨ ਨਾਲ 1963 ਵਿੱਚ ਵਿਆਹ ਕੀਤਾ। 1979 ਵਿੱਚ ਤਲਾਕ ਲੈਣ ਤੋਂ ਪਹਿਲਾਂ ਇਸ ਜੋੜੇ ਦੇ ਚਾਰ ਬੱਚੇ - ਬੋਰਿਸ, ਪੱਤਰਕਾਰ ਰਾਚੇਲ, ਸਾਬਕਾ ਮੰਤਰੀ ਜੋਅ ਅਤੇ ਵਾਤਾਵਰਣ ਮਾਹਰ ਲਿਓ ਸਨ। ਆਪਣੇ ਤਲਾਕ ਤੋਂ ਬਾਅਦ ਦੇ ਸਾਲਾਂ ਵਿੱਚ, ਉਸਨੇ ਆਪਣੇ ਸਾਬਕਾ ਪਤੀ ਤੋਂ ਕੋਈ ਵੀ ਪੈਸਾ ਲੈਣ ਤੋਂ ਇਨਕਾਰ ਕਰ ਦਿੱਤਾ ਅਤੇ ਪੇਂਟਿੰਗਸ ਵੇਚ ਕੇ ਗੁਜ਼ਾਰਾ ਚਲਾਇਆ। 1988 ਵਿੱਚ, ਉਸਨੇ ਅਮਰੀਕਨ ਪ੍ਰੋਫੈਸਰ ਨਿਕੋਲਸ ਵਾਹਲ ਨਾਲ ਵਿਆਹ ਕੀਤਾ ਅਤੇ ਨਿਊਯਾਰਕ ਚਲੀ ਗਈ ਪਰ 1996 ਵਿੱਚ ਉਸਦੀ ਮੌਤ ਤੋਂ ਬਾਅਦ ਲੰਡਨ ਵਾਪਸ ਆ ਗਈ।



# ਬੇਗਮਪੁਰਾ ਫਾਊਂਡੇਸ਼ਨ ਪੰਜਾਬ ਵੱਲੋਂ ਵਿਸ਼ਵ ਰਿਕਾਰਡ ਵਿਜੇਤਾ ਰਣਜੀਤ ਔਜਲਾ ਅਤੇ ਕੌਮਾਂਤਰੀ ਫੁੱਟਬਾਲ ਖਿਡਾਰੀ ਮਨੀਸ਼ਾ ਕਲਿਆਣ ਦਾ ਸਨਮਾਨ ਅੱਜ

**ਬੰਗਾ (ਬਿਊਰੋ)–**ਬੇਗਮਪੁਰਾ ਫਾਊਂਡੇਸ਼ਨ ਪੰਜਾਬ ਵੱਲੋਂ ਵਿਸ਼ਵ ਰਿਕਾਰਡ ਵਿਜੇਤਾ ਰਣਜੀਤ ਔਜਲਾ ਅਤੇ ਕੌਮਾਂਤਰੀ ਫੁੱਟਬਾਲ ਖਿਡਾਰੀ ਮਨੀਸ਼ਾ ਕਲਿਆਣ ਦਾ ਸਨਮਾਨ ਅੱਜ ਅਨਮੋਲ ਪੈਲੇਸ ਬੰਗਾ ਵਿਖੇ ਕੀਤਾ ਜਾਵੇਗਾ। ਇਹ ਜਾਣਕਾਰੀ ਸੰਤੋਖ ਸਿੰਘ ਜੱਸੀ ਪ੍ਰਧਾਨ ਬੇਗਮਪੁਰਾ ਫਾਊਂਡੇਸ਼ਨ ਪੰਜਾਬ ਨੇ ਮੀਡੀਆ ਨੂੰ ਦਿੱਤੀ। ਸ੍ਰੀ ਜੱਸੀ ਨੇ ਦੱਸਿਆ ਕਿ ਇਸ ਸਮਾਗਮ ਦੇ ਮੁੱਖ ਮਹਿਮਾਨ ਡਾ. ਸ਼ੇਨਾ ਅਗਰਵਾਲ ਡਿਪਟੀ ਕਮਿਸ਼ਨਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਹੋਣਗੇ ਅਤੇ ਵਿਸ਼ੇਸ਼ ਮਹਿਮਾਨ ਐੱਸ.ਐੱਸ.ਪੀ. ਸ੍ਰੀ ਹਰਮਨਬੀਰ ਸਿੰਘ ਗਿੱਲ ਹੋਣਗੇ। ਸਮਾਗਮ ਵਿਚ ਪ੍ਰਧਾਨਗੀ ਮੰਡਲ ਵਿਚ ਸ੍ਰੀ ਸਤਵੀਰ ਸਿੰਘ ਪੱਲੀਝਿੱਕੀ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਅਤੇ ਡਾ, ਸਖਵਿੰਦਰ ਕੁਮਾਰ ਸੁੱਖੀ ਐਮ ਐਲ ਏ ਬੰਗਾ ਵਿਚ ਸ਼ਾਮਿਲ ਹੋਣਗੇ। ਸਮਾਗਮ ਦੇ ਮੁੱਖ ਬੁਲਾਰੇ ਪ੍ਰਸਿੱਧ ਲੇਖਕ ਸ. ਮਹਿੰਦਰ ਸਿੰਘ ਦੁਸਾਂਝ ਅਤੇ ਡਾ. ਰਘਬੀਰ ਕੌਰ ਸਾਬਕਾ ਮੁਖੀ ਪੰਜਾਬੀ ਵਿਭਾਗ ਗੁਰੂ ਨਾਨਕ ਦੇਵ ਯੂਨੀਵਰਸਿਟੀ ਹੋਣਗੇ। ਸ੍ਰੀ ਜੱਸੀ ਨੇ ਦੱਸਿਆ ਕਿ ਸਨਮਾਨ ਸਮਾਰੋਹ ਵਿਚ ਪੰਜਾਬ, ਭਾਰਤ ਅਤੇ ਵਿਸ਼ਵ ਪੱਧਰ ਤੇ ਵੱਖ ਵੱਖ ਖੇਤਰਾਂ ਵਿਚ ਮਹਾਨ ਪ੍ਰਾਪਤੀਆਂ ਕਰਨ ਵਾਲੀਆਂ ਹਸਤੀਆਂ ਨੂੰ ਸਨਮਾਨਿਤ ਵੀ ਕੀਤਾ ਜਾਵੇਗਾ। ਇਸ ਵਿਸ਼ੇਸ਼ ਸਨਮਾਨ ਸਮਾਰੋਹ-2021 ਸਵੇਰੇ 10 ਤੋਂ ਆਰੰਭ ਹੋਵੇਗਾ ਅਤੇ 1 ਵਜੇ ਦੁਪਿਹਰ ਤੱਕ ਚੱਲੇਗਾ।

# ਜਾਰਜ ਫਲਾਇਡ ਫੰਡ ਫਾਊਂਡੇਸ਼ਨ ਨੇ ਦਿੱਤੀ 50,000 ਡਾਲਰ ਤੋਂ ਵੱਧ ਦੀ ਸਕਾਲਰਸ਼ਿਪ

**ਫਰਿਜ਼ਨੋ (ਕੈਲੀਫੋਰਨੀਆ) (ਗੁਰਿੰਦਰਜੀਤ ਨੀਟਾ ਮਾ-ਛੀਕੇ/ ਕੁਲਵੰਤ ਧਾਲੀਆਂ)–** ਜਾਰਜ ਫਲਾਇਡ ਦਾ ਸਨਮਾਨ ਕਰਨ ਅਤੇ ਨਸਲੀ ਅਨਿਆਂ ਬਾਰੇ ਜਾਗਰੂਕਤਾ ਫੈਲਾਉਣ ਲਈ ਸਥਾਪਤ ਕੀਤੇ ਗਏ ਇੱਕ ਫੰਡ ਨੇ ਸੋਮਵਾਰ ਨੂੰ ਜਾਣਕਾਰੀ ਦਿੱਤੀ ਕਿ ਇਸ ਫੰਡ ਦੇ ਸਥਾਪਿਤ ਹੋਣ ਤੋਂ ਲੈ ਕੇ ਹੁਣ ਤੱਕ 50,000 ਡਾਲਰ ਤੋਂ ਵੱਧ ਦੀ ਸਕਾਲਰਸਿਪ ਦਿੱਤੀ ਜਾ ਚੁੱਕੀ ਹੈ। ਜਾਰਜ ਫਲਾਇਡ ਮੈਮੋਰੀਅਲ ਫਾਊਂਡੇਸ਼ਨ ਨੇ ਕਿਹਾ ਕਿ ਇਸ ਨੇ ਹਾਲ ਹੀ ਵਿੱਚ 1,000 ਡਾਲਰ ਦੇ 15 ਲਾਅ ਸਕੂਲ ਦੇ ਵਿਦਿਆਰਥੀਆਂ ਨੂੰ ਵਜ਼ੀਫੇ ਦਿੱਤੇ ਹਨ। ਇਸਦੇ ਇਲਾਵਾ ਇੰਟਰਨਸ ਵਿਦਿਆਰਥੀਆਂ ਨੂੰ 10,000 ਡਾਲਰ ਦਾ ਵਜ਼ੀਫਾ ਅਤੇ ਅੰਡਰ ਗ੍ਰੈਜੂਏਟ ਵਿਦਿਆਰਥੀਆਂ ਨੂੰ 2,500 ਡਾਲਰ ਦੀ ਸਕਾਲਰਸਿਪ ਦਿੱਤੀ ਹੈ। ਫਾਊਂਡੇਸ਼ਨ ਨੇ ਨਾਰਥ ਕੈਰੋਲੀਨਾ ਦੇ ਹਿਸਟੋਰੀਕਲ ਬਲੈਕ ਕਾਲਜ 'ਫਏਟਵਿਲੇ ਸਟੇਟ ਯੂਨੀਵਰਸਿਟੀ' ਨੂੰ ਵੀ 25,000 ਦਿੱਤੇ ਹਨ। ਫਾਊਂਡੇਸ਼ਨ ਅਨੁਸਾਰ ਵਜ਼ੀਫੇ ਫਲਾਇਡ ਦੀ ਯਾਦ ਨੂੰ ਜਿੰਦਾ ਰੱਖਦੇ ਹਨ ਅਤੇ ਵਿਦਿਆਰਥੀਆਂ ਦੀ ਸਹਾਇਤਾ ਕਰਦੇ ਹਨ।




ਜਾਰਜ ਫਲਾਇਡ ਦੀ ਭੈਣ ਅਤੇ ਜਾਰਜ ਫਲਾਇਡ ਮੈਮੋਰੀਅਲ ਫਾਊਂਡੇਸ਼ਨ ਦੀ ਸੰਸਥਾਪਕ ਬ੍ਰਿਜੈਟ ਫਲਾਇਡ ਨੇ ਕਿਹਾ ਕਿ ਉਸਦੇ ਭਰਾ ਜਾਰਜ ਦੀ ਮੌਤ ਨੇ ਸੱਚਮੁੱਚ ਦੁਨੀਆ ਨੂੰ ਬਦਲ ਦਿੱਤਾ ਹੈ। ਨਾਰਥ ਕੈਰੋਲੀਨਾ ਦੇ ਫਏਟਵਿਲੇ ਵਿੱਚ ਸਥਿਤ ਜਾਰਜ ਫਲਾਇਡ ਮੈਮੋਰੀਅਲ ਫਾਊਂਡੇਸ਼ਨ ਅਗਸਤ 2020 ਵਿੱਚ ਬਣਾਈ ਗਈ ਸੀ ਅਤੇ ਇਹ ਨਸਲੀ ਅਨਿਆਂ, ਪੁਲਿਸ ਦੀ ਬੇਰਹਿਮੀ ਅਤੇ ਹਰ ਕਿਸੇ ਦੇ ਨਾਗਰਿਕ ਅਧਿਕਾਰਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਜਾਗਰੂਕਤਾ ਵਧਾਉਣ 'ਤੇ ਕੇਂਦਰਿਤ ਹੈ।

# ਅਮਰੀਕੀ ਰੱਖਿਆ ਸੈਕਟਰੀ ਨੇ ਸਾਊਦੀ ਅਰਬ ਦਾ ਦੌਰਾ ਕੀਤਾ ਮੁਲਤਵੀ

**ਫਰਿਜ਼ਨੋ (ਗੁਰਿੰਦਰਜੀਤ ਨੀਟਾ ਮਾਛੀਕੇ)–** ਅਮਰੀਕੀ ਦੇ ਰੱਖਿਆ ਸੈਕਟਰੀ ਲੋਇਡ ਆਸਟਿਨ, ਜੋ ਕਿ ਆਪਣੇ ਗਲਫ ਦੇਸ਼ਾਂ ਦੇ ਦੌਰੇ 'ਤੇ ਹਨ, ਨੇ ਸਾਊਦੀ ਅਰਬ ਦੀ ਯਾਤਰਾ ਨੂੰ ਅਣਮਿੱਥੇ ਸਮੇਂ ਲਈ ਮੁਲਤਵੀ ਕਰ ਦਿੱਤਾ ਹੈ। ਇਸ ਦੀ ਜਾਣਕਾਰੀ ਦਿੰਦਿਆਂ ਪੈਂਟਾਗਨ ਨੇ ਬੁੱਧਵਾਰ ਨੂੰ ਦੱਸਿਆ ਕਿ ਇਹ ਦੌਰਾ ਆਸਟਿਨ ਦੀਆਂ ਯਾਤਰਾ ਯੋਜਨਾਵਾਂ ਦੀਆਂ ਸਮੱਸਿਆਵਾਂ ਕਰਕੇ ਮੁਲਤਵੀ ਕੀਤਾ ਗਿਆ ਹੈ। ਅਮਰੀਕੀ ਰੱਖਿਆ ਵਿਭਾਗ ਦੇ ਅਨੁਸਾਰ ਆਸਟਿਨ ਜਲਦੀ ਤੋਂ ਜਲਦੀ ਦੁਬਾਰਾ ਸਾਊਦੀ ਅਰਬ ਦੇ ਦੌਰੇ ਨੂੰ ਨਿਰਧਾਰਤ ਕਰਨ ਦੀ ਉਮੀਦ ਰੱਖਦੇ ਹਨ।

ਅਫਗਾਨਿਸਤਾਨ ਤੋਂ ਅਮਰੀਕੀ ਸੈਨਾ ਦੀ



ਵਾਪਸੀ ਦੇ ਬਾਅਦ ਆਸਟਿਨ ਨੇ ਇਸ ਹਫਤੇ ਦੇ ਸ਼ੁਰੂ ਵਿੱਚ ਖਾੜੀ ਖੇਤਰ ਦੀ ਯਾਤਰਾ ਸ਼ੁਰੂ ਕੀਤੀ ਸੀ। ਉਹ ਸਭ ਤੋਂ ਪਹਿਲਾਂ ਅਮਰੀਕਾ ਦੇ ਕਾਬੁਲ ਤੋਂ ਬਾਹਰ ਸਥਾਪਿਤ ਕੀਤੇ ਗਏ ਵਿਸ਼ਾਲ ਏਅਰਲਿਫਟ ਦੇ ਮੁੱਖ ਬੇਸ ਦਾ ਦੌਰਾ ਕਰਨ ਲਈ ਵਿਦੇਸ਼ ਮੰਤਰੀ ਐਂਟਨੀ ਬਲਿੰਕੇਨ ਨਾਲ ਦੋਹਾ ਗਏ।

ਆਸਟਿਨ ਨੇ ਫਿਰ ਕੁਵੈਤ ਦੀ ਯਾਤਰਾ ਕੀਤੀ, ਜਿੱਥੇ ਉਹਨਾਂ ਨੇ ਬੁੱਧਵਾਰ ਨੂੰ ਦੇਸ਼ ਦੇ ਨੇਤਾਵਾਂ ਨਾਲ ਮੁਲਾਕਾਤ ਕੀਤੀ। ਇਸਦੇ ਇਲਾਵਾ ਆਸਟਿਨ ਦੁਆਰਾ ਬਹਿਰੀਨ ਦੀ

# ਜੱਲ੍ਹਿਆਂਵਾਲਾ ਬਾਗ਼ ਦਾ ਮੂਲ ਸਰੂਪ ਬਹਾਲ ਨਾ ਕੀਤਾ ਤਾਂ ਲੋਕ-ਆਵਾਜ਼ ਉਠਾਵਾਂਗੇ: ਦੇਸ਼ ਭਗਤ ਯਾਦਗਾਰ ਕਮੇਟੀ

**ਜਲੰਧਰ (ਬਿਊਰੋ)–** ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਗੁਰਮੀਤ ਸਿੰਘ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਅੱਜ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਬੀਤੇ ਦਿਨੀਂ ਜਲ੍ਹਿਆਂਵਾਲਾ ਬਾਗ਼ ਦਾ ਨਿਰੀਖਣ ਕਰਕੇ ਆਏ ਕਮੇਟੀ ਦੇ ਵਿਸ਼ੇਸ਼ ਵਫ਼ਦ ਦੀ ਜਾਂਚ-ਪੜਤਾਲ ਮੁਤਾਬਕ ਅੱਜ ਕਮੇਟੀ ਨੇ ਪ੍ਰਧਾਨ ਮੰਤਰੀ (ਜੋ ਕਿ ਜਲ੍ਹਿਆਂਵਾਲਾ ਬਾਗ਼ ਟਰੱਸਟ ਦੇ ਚੇਅਰਮੈਨ ਵੀ ਹਨ), ਜਲ੍ਹਿਆਂਵਾਲਾ ਬਾਗ਼ ਕੌਮੀ ਟ੍ਰਸੱਟ ਦੇ ਸਕੱਤਰ, ਸਭਿਆਚਾਰਕ ਮਾਮਲੇ ਮੰਤਰਾਲਾ ਨੂੰ ਮੰਗ ਪੱਤਰ ਰਾਹੀਂ ਤਿੱਖੇ ਰੋਸ ਦਾ ਪ੍ਰਗਟਾਵਾ ਕਰਦਿਆਂ ਮੰਗ ਕੀਤੀ ਹੈ ਕਿ ਮੁਲਕ ਦੀ ਕੌਮੀ ਆਜ਼ਾਦੀ ਵਿੱਚ ਸਿਰਮੌਰ ਸਥਾਨ ਰੱਖਦੇ ਜਲ੍ਹਿਆਂਵਾਲਾ ਬਾਗ਼ ਦੀ ਇਤਿਹਾਸਕ ਧਰੋਹਰ ਨਾਲ ਛੇੜ-ਛਾੜ ਕਰਨ ਤੇ ਖੇਦ ਪ੍ਰਗਟ ਕਰਦਿਆਂ ਤੁਰੰਤ ਬਾਗ਼ ਦਾ ਮੂਲ ਸਰੂਪ ਬਹਾਲ ਕੀਤਾ ਜਾਏ। ਕਮੇਟੀ ਨੇ ਦੋਸ਼ ਲਾਇਆ ਹੈ ਕਿ ਸੁੰਦਰੀਕਰਣ ਅਤੇ ਨਵੀਨੀਕਰਣ ਦੇ ਨਾਂਅ ਹੇਠ ਇਤਿਹਾਸਕ



ਵਿਰਾਸਤ ਨਾਲ ਸੌੜੇ ਰਾਜਨੀਤਕ ਮੰਤਵ ਦੀ ਪੂਰਤੀ ਲਈ ਰੱਦੋ ਬਦਲ ਕਰਨ ਅਤੇ ਆਪਣਾ ਮਨਪਸੰਦ ਮੁਹਾਂਦਰਾ ਬਣਾ ਧਰਨ ਦੀ ਮੁਲਕ ਦੀਆਂ ਦੇਸ਼ ਭਗਤ ਜਮਹੂਰੀ ਸ਼ਕਤੀਆਂ ਕਦਾਚਿਤ ਇਜਾਜ਼ਤ ਨਹੀਂ ਦੇਣਗੀਆਂ। ਕਮੇਟੀ ਨੇ ਮੰਗ ਪੱਤਰ 'ਚ ਲਿਖਿਆ ਹੈ ਕਿ ਖੁੱਲ੍ਹੇ ਲਾਅਨ ਅਤੇ ਘਾਹ ਪਾਰਕਾਂ ਨੂੰ ਅਜੇਹੀ ਦਿੱਖ ਦੇ ਦਿੱਤੀ ਹੈ ਕਿ ਜਿੱਥੋਂ ਹੁਣ ਸ਼ਹੀਦਾਂ ਅਤੇ ਜ਼ਖ਼ਮੀਆਂ ਨਾਲ ਭਰੀ ਗਰਾਊਂਡ ਦਾ ਕਰੁਣਾਮਈ ਅਤੇ ਰੋਹਲਾ ਪ੍ਰਭਾਵ ਨਹੀਂ ਸਗੋਂ ਮਨੋਰੰਜਨ ਅਤੇ ਸੈਰਗਾਹ ਦਾ ਪ੍ਰਭਾਵ ਪੈਂਦਾ ਹੈ।

ਮੰਗ ਪੱਤਰ 'ਚ ਮੰਗ ਕੀਤੀ ਹੈ ਕਿ ਤੰਗ ਗਲੀ ਵਿੱਚ ਰੋਲਟ ਐਕਟ ਅਤੇ ਕਾਲੇ ਕਾਨੂੰਨਾਂ ਖਿਲਾਫ਼ ਨਾਅਰੇ ਲਾਉਂਦੇ ਜਾਂਦੇ ਲੋਕਾਂ ਦੇ ਠਾਠਾਂ ਮਾਰਦੇ ਰੋਹ ਨੂੰ ਵਿਸਾਖੀ ਦੇ ਮੇਲੇ ਦੀ ਮੌਜ ਮਸਤੀ ਦਾ ਪ੍ਰਭਾਵ ਦਿੰਦੀਆਂ ਲਗਾਈਆਂ ਮੂਰਤੀਆਂ ਤੁਰੰਤ ਹਟਾਈਆਂ ਜਾਣ। ਮੰਗ ਪੱਤਰ 'ਚ ਜ਼ੋਰਦਾਰ ਮੰਗ ਕੀਤੀ ਗਈ ਹੈ ਕਿ ਨਾਮਵਰ ਇਤਿਹਾਸਕਾਰਾਂ ਦੀ ਨਿਰੀਖਣ ਕਮੇਟੀ ਬਣਾਕੇ ਉਹਨਾਂ ਦੀ ਦੇਖ-ਰੇਖ ਹੇਠ ਸਭ ਕੁੱਝ ਇਤਿਹਾਸ ਅਨੁਸਾਰ ਬਹਾਲ ਕੀਤਾ ਜਾਏ। ਦੇਸ਼ ਭਗਤ ਯਾਦਗਾਰ ਕਮੇਟੀ ਸਮੇਤ ਪ੍ਰਮਾਣਿਕ ਇਤਿਹਾਸਕ ਸੰਸਥਾਵਾਂ ਅਤੇ ਪ੍ਰਤੀਨਿੱਧ ਵਿਚਾਰ-ਵਟਾਂਦਰੇ ਅਤੇ ਇਤਿਹਾਸ ਨਾਲ ਇਨਸਾਫ਼ ਕਰਨ ਲਈ ਕਮੇਟੀ 'ਚ ਸ਼ਾਮਲ ਕੀਤੇ ਜਾਣ। ਕਮੇਟੀ ਨੇ ਮੰਗ ਪੱਤਰ 'ਚ ਤਿੱਖੀ ਪ੍ਰਤੀਕਿਰਿਆ ਕਰਦਿਆਂ ਕਿਹਾ ਹੈ ਕਿ ਜਲ੍ਹਿਆਂਵਾਲਾ ਬਾਗ਼ 'ਚ ਦਾਖਲਾ ਫੀਸ ਲੈਣ ਲਈ ਫਿੱਟ ਕੀਤੀਆਂ ਮਸ਼ੀਨਾਂ ਤੁਰੰਤ ਹਟਾਈਆਂ ਜਾਣ ਅਤੇ ਜਨਤਕ ਬਿਆਨ ਦੇ ਕੇ ਇਹ ਯਕੀਨ ਦੁਆਇਆ ਜਾਏ ਕਿ ਕੋਈ ਦਾਖਲਾ ਫੀਸ ਨਹੀਂ ਲਗੇਗੀ।

ਦੇਸ਼ ਭਗਤ ਯਾਦਗਾਰ ਕਮੇਟੀ ਨੇ ਮੰਗ ਪੱਤਰ 'ਚ ਸਪੱਸ਼ਟ ਕਿਹਾ ਹੈ ਕਿ ਜੇਕਰ ਮੰਗਾਂ ਨੂੰ ਅਣਗੌਲਿਆਂ ਕੀਤਾ ਗਿਆ ਤਾਂ ਜਲ੍ਹਿਆਂਵਾਲਾ ਬਾਗ਼ ਦੇ ਮੂਲ ਸਰੂਪ ਦੀ ਬਹਾਲੀ ਲਈ ਦੇਸ਼ ਭਗਤ ਯਾਦਗਾਰ ਕਮੇਟੀ, ਲੋਕ ਰਾਏ ਮੁਤਾਬਕ ਆਵਾਜ਼ ਬੁਲੰਦ ਕਰਨ ਲਈ ਮਜ਼ਬੂਰ ਹੋਏਗੀ। ਇਸ ਮੰਗ ਪੱਤਰ ਦੀਆਂ ਕਾਪੀਆਂ ਰਾਸ਼ਟਰਪਤੀ, ਰਾਜਪਾਲ ਪੰਜਾਬ, ਮੁੱਖ ਮੰਤਰੀ ਪੰਜਾਬ ਨੂੰ ਵੀ ਭੇਜੀਆਂ ਗਈਆਂ ਹਨ।

# ਗੁਮਟਾਲਾ ਵਾਸੀਆਂ ਵੱਲੋਂ ਇੰਗਲੈਂਡ ਨਿਵਾਸੀ ਸ. ਰਣਜੀਤ ਸਿੰਘ ਢਿੱਲੋਂ ਦੇ ਅਕਾਲ ਚਲਾਣੇ 'ਤੇ ਦੁੱਖ ਦਾ ਪ੍ਰਗਟਾਵਾ

**ਅੰਮ੍ਰਿਤਸਰ (ਬਿਊਰੋ)–** ਪਿੰਡ ਗੁਮਟਾਲਾ ਦੇ ਜੰਮਪਲ ਤੇ ਇਸ ਸਮੇਂ ਇੰਗਲੈਂਡ ਵਿਚ ਨਿਵਾਸ ਕਰਨ ਵਾਲੇ ਸ. ਹਰਜੀਤ ਸਿੰਘ ਢਿੱਲੋਂ ਦੇ ਛੋਟੇ ਭਰਾ ਸ. ਰਣਜੀਤ ਸਿੰਘ ਢਿੱਲੋਂ ਦੇ ਅਕਾਲ ਚਲਾਣੇ 'ਤੇ ਪਿੰਡ ਵਿਚ ਸੋਗ ਦਾ ਮਾਹੌਲ ਹੈ।

ਪ੍ਰੈਸ ਨੂੰ ਜਾਰੀ ਇਕ ਬਿਆਨ ਵਿਚ ਡਾ. ਚਰਨਜੀਤ ਸਿੰਘ ਗੁਮਟਾਲਾ ਨੇ ਕਿਹਾ ਕਿ ਉਹ ਭਾਵੇਂ ਇੰਗਲੈਂਡ ਰਹਿੰਦੇ ਸਨ ਪਰ ਉਨ੍ਹਾਂ ਦਾ ਦਿਲ ਪਿੰਡ ਵਿਚ ਧੜਕਦਾ ਸੀ ਤੇ ਉਹ ਹਰ ਚਾਰ ਪੰਜ ਮਹੀਨੇ ਬਾਦ ਪਿੰਡ ਫੇਰੀ ਜਰੂਰ ਪਾਉਂਦੇ ਸਨ ਤੇ ਸਭ ਪਿੰਡ ਵਾਸੀਆਂ ਨੂੰ ਮਿਲਦੇ ਸਨ।ਉਨ੍ਹਾਂ ਦੀ ਸੁਪਤਨੀ ਅਨੁਸਾਰ ਉਹ ਪਿਛਲੇ ਮਹੀਨੇ ਪਿੰਡ ਜਾਣ ਦਾ ਪ੍ਰੋਗਰਾਮ ਬਣਾ ਰਹੇ ਸਨ ਪਰ ਕੁਦਰਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ। ਉਹ ਬਹੁਤ ਹੀ ਮਿਲਾਪੜੇ ਸੁਭਾਅ ਦੇ ਮਾਲਕ ਸਨ।

ਉਹ ਆਪਣੇ ਪਿੱਛੇ ਸੁਪਤਨੀ ਬੀਬੀ ਜਸਪਾਲ ਕੌਰ, ਬੇਟੇ ਸ. ਗੁਰਪ੍ਰਤਾਪ ਸਿੰਘ ਢਿੱਲੋਂ ਤੇ ਬਲਰਾਜ ਸਿੰਘ ਢਿੱਲੋਂ ਜੋ ਕਿ ਇੰਗਲੈਂਡ ਵਿਚ ਬਹੁਤ ਵਧੀਆ ਸਥਾਪਤ(ਵੈਲ ਸੈਟਲਡ) ਹਨ ਛੱਡ ਗਏ ਹਨ।ਉਨ੍ਹਾਂ ਦਾ ਭਣੇਵਾ ਐਡਵੋਕੇਟ ਹਿੰਮਤ ਸਿੰਘ ਸ਼ੇਰਗਿੱਲ ਆਮ ਪਾਰਟੀ ਦੇ ਲੀਗਲ ਸੈੱਲ ਦਾ ਮੁੱਖੀ ਹੈ।

ਉਨ੍ਹਾਂ ਦੇ ਅਕਾਲ ਚਲਾਣੇ 'ਤੇ ਉਨ੍ਹਾਂ ਦੇ ਚਾਚਾ ਜੀ ਸ. ਪਾਲ ਸਿੰਘ ਢਿੱਲੋਂ, ਚਰੇਰੇ ਭਰਾਵਾਂ ਸ. ਮਨਮੋਹਨ ਸਿੰਘ ਢਿੱਲੋਂ, ਸ. ਕੰਵਲਜੀਤ ਸਿੰਘ ਢਿੱਲੋਂ



, ਕਨੇਡਾ ਵਿਚ ਇਸ ਸਮੇਂ ਨਿਵਾਸ ਕਰਨ ਵਾਲੇ ਕਰਮਬੀਰ ਸਿੰਘ ਸਰਕਾਰੀਆ, ਬੱਬੀ ਸਰਕਾਰੀਆ, ਪ੍ਰਿੰਸ ਸਰਕਾਰੀਆ, ਸ. ਹਰਦਿਆਲ ਸਿੰਘ ਸਰਕਾਰੀਆ, ਸ.ਵਿਕਰਮ ਸਿੰਘ ਸਰਕਾਰੀਆ, ਲੋਕ ਸਭਾ ਮੈਂਬਰ ਸ. ਗੁਰਜੀਤ ਸਿੰਘ ਔਜਲਾ, ਕਵੀ ਸ. ਹਰੀ ਸਿੰਘ ਗਰੀਬ ਸਰਕਾਰੀਆ, ਸ. ਸੂਬਾ ਸਿੰਘ ਸਰਕਾਰੀਆ, ਸ. ਰੁਪਿੰਦਰ ਸਿੰਘ ਸਰਕਾਰੀਆ, ਸ. ਰਣਬੀਰ ਸਿੰਘ ਸਰਕਾਰੀਆ ਕੈਲੀਫੋਰਨੀਆ,ਇਸ ਸਮੇਂ ਕਨੇਡਾ ਵਿਚ ਨਿਵਾਸ ਕਰ ਰਹੇ ਬਿੱਟੂ ਤੇ ਬਿੱਲੂ ਭਿੰਡੀਆਂਵਾਲੇ, ਮਾਸਟਰ ਸੁੱਚਾ ਸਿੰਘ, ਮਾਸਟਰ ਤਰਲੋਕ ਸਿੰਘ, ਸ. ਬਲਜੀਤ ਸਿੰਘ ਔਜਲਾ, ਕੌਂਸਲਰ ਹਰਪਨ ਔਜਲਾ, ਸ. ਸੁਖਜਿੰਦਰ ਸਿੰਘ ਔਜਲਾ ਆਦਿ ਨੇ ਪ੍ਰਵਾਰ ਨਾਲ ਦੁੱਖ ਸਾਂਝਾ ਕੀਤਾ ਹੈ ਅਤੇ ਵਾਹਿਗੁਰੂ ਅੱਗੇ ਅਰਦਾਸ ਕੀਤੀ ਹੈ ਕਿ ਉਹ ਵਿੱਛੜੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ੇ ਤੇ ਪਰਵਾਰ ਨੂੰ ਭਾਣਾ ਮੰਨਣ ਦਾ ਬੱਲ ਬਖ਼ਸ਼ੇ।

ਉਨ੍ਹਾਂ ਦਾ ਸਸਕਾਰ ਸ਼ੁਕਰਵਾਰ 10 ਸਤੰਬਰ 2021 ਨੂੰ ਹਾਉਨਸਲੋਅ ਸਸਕਾਰਘਰ ਵਿਚ ਸਵੇਰੇ 10.40 ਹੋਵੇਗਾ। ਭੋਗ ਉਸੇ ਦਿਨ ਬਾਦ ਦੁਪਹਿਰ 1.30 ਵਜੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥ ਹਾਲ ਪਵੇਗਾ।

# ਖਾਲਸਾ ਕਾਲਜ ਦੀ ਵਿਦਿਆਰਥਣ ਦੀ ਹਵਾਈ ਸੈਨਾ 'ਚ ਫ਼ਲਾਇੰਗ ਅਫ਼ਸਰ ਚੋਣ

**ਅੰਮ੍ਰਿਤਸਰ (ਬਿਊਰੋ) –** ਖਾਲਸਾ ਕਾਲਜ਼ ਦੀ ਵਿਦਿਆਰਥਣ ਨੇ ਭਾਰਤੀ ਹਵਾਈ ਫੌਜ਼ 'ਚ ਫਲਾਇੰਗ ਅਫ਼ਸਰ ਦੀ ਥਾਂ ਬਣਾਈ ਹੈ। ਇਸ ਸਬੰਧੀ ਕਾਲਜ ਪ੍ਰਿੰਸੀਪਲ ਡਾ. ਮਹਿਲ ਸਿੰਘ ਨੇ ਐਮ.ਏ. ਅੰਗਰੇਜੀ ਦੀ ਵਿਦਿਆਰਥਣ ਪਵਨਦੀਪ ਕੌਰ ਨੂੰ ਵਧਾਈ ਦਿੰਦਿਆ ਦੱਸਿਆ ਕਿ ਕਾਲਜ ਆਪਣੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਅਤੇ ਉਨ੍ਹਾਂ ਨੂੰ ਰੋਜ਼ਗਾਰ ਮੁਹੱਈਆ ਕਰਵ-ਾਉਣ ਲਈ ਹਮੇਸ਼ਾ ਯਤਨਸ਼ੀਲ ਰਹਿੰਦਾ ਹੈ।

ਇਸ ਉਪਲਬਧੀ 'ਤੇ ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਆਨਰੇਰੀ ਸਕੱਤਰ ਸ: ਰਜਿੰਦਰ ਮੋਹਨ ਸਿੰਘ ਛੀਨਾ ਨੇ ਵਿਦਿਆਰਥਣ ਪਵਨਦੀਪ ਕੌਰ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਪ੍ਰਿੰ: ਡਾ. ਮਹਿਲ ਸਿੰਘ ਦੀ ਅਗਵਾਈ ਹੇਠ ਕਾਲਜ ਦੇ ਵਿਦਿਆਰਥੀ ਅਨੁਸ਼ਾਸ਼ਨ 'ਚ ਰਹਿ ਕੇ ਵਧੀਆ ਵਿੱਦਿਆ ਗ੍ਰਹਿ ਕਰਕੇ ਸ਼ਾਨਦਾਰ ਅਹੁੱਦਿਆਂ 'ਤੇ ਬਿਰਾਜਮਾਨ ਹੋ ਰਹੇ ਹਨ।



ਪ੍ਰਿੰ: ਡਾ. ਮਹਿਲ ਸਿੰਘ ਨੇ ਅਧਿਆਪਕਾਂ ਵਲੋਂ ਕੀਤੀ ਜਾਂਦੀ ਅਣਥੱਕ ਮਿਹਨਤ ਲਈ ਸ਼ਲਾਘਾ ਕੀਤੀ ਅਤੇ ਵਧਾਈ ਦਿੱਤੀ। ਇਸ ਮੌਕੇ ਪ੍ਰੋਫੈਸਰ ਅਨੁਪਮ ਸੰਧੂ ਨੇ ਪਵਨਦੀਪ ਅਤੇ ਉਸ ਦੇ ਪਰਿਵਾਰ ਨੂੰ ਵਧਾਈ ਦਿੰਦਿਆ ਦੱਸਿਆ ਕਿ ਉਹ ਐਮ. ਏ. ਅੰਗਰੇਜੀ ਦੀ ਵਿਦਿਆਰਥਣ ਹੈ ਅਤੇ ਆਪਣੀ ਲਗਨ ਅਤੇ ਮਿਹਨਤ ਕਰਕੇ ਵਿਦਿਆਰਥੀਆਂ ਲਈ ਹਮੇਸ਼ਾ ਪ੍ਰੇਰਣਾ ਸਰੋਤ ਰਹੀ ਹੈ ਅਤੇ ਵਿਭਾਗ ਨੂੰ ਉਸ 'ਤੇ ਮਾਣ ਹੈ ਅਤੇ ਵਿਭਾਗ ਉਸ ਦੀ ਹਮੇਸ਼ਾ ਚੜ੍ਹਦੀ ਕਲਾ ਲਈ ਅਰਦਾਸ ਕਰਦਾ ਹੈ।

ਇਸ ਮੌਕੇ ਪ੍ਰੋ: ਸੁਪਨਿੰਦਰ-ਜੀਤ ਕੌਰ, ਪ੍ਰੋ: ਪ੍ਰਨੀਤ ਢਿਲੋਂ, ਡਾ: ਸਾਵੰਤ ਸਿੰਘ ਮੰਟੋ, ਪ੍ਰੋ: ਮਲਕਿੰਦਰ ਸਿੰਘ, ਪ੍ਰੋ: ਦਲਜੀਤ ਸਿੰਘ, ਡਾ: ਮਮਤਾ ਮਹਿੰਦਰੂ, ਪ੍ਰੋ: ਵਿਜੇ ਬਰਨਾਡ, ਪ੍ਰੋ: ਗੁਰਪ੍ਰੀਤ ਸਿੰਘ, ਪ੍ਰੋ: ਹਰਸ਼ ਸਲਾਰੀਆ, ਸੌਰਵ ਮੇਘ

# ਸੰਘਰਸ਼ੀ ਕਿਸਾਨਾਂ ਨੇ ਮੀਂਹ ਅਤੇ ਹਨੇਰੀ ਦੀ ਮਾਰ ਤੋਂ ਬਚਣ ਲਈ ਬੈਸਟ ਪ੍ਰਾਈਸ ਅੱਗੇ ਉਸਾਰਿਆ ਜਿਸਤੀ ਚਾਦਰਾਂ ਦਾ ਪੱਕਾ ਸ਼ੈੱਡ

**ਭੁੱਚੋ ਮੰਡੀ–**ਖੇਤੀ ਕਾਨੂੰਨਾਂ ਖ਼ਿਲਾਫ਼ ਲੰਮਾ ਅਤੇ ਜਾਨ ਹੂਲਵਾਂ ਸੰਘਰਸ਼ ਲੜ ਰਹੇ ਕਿਸਾਨਾਂ ਨੇ ਮੀਂਹ ਅਤੇ ਹਨੇਰੀ ਦੀ ਮਾਰ ਤੋਂ ਬਚਣ ਲਈ ਬਹੁਕੌਮੀ ਕੰਪਨੀ ਵਾਲਮਾਰਟ ਦੇ ਮੈਗਾ ਮਲਟੀ ਸਟੋਰ ਬੈਸਟ ਪ੍ਰਾਈਸ ਅੱਗੇ ਜਿਸਤੀ ਚਾਦਰਾਂ ਦਾ ਪੱਕਾ ਸ਼ੈੱਡ ਉਸਾਰ ਲਿਆ ਹੈ। ਕਿਸਾਨਾਂ ਵਲੋਂ ਭਾਰਤੀ ਕਿਸਾਨ ਯੂਨੀਅਨ ਏਕਤਾ (ਉ-ਗਰਾਹਾਂ) ਦੀ ਅਗਵਾਈ ਵਿਚ ਇਸ ਮਲਟੀ ਸਟੋਰ ਅੱਗੇ 346 ਦਿਨਾਂ ਤੋਂ ਲਗਾਤਾਰ ਮੋਰਚਾ ਲਾਇਆ ਹੋਇਆ ਹੈ ਫ਼ ਇਸੇ ਦਿਨ ਤੋਂ ਇਹ ਮੈਗਾ ਸਟੋਰ ਪੂਰਨ ਰੂਪ ਵਿਚ ਬੰਦ ਪਿਆ ਹੈ ਅਤੇ ਇਸ ਦੀ ਮਾਲਕੀ ਵਾਲੀ ਕੰਪਨੀ ਵਾਲਮਾਰਟ ਨੂੰ ਕਰੋੜਾਂ ਰੁਪਏ ਦਾ ਘਾਟਾ ਸਹਿਣਾ ਪਿਆ ਹੈ ਫ਼ ਇੱਥੋਂ ਤੱਕ ਕਿ ਕੇਂਦਰ ਸਰਕਾਰ ਦੇ ਅੜੀਅਲ ਰਵੱਈਏ ਅਤੇ ਕਿਸਾਨਾਂ ਦੀ ਦ੍ਰਿੜ੍ਹਤਾ ਦੇ ਚਲਦਿਆਂ ਸੰਘਰਸ਼ ਦੀ ਸਮਾਂ ਸੀਮਾ ਬਾਰੇ ਬਣੀ ਅਨਿਸ਼ਚਿਤਤਾ ਅਤੇ ਵੱਡੇ ਵਿੱਤੀ ਨੁਕਸਾਨ ਕਾਰਨ ਕੰਪਨੀ ਨੇ ਇਹ ਸਟੋਰ ਪੂਰੀ ਤਰਾਂ ਪੱਕੇ ਤੌਰ 'ਤੇ ਬੰਦ ਕਰ ਦਿੱਤਾ ਹੈ ਅਤੇ ਇਸ ਨਾਲ ਜੁੜੀ ਸਮੁੱਚੀ ਥੋਕ ਵਿਕਰੇਤਾ ਮੈਂਬਰਸ਼ਿਪ ਖਾਰਜ ਕਰ ਦਿੱਤੀ ਹੈ। ਕੰਪਨੀ ਵਲੋਂ ਹੁਣ ਇਸ ਸਟੋਰ ਦੀ ਥਾਂ ਕਿਸੇ ਹੋਰ ਜਗਾ 'ਤੇ ਵੇਅਰ ਹਾਊਸ ਬਣਾ ਕੇ ਆਪਣੀ ਸਹਿਯੋਗੀ ਬਹੁਕੌਮੀ ਕੰਪਨੀ ਈ-ਕਾਰਟ ਰਾਹੀਂ ਈ-ਬਿਜ਼ਨੈਸ ਕਰਨ ਦੀ ਵਿਉਂਤ 'ਤੇ ਕੰਮ ਕੀਤਾ ਜਾ ਰਿਹਾ ਹੈ। ਦੂਜੇ ਪਾਸੇ ਕਿਸਾਨ ਇਸ ਮੋਰਚੇ ਨੂੰ ਕਿਸੇ ਵੀ ਕੀਮਤ 'ਤੇ ਛੱਡਣ ਲਈ ਤਿਆਰ ਨਹੀਂ ਹਨ। ਕਿਸਾਨਾਂ ਦਾ ਤਰਕ ਹੈ ਕਿ ਬਹੁਕੌਮੀ ਕੰਪਨੀਆਂ ਅਤੇ ਸਰਮਾਏਦਾਰ ਘਰਾਣੇ ਮੁਲਕ ਦੀ ਆਵਾਮ ਦਾ ਰੱਤ ਚੂਸ ਰਹੇ ਹਨ। ਹਕੂਮਤ ਚੂੰਕਿ ਇਹਨਾਂ ਕੰਪਨੀਆਂ ਦੀ ਰਖੇਲ ਬਣੀ ਹੋਈ ਹੈ, ਹਾਕਮਾਂ ਨੂੰ ਸੱਤਾ ਦੇ ਨਸ਼ੇ ਤੋਂ ਹਲੂਣਾ ਦੇਣ ਲਈ ਇਹਨਾਂ ਕੰਪਨੀਆਂ ਨੂੰ ਸੱਟ ਮਾਰਨੀ ਲਾਜ਼ਮੀ ਹੈ। ਕੰਪਨੀ ਨੇ ਜਿਹਨਾਂ ਮੁਲਾਜ਼ਮਾਂ ਨੂੰ ਕਿਸਾਨੀ ਅੰਦੋਲਨ ਦਾ ਬਹਾਨਾ ਬਣਾ ਕੇ ਚੁਸਤੀ ਨਾਲ ਨੌਕਰੀਆਂ ਤੋਂ ਫਾਰਗ ਕਰ ਦਿੱਤਾ ਸੀ, ਵੀ ਕਿਸਾਨਾਂ ਦਾ ਸਾਥ ਲੈ ਕੇ ਇੱਥੇ ਹੀ ਸੰਘਰਸ਼ ਵਿਚ ਡਟੇ ਹੋਏ ਹਨ। ਮੁਲਾਜ਼ਮਾਂ ਨੂੰ ਝਾਕੇ ਹੈ ਕਿ ਕਿਸਾਨੀ ਸੰਘਰਸ਼ ਦਾ ਦਬਾਅ ਕੰਪਨੀ ਨੂੰ ਮਜ਼ਬੂਰ ਕਰ ਦੇਵੇਗਾ ਕਿ ਕੰਪਨੀ ਉਨੈਹਾਂ ਨੂੰ ਨਵੇਂ ਸ਼ੁਰੂ ਕੀਤੇ ਜਾ ਰਹੇ ਈ-ਬਿਜ਼ਨੈਸ ਵਿਚ ਅਡਜਸਟ ਕਰ ਦੇਵੇਗੀ। ਇਹ ਮੁਲਾਜ਼ਮ 2 ਵਾਰ ਦਿੱਲੀ ਵਿਖੇ ਧੜੱਲੇਦਾਰ ਕਿਸਾਨ ਆਗੂ ਜੋਗਿੰਦਰ ਸਿੰਘ ਉਗਰਾਹਾਂ ਨੂੰ ਮਿਲ ਕੇ ਆਏ ਹਨ। ਇਸ ਵਾਰ ਦੇ ਮੌਸਮੀ ਸੀਜ਼ਨ ਦੌਰਾਨ ਪਏ ਭਾਰੀ ਮੀਂਹ ਅਤੇ ਹਨੇਰੀ ਕਾਰਨ ਕਿਸਾਨਾਂ ਦਾ ਇੱਥੋਂ ਟੈਂਟ ਵਾਰ-ਵਾਰ ਉਖੜ ਰਿਹਾ ਸੀ ਅਤੇ ਧਰਨੇ ਵਿਚ ਵਿਘਨ ਪੈ ਰਿਹਾ ਸੀ। ਇਸ ਮੁਸੀਬਤ ਤੋਂ ਪੱਕੇ ਤੌਰ 'ਤੇ ਛੁਟਕਾਰਾ ਪਾਉਣ ਲਈ ਕਿਸਾਨਾਂ ਨੇ ਵੱਡਾ ਖਰਚ ਕਰਕੇ ਸਮੁੱਚੇ ਪੰਡਾਲ 'ਤੇ ਜਿਸਤੀ ਚਾਦਰਾਂ ਦਾ ਸ਼ੈੱਡ ਪਾ ਦਿੱਤਾ ਹੈ, ਜਿਸ ਤੋਂ ਸਪਸ਼ਟ ਹੈ ਕਿਸਾਨਾਂ ਦੇ ਇਰਾਦੇ ਖੇਤੀ ਕਾਨੂੰਨ ਰੱਦ ਕੀਤੇ ਜਾਣ ਤੱਕ ਲੰਮੇ

# ਅੰਮ੍ਰਿਤਸਰ ਵਿਕਾਸ ਮੰਚ ਵਲੋਂ ਸ. ਹਰਨਾਮ ਸਿੰਘ ਗਿੱਲ ਦੇ ਅਕਾਲ ਚਲਾਣੇ 'ਤੇ ਦੁਖ਼ ਦਾ ਪ੍ਰਗਟਾਵਾ

**ਅੰਮ੍ਰਿਤਸਰ (ਬਿਊਰੋ)–** ਅੰਮ੍ਰਿਤਸਰ ਵਿਕਾਸ ਮੰਚ ਵਲੋਂ ਮੰਚ ਦੇ ਸਭ ਤੋਂ ਸੀਨੀਅਰ ਮੈਂਬਰ ਸ ਹਰਨਾਮ ਸਿੰਘ ਗਿੱਲ ਦੇ ਅਕਾਲ ਚਲਾਣੇ 'ਤੇ ਡੂੰਘੇ ਦੁਖ ਦਾ ਪ੍ਰਗਟਾਵਾ ਕੀਤਾ ਗਿਆ ਹੈ। ਪ੍ਰੈਸ ਨੂੰ ਜਾਰੀ ਇਕ ਸਾਂਝੇ ਬਿਆਨ ਵਿਚ ਮੰਚ ਦੇ



ਸਰਪ੍ਰਸਤ ਪ੍ਰੋਫ਼ੈਸਰ ਮੋਹਨ ਸਿੰਘ, ਇੰਜ. ਹਰਜਾਪ ਸਿੰਘ ਔਜਲਾ, ਡਾ. ਚਰਨਜੀਤ ਸਿੰਘ ਗੁਮਟਾਲਾ, ਮਨਮੋਹਨ ਸਿੰਘ ਬਰਾੜ, ਪ੍ਰਿਸੀਪਲ ਕੁਲਵੰਤ ਸਿੰਘ ਅਣਖੀ ਤੇ ਇੰਜ. ਦਲਜੀਤ ਸਿੰਘ ਕੋਹਲੀ, ਪ੍ਰਧਾਨ ਹਰਦੀਪ ਸਿੰਘ ਚਾਹਲ, ਸੀਨੀਅਰ ਮੀਤ ਡਾ. ਇੰਦਰਜੀਤ ਸਿੰਘ ਗੋਗੋਆਣੀ ਤੇ ਸੁਰਿੰ-ਦਰਜੀਤ ਸਿੰਘ ਬਿੱਟੂ, ਜਨਰਲ ਸਕੱਤਰ ਰਾਜਵਿੰਦਰ ਸਿੰਘ ਗਿੱਲ ਤੇ ਸਮੂਹ ਕਾਰਜਕਾਰੀ ਮੈਂਬਰਾਂ ਕਿਹਾ ਸ. ਹਰਨਾਮ ਸਿੰਘ ਗਿੱਲ ਇਕ ਬਹੁਤ ਹੀ ਨੇਕ ਤੇ ਹਲੀਮੀ ਸੁਭਾਅ ਦੇ ਮਾਲਕ ਸਨ। ਉਨ੍ਹਾਂ ਬਤੌਰ ਅਧਿਆਪਕ ਸ੍ਰੀ ਗੁਰੂ ਰਾਮਦਾਸ ਸੀਨੀਅਰ ਸੈਕੰਡਰੀ ਸਕੂਲ ਅੰਮਿ-੍ਰਤਸਰ, ਖਾਲਸਾ ਕਾਲਜ ਸੀਨੀਅਰ ਸੈਕੰਡਰੀ ਸਕੂਲ ਅੰਮ੍ਰਿਤਸਰ ਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਟਾਊਨ ਹਾਲ ਅੰਮ੍ਰਿਤਸਰ ਤੇ ਹੋਰਨਾਂ ਸਰਕਾਰੀ ਸਕੂਲਾਂ ਵਿਚ ਸੇਵਾ ਕੀਤੀ।ਉਨ੍ਹਾਂ ਦੇ ਪੜ੍ਹੇ ਵਿਦਿਆਰਥੀ ਵੱਖ ਵੱਖ ਪੇਸ਼ਿਆਂ ਵਿਚ ਹਨ। ਉਹ ਭਾਵੇਂ ਇਸ ਸੰਸਾਰ 'ਚੋਂ ਚਲੇ ਗਏ ਹਨ ਪਰ ਉਹ ਆਪਣੇ ਵਿਦਿਆਰਥੀਆਂ, ਦੋਸਤਾਂ ਮਿੱਤਰਾਂ ਸੁਨੇਹੀਆਂ ਦਾ ਮਨਾਂ ਵਿਚ ਹਮੇਸ਼ਾਂ ਵੱਸਦੇ ਰਹਿਣਗੇ। ਉਨ੍ਹਾਂ ਦੇ ਨਮਿਤ ਰਖੇ ਅਖੰਡ ਪਾਠ ਦਾ ਭੋਗ 8 ਸਤੰਬਰ 2021 ਦਿਨ ਬੁੱਧਵਾਰ ਨੂੰ ਗੁਰਦੁਆਰਾ ਛੇਵੀਂ ਪਾਤਸ਼ਾਹੀ ਬੀ ਬਲਾਕ ਰਣਜੀਤ ਐਵੇਨਿਊ ,ਅੰਮ੍ਰਿਤਸਰ ਵਿਖੇ 1 ਤੋਂ 2 ਵੱਜੇ ਤੱਕ ਪਵੇਗਾ ਘਰ ਪਵੇਗਾ ਤੇ ਅੰਤਿਮ ਅਰਦਾਸ ਦੁਪਹਿਰ 1 ਤੋਂ 2 ਵਜੇ ਤੀਕ ਅੰਮ੍ਰਿਤਸਰ ਵਿਖੇ ਹੋਏਗੀ। ਸਮੂੰਹ ਮੈਂਬਰਾਂ ਨੂੰ ਇਸ ਸੋਗ ਸਮਾਗਮ ਵਿਚ ਪੁਜਣ ਦੀ ਬੇਨਤੀ ਕੀਤੀ ਜਾਂਦੀ ਹੈ।

# ਗਠਜੋੜ ਦੀ ਸਰਕਾਰ ਬਣਨ ਤੇ ਸ਼ਹੀਦ ਬਾਬਾ ਜੀਵਨ ਸਿੰਘ ਜੀ ਦੇ ਨਾਮ ਤੇ ਯੂਨੀਵਰਸਿਟੀ ਬਣਾਈ ਜਾਵੇਗੀ- ਗੜ੍ਹੀ

## ਸ਼ਹੀਦ ਬਾਬਾ ਜੀਵਨ ਸਿੰਘ ਜੀ ਦੇ ਜੀਵਨ ਨੂੰ ਸਮਰਪਿਤ ਸੂਬਾ ਪੱਧਰੀ ਸਮਾਗਮ 2022 'ਚ ਬਸਪਾ ਅਕਾਲੀ ਗਠਜੋੜ ਦੀ ਸਰਕਾਰ ਬਣਨ ਤੇ ਸ਼੍ਰੋਮਣੀ ਜਰਨੈਲ ਬਾਬਾ ਜੀਵਨ ਸਿੰਘ ਦੇ ਨਾਮ ਤੇ ਯਨੀਵਰਸਿਟੀ ਬਣਾਈ ਜਾਵੇਗੀ ਤੇ ਉਨ੍ਹਾਂ ਦੇ ਜਨਮ ਦਿਵਸ ਤੇ ਗਜ਼ਟਿਡ ਛੁੱਟੀ ਹੋਵੇਗੀ -ਜਸਵੀਰ ਸਿੰਘ ਗੜ੍ਹੀ







**ਜਲੰਧਰ (ਬਿਊਰੋ)-** ਮਾਨਯੋਗ ਕਾਂਸ਼ੀ ਰਾਮ ਭਵਨ ਵਿਖੇ ਬਹੁਜਨ ਸਮਾਜ ਪਾਰਟੀ ਵਲੋਂ ਕਿਤੇ ਅਸੀਂ ਭੁੱਲ ਨਾ ਜਾਈਏ ਆਪਣੇ ਰਹਿਬਰਾਂ ਦੀ ਕੁਰਬਾਨੀ ਨੂੰ ਬੈਨਰ ਹੇਠ ਸੂਬਾ ਪੱਧਰੀ ਸਮਾਗਮ ਕਰਕੇ ਸ਼੍ਰੋਮਣੀ ਜਰਨੈਲ ਤੇ ਅਦੁੱਤੀ ਸ਼ਹੀਦ ਬਾਬਾ ਜੀਵਨ ਸਿੰਘ ਜੀ ਦੀ ਨੂੰ ਤਾਜ਼ਾ ਕੀਤਾ ਗਿਆ। ਬਸਪਾ ਪੰਜਾਬ ਵਲੋਂ ਸਤੰਬਰ ਦਾ ਸਾਰਾ ਮਹੀਨਾ ਬਾਬਾ ਜੀਵਨ ਦੀ ਯਾਦ ਨੂੰ ਸਮਰਪਿਤ ਕੀਤਾ ਗਿਆ ਹੈ। ਇਸ ਮੌਕੇ ਬਹੁਜਨ ਸਮਾਜ ਪਾਰਟੀ ਪੰਜਾਬ ਹਰਿਆਣਾ ਤੇ ਚੰਡੀਗੜ੍ਹ ਦੇ ਪ੍ਰਭਾਰੀ ਸ੍ਰੀ ਰਣਧੀਰ ਸਿੰਘ ਬੇਨੀਵਾਲ ਮੁਖ ਮਹਿਮਾਨ, ਪੰਜਾਬ ਦੇ ਪ੍ਰਭਾਰੀ ਸ੍ਰੀ ਵਿਪੁਲ ਕੁਮਾਰ ਜੀ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਸਮਾਗਮ ਦੀ ਪ੍ਰਧਾਨਗੀ ਬਸਪਾ ਦੇ ਸੂਬਾ ਪ੍ਰਧਾਨ ਸ ਜਸਵੀਰ ਸਿੰਘ ਗੜ੍ਹੀ ਨੇ ਕੀਤੀ। ਬਸਪਾ ਪ੍ਰਧਾਨ ਸ ਗੜ੍ਹੀ ਨੇ ਬਾਬਾ ਜੀਵਨ ਸਿੰਘ ਜੀ ਦੀ ਬੇਮਿਸਾਲ ਕੁਰਬਾਨੀ ਦਾ ਜਿਕਰ ਕਰਦਿਆਂ ਅਫਸੋਸ ਜ਼ਾਹਰ ਕੀਤਾ ਕਿ 360 ਸਾਲ ਬੀਤ ਜਾਣ ਦੇ ਬਾਵਜੂਦ ਉਹਨਾਂ ਦੀ ਕੁਰਬਾਨੀ ਦਾ ਮੁੱਲ ਨਹੀਂ ਪਾਇਆ ਗਿਆ। ਸਗੋਂ ਉਹਨਾਂ ਨੂੰ ਅਣਗੌਲਿਆਂ ਕੀਤਾ ਗਿਆ। 2022 ਵਿਚ ਬਸਪਾ ਅਕਾਲੀ ਗਠਜੋੜ ਦੀ ਸਰਕਾਰ ਬਣਨ ਤੇ ਬਾਬਾ ਜੀਵਨ ਸਿੰਘ ਜੀ ਦੇ ਨਾਮ ਤੇ ਯੂਨੀਵਰਸਿਟੀ ਬਣਾਈ ਜਾਵੇਗੀ ਤੇ ਗਜ਼ਟਿਡ ਛੁੱਟੀ ਕੀਤੀ ਜਾਵੇਗੀ ਤੇ ਆਪਣੇ ਰਹਿਬਰਾਂ



ਦੀਆਂ ਸ਼ਾਨਦਾਰ ਯਾਦਗਾਰਾਂ ਸਥਾਪਿਤ ਕੀਤੀਆਂ ਜਾਣਗੀਆਂ।

ਇਸ ਤੋਂ ਇਲਾਵਾ ਸ੍ਰੀ ਭਗਵਾਨ ਸਿੰਘ ਚੌਹਾਨ ਜਨਰਲ ਸਕੱਤਰ ਪੰਜਾਬ, ਸ: ਲਾਲ ਸਿੰਘ ਸੁਲਹਾਣੀ ਜਨਰਲ ਸਕੱਤਰ ਬਸਪਾ ਪੰਜਾਬ, ਸ੍ਰੀ ਗੁਰਬਖਸ਼ ਸਿੰਘ ਸ਼ੇਰਗਿੱਲ ਜਨਰਲ ਸਕੱਤਰ ਬਸਪਾ ਪੰਜਾਬ, ਸ: ਹਰਜੀਤ ਸਿੰਘ ਲੌਂਗੀਆ ਮੀਤ ਪ੍ਰਧਾਨ ਬਸਪਾ ਪੰਜਾਬ ਵਲੋਂ ਸੰਖੇਪ ਪਰ ਭਾਵਪੂਰਤ ਸ਼ੈਲੀ ਵਿਚ ਬਾਬਾ ਜੀਵਨ ਸਿੰਘ ਜੀ ਦੇ ਜੀਵਨ ਤੇ ਵਿਚਾਰ ਵਿਅਕਤ ਕੀਤੇ ਤੇ ਉਹਨਾਂ ਦੀ ਸੋਚ ਸੋਚ ਤੇ ਪਹਿਰਾ ਦੇਣ ਲਈ ਅਪੀਲ ਕੀਤੀ ਤਾਂਕਿ ਰਹਿਬਰਾਂ ਦਾ ਚਿਤਵਿਆ ਬੇਗਮਪੁਰੇ ਦਾ ਸੰਕਲਪ ਪੂਰਾ ਕਰਕੇ ਗਰੀਬਾਂ ਨੂੰ "ਸਰਦਾਰ ਤੇ ਪਾਤਸ਼ਾਹ" ਬਣਾਉਣ ਦਾ ਸੁਪਨਾ ਸਾਕਾਰ ਹੋ ਸਕੇ।

ਮੰਚ ਸੰਚਾਲਨ ਐਡਵੋਕੇਟ ਰਣਜੀਤ ਕੁਮਾਰ ਜਨਰਲ ਸਕੱਤਰ ਬਸਪਾ ਪੰਜਾਬ ਨੇ ਬਾਖੂਬੀ ਕੀਤਾ।

# ਭਾਜਪਾ ਨੂੰ ਵੱਡਾ ਝਟਕਾ, ਸੂਬਾ ਕਾਰਜਕਾਰਣੀ ਦੇ ਮੈਂਬਰ ਅਤੇ ਰੋਪੜ ਜਿਲ੍ਹੇ ਦੇ ਇੰਚਾਰਜ ਸੁਸ਼ੀਲ ਸ਼ਰਮਾ ਪਿੰਕੀ ਸੈਂਕੜੇ ਸਾਥੀਆਂ ਸਮੇਤ ਬਸਪਾ 'ਚ ਹੋਏ ਸ਼ਾਮਲ





**ਮੁਕੇਰੀਆਂ (ਨੌਲੀ)-** ਭਾਰਤੀ ਜਨਤਾ ਪਾਰਟੀ ਨੂੰ ਬਹੁਜਨ ਸਮਾਜ ਪਾਰਟੀ ਵੱਲੋਂ ਵੱਡਾ ਝਟਕਾ ਦਿੱਤਾ ਗਿਆ ਹੈ। ਬਹੁਜਨ ਸਮਾਜ ਪਾਰਟੀ ਪੰਜਾਬ ਦੇ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਦੀ ਅਗਵਾਈ ਹੇਠ ਪੰਜਾਬ ਭਾਜਪਾ ਦੇ ਕਾਰਜਕਾਰਣੀ ਮੈਂਬਰ ਸੁਸ਼ੀਲ ਸ਼ਰਮਾ ਪਿੰਕੀ ਨੇ ਭਾਜਪਾ ਨੂੰ ਅਲਵਿਦਾ ਕਹਿ ਕੇ ਬਹੁਜਨ ਸਮਾਜ ਪਾਰਟੀ ਵਿਚ ਸ਼ਾਮਲ ਹੋਣ ਦਾ ਕੀਤਾ ਹੈ। ਸੁਸ਼ੀਲ ਸ਼ਰਮਾ ਪਿੰਕੀ ਦਾ ਬਸਪਾ ਵਿੱਚ ਸ਼ਾਮਲ ਹੋਣ ਤੇ ਬਸਪਾ ਪੰਜਾਬ ਦੇ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਸਵਾਗਤ ਕਰਦਿਆਂ ਕਿਹਾ ਕਿ ਬਸਪਾ ਵਿੱਚ ਸਾਰੇ ਹੀ ਧਰਮਾਂ ਦਾ ਸਤਿਕਾਰ ਹੈ ਅਤੇ ਬਸਪਾ ਦੀ 'ਸਰਵਜਨ ਹਿਤਾਇ, ਸਰਵਜਨ ਸੁਖਾਇ' ਦੀ ਨੀਤੀ ਦਾ ਹੀ ਅਸਰ ਹੈ ਕਿ ਪੰਜਾਬ ਦੇ ਹਰ ਵਰਗ ਦੇ ਲੋਕ ਬਹੁਜਨ ਸਮਾਜ ਪਾਰਟੀ ਦੇ ਨਾਲ ਜੁੜ ਰਹੇ ਹਨ ਅਤੇ ਪੰਜਾਬ ਦੇ ਸਰਵਪੱਖੀ ਵਿਕਾਸ ਲਈ ਵਾਲੀ ਅਕਾਲੀ-ਬਸਪਾ ਦੀ ਸਰਕਾਰ ਦਾ ਮੁੱਢ ਬੰਨ ਰਹੇ ਹਨ। ਇਸ ਮੌਕੇ ਬਸਪਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਭਾਜਪਾ ਵਾਲੇ ਕਿਸੇ ਵੀ ਐਰੇ ਗੈਰੇ ਨੂੰ ਫੜ੍ਹਕੇ ਬਸਪਾ ਦਾ ਵਰਕਰ ਕਹਿ ਕੇ ਫੋਕੀ ਬੱਲੇ ਬੱਲੇ ਕਰਵ-ਾਉਣ ਵਿੱਚ ਆਪਣੀ ਸ਼ਾਨ ਸਮਝ ਰਹੇ ਹਨ। ਸ.ਗੜ੍ਹੀ ਨੇ ਕਿਹਾ ਕਿ ਸੁਸ਼ੀਲ ਸ਼ਰਮਾ ਪਿੰਕੀ ਦੀ ਬਸਪਾ ਵਿੱਚ ਸ਼ਮੂਲੀਅਤ ਉਨ੍ਹਾਂ ਭਾਜਪਾ ਆਗੂਆਂ ਨੂੰ ਬਸਪਾ ਦਾ ਇਹ ਜਵਾਬ ਹੈ ਜਿਹੜੇ ਭਾਜਪਾ ਆਗੂ ਬਸਪਾ ਵਿੱਚ ਸੰਨਮਾਰੀ ਲਈ ਤਰਲੋਮੱਛੀ ਹੁੰਦੇ ਫਿਰ ਰਹੇ ਹਨ। ਉਨ੍ਹਾਂ ਕਿਹਾ ਕਿ ਭਾਜਪਾ ਦੇ ਕੁੱਝ ਹੋਰ ਵੱਡੇ ਆਗੂ ਉਨ੍ਹਾਂ ਦੇ ਸੰਪਰਕ ਵਿੱਚ ਹਨ ਜਿਨ੍ਹਾਂ ਨੂੰ ਬਸਪਾ ਦੀ ਕਸੌਟੀ ਤੇ ਪਰਖਿਆ ਜਾ ਰਿਹਾ ਹੈ ਅਤੇ ਖਰ੍ਹੇ ਉਤਰਣ ਵਾਲੇ ਉਹ ਆਗੂ ਜੇਕਰ ਬਸਪਾ ਵਿੱਚ ਸ਼ਾਮਲ ਕੀਤੇ ਜਾਂਦੇ ਹਨ ਤਾਂ ਪੰਜਾਬ ਵਿੱਚ ਭਾਜਪਾ ਦਾ ਜੋ ਥੋੜਾ ਬਹੁਤ ਆਧਾਰ ਬਚਿਆ ਹੈ, ਉਹ ਵੀ ਜਾਂਦਾ ਲੱਗੇਗਾ

ਜ਼ਿਕਰਯੋਗ ਹੈ ਕਿ ਸੁਸ਼ੀਲ ਸ਼ਰਮਾ ਪਿੰਕੀ ਤਲਵਾੜਾ ਦੇ ਸਰਪੰਚ ਰਹੇ ਹਨ ਅਤੇ ਫਿਰ ਤਲਵਾੜਾ ਬਲਾਕ ਸੰਮਤੀ ਦੇ ਮੈਂਬਰ ਬਣੇ, ਉਸ ਤੋਂ ਬਾਅਦ ਤਲਵਾੜਾ ਕੋ-ਆਪ੍ਰੇਟਿਵ ਐਂਡ ਐਗ੍ਰੀਕਲਚਰ ਸੁਸਾ-ਇਟੀ ਦੇ ਪ੍ਰਧਾਨ ਰਹੇ ਅਤੇ ਫਿਰ ਜ਼ਿਲ੍ਹਾ ਪ੍ਰੀਸ਼ਦ ਦੇ ਮੈਂਬਰ ਬਣੇ। ਸਾਲ 2013 ਤੋਂ 2017 ਤੱਕ ਭਾਜਪਾ ਦੇ ਪੰਚਾਇਤੀ ਰਾਜ ਸੈਲ ਦੇ ਕਨਵੀਨਰ ਰਹੇ ਅਤੇ ਫਿਰ ਰਾਸ਼ਟਰੀ ਪੱਧਰ ਤੇ ਸੈਂਟ੍ਰਲ ਬੋਰਡ ਆਫ ਫਿਲਮ ਸਰਟੀਫਿਕੇਸ਼ਨ ਦੇ ਮੈਂਬਰ ਰਹੇ ਜਦਕਿ ਸਾਲ 2020 ਤੋਂ ਹੁਣ ਤੱਕ ਉਹ ਭਾਜਪਾ ਪੰਜਾਬ ਕਾਰਜਾਕਰਣੀ ਦੇ ਮੈਂਬਰ ਅਤੇ ਹਲਕਾ ਰੋਪੜ ਦੇ ਇੰਚਾਰਜ ਚੱਲੇ ਆ ਰਹੇ ਹਨ। ਸੁਸ਼ੀਲ ਸ਼ਰਮਾ ਪਿੰਕੀ ਨੇ ਇਸ ਮੌਕੇ ਬਸਪਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਦਾ ਸਵਾਗਤ ਕਰਦਿਆਂ ਉਨ੍ਹਾਂ ਦਾ ਧੰਨਵਾਦ ਵੀ ਕੀਤਾ ਅਤੇ ਕਿਹਾ ਕਿ ਬਸਪਾ ਦੀਆਂ ਨੀਤੀਆਂ ਤੋਂ ਖਾਸੇ ਖੁਸ਼ ਹਨ ਕਿਉਂਕਿ ਬਸਪਾ ਵਿੱਚ ਹਰੇਕ ਵਰਗ ਨੂੰ ਬਣਦਾ ਮਾਣ-ਸਨਮਾਨ ਦਿੱਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਉਹ ਬਸਪਾ ਵਿੱਚ ਰਹਿੰਦੇ ਹੋਏ ਪੂਰੀ ਤੰਨਦੇਹੀ ਨਾਲ ਸਰਬ ਸਮਾਜ ਦੀ ਸੇਵਾ ਕਰਨਗੇ ਤਾਂ ਜੋ ਆਉਣ ਵਾਲੇ ਦਿਨਾਂ ਵਿੱਚ ਬਸਪਾ ਨੂੰ ਹੋਰ ਮਜ਼ਬੂਤ ਕਰਕੇ ਪੰਜਾਬ ਵਿੱਚ ਅਕਾਲੀ-ਬਸਪਾ ਦੀ ਸਰਕਾਰ ਬਣਾਈ ਜਾ ਸਕੇ।

ਇਸ ਮੌਕੇ ਅਨਿਲ ਕੁਮਾਰ ਸ਼ਰਮਾ, ਅਰਵਿੰਦ ਕੁਮਾਰ ਸ਼ਰਮਾ, ਬੌਬੀ ਯੂਪੀਏ, ਹਰੀਸ਼ ਸ਼ਰਮਾ, ਡਾ. ਸਰਬਜੀਤ ਸਿੰਘ, ਠਾਕਰ ਵਾਸਦੇਵ, ਸਤਨਾਮ ਸਿੰਘ ਸੈਣੀ, ਇੰਜ. ਪ੍ਰੇਮ ਕੁਮਾਰ, ਰਾਮ ਪ੍ਰਸਾਦ ਸ਼ਰਮਾ, ਕੈਪਟਨ ਕੁਲਦੀਪ ਰਾਣਾ, ਠੈਣੂ ਰਾਮ, ਚੌ. ਸੁਸ਼ੀਲ ਜੀ, ਬਾਲਕਿਸ਼ਨ ਮਹਿਤਾ, ਅਸ਼ੋਕ ਮਹਿਤਾ ਆਦਿ ਸੈਂਕੜੇ ਸਾਥੀ ਬਸਪਾ ਵਿੱਚ ਸ਼ਾਮਿਲ ਹੋਏ। ਪੰਡਾਲ ਵਿਚ ਠਾਠਾਂ ਮਾਰਦਾ ਇਕੱਠ ਸੀ, ਲਗਾਤਾਰ ਇਲਾਕੇ ਦੇ ਲੋਕਾਂ ਦੀ ਪੰਡਾਲ ਵਿਚ ਹਾਜ਼ਰੀ ਵੱਧ ਰਹੀ ਸੀ ਜਿਸ ਨਾਲ ਵਾਰ ਵਾਰ ਕੁਰਸੀਆਂ ਲਗਾਈਆਂ ਜਾ ਰਹੀਆਂ ਸਨ।



ਇਸ ਮੌਕੇ ਸ਼ਾਮਿਲ ਆਗੂਆਂ ਵਿਚ ਗੁਰਲਾਲ ਸੈਲਾ (ਜਨਰਲ ਸਕੱਤਰ, ਬਸਪਾ ਪੰਜਾਬ), ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ (ਪ੍ਰਧਾਨ, ਜਿਲਾ ਸ਼੍ਰੋਮਣੀ ਅਕਾਲੀ ਦਲ), ਗੁਰਪ੍ਰੀਤ ਸਿੰਘ ਚੀਮਾ, ਗੋਬਿੰਦ ਸਿੰਘ ਕਾਨੂੰਗੋ, ਡਾ.ਪੰਨੂ ਲਾਲ, ਜਗਪ੍ਰੀਤ ਸਿੰਘ ਸ਼ਾਹੀ, ਸੂਬੇਦਾਰ ਉਜਾਗਰ ਸਿੰਘ, ਦਲਵਿੰਦਰ ਬੋਦਲ, ਐਡਵੋਕੇਟ ਲਖਵੀਰ ਸਿੰਘ, ਸਤਪਾਲ ਵਰਮਾ, ਮਾਸਟਰ ਹੇਮਰਾਜ, ਵਿੱਕੀ ਜਲੋਟਾ, ਜਿਲਾ ਸਕੱਤਰ ਅਮਨਦੀਪ ਹੈਪੀ, ਨਵਦੀਪ ਪਾਲ ਰਿੰਪਾ, ਗੁਰਿੰਦਰ ਸਿੰਘ ਸੋਨੂੰ, ਗੁਰਪ੍ਰੀਤ ਸਿੰਘ, ਸੁੱਚਾ ਸਿੰਘ ਹਿੰਮਤਪੁਰ, ਤਜਿੰਦਰ ਪਾਲ ਸਿੰਘ, ਸੁਖਵਿੰਦਰ ਸਿੰਘ, ਦੀਪਕ ਰਾਣਾ, ਈਸ਼ਰ ਸਿੰਘ ਮੰਝਪੁਰ ਆਦਿ ਹਾਜਰ ਸਨ।



ਸਤਿਕਾਰਯੋਗ ਮਾਤਾ ਰਾਜ ਰਾਣੀ ਪਤਨੀ ਚੌਧਰੀ ਸਵਰਨਾ ਰਾਮ ਜੀ ਸਾਬਕਾ ਕੈਬਨਿਟ ਮੰਤਰੀ ਪੰਜਾਬ, ਚੌਧਰੀ ਮੋਹਣ ਲਾਲ ਸਾਬਕਾ ਵਿਧਾਇਕ ਬੰਗਾ ਜੀ ਦੀ ਮਾਤਾ ਮੌਤ ਤੇ ਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਸੈਰੀ ਸੰਤੋਖ ਜੱਸੀ ਪ੍ਰਧਾਨ ਪੰਚਾਇਤ ਯੂਨੀਅਨ ਬੰਗਾ ਨਾਲ ਹੰਸ ਰਾਜ ਨੰਬਰਦਾਰ, ਗੁਰਬਚਨ ਸਿੰਘ ਪੰਚ, ਬੱਬੂ ਵਾਲੀਆਂ ਪੰਚ ਚੱਕ ਕਲਾਲ ਅਤੇ ਰਮਨਦੀਪ ਜੱਸੀ ਆਦਿ ਹਾਜ਼ਰ ਸਨ। **ਰਿਪੋਰਟ ਅਤੇ ਤਸਵੀਰ- ਸੰਤੋਖ ਜੱਸੀ**

# 'ਅੱਖਰੀਂ ਮਹਿਫਲ' ਵੱਲੋਂ, ਨਦੀਆਂ ਦੀਆਂ ਤਾਂਡਵੀਂ ਲਹਿਰਾਂ ਨੂੰ ਸ਼ਾਂਤ ਕਰਨ ਦੀ ਸ਼ਕਤੀ ਰੱਖਦੇ ਕਾਵਿ ਨਾਲ ਕਵੀ ਦਰਬਾਰ ਆਨ ਲਾਈਨ ਸੈਕਰਾਮੈਂਟੋ (ਕੈਲੈਫੋਰਨੀਆ) ਤੋਂ

**ਸਿਆਟਲ–** ਮਹੀਨਾ ਭਾਦੋਂ ਦਾ ਅਤੇ ਸੈਕਰਾਮੈਂਟੋ ਤੋਂ ਅੱਖਰੀਂ ਮਹਿਫਲ ਵੱਲੋਂ ਪੇਸ਼ ਕੀਤੇ ਜਾ ਰਹੇ ਸਾਹਿਤਕ ਪ੍ਰੋਗਰਾਮ ਦੇ ਕਵੀ ਦਰਬਾਰ ਵਿੱਚ ਹਾਸਿਆਂ ਦੇ ਝਲਕਾਰੇ, ਸੱਭਿਆਚਾਰਕ ਰੰਗ, ਧਾਰਮਿਕ ਖੁਸ਼ਬੋਅ, ਮਈਅਤ ਦੀ ਯਾਦ, ਤੇ ਸਭ ਤੋਂ ਉਪਰ ਹੀਰ ਵਾਰਿਸ ਦੀ ਹੀਰ-ਰਾਂਝੇ ਦੇ ਇਸ਼ਕ ਮਜਾਜੀ ਤੇ ਇਸ਼ਕ ਰੂਹਾਨੀ ਦੀਆਂ ਸੁਰਾ ਦਾ ਸੰਗਮ ਚੱਲ ਰਿਹਾ ਸੀ। ਭੈਣ ਜਯੋਤੀ ਸਿੰਘ ਦੀ ਸ਼ਹਿਦਾਂ ਭਰੀ ਆਵਾਜ਼ ਵਿੱਚ ਗੂੰਜ ਰਹੇ ਗੀਤ 'ਦਿਲਗੀਰ ਸੁਪਨੇ ਨਾ ਹੋਣ, ਦਿਲ ਮੰਨਦਾ ਹੀ ਨਹੀਂ' ਨਾਲ ਇਸ ਪ੍ਰੋਗਰਾਮ ਦਾ ਆਗਾਜ਼ ਹੋਇਆ।ਸਾਹਿਤ ਦੇ ਬ੍ਰਹਿਮੰਡ ਵਿੱਚ ਬੜੀ ਤੇਜ਼ੀ ਨਾਲ ਉਭਰ ਰਹੀ ਸਾਹਿਤਕਾਰਾ ਹਰਮੀਤ ਕੌਰ ਮੀਤ ਨੇ ਜਿੱਥੇ 'ਧੰਨ ਧੰਨ ਗੁਰੂ ਨਾਨਕ ਜੀ' ਨੂੰ ਯਾਦ ਕਰਦਿਆਂ ਆਪਣੀ ਆਵਾਜ਼ ਨੂੰ ਸੁਰਾਂ 'ਚ ਬੰਨ੍ਹਿਆ ਉਥੇ ਉਸਨੇ 'ਕਲਮ ਤੇ ਤਲਵਾਰ' ਕਵਿਤਾ ਰਾਹੀਂ ਕਲਮ ਦੀ ਸ਼ਕਤੀ ਨੂੰ ਉੱਚ ਸਿੱਧ ਕਰ ਦਿੱਤਾ।ਪੰਜਾਬੀ ਲਿਖਾਰੀ ਸਭਾ ਸਿਆਟਲ ਤੋਂ ਵਿਅੰਗਕਾਰ ਮੰਗਤ ਕੁਲਜਿੰਦ ਸੰਪਾਦਕ (ਸ਼ਬਦ ਤ੍ਰਿੰਜਣ ਬਠਿੰਡਾ) ਨੇ ਦੋ ਕਾਵਿ-ਹਾਸ, ਸੁਣਾਕੇ ਸਭ ਦੇ ਚੇਹਰਿਆਂ ਤੇ ਮੁਸਕੈਰਾਹਟ ਬਿਖੇਰੀ ਤੇ ਨਾਲ ਦੀ ਨਾਲ ਹੀਰ ਰਾਂਝੇ ਦੀ ਪਹਿਲੀ ਮਿਲਣੀ ਦੇ ਭਾਵਾਂ ਨੂੰ ਗੀਤ ਵਿੱਚ ਪਰੋਇਆ।

ਕਵਿੱਤਰੀ ਹਰਜਿੰਦਰ ਕੌਰ ਨੇ 'ਚੁੰਨੀ ਦੀ ਮਹੱਤਤਾ' ਬਾਰੇ ਕਵਿਤਾ ਅਤੇ ਸੁਰਿੰਦਰ ਕੌਰ ਬਰਾੜ ਨੇ 'ਸੋਹਣਾ ਮੇਰਾ ਪਿੰਡ ਪੱਤੋ ਹੀਰਾ ਸਿੰਘ' ਰਾਹੀਂ ਪੰਜਾਬੀ ਸੱਭਿਆਚਾਰ ਦੇ ਦਰਸ਼ਨ ਕਰਵਾਏ।ਕਿੱਸਾ ਹੀਰ ਵਾਰਿਸ ਦਾ ਜ਼ਿਕਰ ਕਰਕੇ ਮਕਸੂਦ ਅਲੀ ਨੇ ਵਾਰਿਸ ਦੇ ਲਫ਼ਜ਼ਾਂ ਵਿੱਚ ਹੀਰ ਦੀ ਸੁੰਦਰਤਾ ਦਾ ਚਿੱਤਰ ਹੀ ਨਹੀਂ ਖਿੱਚਿਆ ਬਲਕਿ ਉਸਦੇ ਇਸ਼ਕ ਮਜ਼ਾਜ਼ੀ ਤੇ ਇਸ਼ਕ ਹਕੀਕੀ ਨਾਲ ਅੱਜ ਦੀ ਮਹਿਫਲ ਨੂੰ ਸ਼ਿੰਗਾਰਰਸੀ ਬਣਾ ਦਿੱਤਾ। ਗਿਆਨ ਸ਼ਰਮਾ ਜੀ ਨੇ ਆਪਣੇ ਗੀਤ ਰਾਹੀਂ 'ਅੱਖੀਆਂ ਦੀ ਤੱਕਣੀ' ਦੀ ਮਾਰ ਦਾ ਅਹਿਸਾਸ ਅਤੇ 'ਜਦੋਂ ਮੇਰੀ ਅਰਥੀ ਉਠਾ ਕੇ ਚੱਲਣਗੇ...' ਗੀਤ ਰਾਹੀਂ ਮੌਤ ਨੂੰ ਯਾਦ ਰੱਖਣ ਦਾ ਅਹਿਸਾਸ ਵੀ ਕਰਾ ਦਿੱਤਾ,ਉਥੇ ਹੀ ਬਲਬੀਰ ਕੌਰ ਮੱਲੈਹੀ ਜੀ ਨੇ 'ਅੱਜ ਆਖਾਂ ਵਾਰਿਸ ਸ਼ਾਹ ਨੂੰ' ਨਜ਼ਮ ਰਾਹੀਂ ਅੱਜ ਦੀ ਔਰਤ ਦੇ ਦੁੱਖਾਂ-ਦਰਦਾਂ ਦੀ ਤਸਵੀਰਕਸ਼ੀ ਕਰ ਦਿੱਤੀ। ਕੈਨੇਡਾ ਬਰੈਪਟਨ ਤੋਂ ਇਸ ਪ੍ਰੋਗਰਾਮ ਦਾ ਸ਼ਿੰਗਾਰ ਬਣੀ ਸੁਨੀਤਾ ਵਿਰਮਾਨੀ ਜੀ ਦੀ ਹਾਜ਼ਰੀ ਇਸ ਪ੍ਰੋਗਰਾਮ ਦੀ ਸ਼ੋਭਾ ਵਧਾ ਰਹੀ ਸੀ। ਭਾਸ਼ਾਵਾਂ ਦੇ ਬੰਧਨ ਤੋਂ ਮੁਕਤ ਇਹ ਕਵੀ ਦਰਬਾਰ ਬਹੁ-ਰਸੀ ਹੋ ਨਿਬੜਿਆ।

ਕੋਰੋਨਾ ਦੇ ਦਹਿਸ਼ਤੀ-ਪ੍ਰਭਾਵ ਤੋਂ ਪੈਰਭਾਵਿਤ ਹੋਣ ਕਰਕੇ ਅੱਜ ਦਾ ਇਹ ਪ੍ਰੋਗਰਾਮ ਵੀ ਜ਼ੂਮ ਰਾਹੀਂ ਹੀ ਸੰਪੰਨ ਹੋਇਆ। ਅਗਲੇ ਪ੍ਰੋਗਰਾਮ ਤੇ ਮਿਲਣ ਦੀ ਕਾਮਨਾ ਕਰਦਿਆਂ ਤੇ ਸਭਦਾ ਧੰਨਵਾਦ ਕਰਦਿਆਂ ਭੈਣ ਜਯੋਤੀ ਸਿੰਘ ਨੇ 'ਸੁਖੀ ਮਨ ਮੇਰੇ, ਸੁਣ ਮੇਰਾ ਕਹਿਣਾ...'ਗੀਤ ਗਾ ਕੇ ਆਪਣੀ ਕਾਵਿਕ ਸ਼ਖਸ਼ੀਅਤ ਨੂੰ ਬਰਕਰਾਰ ਰੱਖਿਆ। ਅੱਜ ਦੇ ਇਸ ਸਾਹਿਤਕ ਇਕੱਠ ਵਿੱਚ ਹੀਰ ਵਾਰਿਸ ਸ਼ਾਹ ਦੇ ਵੱਖ ਵੱਖ ਪੱਖਾਂ ਤੇ ਖੁੱਲ ਕੇ ਚਰਚਾ ਵੀ ਹੋਈ ਅਤੇ ਕਵੀ ਦਰਬਾਰ ਨੇ ਨਦੀ ਰੂਪੀ ਮਨ ਦੀਆਂ ਤਾਂਡਵੀਂ ਲਹਿਰਾਂ ਨੂੰ ਸ਼ਾਂਤ ਕਰਨ ਦਾ ਆਪਣਾ ਫਰਜ਼ ਨਿਭਾਇਆ।



ਮੰਗਤ ਕੁਲਜਿੰਦ
1 425 286 0163

# ਕੈਂਟ ਦੀ ਮੇਅਰ ਦੀ ਦੁਬਾਰਾ ਚੋਣ ਲਈ ਪੰਜਾਬੀ ਭਾਈਚਾਰੇ ਦੀ ਡਾਨਾ ਰੈਲਫ ਨੂੰ ਭਰਵੀਂ ਹਮਾਇਤ

**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਪੰਜਾਬੀ ਭਾਈਚਾਰੇ ਦੀ ਸੰਘਣੀ ਵੱਸੋਂ ਕੈਂਟ ਸ਼ਹਿਰ ਦੀ ਮੌਜੂਦਾ ਮੇਅਰ ਡਾਨਾ ਰੈਲਫ ਦੀ ਦੁਬਾਰਾ ਚੋਣ ਲਈ ਪੰਜਾਬੀ ਭਾਈਚਾਰਾ ਤਨ, ਮਨ ਤੇ ਧੰਨ ਨਾਲ ਹਮਾਇਤ ਕਰ ਰਿਹਾ ਹੈ ਅਤੇ ਥਾਂ-ਥਾਂ ਸਵਾਗਤ ਤੇ ਚੋਣ ਫੰਡ ਇਕੱਠਾ ਕਰਕੇ ਦਿੱਤਾ ਜਾ ਰਿਹਾ ਹੈ। ਪੰਜਾਬੀ ਭਾਈਚਾਰੇ ਦੀ ਜਾਣੀ ਪਛਾਣੀ ਸ਼ਖਸੀਅਤ ਨਕੋਦਰ ਦੇ ਐਸ. ਐਮ. ਓ. ਰਹੇ ਡਾ. ਕੁਲਦੀਪ ਸਿੰਘ ਅਨੇਜਾ ਦੇ ਹੋਣਹਾਰ ਸਪੁੱਤਰ ਈਸ਼ਵਿੰਦਰ ਸਿੰਘ ਤੇ ਉਸਦੀ ਪਤਨੀ ਬਾਨੂ ਪਰੀਆ ਦੇ ਵਿਸ਼ੇਸ਼ ਸੱਦੇ 'ਤੇ ਪੰਜਾਬੀ ਭਾਈਚਾਰੇ ਦੀਆਂ ਮਾਣਮੱਤੀਆਂ ਸ਼ਖਸੀ-ਅਤਾਂ ਨੂੰ ਬੁਲਾ ਕੇ ਮੇਅਰ ਦੀ ਚੋਣ ਲਈ ਡਾਨਾ ਰੈਲਫ ਤੇ ਕੈਂਟ ਕੌਂਸਲ ਮੈਂਬਰ ਦੀ ਚੋਣ ਲਈ ਟੋਨੀ ਟਰੋਨਰ ਨੂੰ ਹਮਾਇਤ ਕਰਨ ਦਾ ਭਰੋਸਾ ਦਿੱਤਾ ਅਤੇ ਚੋਣ ਫੰਡ ਵਿਚ ਮਦਦ ਕੀਤੀ। ਇਸ ਮੌਕੇ ਗੁਰਦੁਆਰਾ ਸੱਚਾ ਮਾਰਗ ਦੇ ਸਕੱਤਰ ਹਰਸ਼ਿੰਦਰ ਸਿੰਘ ਸੰਧੂ ਤੇ ਟਰੱਸਟੀ ਸੈਮ ਵਿਰਕ, ਉਂਕਾਰ ਸਿੰਘ ਭੰਡਾਲ, ਨਕੀਬ ਰਹਿਮਾਨ, ਸਿਮਰਨਪ੍ਰੀਤ ਕੌਰ ਤੇ ਦਵਿੰਦਰ ਸਿੰਘ, ਮਨਿੰਦਰ ਸਿੰਘ (ਮਨੀ) ਅਤਿਦਰ ਸਿੰਘ ਨੇ ਉਚੇਚੇ ਤੌਰ 'ਤੇ ਪਹੁੰਚ ਕੇ ਕੈਂਟ ਦੀ ਮੇਅਰ ਨੂੰ ਹਮਾਇਤ ਕਰਨ ਦਾ ਭਰੋਸਾ ਦਿੱਤਾ ਅਤੇ ਸਨਮਾਨਿਤ



# ਸਿੱਖਾਂ ਦੀ ਸਿਰਮੌਰ ਹਸਤੀ ਤੇਜਾ ਸਿੰਘ ਸਮੁੰਦਰੀ ਦੇ ਪੋਤੇ ਅੰਤਰ ਰਾਸ਼ਟਰ ਬਾਸਕਟਬਾਲ ਖਿਡਾਰੀ ਜਸਬੀਰ ਸਿੰਘ ਸੰਧੂ ਸਨਮਾਨਿਤ

**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਸਿੱਖ ਕੌਮ ਦੀ ਸਿਰਮੌਰ ਹਸਤੀ ਤੇਜਾ ਸਿੰਘ ਸਮੁੰਦਰੀ ਦੇ ਲੜਕੇ ਵਾਈਸ ਚਾਂਸਲਰ ਰਹੇ ਬਿਸ਼ਨ ਸਿੰਘ ਸਮੁੰ-ਦਰੀ ਦੇ ਛੋਟੇ ਭਰਾ ਹਰਚਰਨ ਸਿੰਘ ਸੰਧੂ ਦੇ ਸਪੁੱਤਰ ਜਸਬੀਰ ਸਿੰਘ ਸੰਧੂ ਜੋ ਬਾਸਕਟਬਾਲ ਦੇ ਅੰਤਰ ਰਾਸ਼ਟਰੀ ਖਿਡਾਰੀ ਰਹੇ, ਜਿਹਨਾਂ ਨੂੰ ਸਿਆਟਲ ਦੇ ਪੰਜਾਬੀ ਭਾਈਚਾਰੇ ਵੱਲੋਂ ਸਨ-ਮਾਨਤ ਕੀਤਾ ਗਿਆ। ਬਿਸ਼ਨ ਸਿੰਘ ਸਮੁੰਦਰੀ ਦੇ ਲੜਕੇ ਤਰਨਜੀਤ ਸਿੰਘ ਸੰਧੂ ਅੱਜਕਲ੍ਹ ਅਮਰੀਕਾ ਵਿਚ ਬਤੌਰ ਅੰਬੈਸਡਰ ਕੰਮ ਕਰ ਰਹੇ ਹਨ।

ਜਸਬੀਰ ਸਿੰਘ ਸੰਧੂ ਨੇ ਆਪਣੇ ਭਾਸ਼ਣ ਵਿਚ ਦੱਸਿਆ ਕਿ ਅਸੀਂ ਤਿੰਨੇ ਭਰਾ ਜਸਬੀਰ ਸਿੰਘ ਸੰਧੂ, ਮਨਮੋਹਣ ਸਿੰਘ ਸੰਧੂ ਤੇ ਵਿੰਗ ਕਮਾਂਡਰ ਗੁਰਮੀਤ ਸਿੰਘ ਸੰਧੂ ਪੰਜਾਬ ਬਾਸਕਟਬਾਲ ਟੀਮ ਵਿਚ ਇਕੱਠੇ ਖੇਡੇ ਅਤੇ ਪੰਜਾਬ ਦਾ ਨਾਂ ਰੌਸ਼ਨ ਕੀਤਾ।

ਕਰਨਲ ਹਰਦਿਆਲ ਸਿੰਘ ਵਿਰਕ ਨੇ ਆਪਣੇ ਭਾਸ਼ਣ ਵਿਚ ਦੱਸਿਆ ਕਿ ਸਮੁੰਦਰੀ ਪਰਿਵਾਰ ਦੀ ਸਿੱਖ ਕੌਮ ਵਿਚ ਵਿਸ਼ੇਸ਼ ਜਗ੍ਹਾ ਹੈ।



"... Unhain Parmeshvar Kay Raajya Ka Prachaar Karnay Aur Beemaron Ko Achaa Karnay Kay Leay Bheja" (Luke 9:2)

THE SAVIOR'S CHURCH
HINDI | PUNJABI | URDU

YOU ARE INVITED TO BE OUR GUEST

Sunday Service

12:00Pm

913 FLOYD AVE. MODESTO, CA 95350
FOR FURTHER INFORMATION CONTACT: +1(209)300-9483

ਇਥੇ ਬਿਮਾਰਾਂ ਲਈ ਖਾਸ ਤੌਰ ਤੇ ਦੁਆਵਾਂ ਕੀਤੀਆਂ ਜਾਂਦੀਆਂ ਹਨ, ਆਉ ਅਤੇ ਆਪਣੀ ਚੰਗੀਆਈ ਨੂੰ ਪ੍ਰਾਪਤ ਕਰੋ। ਇਹ ਸਾਰੀ ਸੇਵਾ ਮੁਫ਼ਤ ਕੀਤੀ ਜਾਂਦੀ ਹੈ।
ਵਧੇਰੇ ਜਾਣਕਾਰੀ ਲਈ ਪਾਸਟਰ ਐਰੀਕ ਰਾਏ ਜੀ ਨਾਲ ਗੱਲ ਕਰੋ, ਅਸੀਂ ਪੰਜਾਬੀ ਹਿੰਦੀ ਅਤੇ ਉਰਦੂ ਬੋਲਦੇ ਹਾਂ।
209 687 6548, 209 300 9483 ਸਾਡੀ ਵੈਬ ਸਾਈਟ www.thesaviorschurch.net

# ਡਾ.ਅੰਬੇਡਕਰ ਜੀ ਦੁਆਰਾ ਅੰਮ੍ਰਿਤਸਰ ਵਿਸਾਖੀ ਕਾਨਫ਼ਰੰਸ 'ਚ ਦਿੱਤਾ ਗਿਆ ਭਾਸ਼ਣ (ਮਿਤੀ 12-04-1936)

"ਮੈਨੂੰ ਇਸ ਕਾਨਫ਼ਰੰਸ ਵਿੱਚ ਪੁੱਜਣ ਲਈ ਸੱਦਾ ਦੇ ਕੇ ਬੜਾ ਮਾਣ ਬਖ਼ਸ਼ਿਆ ਗਿਆ ਹੈ। ਇਸ ਸੱਦਾ ਪੱਤਰ ਦੇ ਪੁੱਜਣ ਵੇਲੇ ਮੈਨੂੰ ਇਹ ਕੋਈ ਖ਼ਿਆਲ ਨਹੀਂ ਸੀ ਕਿ ਮੈਨੂੰ ਇਸ ਕਾਨਫ਼ਰੰਸ ਦੀ ਕਾਰਵਾਈ ਵਿੱਚ ਕੋਈ ਹਿੱਸਾ ਲੈਣਾ ਪਵੇਗਾ। ਨਿਰਸੰਦੇਹ ਮੈਨੂੰ ਇਸ ਗੱਲ ਦੀ ਕੋਈ ਇਤਲਾਹ ਨਹੀਂ ਸੀ ਕਿ ਮੈਨੂੰ ਕਾਨਫ਼ਰੰਸ ਵਿੱਚ ਕਿਸੇ ਵੀ ਸਮੇਂ 'ਤੇ ਸ਼ਾਮਿਲ ਹੋਣਾ ਪਵੇਗਾ ਅਤੇ ਇਸ ਗੱਲ ਦਾ ਤਾਂ ਮੈਨੂੰ ਉੱਕਾ ਹੀ ਪਤਾ ਨਹੀਂ ਸੀ ਕਿ ਮੈਨੂੰ ਤਕਰੀਰ ਕਰਨ ਲਈ ਕਿਹਾ ਜਾਵੇਗਾ। ਇਸ ਲਈ ਜੋ ਕੁੱਛ ਮੈਂ ਅੱਜ ਕਹਿਣ ਲੱਗਾ ਹਾਂ ਜੇ ਉਹ ਖਿਆਲਾਂ ਦੀ ਇੱਕ ਲੜੀ ਵਿੱਚ ਪਰੋਤਾ ਹੋਇਆ ਨਾ ਹੋਵੇ ਤਾਂ ਆਪ ਮੈਨੂੰ ਖ਼ਿਮਾ ਬਖਸ਼ੋਗੇ। ਆਪ ਨੂੰ ਪਤਾ ਹੀ ਹੈ ਕਿ ਇਹ ਕਾਨਫ਼ਰੰਸ ਵਿਸ਼ੇਸ਼ ਕਰਕੇ ਇਹ ਵਿਚਾਰ ਕਰਨ ਲਈ ਕੀਤੀ ਗਈ ਹੈ ਕਿ ਜਿਹੜਾ ਸਵਾਲ ਦਲਿਤ ਜਾਤੀਆਂ ਨੇ ਉਠਾਇਆ ਹੈ, ਉਸਨੂੰ ਸਿੱਖ ਕੌਮ ਕਿਸੇ ਤਰ੍ਹਾਂ ਹੱਲ ਕਰ ਸਕਦੀ ਹੈ ? ਇਹ ਇੱਕ ਸਿੱਖ ਕੌਮ ਹੀ ਨਹੀਂ, ਜਿਸ ਵਿੱਚ ਇਸ ਸਵਾਲ ਨੇ ਹਿੱਲਜੁੱਲ ਪੈਦਾ ਕਰ ਦਿੱਤੀ ਹੈ।

(ਗੁਰਦੁਆਰਾ ਗਜਟ ਅੰਮ੍ਰਿਤਸਰ, ਪੰਨਾ-19, ਮਈ 1936)

ਮੁਸਲਮਾਨਾਂ ਵਿੱਚ ਵੀ ਇਸ ਮੁਆਮਲੇ ਸੰਬੰਧੀ ਐਜੀਟੇਸ਼ਨ ਹੈ ਅਤੇ ਇਸੇ ਤਰ੍ਹਾਂ ਈਸਾਈਆਂ ਦਾ ਵੀ ਇਸ ਵੇਲੇ ਧਿਆਨ ਹੈ। ਦਲਿਤ ਜਾਤੀਆਂ ਦਾ ਸਵਾਲ ਤਕਰੀਬਨ 7 ਕਰੋੜ ਆਦਮੀਆਂ ਦਾ ਸਵਾਲ ਹੈ। ਭਾਰਤ ਵਰਸ਼ ਵਿੱਚ ਇਸ ਵੇਲੇ ਕੁੱਝ ਸਮੇਂ ਤੱਕ ਗਿਣਤੀ ਕੁੱਝ ਅਰਥ ਰੱਖੇਗੀ। ਰਾਜਨੀਤੀ ਵਿੱਚ ਬਹੁਗਿਣਤੀ ਦਾ ਜ਼ੋਰ ਹੁੰਦਾ ਹੈ ਅਤੇ 7 ਕਰੋੜ ਆਦਮੀ ਭਾਵੇਂ ਮਾਇਕ ਤੌਰ 'ਤੇ ਕਿਤਨੇ ਵੀ ਗਰੀਬ ਹੋਣ ਅਤੇ ਭਾਈਚਾਰਕ ਤੌਰ 'ਤੇ ਕਿਤਨੇ ਵੀ ਨੀਵੇਂ ਹੋਣ, ਰਾਜ ਬਣਤਰ ਵਿੱਚ ਇੱਕ ਆਦਮੀ ਦੀ ਇੱਕ ਵੋਟ ਹੋਣ ਕਰਕੇ ਹਰ ਇੱਕ ਆਦਮੀ ਦੀ ਇੱਕੋ ਜਿਹੀ ਹੈਸੀਅਤ ਹੈ। ਇਸ ਲਈ ਦਲਿਤ ਜਾਤੀਆਂ ਜਿਸ ਧੜੇ ਵੱਲ ਵੀ ਜਾਣ, ਉਸ ਦੀ ਰਾਜਸੀ ਤਾਕਤ ਬਹੁਤ ਵੱਧ ਜਾਵੇਗੀ। ਮੈਂ ਖੁਸ਼ ਹਾਂ ਕਿ ਤੁਸਾਂ ਇਸ ਸਵਾਲ ਨੂੰ ਹੱਥ ਵਿੱਚ ਲੈ ਲਿਆ ਹੈ। ਅਸਾਂ ਇਸ ਸੰਬੰਧੀ ਹਾਲੀਂ ਕੋਈ ਫ਼ੈਸਲਾ ਨਹੀਂ ਕੀਤਾ, ਭਾਵੇਂ ਦਲਿਤ ਜਾਤੀਆਂ ਨੇ ਬਕਾਇਦਾ ਕੋਈ ਫ਼ੈਸਲਾ ਨਹੀਂ ਕੀਤਾ; ਪਰ ਦੋ ਗੱਲਾਂ ਯਕੀਨੀ ਹਨ। ਇੱਕ ਗੱਲ ਤਾਂ ਮੇਰੇ ਲਈ ਬਿਲਕੁੱਲ ਯਕੀਨੀ ਹੈ। ਉਹ ਇਹ ਕਿ ਮੈਂ ਹਿੰਦੂ ਧਰਮ ਨੂੰ ਜਰੂਰ ਤਿਆਗ ਦਿਆਂਗਾ।" ਮੇਰਾ ਇਹ ਫ਼ੈਸਲਾ ਪੱਕਾ ਹੈ। ਦਲਿਤ ਜਾਤੀਆਂ ਸੰਬੰਧੀ ਬਹੁਤ ਸਾਰੇ ਸੱਜਣ ਭਾਵੇਂ ਕੁੱਝ ਵੀ ਕਹਿਣ,




ਪਰ ਇਹ ਗੱਲ ਯਕੀਨੀ ਹੈ ਕਿ ਜਿਸ ਦਿਨ ਉਹ ਇਹ ਫ਼ੈਸਲਾ ਕਰਨਗੇ ਕਿ ਕਿਹੜਾ ਧਰਮ ਗ੍ਰਹਿਣ ਕੀਤਾ ਜਾਵੇ ਤਾਂ ਉਸ ਵੇਲੇ ਉਹ ਸਿੱਖ ਧਰਮ ਵੱਲ ਸੱਭ ਤੋਂ ਵਧੀਕ ਧਿਆਨ ਦੇਣਗੇ। ਮੈਂ ਇਹ ਗੱਲ ਸੋਚ-ਵਿਚਾਰ ਕੇ ਕਹੀ ਹੈ, ਸਿਰਫ਼ ਜ਼ੋਸ਼ ਵਿੱਚ ਆ ਕੇ ਨਹੀਂ ਕਹਿ ਰਿਹਾਂ, ਕਿਉਂਕਿ ਮੈਂ ਆਪ ਨੂੰ ਖੁਸ਼ ਕਰਨ ਲਈ ਖੜ੍ਹਾ ਨਹੀਂ ਹੋਇਆ। ਸਿੱਖ ਧਰਮ ਦਾ ਖਾਸ ਖਿਆਲ ਕਰਨ ਲਈ ਦੋ ਕਾਰਨ ਹਨ। ਪਹਿਲਾ ਇਹ ਕਿ ਸਿੱਖ ਧਰਮ ਹਰ ਇੱਕ ਅਜਿਹੇ ਮਨੁੱਖ ਲਈ ਜੋ ਇੱਜ਼ਤ ਨਾਲ ਸ਼ਾਂਤੀ ਚਾਹੁੰਦਾ ਹੈ, ਆਤਮਿਕ ਘਰ ਹੋ ਸਕਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਮੇਰੇ ਲਈ ਇੱਕ ਚੰਗਾ ਰੂਹਾਨੀ ਰਹਿਬਰ (ਗੁਰੂ) ਹੋ ਸਕਦਾ ਹੈ ਅਤੇ ਮੈਂ ਆਸ ਕਰਦਾ ਹਾਂ ਕਿ ਜਿਹੜੀ ਚੀਜ ਮੇਰੇ ਲਈ ਚੰਗੀ ਹੋ ਸਕਦੀ ਹੈ ਉਸ ਨੂੰ ਮੇਰੇ ਬਾਕੀ ਦੇ ਸਾਥੀ ਵੀ ਚੰਗਾ ਖਿਆਲ ਕਰ ਸਕਦੇ ਹਨ। ਹਿੰਦੂਆਂ ਵਿੱਚ ਜੋ ਭਾਈਚਾਰਕ ਅਤੇ ਧਾਰਮਿਕ ਅਸਮਾਨਤਾ ਹੈ ਅਸੀਂ ਉਸ ਤੋਂ ਬਹੁਤ ਤੰਗ ਆ ਗਏ ਹਾਂ। ਸ੍ਰੀ "ਗੁਰੂ ਗ੍ਰੰਥ ਸਾਹਿਬ" ਇੱਕ ਵਰਨ-ਰਹਿਤ ਸਮਾਜ ਦਾ ਨਮੂਨਾ ਪ ਸ਼ ਕਰਦਾ ਹੈ।

ਮੈਂ ਚਾਹੁੰਦਾ ਹਾਂ ਕਿ ਅਸੀਂ ਸਾਰੇ ਇੱਕ ਧਰਮ ਗ੍ਰਹਿਣ ਕਰੀਏ। ਮੈਂ ਨਹੀਂ ਚਾਹੁੰਦਾ ਕਿ ਅਸੀਂ ਛੋਟੀਆਂ-ਛੋਟੀਆਂ ਟੋਲੀਆਂ ਬਣ ਕੇ ਵੱਖੋ-ਵੱਖਰੇ ਧਰਮ ਗ੍ਰਹਿਣ ਕਰ ਲਈਏ। ਦਲਿਤ ਜਾਤੀਆਂ ਦੇ ਲੋਕ ਨਿਰਸੰਦੇਹ ਇਸ ਗੱਲ ਦਾ ਨੋਟ ਰੱਖਣਗੇ ਕਿ ਸਿੱਖ ਭਰਾ ਹਜਾਰਾਂ ਦੀ ਗਿਣਤੀ ਵਿੱਚ ਦਲਿਤ ਜਾਤੀਆਂ ਦੇ ਸਵਾਲ ਉੱਤੇ ਵਿਚਾਰ ਕਰਨ ਲਈ ਇਕੱਠੇ ਹੋਏ ਹਨ। ਮੈਂ ਇਹ ਨਹੀਂ ਕਹਿ ਸਕਦਾ ਕਿ ਮੈਂ ਹਿੰਦੂ ਧਰਮ ਨੂੰ ਇਸ ਵਾਸਤੇ ਤਿਆਗ ਰਿਹਾ ਹਾਂ ਕਿ ਉਸ ਦੀ ਫ਼ਿਲਾਸਫ਼ੀ ਮੇਰੀ ਤਸੱਲੀ ਨਹੀਂ ਕਰਦੀ। ਮੈਂ ਸਿੱਖਾਂ ਪਾਸੋਂ ਇੱਕ ਸਵਾਲ ਪੁੱਛਣਾ ਚਾਹੁੰਦਾ ਹਾਂ ਕਿ ਸਿੱਖ ਕੌਮ ਸੱਚਮੁੱਚ ਹੀ ਇੱਕ ਵਰਨ-ਰਹਿਤ ਕੌਮ ਹੈ ? ਇਸ ਦਾ ਜਵਾਬ ਹਾਂ ਵਿੱਚ ਨਹੀਂ ਹੋ ਸਕਦਾ। ਜਿਸ ਕੌਮ ਵਿੱਚ ਅਸੀਂ ਜਾਣਾ ਚਾਹੁੰਦੇ ਹਾਂ, ਅਸੀਂ ਚਾਹੁੰਦੇ ਹਾਂ ਉਸ ਵਿੱਚ ਜਾਤ-ਪਾਤ ਦਾ ਕੋਈ ਭਰਮ-ਭੇਦ ਨਾ ਹੋਵੇ, ਚੂੰਕਿ ਤੁਸੀਂ ਹਿੰਦੂਆਂ ਵਿੱਚੋਂ ਹੀ ਸਿੱਖ ਬਣੇ ਹੋ, ਤੁਹਾਡੇ ਵਿੱਚ ਇਹ ਜਾਤਾਂ ਦਾ ਕੀਟਾਣੂੰ ਆ ਗਿਆ ਹੈ। ਹਰ ਇੱਕ ਸਮਾਜ ਵਿੱਚ ਕੁੱਝ ਅਜਿਹੀਆਂ ਨਿਕੰ-ਮੀਆਂ ਰਸਮਾਂ ਘਰ ਕਰ ਜਾਂਦੀਆਂ ਹਨ, ਜੋ ਕਿ ਉਸ ਦੀ ਉੱਨਤੀ ਦੇ ਰਾਸਤੇ ਵਿੱਚ ਭਾਰੀ ਰੋਕ ਸਾਬਿਤ ਹੁੰਦੀਆਂ ਹਨ, ਜਿਹਨਾਂ ਨੂੰ ਦੂਰ ਕਰਨਾ ਜਰੂਰੀ ਹੁੰਦਾ ਹੈ। ਤੁਹਾਡੀ ਮਾਇਕ ਜਾਂ ਹੋਰ ਸਹਾਇਤਾ ਜਾਂ ਜੱਥਿਆਂ ਦੀ ਸਾਨੂੰ ਇਤਨੀ ਲੋੜ ਨਹੀਂ ਜਿਤਨੀ ਕਿ ਆਪ ਵਲੋਂ ਇਹ ਭਰੋਸਾ ਮਿਲਣ ਦੀ ਲੋੜ ਹੈ ਕਿ ਤੁਸੀਂ ਆਪਣੇ-ਆਪ ਨੂੰ ਪਵਿੱਤਰ ਬਣਾਉਗੇ, ਤਾਂ ਕਿ ਦੂਸਰੇ ਲੋਕਾਂ ਨੂੰ ਤੁਹਾਡੇ ਵਿਚਾਰ ਤੇ ਮਿੱਠਤ ਅਤੇ ਪਿਆਰ ਦਾ ਅਨੁਭਵ ਹੋਵੇ, ਤੁਹਾਨੂੰ ਇਸ ਮੁਆਮਲੇ ਉੱਤੇ ਵਿਚਾਰ ਕਰਨੀ ਚਾਹੀਦੀ ਹੈ। ਮੈਨੂੰ ਆਸ ਹੈ ਕਿ ਇਹ ਕਾਨਫ਼ਰੰਸ ਸਮਾਜਿਕ ਸੁਧਾਰ ਦੇ ਕੰਮ ਨੂੰ ਆਪਣੇ ਹੱਥ ਵਿੱਚ ਲਵੇਗੀ। ਅਸੀਂ ਗਰੀਬ ਹਾਂ, ਅਸੀਂ ਅਨਪੜ੍ਹ ਹਾਂ, ਅਸੀਂ ਕੋਈ ਬਲ ਨਹੀਂ ਲਿਆ ਸਕਦੇ। ਹੋ ਸਕਦਾ ਹੈ ਕਿ ਸ਼ੁਰੂ-ਸ਼ੁਰੂ ਵਿੱਚ ਅਸੀਂ, ਸਗੋਂ ਤੁਹਾਡੇ ਲਈ ਕਮਜੋਰੀ ਦਾ ਕਾਰਨ ਬਣ ਜਾਈਏ। ਕੀ ਤੁਸੀਂ ਸਾਨੂੰ ਉੱਚਿਆਂ ਕਰੋਗੇ ? ਹੋ ਸਕਦਾ ਹੈ ਕਿ ਸਾਨੂੰ ਉੱਚਿਆਂ ਕਰਨ ਦਾ ਯਤਨ ਕਰਦੇ ਹੋਇਆਂ ਤੁਹਾਨੂੰ ਆਪ ਨੀਵਾਂ ਹੋਣਾ ਪਵੇ।



ਸੰਤੋਖ ਸਿੰਘ ਜੱਸੀ
91-70876-19800

ਦਲਿਤ ਜਾਤੀਆਂ ਦੇ ਨੀਵੇਂ ਹੋ ਜਾਣ ਦਾ ਇਹ ਭਾਵ ਨਹੀਂ ਕਿ ਉਹਨਾਂ ਵਿੱਚੋਂ ਚੰਗੇ ਗੁਣ ਨਸ਼ਟ ਹੋ ਗਏ ਹਨ। ਹਜਾਰਾਂ ਸਾਲਾਂ ਤੋਂ ਉਹਨਾਂ ਨੂੰ ਪਤਾ ਹੀ ਨਹੀਂ ਕਿ ਉੱਨਤੀ ਅਤੇ ਉੱਚਤਾ ਦੇ ਕੀ ਅਰਥ ਹਨ? ਉਹਨਾਂ ਵਿੱਚੋਂ ਕੰਮ ਕਰਨ ਦੀ ਸਮਰੱਥਾ ਨਸ਼ਟ ਹੋ ਗਈ ਹੈ। ਉਹਨਾਂ ਨੂੰ ਉੱਚਿਆਂ ਕਰਨ ਦਾ ਯਤਨ ਹੋਣਾ ਚਾਹੀਦਾ ਹੈ।"

(ਧੰਨਵਾਦ ਸਹਿਤ: ਗੁਰਦੁਆਰਾ ਗਜਟ ਅੰਮ੍ਰਿਤਸਰ,

# ਹਰਿਆਣਾ ਦੇ ਰਾਜਪਾਲ ਨੇ 'ਫੈਪ ਸਟੇਟ ਐਵਾਰਡ-2021' ਦੌਰਾਨ ਸੂਬੇ ਦੇ ਸਰਬੋਤਮ ਪ੍ਰਾਈਵੇਟ ਸਕੂਲਾਂ ਦਾ ਕੀਤਾ ਸਨਮਾਨ

ਗੁਣਵੱਤਾਪੂਰਨ - ਸਕੂਲੀ ਸਿੱਖਿਆ ਦੇ ਖੇਤਰ 'ਚ ਅਹਿਮ ਯੋਗਦਾਨ ਪਾਉਣ ਵਾਲੇ ਸੂਬੇ ਦੇ ਪ੍ਰਾਈਵੇਟ ਸਕੂਲਾਂ ਨੂੰ ਪਹਿਲੀ ਵਾਰ ਰਾਜ ਪੱਧਰੀ ਪੁਰਸਕਾਰ ਦੇਣ ਲਈ ਫ਼ੈਡਰੇਸ਼ਨ ਆਫ਼ ਪ੍ਰਾਈਵੇਟ ਸਕੂਲਜ਼ ਐਂਡ ਐਸੋਸੀਏਸ਼ਨ ਆਫ਼ (ਫੈਪ) ਪੰਜਾਬ ਵੱਲੋਂ ਚੰਡੀਗੜ੍ਹ ਯੂਨੀਵਰਸਿਟੀ ਘੜੂੰਆਂ ਵਿਖੇ ਸਮਾਗਮ ਕਰਵਾਇਆ ਗਿਆ। ਸਮਾਗਮ ਦੌਰਾਨ ਸੂਬੇ ਦੇ ਪ੍ਰਾਈਵੇਟ ਸਕੂਲਾਂ ਨੂੰ ਵੱਖ-ਵੱਖ ਸ਼੍ਰੇਣੀਆਂ ਅਧੀਨ ਬੈਸਟ ਸਕੂਲ, ਬੈਸਟ ਪ੍ਰਿੰਸੀਪਲ, ਬੈਸਟ ਅਧਿਆਪਕ ਅਤੇ ਬੈਸਟ ਸਟੂਡੈਂਟ ਐਵਾਰਡ ਭੇਂਟ ਕੀਤੇ ਗਏ, ਜਿਸ 'ਚ 569 ਸਕੂਲ ਐਵਾਰਡ ਅਤੇ 132 ਪ੍ਰਿੰਸੀਪਲ ਐਵਾਰਡ ਸ਼ਾਮਲ ਹਨ। ਇਸ ਦੌਰਾਨ ਹਰਿਆਣਾ ਦੇ ਰਾਜਪਾਲ ਸ਼੍ਰੀ ਬੰਡਾਰੂ ਦੱਤਾਤ੍ਰੇਯ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਦੌਰਾਨ ਉਘੇ ਵਾਤਾਵਰਣ ਪ੍ਰੇਮੀ ਅਤੇ ਸਮਾਜ ਸੇਵੀ ਸੰਤ ਬਲਬੀਰ ਸਿੰਘ ਸੀਚੇਵਾਲ, ਪੰਜਾਬ ਸਕੂਲ ਸਿੱਖਿਆ ਬੋਰਡ ਦੇ ਚੇਅਰਮੈਨ ਯੋਗ ਰਾਜ ਸ਼ਰਮਾ, ਪੰਜਾਬ ਆਰਟ ਕਾਊਂਸਲ ਦੇ ਪ੍ਰੈਜੀਡੈਂਟ ਅਤੇ ਉੱਘੇ ਲੇਖਕ ਡਾ. ਸੁਰਜੀਤ ਸਿੰਘ ਪਾਤਰ, ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਸਾਬਕਾ ਜੱਜ, ਜਸਟਿਸ ਮਹੇਸ਼ ਗਰੋਵਰ, ਚੰਡੀਗੜ੍ਹ ਯੂਨੀਵਰਸਿਟੀ ਦੇ ਚਾਂਸਲਰ ਅਤੇ ਜੈਕ ਦੇ ਚੀਫ਼ ਪੈਟਰਨ ਸ. ਸਤਨਾਮ ਸਿੰਘ ਸੰਧੂ, ਭਾਰਤੀ ਹਾਕੀ ਟੀਮ ਦੇ ਕਪਤਾਨ ਮਨਪ੍ਰੀਤ ਸਿੰਘ, ਭਾਰਤੀ ਹਾਕੀ ਟੀਮ ਦੇ ਖਿਡਾਰੀ ਹਰਮਨਪ੍ਰੀਤ ਸਿੰਘ, ਭਾਰਤੀ ਹਾਕੀ ਟੀਮ ਦੇ ਖਿਡਾਰੀ ਰੁਪਿੰਦਰਪਾਲ ਸਿੰਘ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਰਹੇ।

ਇਸ ਮੌਕੇ ਫੈਪ ਪ੍ਰਧਾਨ ਡਾ. ਜਗਜੀਤ ਸਿੰਘ ਧੂਰੀ ਦੀ ਅਗਵਾਈ ਹੇਠ ਫੈਡਰੇਸ਼ਨ ਵੱਲੋਂ ਸੰਤ ਬਲਬੀਰ ਸਿੰਘ ਸੀਚੇਵਾਲ ਅਤੇ ਡਾ. ਸੁਰਜੀਤ ਸਿੰਘ ਪਾਤਰ ਦਾ 'ਲਾਈਫ਼ ਟਾਈਮ ਅਚੀਵਮੈਂਟ' ਪੁਰਸਕਾਰ ਨਾਲ ਸਨਮਾਨ ਕੀਤਾ ਗਿਆ ਜਦਕਿ ਭਾਰਤੀ ਹਾਕੀ ਟੀਮ ਦੇ ਕਪਤਾਨ ਮਨਪ੍ਰੀਤ ਸਿੰਘ ਅਤੇ ਭਾਰਤੀ ਹਾਕੀ ਟੀਮ ਦੇ ਖਿਡਾਰੀ ਹਰਮਨਪ੍ਰੀਤ ਸਿੰਘ ਅਤੇ ਰੁਪਿੰਦਰਪਾਲ ਸਿੰਘ ਨੂੰ 'ਗ੍ਰੇਟੈਸਟ ਆਨਰਡ ਐਵਾਰਡ' ਨਾਲ ਨਿਵਾਜਿਆ ਗਿਆ। ਇਸ ਦੌਰਾਨ ਰਾਜਪਾਲ ਸ਼੍ਰੀ ਬੰਡਾਰੂ ਦੱਤਾਤ੍ਰੇਯ ਵੱਲੋਂ ਬੈਸਟ ਸਕੂਲ ਇਨਫ੍ਰਾਸਟਰੱਕਚਰ ਪੁਰਸਕਾਰਾਂ ਦੀ ਵੰਡ ਕੀਤੀ ਗਈ, ਜਿਸ 'ਚ ਗੁਰੂਕੁਲ ਗਰੋਬਰ ਕ੍ਰੇਂਜ਼ਾ ਸੀਨੀਅਰ ਸੈਕੰਡਰੀ ਸਕੂਲ ਪਟਿਆਲਾ, ਡਰੀਮ ਪਬਲਿਕ ਸਕੂਲ, ਰਾਮਗੜ੍ਹ ਸਿਕਰੀ ਤਲਵਾੜਾ, ਪ੍ਰੇਮਜੋਤ ਸਿੰਘ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਕਪੂਰਥਲਾ, ਦਯਾਨੰਦ ਆਦਰਸ਼ ਵਿਦਿਆਲਿਆ ਦਸੂਹਾ, ਹੁਸ਼ਿਆਰਪੁਰ ਅਤੇ ਐਂਜਲ ਵਰਲਡ ਸਕੂਲ ਮੋਰਿੰਡਾ ਦਾ ਨਾਮ ਸ਼ਾਮਲ ਹੈ। ਬਾਕੀ ਦੇ ਪੁਰਸਕਾਰਾਂ ਦੀ ਵੰਡ ਡਾ. ਸੁਰਜੀਤ ਪਾਤਰ ਅਤੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਸਾਬਕਾ ਜੱਜ, ਜਸਟਿਸ ਮਹੇਸ਼ ਗਰੋਵਰ ਵੱਲੋਂ ਕੀਤੀ ਗਈ। ਪੁਰਸਕਾਰ ਵੰਡ ਸਮਾਗਮ ਦੌਰਾਨ ਗੋਲਡਨ ਅਰਥ ਕੌਨਵੈਂਟ ਸਕੂਲ, ਲੁਧਿਆਣਾ ਦੇ 15 ਸਾਲਾਂ ਵਿਦਿਆਰਥੀ ਕੰਵਲਜੀਤ ਸਿੰਘ ਦਾ ਉਚੇਚੇ ਤੌਰ 'ਤੇ ਸਨਮਾਨ ਕੀਤਾ ਗਿਆ, ਜਿਸ ਨੇ ਆਪਣੇ ਪੈਰਾਂ ਨਾਲ ਚਿੱਤਰਕਾਰੀ ਦੇ ਖੇਤਰ 'ਚ ਮਿਸਾਲ ਪੈਦਾ ਕਰਨ ਦੇ ਨਾਲ-ਨਾਲ ਹੋਰਨਾਂ ਲਈ ਪ੍ਰੇਰਨਾਸਰੋਤ ਬਣਿਆ ਹੈ।'ਪ੍ਰਸ਼ਾਸ਼ਕੀ ਪ੍ਰਫੈਸ਼ਨਲਾਂ ਲਈ ਪ੍ਰਬੰਧਨ ਹੁਨਰ' ਵਿਸ਼ੇ 'ਤੇ ਹੋਏ ਸੰਮੇਲਨ ਦੌਰਾਨ ਐਮਾਜ਼ੋਨ ਇੰਟਰਨੈਟ ਸਰਵਿਸਿਜ਼ ਦੇ ਰੋਜ਼ਗਾਰ ਸਲਾਹਕਾਰ ਡੀ.ਪੀ ਸਿੰਘ ਨੇ ਆਪਣੇ ਵਿਚਾਰਾਂ ਦੀ ਸਾਂਝ ਪਾਈ।

ਇਸ ਮੌਕੇ ਹਾਜ਼ਰੀਨਾਂ ਨੂੰ ਸੰਬੋਧਨ ਕਰਦਿਆਂ ਹਰਿਆਣਾ ਦਾ ਰਾਜਪਾਲ ਸ਼੍ਰੀ ਬੰਡਾਰੂ ਦੱਤਾਤ੍ਰੇਯ ਨੇ ਕਿਹਾ ਕਿ ਅਧਿਆਪਕ ਸਮਾਜਿਕ ਪੱਧਰ 'ਤੇ ਸਾਡੇ ਲਈ ਜਿੱਥੇ ਆਦਰਸ਼ ਹਨ ਉਥੇ ਹੀ ਵਿਦਿਆਰਥੀਆਂ ਦੀ ਜ਼ਿੰਦਗੀ 'ਚ ਪਰਿਵਰਤਨ ਲਿਆਉਣ ਲਈ ਮੁੱਖ ਭੂਮਿਕਾ ਨਿਭਾਉਂਦੇ ਹਨ। ਉਨ੍ਹਾਂ ਕਿਹਾ ਕਿ ਸਾਲ 2020 'ਚ ਭਾਰਤ ਸਰਕਾਰ ਵੱਲੋਂ ਜਾਰੀ ਕੀਤੀ ਨਵੀਂ ਸਿੱਖਿਆ ਨੀਤੀ ਦੇਸ਼ 'ਚ ਵੱਡੇ ਪੱਧਰ 'ਤੇ ਬਦਲਾਅ ਪੈਦਾ ਕਰਕੇ ਸਿੱਖਿਆ ਦੇ ਵਿਕਾਸ ਲਈ ਸਹਾਈ ਹੋਵੇਗੀ। ਉਨ੍ਹਾਂ ਕਿਹਾ ਕਿ ਨਵੀਂ ਸਿੱਖਿਆ ਨੀਤੀ ਦਾ ਉਦੇਸ਼ ਵਿਦਿਆਰਥੀਆਂ ਨੂੰ ਮੁੱਲਵਾਨ ਅਤੇ ਨੈਤਿਕ ਸਿੱਖਿਆ ਪ੍ਰਦਾਨ ਕਰਵਾਉਣ ਦੇ ਨਾਲ-ਨਾਲ ਤਕਨਾਲੋਜੀ ਦੇ ਮਾਧਿਅਮ ਰਾਹੀਂ ਦੇਸ਼ ਦੀ ਯੁਵਾ ਸ਼ਕਤੀ ਲਈ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਕਰਨਾ ਹੈ।ਉਨ੍ਹਾਂ ਕਿਹਾ ਕਿ ਅੱਜ ਬੇਰੁਜ਼ਗਾਰੀ ਅੱਜ ਦੇਸ਼ ਲਈ ਮੁੱਖ ਚਣੌਤੀ ਹੈ, ਜਿਸ ਨਾਲ ਨਜਿੱਠਣ ਦਾ ਢੁੱਕਵਾਂ ਹੱਲ ਕੇਵਲ ਗੁਣਵੱਤਾਪੂਰਨ ਸਿੱਖਿਆ ਮੁਹੱਈਆ ਕਰਵਾਉਣਾ ਹੈ।ਸਿੱਖਿਆ ਹਾਸਲ ਕਰਕੇ ਗ਼ਰੀਬ ਤੋਂ ਗ਼ਰੀਬ ਵਿਅਕਤੀ ਆਈ.ਪੀ.ਐਸ, ਆਈ.ਐਸ ਅਤੇ ਇੰਜੀਨੀਅਰਿੰਗ ਬਣਕੇ ਨਿਰੋਏ ਰਾਸ਼ਟਰੀ ਨਿਰਮਾਣ ਲਈ ਭੂਮਿਕਾ ਨਿਭਾਉਂਦਾ ਹੈ।ਜਿਸ ਨੂੰ ਵੇਖਦਿਆਂ ਵਿਦਿਆਰਥੀਆਂ ਦੇ ਹੁਨਰ ਅਤੇ ਤਕਨੀਕੀ ਵਿਕਾਸ ਲਈ ਨਵੀਂ ਸਿੱਖਿਆ ਨੀਤੀ 'ਚ ਵਿਸ਼ੇਸ਼ ਨੀਤੀਆਂ ਬਣਾਈਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਖੇਡਾਂ, ਤਕਨਾਲੋਜੀ, ਸਿੱਖਿਆ ਆਦਿ 'ਚ ਪੰਜਾਬ ਇੱਕ ਅਜਿਹਾ ਸੂਬਾ ਨੇ ਜੋ ਦੇਸ਼ ਨੂੰ ਸੱਭ ਤੋਂ ਉਪਰ ਲੈ ਕੇ ਗਿਆ ਹੈ।ਪੰਜਾਬ ਦੀ ਧਰਤੀ ਇੱਕ ਅਜਿਹੀ ਧਰਤੀ ਹੈ, ਜਿਸ ਦਾ ਨਾਮ ਸੁਣ ਕੇ ਸਭਨਾਂ 'ਚ ਜਜ਼ਬਾ ਅਤੇ ਜੋਸ਼ ਭਰ ਜਾਂਦਾ ਹੈ। ਉਨ੍ਹਾਂ ਦੇਸ਼ ਦੀ ਸੁਰੱਖਿਆ 'ਚ ਸਿੱਖ ਭਾਈਚਾਰੇ ਵੱਲੋਂ ਨਿਭਾਈਆਂ ਸੇਵਾਵਾਂ ਅਤੇ ਕੁਰਬਾਨੀਆਂ ਨੂੰ ਸਜਦਾ ਕੀਤਾ।




ਕੋਵਿਡ ਮਹਾਂਮਾਰੀ ਦੇ ਦੌਰ 'ਚ ਪੰਜਾਬ ਦੇ ਸਿੱਖਿਆ ਵਿਭਾਗ ਅਤੇ ਵਿਦਿਅਕ ਸੰਸਥਾਵਾਂ ਦੀਆਂ ਪਹਿਲਕਦਮੀਆਂ ਦੀ ਸ਼ਲਾਘਾ ਕਰਦਿਆਂ ਰਾਜਪਾਲ ਨੇ ਕਿਹਾ ਕਿ ਸਿੱਖਿਆ ਦੇ ਮਿਆਰ ਨੂੰ ਕਾਇਮ ਰੱਖਣ 'ਚ ਅਧਿਆਪਕਾਂ ਨੇ ਮੁੱਖ ਭੂਮਿਕਾ ਨਿਭਾਈ ਹੈ ਅਤੇ ਕੋਵਿਡ ਹਾਲਾਤਾਂ ਦੌਰਾਨ ਪੈਦਾ ਹੋਈਆਂ ਚਣੌਤੀਆਂ ਨੂੰ ਅਧਿਆਪਕਾਂ ਨੇ ਪਰਿਵਰਤਨ ਦੇ ਰੂਪ 'ਚ ਬਦਲਿਆ ਹੈ।ਡਿਜੀਟਲ ਲਰਨਿੰਗ ਦੇ ਮਾਧਿਅਮ ਰਾਹੀਂ ਅਧਿਆਪਕਾਂ ਨੇ 99 ਫ਼ੀਸਦੀ ਵਿਦਿਆਰਥੀਆਂ ਤੱਕ ਸਿੱਖਿਆ ਦੇ ਨਿਰਵਿਘਨ ਪ੍ਰਵਾਹ ਨੂੰ ਯਕੀਨੀ ਬਣਾਇਆ ਹੈ। ਉਨ੍ਹਾਂ ਕਿਹਾ ਕਿ ਪ੍ਰਾਚੀਨ ਕਾਲ ਤੋਂ ਹੀ ਅਧਿਆਪਕ ਨੂੰ ਗੁਰੂ ਦਾ ਦਰਜਾ ਪ੍ਰਦਾਨ ਕੀਤਾ ਗਿਆ ਹੈ।ਅਧਿਆਪਕਾਂ ਦੀਆਂ ਭੂਮਿਕਾਵਾਂ ਨੂੰ ਸਨਮਾਨ ਦਿੰਦਿਆਂ ਉਨ੍ਹਾਂ ਕਿਹਾ ਕਿ ਅਧਿਆਪਕ ਸਖ਼ਤ ਤਪੱਸਿਆ ਅਤੇ ਤਿਆਗ ਨਾਲ ਸਮਾਜ ਨੂੰ ਨਵੀਂ ਸੇਧ ਪ੍ਰਦਾਨ ਕਰਦੇ ਹਨ।ਅਜੋਕੇ ਸਮੇਂ 'ਚ ਗਿਆਨ ਮਨੁੱਖ ਦੀ ਮੁੱਖ ਸ਼ਕਤੀ ਹੈ ਨਾ ਕਿ ਪੈਸਾ, ਜਿਸ ਦੇ ਚਲਦੇ ਅਧਿਆਪਕ ਆਪਣੇ ਨਿੱਜੀ ਹਿੱਤਾਂ ਤੋਂ ਉਪਰ ਉਠਕੇ ਸਮਾਜ 'ਚ ਗਿਆਨ ਦਾ ਚਾਨਣ ਬਖੇਰਦੇ ਹਨ।ਚਰਿੱਤਰ ਨਿਰਮਾਣ ਨੂੰ ਮਹੱਤਵਪੂਰਨ ਦੱਸਦਿਆਂ ਉਨ੍ਹਾਂ ਕਿਹਾ ਕਿ ਚਰਿੱਤਰ ਵਿਕਾਸ ਕਾਇਮ ਕਰਕੇ ਅਸੀਂ ਭਾਰਤ ਨੂੰ ਆਉਣ ਵਾਲੇ ਸਾਲਾਂ 'ਚ ਸੱਭ ਤੋਂ ਅੱਗੇ ਲਿਜਾ ਸਕਦੇ ਹਨ।ਦੇਸ਼ ਦੇ ਵਿਕਾਸ 'ਚ ਮਹਿਲਾਵਾਂ ਦੀ ਭੂਮਿਕਾ ਦੀ ਸ਼ਾਲਾਘਾ ਕਰਦਿਆਂ ਉਨ੍ਹਾਂ ਕਿਹਾ ਕਿ ਅੱਜ ਹਰ ਖੇਤਰ 'ਚ ਮਹਿਲਾਵਾਂ ਆਪਣੀਆਂ ਸ਼ਾਨਦਾਰ ਸੇਵਾਵਾਂ ਨਿਭਾ ਰਹੀਆਂ ਹਨ ਅਤੇ ਜਿਸ 'ਚ ਦਿਸ਼ਾ 'ਚ ਦੇਸ਼ ਦੀ ਨੌਜਵਾਨੀ ਅੱਗੇ ਵੱਧ ਰਹੀ ਹੈ, ਉਸ ਦਿਸ਼ਾ 'ਚ ਔਰਤਾਂ ਨੂੰ ਵੀ ਅੱਗੇ ਲਿਜਾਣਾ ਸਾਡੀ ਜ਼ੁੰਮੇਵਾਰੀ ਹੈ।

ਇਸ ਮੌਕੇ ਸੰਬੋਧਨ ਕਰਦਿਆਂ ਫੈਡਰੇਸ਼ਨ ਦੇ ਪ੍ਰਧਾਨ ਡਾ. ਜਗਜੀਤ ਸਿੰਘ ਧੂਰੀ ਨੇ ਕਿਹਾ ਕਿ ਸਕੂਲੀ ਵਿੱਦਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਸੈਲਫ਼ ਫਾਈਨਾਂਸਡ ਸਕੂਲਾਂ ਦੀ ਅਹਿਮ ਭੂਮਿਕਾ ਰਹੀ ਹੈ। ਪ੍ਰਾਈਵੇਟ ਸਕੂਲਾਂ ਦੀ ਕਾਰ-ਗੁਜ਼ਾਰੀ 'ਤੇ ਮਾਣ ਪ੍ਰਗਟਾਉਂਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਦੀ ਸਕੂਲੀ ਸਿੱਖਿਆ 'ਚ 55 ਫੀਸਦੀ ਯੋਗਦਾਨ ਨਿੱਜੀ ਸਕੂਲ ਪਾਉਂਦੇ ਹਨ।ਇਸੇ ਵੇਲੇ 55 ਫ਼ੀਸਦੀ ਵਿਦਿਆਰਥੀ ਨਿੱਜੀ ਸਕੂਲਾਂ ਵਿੱਚ ਪੜ੍ਹ ਰਹੇ ਹਨ ਅਤੇ ਸਰਕਾਰ ਦੀ ਸਹਾਇਤਾ ਤੋਂ ਬਗੈਰ ਅਸੀਂ ਆਪਣੇ ਨਿੱਜੀ ਸਕੂਲਾਂ ਨੂੰ ਨਾ ਸਿਰਫ਼ ਸਵੈ-ਵਿੱਤ ਬਣਾ ਰਹੇ ਹਾਂ ਬਲਕਿ ਮਿਆਰੀ ਸਿੱਖਿਆ ਵੀ ਪ੍ਰਦਾਨ ਕਰਵਾ ਰਹੇ ਹਾਂ।ਉਨ੍ਹਾਂ ਕਿਹਾ ਕਿ ਅੱਜ ਦੇ ਰਾਜ ਪੱਧਰੀ ਸਮਾਗਮ 'ਚ 701 ਸੰਸਥਾਵਾਂ ਅਤੇ ਪ੍ਰਿੰਸੀਪਲਾਂ ਨੂੰ ਸਨਮਾਨਿਤ ਕੀਤਾ ਜਾ ਰਿਹਾ ਹੈ। ਇਨ੍ਹਾਂ ਸ਼੍ਰੇਣੀਆਂ ਵਿਚੋਂ ਸਰਬੋਤਮ ਅਧਿਆਪਕ ਦੇ ਪੁਰਸਕਾਰ 2 ਅਕਤੂਬਰ ਨੂੰ ਗਾਂਧੀ ਜੈਯੰਤੀ ਮੌਕੇ ਪ੍ਰਦਾਨ ਕੀਤੇ ਜਾਣਗੇ, ਜਿਸ ਲਈ ਰਜਿਸਟ੍ਰੇਸ਼ਨ ਸ਼ੁਰੂ ਹੋ ਚੁੱਕੀ ਹੈ ਅਤੇ ਸੰਸਥਾ ਦੇ ਅਧਿਆਪਕ ਨਾਮਜ਼ਦਗੀ ਲਈ ਖੁਦ ਜਾਂ ਸੰਸਥਾਵਾਂ ਦੇ ਮਾਧਿਅਮ ਰਾਹੀਂ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ।ਉਨ੍ਹਾਂ ਦੱਸਿਆ ਕਿ ਨਿਰਪੱਖ ਏਜੰਸੀ ਦੁਆਰਾ ਸੁਚੱਜੀ ਪੜਤਾਲ ਕਰਨ ਉਪਰੰਤ ਇਨ੍ਹਾਂ ਪੁਰਸਕਾਰਾਂ ਦੀ ਚੋਣ ਕੀਤੀ ਗਈ ਹੈ।ਉਨ੍ਹਾਂ ਦੱਸਿਆ ਕਿ ਚੰਡੀਗੜ੍ਹ ਯੂਨੀਵਰਸਿਟੀ ਵਿਖੇ ਹੋਏ ਰਾਜ ਪੱਧਰੀ ਸਮਾਗਮ ਦੌਰਾਨ ਬੈਸਟ ਸਕੂਲ (ਇਕੋ ਫ਼ਰੈਂਡਲੀ) ਤਹਿਤ 76, ਬੈਸਟ ਸਕੂਲ (ਕਲੀਨ ਐਂਡ ਹਾਈਜੈਨਿਕ ਵਾਤਾਵਰਣ) ਤਹਿਤ 42, ਬੈਸਟ ਸਕੂਲ (ਖੇਡ ਸਹੂਲਤਾਂ) ਅਧੀਨ 34, ਬੈਸਟ ਸਕੂਲ ਡਿਜੀਟਲ ਅਧੀਨ 10, ਬੈਸਟ ਸਕੂਲ (ਇਨਫ੍ਰਾਸਟਰੱਕਚਰ) ਅਧੀਨ 196, ਪ੍ਰਿੰਸੀਪਲ ਐਵਾਰਡ ਤਹਿਤ 132, ਬੈਸਟ ਸਕੂਲ (ਅਕੈਡਮਿਕ ਪ੍ਰਫੌਰਮੈਂਸ) ਤਹਿਤ 58, ਬੈਸਟ ਸਕੂਲ (ਇਨੋਵੇਟਿਵ ਟੀਚਿੰਗ) ਤਹਿਤ 42, ਬੈਸਟ ਸਕੂਲ (ਬਜ਼ਟ ਫ੍ਰੈਂਡਲੀ) ਤਹਿਤ 109 ਅਤੇ ਬੈਸਟ ਸਕੂਲ (ਸਪੈਸ਼ਲ ਨੀਡਸ) ਤਹਿਤ 2 ਪੁਰਸਕਾਰ ਭੇਂਟ ਕੀਤੇ ਗਏ।

ਇਸ ਮੌਕੇ ਸੰਬੋਧਨ ਕਰਦਿਆਂ ਚੰਡੀਗੜ੍ਹ ਯੂਨੀਵਰਸਿਟੀ ਦੇ ਚਾਂਸਲਰ ਸ. ਸਤਨਾਮ ਸਿੰਘ ਸੰਧੂ ਨੇ ਕਿਹਾ ਕਿ ਪ੍ਰਾਈਵੇਟ ਵਿੱਦਿਅਕ ਸੰਸਥਾਵਾਂ ਨੇ ਸਕੂਲੀ ਪੱਧਰ ਤੋਂ ਲੈ ਕੇ ਉਚੇਰੀ ਸਿੱਖਿਆ ਤੱਕ ਵਿਦਿਆਰਥੀਆਂ ਦੇ ਉਜਵਲ ਭਵਿੱਖ ਦੀ ਪਰਪੱਕ ਬੁਨਿਆਦ ਬਣਾਉਣ ਵਾਸਤੇ ਮਹੱਤਵਪੂਰਨ ਭੂਮਿਕਾ ਨਿਭਾਈ ਹੈ।ਫੈਪ ਦੀ ਪਹਿਲਕਦਮੀ ਨੂੰ ਇਤਿਹਾਸਿਕ ਕਰਾਰ ਦਿੰਦਿਆਂ ਉਨ੍ਹਾਂ ਕਿਹਾ ਆਜ਼ਾਦੀ ਤੋਂ ਬਾਅਦ ਪਹਿਲੀ ਵਾਰ ਪ੍ਰਾਈਵੇਟ ਖੇਤਰ ਦੇ ਅਧਿਆਪਕਾਂ, ਵਿਦਿਆਰਥੀਆਂ ਅਤੇ ਪ੍ਰਿੰਸੀਪਲਾਂ ਦਾ ਸਨਮਾਨ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਪ੍ਰਾਈਵੇਟ ਵਿਦਿਅਕ ਸੰਸਥਾਵਾਂ ਨੇ ਬੜੀ ਸਖ਼ਤ ਮਿਹਨਤ ਨਾਲ ਵਿਸ਼ਵ ਪੱਧਰੀ ਸਿੱਖਿਆ ਅਤੇ ਬੁਨਿਆਦੀ ਢਾਂਚਾ ਮੁਹੱਈਆ ਕਰਵਾਕੇ ਲੋਕਾਂ 'ਚ ਭਰੋਸੇਯੋਗਤਾ ਕਾਇਮ ਕੀਤੀ ਹੈ।ਉਨ੍ਹਾਂ ਕਿਹਾ ਕਿ ਰੋਜ਼ਗਾਰ ਪੱਖੋਂ ਵੀ ਪ੍ਰਾਈਵੇਟ ਸਕੂਲਾਂ ਦੀ ਸੂਬੇ ਨੂੰ ਵੱਡੀ ਦੇਣ ਹੈ, ਸੂਬੇ 'ਚ 2 ਲੱਖ ਦੇ ਕਰੀਬ ਸਕੂਲੀ ਅਧਿਆਪਕ ਹਨ, ਜਿਨ੍ਹਾਂ ਵਿਚੋਂ 44.65 ਫ਼ੀਸਦੀ ਅਧਿਆਪਕ ਪ੍ਰਾਈਵੇਟ ਸਕੂਲਾਂ ਨਾਲ ਸਬੰਧਿਤ ਹਨ। ਉਨ੍ਹਾਂ ਕਿਹਾ ਕਿ ਸੂਬੇ 'ਚ ਵਿਦਿਆ ਦਾ ਮਿਆਰ ਹੋਰ ਉਪਰ ਚੁੱਕਣ ਲਈ ਚੰਡੀਗੜ੍ਹ ਯੂਨੀਵਰਸਿਟੀ ਹਮੇਸ਼ਾ ਫੈਡਰੇਸ਼ਨ ਦੇ ਨਾਲ ਖੜ੍ਹੀ ਹੈ, ਜਿਸ ਦੇ ਅੰਤਰਗਤ ਸਕੂਲਾਂ 'ਚ ਲੀਡਰਸ਼ਿਪ ਟ੍ਰੇਨਿੰਗ ਪ੍ਰੋਗਰਾਮ ਚਲਾਉਣ ਲਈ ਚੰਡੀਗੜ੍ਹ ਯੂਨੀਵਰਸਿਟੀ ਜ਼ੁੰਮੇਵਾਰੀ ਚੁੱਕਣ ਲਈ ਤਿਆਰ ਹੈ।ਇਸ ਪ੍ਰੋਗਰਾਮ ਦੇ ਮਾਧਿਅਮ ਰਾਹੀਂ ਅਧਿਆਪਕਾਂ ਨੂੰ ਤਕਨਾਲੋਜੀ ਅਤੇ ਹੋਰਨਾਂ ਖੇਤਰਾਂ 'ਚ ਸਿਖਲਾਈ ਮੁਹੱਈਆ ਕਰਵਾਈ ਜਾਵੇਗੀ।

ਇਸ ਮੌਕੇ ਆਲ ਇੰਡੀਆ ਪਿੰਗਲਵਾੜਾ ਸੁਸਾਇਟੀ ਦੇ ਪ੍ਰੈਜੀਡੈਂਟ ਡਾ. ਇੰਦਰਜੀਤ ਕੌਰ, ਵਰਲਡ ਕੈਂਸਰ ਕੇਅਰ ਦੇ ਗਲੋਬਲ ਅੰਬੈਸਡਰ ਕੁਲਵੰਤ ਸਿੰਘ ਧਾਲੀਵਾਲ, ਪ੍ਰਸਿੱਧ ਲੇਖਕ ਅਤੇ ਮੋਟੀਵੇਸ਼ਨਲ ਸਪੀਕਰ ਪ੍ਰੀਆ ਕੁਮਾਰ, ਪੁਟੀਆ ਪ੍ਰਧਾਨ ਅਤੇ ਜੈਕ ਦੇ ਚੇਅਰਮੈਨ ਡਾ. ਗੁਰਮੀਤ ਸਿੰਘ ਧਾਲੀਵਾਲ, ਪੈਟਰਨ ਜੈਕ ਮਨਜੀਤ ਸਿੰਘ, ਪੁੱਕਾ ਪ੍ਰਧਾਨ ਅਤੇ ਜੈਕ ਦੇ ਕੋ-ਚੇਅਰਮੈਨ ਡਾ. ਅੰਸ਼ੂ ਕਟਾਰੀਆ, ਜੈਕ ਅਤੇ ਐਫ਼.ਐਸ.ਐਫ਼.ਸੀ.ਈ ਦੇ ਵਾਈਸ ਪ੍ਰੈਜੀਡੈਂਟ ਨਿਰਮਲ ਸਿੰਘ, ਐਫ਼.ਐਸ.ਐਫ਼.ਸੀ.ਈ ਦੇ ਪ੍ਰੈਜੀਡੈਂਟ ਅਤੇ ਜੈਕ ਦੇ ਵਾਈਸ ਪ੍ਰੈਜੀਡੈਂਟ ਜਸਨੀਕ ਸਿੰਘ, ਐਫ਼.ਐਸ. ਐਫ਼.ਸੀ.ਈ (ਜੀ.ਐਨ.ਡੀ.ਯੂ) ਦੇ ਪ੍ਰੈਜੀਡੈਂਟ ਅਤੇ ਜੈਕ ਦੇ ਵਾਈਸ ਪ੍ਰੈਜੀਡੈਂਟ ਡਾ. ਸਤਵਿੰਦਰ ਸੰਧੂ, ਪੁਡਕਾ ਦੇ ਪ੍ਰੈਜੀਡੈਂਟ ਅਤੇ ਜੈਕ ਦੇ ਜਨਰਲ ਸਕੱਤਰ ਸੁਖਮੰਦਰ ਸਿੰਘ ਚੱਠਾ, ਜੈਕ ਦੇ ਫਾਈਨਾਂਸ ਸਕੱਤਰ ਅਤੇ ਪੰਜਾਬ ਆਈ.ਟੀ.ਆਈ ਐਸੋਸੀਏਸ਼ਨ ਦੇ ਪ੍ਰੈਜੀਡੈਂਟ ਸ਼ਿਮਾਂਸ਼ੂ ਗੁਪਤਾ, ਜੈਕ ਦੇ ਸਕੱਤਰ ਅਤੇ ਐਸੋਸੀਏਸ਼ਨ ਆਫ਼ ਪੌਲੀਟੈਕਨਿਕ ਕਾਲਜ ਦੇ ਪ੍ਰੈਜੀਡੈਂਟ ਰਜਿੰਦਰ ਸਿੰਘ ਧਨੋਆ, ਨਰਸਿੰਗ ਐਸੋਸੀਏਸ਼ਨ ਦੇ ਪ੍ਰੈਜੀਡੈਂਟ ਡਾ. ਮਨਜੀਤ ਸਿੰਘ ਢਿੱਲੋਂ, ਪੀ.ਪੀ.ਐਸ.ਓ ਤੇਜਪਾਲ ਸਿੰਘ, ਰਾਸਾ (ਯੂਕੇ) ਦੇ ਪ੍ਰਧਾਨ ਹਰਪਾਲ ਸਿੰਘ, ਸੀ.ਏ.ਐਸ.ਏ ਦੇ ਪ੍ਰੈਜੀਡੈਂਟ ਅਨਿਲ ਚੋਪੜਾ, ਪ੍ਰੈਜੀਡੈਂਟ ਰਾਸਾ ਡਾ. ਰਵਿੰਦਰ ਸਿੰਘ ਮਾਨ, ਈ.ਸੀ.ਐਸ ਦੇ ਸੀਨੀਅਰ ਵਾਈਸ ਪ੍ਰੈਜੀਡੈਂਟ ਐਮ.ਐਲ ਸੇਠੀ, ਏ.ਆਈ.ਪੀ.ਏ ਦੇ ਪ੍ਰੈਜੀਡੈਂਟ ਨਵਦੀਪ ਭਾਰਦਵਾਜ, ਪੀ.ਯੂ.ਐਸ.ਏ ਪੰਜਾਬ ਦੇ ਜਨਰਲ ਸਕੱਤਰ ਮੋਹਿੰਦਰ ਸਿੰਘ ਭੋਲਾ ਵੀ ਉਚੇਚੇ ਤੌਰ 'ਤੇ ਹਾਜ਼ਰ ਰਹੇ।

# ਭਾਜਪਾ ਦੀ ਘੱਟ ਰਹੀ ਹਰਮਨ ਪਿਆਰਤਾ ਅਤੇ ਵਿਰੋਧੀ ਦਲਾਂ ਦੀ ਭੂਮਿਕਾ



ਗੁਰਮੀਤ ਪਲਾਹੀ
91-98158-02070

ਦੇਸ਼ ਭਾਰਤ ਦੀ ਸਰਕਾਰ ਬਾਰੇ ਭਾਰਤ ਦੀ ਉੱਚ ਅਦਾਲਤ ਸੁਪਰੀਮ ਕੋਰਟ ਦਾ ਇਹ ਕਹਿਣਾ ਕਿ ਸਰਕਾਰ ਸਾਡੇ ਫ਼ੈਸਲਿਆਂ ਦਾ ਸਤਿਕਾਰ ਨਹੀਂ ਕਰ ਰਹੀ, ਕੁਝ ਵਿਸ਼ੇਸ਼ ਅਰਥ ਰੱਖਦਾ ਹੈ। ਬਿਨ੍ਹਾਂ ਸ਼ੱਕ ਦੇਸ਼ ਦੇ ਚੀਫ਼ ਜਸਟਿਸ ਨੇ ਕਿਹਾ ਕਿ ਅਸੀਂ ਸਰਕਾਰ ਨਾਲ ਟਕਰਾਅ ਨਹੀਂ ਚਾਹੁੰਦੇ ਤੇ ਅਸੀਂ ਜੱਜਾਂ ਦੀ ਨਿਯੁਕਤੀ ਦੇ ਢੰਗ-ਤਰੀਕੇ ਤੋਂ ਖੁਸ਼ ਹਾਂ, ਪਰ ਕਈ ਮਾਮਲਿਆਂ ਵਿੱਚ ਕੇਂਦਰ ਸਰਕਾਰ ਨਤੀਜਿਆਂ ਦੀ ਪ੍ਰਵਾਹ ਕੀਤੇ ਬਿਨ੍ਹਾਂ ਸੁਪਰੀਮ ਕੋਰਟ ਦੇ ਹੁਕਮਾਂ ਦਾ ਨਿਰਾਦਰ ਕਰਨ ਤੇ ਤੁਲੀ ਹੋਈ ਹੈ।

ਇੱਕ ਨਹੀਂ ਬਹੁਤ ਸਾਰੇ ਮਾਮਲੇ ਇਹੋ ਜਿਹੇ ਹਨ, ਜਿਹਨਾ ਪ੍ਰਤੀ ਵੱਡੇ ਬਹੁਮਤ ਵਾਲੀ ਸਰਕਾਰ ਨੇ ਦੇਸ਼ ਦੀ ਵਿਰੋਧੀ ਧਿਰ ਨੂੰ ਸਾਮ, ਦਾਮ, ਦੰਡ ਦੇ ਹਥਿਆਰ ਵਰਤਕੇ ਨੁਕਰੇ ਲਗਾ ਦਿੱਤਾ ਹੋਇਆ ਹੈ ਅਤੇ ਆਪਣੀ ਮਰਜ਼ੀ ਨਾਲ ਦੇਸ਼ 'ਚ ਵੱਡੇ ਫ਼ੈਸਲੇ ਕਰਨ ਵੇਲੇ ਉਹ ਕਿਸੇ ਵੀ ਧਿਰ ਦੀ ਪ੍ਰਵਾਹ ਨਹੀਂ ਕਰਦੀ। ਇਥੋਂ ਤੱਕ ਕਿ ਉਹ ਸੁਪਰੀਮ ਕੋਰਟ ਦੇ ਕੀਤੇ ਫ਼ੈਸਲਿਆਂ ਨੂੰ ਲਾਗੂ ਕਰਨ ਪ੍ਰਤੀ ਵੀ ਵਿਸ਼ੇਸ਼ ਰੁਚੀ ਨਹੀਂ ਵਿਖਾਉਂਦੀ। ਸਰਕਾਰ ਨੇ ਦੇਸ਼ ਦੀਆਂ ਖੁਦਮੁਖਤਾਰ ਏਜੰਸੀਆਂ ਉੱਤੇ ਏਕਾਅਧਿਕਾਰ ਕਰ ਲਿਆ ਹੈ। ਦੇਸ਼ ਦੇ ਵੱਡੇ ਮੀਡੀਏ ਨੂੰ ਆਪਣੇ ਵੱਸ ਕਰ ਲਿਆ ਹੈ।ਸ਼ਾਇਦ ਇਸੇ ਕਰਕੇ ਦੇਸ਼ ਦੀ ਸੁਪਰੀਮ ਕੋਰਟ ਦੇ ਮੁੱਖ ਜੱਜ ਚੀਫ਼ ਜਸਟਿਸ ਐਨ.ਬੀ.ਰਮਨਾ ਅਤੇ ਜਸਟਿਸ ਸੂਰੀਆ ਕਾਂਤ ਅਤੇ ਜਸਟਿਸ ਏ.ਐਸ.ਬੋਪੰਨਾ ਨੇ ਇਸ ਗੱਲ ਉੱਤੇ ਨਰਾਜ਼ਗੀ ਜਿਤਾਈ ਹੈ ਕਿ ਮੀਡੀਆ ਦਾ ਇਕ ਵਰਗ ਕੁਝ ਮੁੱਦਿਆਂ ਉੱਤੇ ਆਪਣੀ ਕਵਰੇਜ ਨੂੰ ਇੰਨਾ ਜ਼ਿਆਦਾ ਫਿਰਕੂ ਰੰਗ ਦਿੰਦਾ ਹੈ ਕਿ ਇਸ ਨਾਲ ਭਾਰਤ ਦਾ ਨਾਮ ਖਰਾਬ ਹੋ ਸਕਦਾ ਹੈ। ਟਿਪਣੀ ਮਹਾਂਮਾਰੀ ਦੇ ਦੌਰਾਨ ਤਬਲੀਗੀ ਜਮਾਤ ਦੇ ਮੁੱਦੇ ਦੇ ਸੰਦਰਭ ਵਿਚ ਸੀ।

ਹੁਣ ਦੇਸ਼ 'ਚ ਸਥਿਤੀ ਇਹ ਹੈ ਕਿ ਭਾਜਪਾ ਨੇ ਮੁਸਲਮਾਨਾਂ ਦੇ ਨਾਲ ਅਤੇ ਭਾਰਤੀ ਮੁਸਲਮਾਨਾਂ ਨੇ ਭਾਜਪਾ ਦੇ ਨਾਲ ਆਪਣਾ ਵਖਰੇਵਾਂ ਅਪਨਾ ਲਿਆ ਹੈ। ਮੁਸਲਮਾਨ ਧਰਮ ਨਿਰਪੱਖ ਦਲਾਂ ਉੱਤੇ ਨਿਰਭਰ ਕਰਦੇ ਹਨ। ਇਸ ਗੱਲ ਦੇ ਪੱਕੇ ਸਬੂਤ ਮੌਜੂਦ ਹਨ ਕਿ ਭਾਜਪਾ ਆਰ.ਐਸ.ਐਸ ਨੇ ਪਹਿਲਾਂ ਹੀ ਆਪਣੇ ਵਿਰੋਧੀਆਂ ਨੂੰ ਕੁਝ ਅਹਿਮ ਗੱਲਾਂ ਨਾਲ ਆਪਣੀ ਵਿਚਾਰਧਾਰਾ ਨਾਲ ਜੋੜਨ ਲਈ ਮਜਬੂਰ ਕਰ ਦਿਤਾ ਹੈ। ਭਾਜਪਾ ਵਿਰੋਧੀ ਕਿਸੇ ਵੀ ਪ੍ਰਮੁੱਖ ਦਲ ਨੇ ਨਾ ਤਾਂ ਅਯੋਧਿਆ ਉੱਤੇ ਫੈਸਲੇ ਵੇਲੇ ਅਤੇ ਨਾ ਹੀ ਰਾਮ ਮੰਦਿਰ ਦੇ ਨਿਰਮਾਣ ਦਾ ਵਿਰੋਧ ਕੀਤਾ, ਨਾ ਹੀ ਜੰਮੂ ਕਸ਼ਮੀਰ ਦੀ ਸਥਿਤੀ ਵਿਚ ਬਦਲਾਅ ਕਰਨ, ਸੀ.ਏ.ਏ ਅਤੇ ਤਿੰਨ ਤਲਾਕ ਕਾਨੂੰਨ ਨੂੰ ਪਾਸ ਕਰਨ ਅਤੇ ਜਾਂ ਫਿਰ ਸਬਰੀਮਾਲਾ ਮੰਦਿਰ ਵਿਚ ਔਰਤਾਂ ਨੂੰ ਪ੍ਰਵੇਸ਼ ਦੀ ਆਗਿਆ ਦੇਣ ਵਾਲੇ ਸੁਪਰੀਮ ਕੋਰਟ ਦੇ ਆਦੇਸ਼ ਉੱਤੇ ਅਮਲ ਕਰਨ ਦਾ ਵਾਅਦਾ ਕੀਤਾ ਹੈ। ਹੁਣ ਭਾਰਤੀ ਰਾਜਨੀਤੀ ਇਕ ਇਹੋ ਜਿਹੀ ਥਾਂ ਪੁੱਜ ਗਈ ਹੈ ਜਿਥੇ ਕੋਈ ਵੀ ਵਿਰੋਧੀ ਧਿਰ ਟੈਲੀਵੀਜਨ ਉੱਤੇ ਹੋਣ ਵਾਲੀਆਂ ਬਹਿਸਾਂ ਵਿਚ ਕਿਸੇ ਅਹਿਮ ਮੁਸਲਿਮ ਚਿਹਰੇ ਨੂੰ ਪ੍ਰਵਕਤਾ ਦੇ ਰੂਪ 'ਚ ਖੜਾ ਨਹੀਂ ਕਰਦਾ।

ਜਦੋਂ ਦੇਸ਼ ਵਿਚ ਇਹੋ ਜਿਹੇ ਹਾਲਾਤ ਹਾਕਮ ਧਿਰ ਵਲੋਂ ਸਿਰਜ ਦਿੱਤੇ ਗਏ ਹੋਣ, ਉਸ ਵੇਲੇ ਸਵਾਲ ਉਠਦੇ ਹਨ ਕਿ ਦੇਸ਼ ਦੀ ਵਿਰੋਧੀ ਧਿਰ ਹਾਕਮ ਧਿਰ ਦਾ ਮੁਕਾਬਲਾ ਭਵਿੱਖ ਵਿਚ ਕਰ ਸਕੇਗੀ?

ਪਿਛਲੇ ਦਿਨੀਂ ਦੇਸ਼ ਦੀ ਸੰਸਦ ਵਿਚ ਜੋ ਕੁਝ ਹੋਇਆ, ਵਾਪਰਿਆ ਹੈ, ਉਸਨੇ ਦੇਸ਼ ਦੇ ਲੋਕਤੰਤਰ ਨੂੰ ਸ਼ਰਮਿੰਦਾ ਕੀਤਾ ਹੈ। ਆਪਣੀ ਜਿੱਦ ਵਿਚ ਹਾਕਮ ਧਿਰ ਨੇ ਵਿਰੋਧੀ ਧਿਰ ਵਲੋਂ ਬਹਿਸ ਲਈ ਲਿਆਦੇ ਗਏ ਖੇਤੀ ਕਾਨੂੰਨ ਮਤਿਆਂ ਅਤੇ ਜਸੂਸੀ ਕਾਂਡ ਦੇ ਮਾਮਲੇ ਨੂੰ ਸੰਸਦ 'ਚ ਪੇਸ਼ ਹੀ ਨਹੀਂ ਹੋਣ ਦਿੱਤਾ। ਬਿਨ੍ਹਾਂ ਸ਼ੱਕ ਦੇਸ਼ ਦੀ ਵਿਰੋਧੀ ਧਿਰ ਨੇ ਸੰਸਦ ਚੱਲਣ ਨਹੀਂ ਦਿੱਤੀ। ਪਰ ਇਸ ਰੌਲੇ ਰੱਪੇ 'ਚ ਹਾਕਮਾਂ ਨੇ ਕਈ ਇਹੋ ਜਿਹੇ ਬਿੱਲ ਕਾਨੂੰਨ ਬਣਾ ਲਏ ਜਿਹੜੇ ਸੰਸਦ ਵਿਚ ਬਹਿਸ ਦੀ ਵਿਸਥਾਰਤ ਮੰਗ ਕਰਦੇ ਹਨ। ਅਸਲ ਵਿਚ ਭਾਜਪਾ ਸਰਕਾਰ ਨੇ ਸਿੱਧ ਕਰ ਦਿੱਤਾ ਕਿ ਉਹ ਆਪਣੀਆਂ ਮਨ ਆਈਆਂ ਕਰੇਗੀ ਤੇ ਵਿਰੋਧੀ ਧਿਰ ਦੀ ਕਿਸੇ ਵੀ ਗੱਲ ਨੂੰ ਨਹੀਂ ਸੁਣੇਗੀ। ਸੰਸਦ ਵਿਚ ਹੀ ਨਹੀਂ ਸੰਸਦ ਤੋਂ ਬਾਹਰਲੇ ਲੋਕ-ਪਲੇਟ ਫਾਰਮ ਉੱਤੇ ਵੀ ਲੋਕ ਲਹਿਰਾਂ ਸਮੇਤ ਕਿਸਾਨ ਅੰਦੋਲਨ ਨੂੰ ਜਿਸ ਢੰਗ ਨਾਲ ਦਬਾਇਆ ਜਾ ਰਿਹਾ ਹੈ, ਉਹ ਸਰਕਾਰ ਦੀ ਕਾਰਜਸ਼ੈਲੀ ਦਾ ਸੰਕੇਤ ਹੀ ਨਹੀਂ, ਸਬੂਤ ਹੈ। ਸਰਕਾਰ ਲੋਕਤੰਤਰੀ ਢੰਗ ਨਾਲ ਨਹੀਂ, ਡਿਕਟੇਟਰਾਨਾ ਢੰਗ ਨਾਲ ਕੰਮ ਕਰ ਰਹੀ ਹੈ।

ਇਹੋ ਜਿਹੀ ਸਥਿਤੀ ਵਿਚ ਵਿਰੋਧੀ ਧਿਰ ਦੀ ਭੂਮਿਕਾ ਵੱਡੀ ਹੁੰਦੀ ਹੈ। ਪਰ ਵਿਰੋਧੀ ਧਿਰ ਵੱਖਰੀ ਪਈ ਹੈ। ਇਸ ਗੱਲ ਵਿੱਚ ਵੀ ਕੋਈ ਸ਼ੱਕ ਨਹੀਂ ਹੈ ਕਿ ਦੇਸ਼ ਦੀ ਸਭ ਤੋਂ ਪੁਰਾਣੀ ਸਿਆਸੀ ਪਾਰਟੀ ਕਾਂਗਰਸ ਦੇ ਬਿਨ੍ਹਾਂ ਕੋਈ ਵੀ ਪਾਰਟੀ ਨਰੇਂਦਰ ਮੋਦੀ ਸਰਕਾਰ ਨੂੰ ਟੱਕਰ ਦੇਣ ਦੇ ਕਾਬਲ ਨਹੀਂ ਹੈ, ਕਿਉਂਕਿ ਵਿਰੋਧੀ ਧਿਰ ਵਿਚ ਕਾਂਗਰਸ ਹੀ ਸਭ ਤੋਂ ਵੱਡੀ ਪਾਰਟੀ ਹੈ। ਵਿਰੋਧੀ ਧਿਰ ਦੇ ਨੇਤਾ ਇਹ ਵੀ ਸਮਝਦੇ ਹਨ ਕਿ ਕਾਂਗਰਸ ਦੇ ਬਿਨ੍ਹਾਂ ਵਿਰੋਧੀ ਧਿਰ ਦੀ ਏਕਤਾ ਜਾਂ ਨਰੇਂਦਰ ਮੋਦੀ ਦੀ ਭਾਜਪਾ ਦੇ ਵਿਰੁੱਧ ਕੋਈ ਵੀ ਬਦਲਵਾਂ ਗੱਠਜੋੜ ਖੜਾ ਨਹੀਂ ਹੋ ਸਕਦਾ। ਪਰ ਕਾਂਗਰਸ ਪਾਰਟੀ ਗੁੱਟਾਂ ਵਿਚ ਵੰਡੀ ਹੋਈ ਹੈ। ਇਸ ਪਾਰਟੀ ਦਾ ਆਪਣਾ ਕੋਈ ਪੱਕਾ ਪ੍ਰਧਾਨ ਨਹੀਂ ਹੈ। ਕਾਂਗਰਸ ਪਾਰਟੀ ਕੋਲ ਮੁੱਦਿਆਂ ਪ੍ਰਤੀ ਲੜਨ ਲਈ ਦ੍ਰਿੜਤਾ ਦੀ ਕਮੀ ਮਹਿਸੂਸ ਕੀਤੀ ਜਾਣ ਲੱਗ ਪਈ ਹੈ। ਮੌਜੂਦਾ ਗਾਂਧੀ ਪ੍ਰੀਵਾਰ ਦਾ ਕਾਂਗਰਸ ਉਤੇ ਕੰਟਰੋਲ ਢਿੱਲਾ ਪੈਂਦਾ ਜਾ ਰਿਹਾ ਹੈ।



ਉਧਰ ਮੋਦੀ ਨੇ 2024 ਦੀ ਆਪਣੀ ਯੋਜਨਾ ਸ਼ੁਰੂ ਕਰ ਵੀ ਦਿੱਤੀ ਹੈ। ਮੋਦੀ ਆਪਣੇ ਦੂਜੇ ਕਾਰਜ ਕਾਲ ਦਾ ਲਗਭਗ ਅੱਧਾ ਸਫ਼ਰ ਤਹਿ ਕਰ ਚੁੱਕਾ ਹਨ ਅਤੇ ਉਸਦੀ ਨਜ਼ਰ ਤੀਜੇ ਕਾਰਜ ਕਾਲ ਵੱਲ ਹੈ। ਪਰ ਕਾਂਗਰਸ ਪਾਰਟੀ ਦਾ ਪ੍ਰਸਤਾਵਿਤ ਚੋਣਾਂਵੀ ਅਜੰਡਾ ਦੂਰ-ਦੂਰ ਤੱਕ ਦਿਖਾਈ ਨਹੀਂ ਦੇ ਰਿਹਾ। ਸੋਨੀਆ ਗਾਂਧੀ ਅੰਤਰਿਮ ਪ੍ਰਧਾਨ ਹੈ। ਸਾਰੇ ਫ਼ੈਸਲੇ ਵਿਵਹਾਰਿਕ ਤੌਰ 'ਚ ਭੈਣ-ਭਰਾ ਪ੍ਰਿਯੰਕਾ ਅਤੇ ਰਾਹੁਲ ਗਾਂਧੀ ਲੈ ਰਹੇ ਹਨ। ਸੂਬਿਆਂ 'ਚ ਇਥੋਂ ਤੱਕ ਕਿ ਕਾਂਗਰਸ ਸਰਕਾਰਾਂ ਵਾਲੇ ਸੂਬਿਆਂ 'ਚ ਕਾਂਗਰਸੀਆਂ ਦਾ ਕਾਟੋ-ਕਲੇਸ਼ ਵਧਦਾ ਜਾ ਰਿਹਾ ਹੈ । ਪੰਜਾਬ ਜਿਥੇ ਕਾਂਗਰਸ ਪੱਕੇ ਪੈਰੀਂ ਰਾਜ ਕਰਦੀ ਸੀ ਕਾਂਗਰਸੀ ਹਾਈ ਕਮਾਂਡ ਦੇ ਗਲਤ ਫ਼ੈਸਲਿਆਂ ਦੀ ਭੇਂਟ ਚੜ੍ਹਕੇ, ਟੋਟਿਆਂ 'ਚ ਵੰਡੀ ਜਾ ਚੁੱਕੀ ਹੈ। ਛੱਤੀਸਗੜ੍ਹ ਵਿਚ ਵੀ ਇਸ ਕਿਸਮ ਦਾ ਸੰਕਟ ਪੈਦਾ ਕੀਤਾ ਗਿਆ ਹੈ, ਜਿਸ ਨੂੰ ਦੇਖਕੇ ਜਾਪਦਾ ਹੈ ਕਿ ਕਾਂਗਰਸ ਹਾਈ ਕਮਾਂਡ (ਗਾਂਧੀ ਪਰਿਵਾਰ) ਨੇ ਇਹ ਤਹਿ ਕਰ ਲਿਆ ਹੈ ਕਿ ਉਹ ਪਾਰਟੀ ਦੀ ਨੇਤਾਗਿਰੀ ਨਹੀਂ ਛੱਡਣਗੇ ਅਤੇ ਕਿਸੇ ਹੋਰ ਨੂੰ ਕੰਮ ਕਰਨ ਦਾ ਮੌਕਾ ਨਹੀਂ ਦੇਣਗੇ ਭਾਵੇਂ ਕਿ ਕਾਂਗਰਸ ਕਿਸੇ ਇੱਕ ਰਾਜ ਤੱਕ ਹੀ ਸੀਮਤ ਹੋ ਕੇ ਕਿਉਂ ਨਾ ਰਹਿ ਜਾਵੇ।

ਯੂ.ਪੀ. ਕਦੇ ਕਾਂਗਰਸ ਦਾ ਗੜ੍ਹ ਸੀ। ਬਿਹਾਰ 'ਚ ਕਾਂਗਰਸ ਦਾ ਬੋਲਬਾਲਾ ਸੀ। ਉੱਤਰੀ ਭਾਰਤ ਦੇ ਸੂਬਿਆਂ 'ਚ ਕਾਂਗਰਸ ਕਿਸੇ ਵਿਰੋਧੀ ਧਿਰ ਨੂੰ ਖੰਘਣ ਤੱਕ ਨਹੀਂ ਸੀ ਦਿੰਦੀ। ਦੱਖਣੀ ਭਾਰਤ 'ਚ ਕਾਂਗਰਸ ਛਾਈ ਹੋਈ ਸੀ। ਪਰ ਅੱਜ ਕਾਂਗਰਸ ਮੰਦੇ ਹਾਲੀਂ ਹੈ। ਅਸਲ ਵਿਚ ਗਾਂਧੀ ਪਰਿਵਾਰ ਆਪਣੀ ਧੌਂਸ ਕਾਂਗਰਸੀ ਨੇਤਾਵਾਂ ਉੱਤੇ ਬਣਾਈ ਰੱਖਣ ਲਈ ਚਾਲਾਂ ਚਲ ਰਿਹਾ ਹੈ। ਉਦਾਹਰਨ ਦੇ ਤੌਰ ਤੇ ਇਹ ਸਮਝਣਾ ਮੁਸ਼ਕਲ ਨਹੀਂ ਹੈ ਕਿ ਕੈਪਟਨ ਅਮਰਿੰਦਰ ਸਿੰਘ ਨੂੰ ਨਵਜੋਤ ਸਿੰਘ ਸਿੱਧੂ ਵਲੋਂ ਪਬਲਿਕ ਤੌਰ ਤੇ ਕਮਜ਼ੋਰ ਅਤੇ ਅਪਮਾਨਿਤ ਕਿਉਂ ਕੀਤਾ ਗਿਆ ਜੋ ਕਿ ਗੰਭੀਰ ਨੇਤਾ ਨਹੀਂ ਹੈ।ਜੇਕਰ ਗਾਂਧੀ ਪਰਿਵਾਰ ਕੈਪਟਨ ਅਮਰਿੰਦਰ ਸਿੰਘ ਨੂੰ ਬਦਲਕੇ ਪੰਜਾਬ "ਸਿੱਧੂ" ਦੇ ਹਵਾਲੇ ਕਰਨਾ ਚਾਹੁੰਦਾ ਸੀ ਤਾਂ ਇਸ ਵਾਸਤੇ ਹੋਰ ਬੇਹਤਰ ਢੰਗ ਹੋ ਸਕਦੇ ਸਨ। ਪਰ ਜਿਸ ਢੰਗ ਨਾਲ ਕਾਂਗਰਸ ਹਾਈ ਕਮਾਂਡ, ਕੈਪਟਨ ਸਰਕਾਰ ਉੱਤੇ ਰੋਹਬ ਪਾ ਰਹੀ ਹੈ ਅਤੇ ਆਪਣਿਆਂ ਦਾ ਗਲਾ ਘੁੱਟ ਰਹੀ ਹੈ, ਉਹ ਆਪਣੇ ਪੈਰੀਂ ਆਪ ਕੁਹਾੜਾ ਮਾਰਨ ਵਾਲੀ ਗੱਲ ਹੈ।

ਦੇਸ਼ ਦੇ ਬਹੁਤ ਸਾਰੇ ਮਸਲੇ ਹਨ, ਜਿਹਨਾ ਉੱਤੇ ਲੋਕ ਲਹਿਰ ਉਸਾਰੀ ਜਾ ਸਕਦੀ ਹੈ। ਮਹਿੰਗਾਈ ਵਧ ਰਹੀ ਹੈ। ਤੇਲ ਕੀਮਤਾਂ 'ਚ ਵਾਧਾ ਹੋ ਰਿਹਾ ਹੈ।ਖਾਣ ਵਾਲਾ ਤੇਲ ਨਿੱਤ ਮਹਿੰਗਾ ਹੋ ਰਿਹਾ ਹੈ। ਰਸੋਈ ਗੈਸ ਦੇ ਭਾਅ ਵੱਧ ਰਹੇ ਹਨ।।ਲੋਕਾਂ ਵਿਚ ਸਰਕਾਰ ਪ੍ਰਤੀ ਗੁੱਸਾ ਹੈ। ਹਾਲ ਹੀ ਵਿਚ ਇਕ ਸਰਵੇਖਣ ਆਇਆ ਹੈ ਕਿ ਦੇਸ਼ ਦੇ ਮਿਜਾਜ਼ ਵਿਚ ਨਰੇਂਦਰ ਮੋਦੀ ਦੀ ਹਰਮਨ ਪਿਆਰਤਾ 'ਚ ਕਮੀ ਆਈ ਹੈ, ਉਸ 'ਚ ਗਿਰਾਵਟ ਦੇਖਣ ਨੂੰ ਮਿਲੀ ਹੈ ਜੋ ਕਿ 66 ਫ਼ੀਸਦੀ ਤੋਂ ਘਟਕੇ 24 ਫ਼ੀਸਦੀ ਹੋ ਗਈ ਹੈ। ਪਰ ਇਸ ਘੱਟ ਰਹੀ ਹਰਮਨ ਪਿਆਰਤਾ ਨੂੰ ਲੋਕਾਂ ਸਾਹਮਣੇ ਕੌਣ ਲੈ ਕੇ ਜਾਵੇ?

ਵਿਰੋਧੀ ਧਿਰਾਂ ਵਿੱਚ ਦੋ ਹੀ ਪਾਰਟੀਆਂ, ਤ੍ਰਿਮੂਲ ਕਾਂਗਰਸ ਅਤੇ ਆਮ ਆਦਮੀ ਪਾਰਟੀ ਹਨ, ਜੋ ਭਾਜਪਾ ਨਾਲ ਲੜਨ ਦੀ ਇੱਛਾ ਵਿਖਾ ਰਹੀਆਂ ਹਨ। ਤ੍ਰਿਮੂਲ ਕਾਂਗਰਸ ਦੀ ਨੇਤਾ ਮਮਤਾ ਬੈਨਰਜੀ ਨੇ ਪੱਛਮੀ ਬੰਗਾਲ 'ਚ ਮੋਦੀ ਨੂੰ ਦਿਨੇ ਤਾਰੇ ਵਿਖਾ ਦਿੱਤੇ ਹਨ। ਉਹ ਹੁਣ ਦੇਸ਼ ਦੇ ਵਿਰੋਧੀ ਨੇਤਾਵਾਂ ਨੂੰ ਇੱਕਠਿਆਂ ਕਰਕੇ ਮੋਦੀ ਦਾ ਮੁਕਾਬਲਾ ਕਰਨ ਦੇ ਰਾਹ ਤੁਰੀ ਹੈ। ਭਾਵੇਂ ਤ੍ਰਿਮੂਲ ਇੱਕ ਰਾਜ ਪੱਛਮੀ ਬੰਗਾਲ ਦੀ ਪਾਰਟੀ ਹੀ ਹੈ। ਪਰ ਮਮਤਾ ਅਤੇ ਉਸਦੀ ਪਾਰਟੀ ਵਿੱਚ ਆਤਮ ਵਿਸ਼ਵਾਸ਼ ਹੈ। ਉਹ ਭਾਜਪਾ ਨੂੰ ਪੂਰਬ ਉੱਤਰ ਰਾਜਾਂ ਵਿੱਚ ਟੱਕਰ ਦੇਣਾ ਚਾਹੁੰਦੀ ਹੈ, ਜਿਥੇ ਬੰਗਾਲੀਆਂ ਦੀ ਠੀਕ-ਠਾਕ ਆਬਾਦੀ ਹੈ। ਉਹ ਤ੍ਰਿਪੁਰਾ 'ਚ ਕੰਮ ਕਰ ਚੁੱਕੀ ਹੈ, ਜਿਥੇ ਹੁਣ 2023 'ਚ ਚੋਣਾਂ ਹਨ। ਕਾਂਗਰਸ ਨਾਲੋਂ ਰੁਸੇ ਹੋਏ ਨੇਤਾ ਹੁਣ ਆਪਣਾ ਭਵਿੱਖ ਤ੍ਰਿਮੂਲ ਕਾਂਗਰਸ ਵਿੱਚ ਵੇਖ ਰਹੇ ਹਨ। ਕਾਂਗਰਸ ਦੇ ਅਸੰਤੁਸ਼ਟ ਨੇਤਾ ਜਿਹੜੇ ਭਾਜਪਾ ਵਿੱਚ ਨਹੀਂ ਜਾਣਾ ਚਾਹੁੰਦੇ ਉਹ ਤ੍ਰਿਮੂਲ ਕਾਂਗਰਸ 'ਚ ਜਾ ਰਹੇ ਹਨ।

ਪਿਛਲੇ ਦਿਨੀਂ ਸਾਬਕਾ ਵਿੱਤ ਮੰਤਰੀ ਯਸ਼ਵੰਤ ਸਿਨਹਾ ਨੇ ਇਸ ਪਾਰਟੀ ਦਾ ਹੱਥ ਫੜਿਆ ਜਿਸ ਨੂੰ ਤ੍ਰਿਮੂਲ ਪਾਰਟੀ ਦਾ ਉਪਪ੍ਰਧਾਨ ਬਣਾਇਆ ਗਿਆ ਹੈ।

ਅਸਲ ਵਿੱਚ ਮਮਤਾ ਬੈਨਰਜੀ ਸਿੱਧਾ ਮੋਦੀ ਨੂੰ ਚਣੌਤੀ ਦਿੰਦੀ ਹੈ। ਬੰਗਾਲ ਤੋਂ ਬਾਹਰ ਵਾਲੇ ਰਾਜਾਂ ਦੇ ਨੇਤਾ ਉਸ ਵੱਲ ਖਿੱਚੇ ਤੁਰੇ ਆ ਰਹੇ ਹਨ, ਕਿਉਂਕਿ ਲੋਕਾਂ ਦਾ ਭਾਜਪਾ ਤੋਂ ਮੋਹ ਭੰਗ ਹੋ ਚੁੱਕਾ ਹੈ।

ਦੂਜੀ ਪਾਰਟੀ ਆਮ ਆਦਮੀ ਪਾਰਟੀ ਹੈ। ਜਿਸਦੇ ਨੇਤਾ ਅਰਵਿੰਦ ਕੇਜਰੀਵਾਲ ਹਨ। ਦਿੱਲੀ ਤੋਂ ਬਾਅਦ, ਪੰਜਾਬ ਵਿੱਚ ਇਸ ਪਾਰਟੀ ਨੇ ਆਪਣਾ ਅਧਾਰ ਕਾਇਮ ਕੀਤਾ ਹੈ। ਪਿਛਲੀ ਵੇਰ ਇਹ ਪਾਰਟੀ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗੱਠਜੋੜ ਨੂੰ ਪਿੱਛੇ ਛੱਡ ਕੇ ਪੰਜਾਬ ਵਿੱਚ ਵਿਰੋਧੀ ਧਿਰ ਦਾ ਰੁਤਬਾ ਪ੍ਰਾਪਤ ਕਰ ਗਈ। ਇਸ ਵੇਰ ਵੀ ਇੱਕ ਸਰਵੇ ਅਨੁਸਾਰ ਕਾਂਗਰਸ ਦੇ ਕਾਟੋ-ਕਲੇਸ਼ ਕਾਰਨ ਪੰਜਾਬ ਦੇ ਅਗਲੇ ਸਾਲ ਹੋਣ ਵਾਲੀਆਂ ਚੋਣਾਂ 'ਚ ਇਸਦੇ ਸੱਤਾ ਪ੍ਰਾਪਤੀ ਦੇ ਕਿਆਫੇ ਲਾਏ ਜਾ ਰਹੇ ਹਨ। ਅਰਵਿੰਦ ਕੇਜਰੀਵਾਲ ਦੀ ਪਾਰਟੀ ਉਤਰਪ੍ਰਦੇਸ਼, ਉਤਰਾਖੰਡ, ਗੋਆ, ਪੰਜਾਬ 'ਚ ਹੋਣ ਵਾਲੀਆਂ ਚੋਣਾਂ 'ਚ ਹਿੱਸਾ ਲਵੇਗੀ। ਜੇਕਰ ਇਹ ਇੱਕ ਹੋਰ ਰਾਜ ਵਿੱਚ ਸੱਤਾ ਪ੍ਰਾਪਤ ਕਰ ਲੈਂਦੀ ਹੈ, ਇਹ ਸੱਚਮੁਚ ਵੱਡਾ ਖਿਲਾੜੀ ਬਣ ਜਾਵੇਗੀ।

ਦੇਸ਼ ਦੇ ਬਾਕੀ ਸੂਬਿਆਂ 'ਚ ਬਹੁਜਨ ਸਮਾਜ ਪਾਰਟੀ, ਸਮਾਜਵਾਦੀ ਪਾਰਟੀ, ਐਨ.ਸੀਪੀ. (ਸ਼ਰਦਪਵਾਰ), ਕਮਿਉਨਿਸਟ ਪਾਰਟੀ, ਸ਼ਿਵ ਸੈਨਾ ਅਤੇ ਹੋਰ ਬਹੁਤ ਸਾਰੀਆਂ ਇਲਾਕਾਈ ਪਾਰਟੀਆਂ ਹਨ, ਜਿਹੜੀਆਂ ਵਿਰੋਧੀ ਧਿਰ ਵਜੋਂ ਦੇਸ਼ ਵਿੱਚ ਕੰਮ ਕਰ ਰਹੀਆਂ ਹਨ।

ਇਹਨਾ ਵਿਚੋਂ ਕਈ ਆਪਸ ਵਿੱਚ ਸਹਿਯੋਗ ਕਰਕੇ ਕਈ ਥਾਵੀਂ ਸਰਕਾਰਾਂ ਦੀ ਬਣਾਈ ਬੈਠੀਆਂ ਹਨ ਜਾਂ ਗੱਠਜੋੜ ਨਾਲ ਸੂਬਿਆਂ 'ਚ ਸਰਕਾਰਾਂ ਬਨਾਉਣ ਦੇ ਯੋਗ ਹਨ, ਪਰ ਭਾਜਪਾ ਦੇ ਵਿਰੋਧ ਵਿੱਚ ਇਕੱਠੇ ਹੋਣ ਲਈ ਕਿਸੇ ਆਕਸਰਸ਼ਕ ਨੇਤਾ ਦੀ ਅਣਹੋਂਦ ਕਾਰਨ ਭਾਜਪਾ ਨੂੰ ਟੱਕਰ ਦੇਣ ਤੋਂ ਇਹ ਰਾਸ਼ਟਰੀ ਪੱਧਰ 'ਤੇ ਅਸਮਰਥ ਵਿਖਾਈ ਦਿੰਦੀਆਂ ਹਨ।

ਪਰ ਫਿਰ ਵੀ ਭਾਜਪਾ ਦਾ ਵਿਰੋਧ ਦੇਸ਼ ਵਿੱਚ ਜੋ ਵਿਕਰਾਲ ਰੂਪ ਲੈ ਰਿਹਾ ਹੈ ਅਤੇ ਜਿਸ ਵਿੱਚ ਕਿਸਾਨਾਂ ਦਾ ਅੰਦੋਲਨ ਵਿਸ਼ੇਸ਼ ਭੂਮਿਕਾ ਨਿਭਾ ਰਿਹਾ ਹੈ, ਉਸ ਪ੍ਰਤੀ ਵਿਰੋਧੀ ਧਿਰਾਂ ਕਿਵੇਂ ਇੱਕਮੁੱਠ ਹੋਕੇ ਚੋਣ ਮੁਹਿੰਮ ਚਲਾਉਂਦੀਆਂ ਹਨ, ਉਹ ਆਉਣ ਵਾਲੇ ਕੁਝ ਮਹੀਨਿਆਂ 'ਚ ਹੀ ਪਤਾ ਲੱਗੇਗਾ।

ਹੁਣ ਤੋਂ ਲੈ ਕੇ 2024 ਤੱਕ ਇੱਕ ਦਰਜਨ ਦੇ ਲਗਭਗ ਸੂਬਿਆਂ 'ਚ ਚੋਣਾਂ ਹੋਣੀਆਂ ਹਨ। ਤਸਵੀਰ 2023 ਦੇ ਅੰਤ ਜਾਂ 2024 ਦੇ ਸ਼ੁਰੂਆਤ ਵਿੱਚ ਸਾਫ਼ ਹੋਏਗੀ। ਲੇਕਿਨ ਵਿਰੋਧੀ ਦਲਾਂ ਨੂੰ ਆਪਣਾ ਅਜੰਡਾ ਤਹਿ ਕਰਨ, ਸੜਕ 'ਤੇ ਉਤਰਨ, ਜ਼ਮੀਨੀ ਪੱਧਰ ਤੇ ਕੰਮ ਕਰਨ, ਆਪਣਾ ਵੋਟ ਅਧਾਰ ਮਜ਼ਬੂਤ ਕਰਨ ਅਤੇ ਗਠਬੰਧਨ ਬਣਾਕੇ ਸੂਬਿਆਂ ਵਿੱਚ ਭਾਜਪਾ ਦੇ ਬਦਲ ਨੂੰ ਕੋਈ ਚੀਜ਼ ਰੋਕ ਨਹੀਂ ਰਹੀ। ਪਰ ਅੱਜ ਪੱਕੇ ਤੌਰ ਤੇ ਬੱਸ ਇਹੋ ਕਿਹਾ ਜਾ ਸਕਦਾ ਹੈ ਕਿ ਵਿਰੋਧੀ ਧਿਰ ਅਨਿਸ਼ਚਿਤ ਸਥਿਤੀ ਵਿੱਚ ਹੈ ਅਤੇ ਕਾਂਗਰਸ ਇਨਕਾਰ ਦੀ ਮੁਦਰਾ 'ਚ ਸਮਾਧੀ ਲਾਈ ਬੈਠੀ ਹੈ।

****

# ਸਰਕਾਰੀ ਸਕੂਲਾਂ ਵਿੱਚ ਟੀਚਰਾਂ ਦੀ ਘਾਟ ਨੂੰ ਲੈ ਕੇ ਸੂਬਾ ਪ੍ਰਧਾਨ ਜਰਨੈਲ ਨੰਗਲ ਵਲੋਂ ਸੰਘਰਸ਼ ਜਾਰੀ

## ਪੋਲ ਖੋਲ ਤਹਿਤ 20 ਸਕੂਲਾਂ ਦੀ ਕਮੀਆਂ ਦੀ ਲਿਸਟ ਜਾਰੀ ਕਰ ਪ੍ਰਸ਼ਾਸਨ ਅਤੇ ਸਰਕਾਰ ਪਾਸੋਂ ਨੂੰ ਦੂਰ ਕਰਨ ਦੀ ਕੀਤੀ ਮੰਗ

**ਫਗਵਾੜਾ (ਬੀ.ਕੇ.ਰੱਤੂ)** ਅੱਜ ਇਕ ਵਾਰ ਫਿਰ ਲੋਕ ਇਨਸਾਫ ਪਾਰਟੀ ਦਾ ਇੱਕ ਵਫ਼ਦ ਪਾਰਟੀ ਦੇ ਐਸਸੀ ਵਿੰਗ ਦੇ ਸੂਬਾ ਪ੍ਰਧਾਨ ਅਤੇ ਦੋਆਬਾ ਜ਼ੋਨ ਇੰਚਾਰਜ ਜਰਨੈਲ ਨੰਗਲ ਦੀ ਅਗਵਾਈ ਵਿੱਚ ਨਾਇਬ ਤਹਿ-ਸੀਲਦਾਰ ਫਗਵਾੜਾ ਨੂੰ ਮਿਲਿਆ ਅਤੇ ਇਕ ਮੰਗ ਪੱਤਰ ਮੁੱਖ ਮੰਤਰੀ ਪੰਜਾਬ ਸਿੱਖਿਆ ਮੰਤਰੀ ਪੰਜਾਬ ਸਰਕਾਰ ਐਜੂਕੇਸ਼ਨ ਸੈਕਟਰੀ ਪੰਜਾਬ ਡਿਪਟੀ ਕਮਿਸ਼ਨਰ ਕਪੂਰਥਲਾ ਜ਼ਿਲ੍ਹਾ ਸਿੱਖਿਆ ਅਫਸਰ ਕਪੂਰਥਲਾ ਏਡੀਸੀ ਫਗਵਾੜਾ ਅਤੇ ਐੱਸਡੀਐੱਮ ਸਾਹਿਬ ਫਗਵਾੜਾ ਦੇ ਨਾਮ ਤੇ ਦਿੱਤਾ ਬਾਅਦ ਵਿੱਚ ਪ੍ਰੈਸ ਨੂੰ ਸੰਬੋਧਨ ਕਰਦੇ ਹੋਏ ਜਰਨੈਲ ਨੰਗਲ ਨੇ ਕਿਹਾ ਕਿ ਅਸੀਂ ਪਿਛਲੇ ਕਈ ਦਿਨਾਂ ਤੋਂ ਸਰਕਾਰੀ ਸਕੂਲਾਂ ਦੀ ਪੋਲ ਖੋਲ ਮੁਹਿੰਮ ਸ਼ੁਰੂ ਕੀਤੀ ਹੋਈ ਹੈ ਜਿਸ ਤਹਿਤ ਅਸੀਂ ਅੱਜ 20 ਸਕੂਲਾਂ ਦੀ ਕਮੀਆਂ ਦੀ ਲਿਸਟ ਜਾਰੀ ਕਰ ਪ੍ਰਸ਼ਾਸਨ ਅਤੇ ਸਰਕਾਰ ਪਾਸੋਂ ਕਮੀਆਂ ਨੂੰ ਦੂਰ ਕਰਨ ਦੀ ਪੁਰਜ਼ੋਰ ਮੰਗ ਕੀਤੀ ਹੈ ਉਨ੍ਹਾਂ ਦੱਸਿਆ ਕਿ ਅੱਜ ਦੀ ਇਸ ਲਿਸਟ ਤੋਂ ਬਾਅਦ ਅਸੀਂ 124 ਸਕੂਲਾਂ ਦਾ ਸਰਵੇ ਮੁਕੰਮਲ ਕਰ ਲਿਆ ਹੈ ਜਿਸ ਵਿਚ ਇਹ ਗੱਲ ਤਾਂ ਸਾਹਮਣੇ ਆਈ ਹੀ ਹੈ ਕਿ ਹਰ ਸਕੂਲ ਵਿੱਚ ਅਧਿਆਪਕਾਂ ਦੀ ਘਾਟ



ਹੈ ਪਰ ਜਿਸ ਸਕੂਲ ਨੂੰ ਕੇਵਲ ਇੱਕ ਅਧਿਆਪਕ ਹੀ ਚਲਾ ਰਿਹਾ ਹੈ ਜਦੋਂ ਉਸ ਅਧਿਆਪਕ ਨੂੰ ਕਿਤੇ ਬਾਹਰ ਮੀਟਿੰਗ ਤੇ ਜਾਣਾ ਪੈਂਦਾ ਹੈ ਤਾਂ ਸਕੂਲ ਸੁੰਨਾ ਹੋ ਜਾਂਦਾ ਹੈ ਅਤੇ ਸਕੂਲ ਵਿੱਚ ਕੋਈ ਚੌਕੀਦਾਰ ਨਾ ਹੋਣ ਕਰਕੇ ਸਕੂਲ ਦੇ ਬੱਚੇ ਕਿਤੇ ਵੀ ਬਾਹਰ ਜਾ ਸਕਦੇ ਹਨ ਅਜਿਹੇ ਹਾਲਾਤਾਂ ਵਿੱਚ ਜ਼ੁੰਮੇਵਾਰੀ ਕਿਸ ਦੀ ਬਣਦੀ ਹੈ ਕਿੰਨੇ ਦੁੱਖ ਦੀ ਗੱਲ ਹੈ ਕਿ ਪੰਜ ਕਲਾਸਾਂ ਨੂੰ ਇਕ ਅਧਿਆਪਕ ਚਲਾ ਰਿਹਾ ਹੈ ਅਤੇ ਪ੍ਰੀ ਨਰਸਰੀ ਨੂੰ ਵੀ ਉਹੀ ਅਧਿਆਪਕ ਚਲਾਉਣ ਲਈ ਮਜਬੂਰ ਹੈ ਉਨ੍ਹਾਂ ਕਿਹਾ ਕਿ ਇਹ ਪਤਾ ਨਹੀਂ ਕਿਸ ਤਰ੍ਹਾਂ ਦੀ ਸਿੱਖਿਆ ਨੀਤੀ ਹੈ ਜਿਸ ਨਾਲ ਸਾਡੇ ਬੱਚਿਆਂ ਦਾ ਉਹ ਭਲਾ ਕਰਨਾ ਚਾਹੁੰਦੇ ਹਨ ਉਨ੍ਹਾਂ ਫਿਰ ਪ੍ਰਸ਼ਾਸਨ ਅਤੇ ਸਰਕਾਰ ਕੋਲੋਂ ਸਰਕਾਰੀ ਸਕੂਲਾਂ ਵਿੱਚ ਟੀਚਰਾਂ ਦੀ ਘਾਟ ਪੂਰੀ ਕਰਨ ਦੀ ਪੁਰਜ਼ੋਰ ਮੰਗ ਕੀਤੀ ਅਤੇ ਕਿਹਾ ਕਿ ਜੇਕਰ ਅਧਿਆਪਕਾਂ ਦੀ ਘਾਟ ਅਤੇ ਹੋਰ ਕਮੀਆਂ ਨੂੰ ਜਲਦ ਤੋਂ ਜਲਦ ਪੂਰਾ ਨਾ ਕੀਤਾ ਗਿਆ ਤਾਂ ਉਹ ਬੱਚਿਆਂ ਦੇ ਭਵਿੱਖ ਨੂੰ ਧਿਆਨ ਵਿੱਚ ਰੱਖਦੇ ਹੋਏ ਤਿੱਖਾ ਸੰਘਰਸ਼ ਕਰਨਗੇ।ਇਸ ਮੌਕੇ ਉਨ੍ਹਾਂ ਨਾਲ ਡਾ ਸੁਖਦੇਵ ਚੌਕੜੀਆ, ਬਲਵੀਰ ਠਾਕੁਰ, ਡਾ ਰਮੇਸ਼, ਸਮਰ ਗੁਪਤਾ, ਪਵਨ ਕੁਮਾਰ, ਰਾਜ ਕੁਮਾਰ, ਸ਼ਾਮ ਸੁੰਦਰ ਅਤੇ

# ਜਰਖੜ ਵਿੱਚ ਖੁੱਲੇਗੀ ਮੁੱਕੇਬਾਜ਼ੀ ਅਕੈਡਮੀ

## 5ਜਾਬ ਫਾਊਂਡੇਸ਼ਨ ਹੋਵੇਗਾ ਮੁੱਖ ਸਪਾਂਸਰ, ਮੁੰਡੇ ਕੁੜੀਆਂ ਨੂੰ ਮਿਲੇਗੀ ਮੁਫ਼ਤ ਟ੍ਰੇਨਿੰਗ






**ਲੁਧਿਆਣਾ (ਬਿਊਰੋ**–ਜਰਖੜ ਹਾਕੀ ਅਕੈਡਮੀ ਦੀਆਂ ਪ੍ਰਾ-ਪਤੀਆਂ ਵਿੱਚ ਉਸ ਵੇਲੇ ਇਕ ਹੋਰ ਵੱਡਾ ਵਾਧਾ ਹੋਵੇਗਾ ਜਦੋਂ ਹਾਕੀ ਦੇ ਨਾਲ ਨਾਲ ਜਰਖੜ ਦੇ ਵਿਚ ਮੁੱਕੇਬਾਜ਼ੀ ਦੇ ਅਕੈਡਮੀ ਵੀ ਖੁੱਲ੍ਹੇਗੀ। ਇਸ ਅਕੈਡਮੀ ਦਾ ਨਾਮ ਪੰਜਾਬ ਮੁੱਕੇਬਾਜ਼ੀ ਅਕੈਡਮੀ ਜਰਖੜ ਹੋਵੇਗਾ, ਜਿਸ ਨੂੰ 5ਜਾਬ ਫਾਊਂਡੇਸ਼ਨ ਮੁੱਖ ਤੌਰ ਤੇ ਸਪਾਂਸਰ ਕਰੇਗੀ । ਇਹ ਅਕੈਡਮੀ ਵਿੱਚ ਇਲਾਕੇ ਦੇ ਮੁੰਡੇ ਅਤੇ ਕੁੜੀਆਂ ਨੂੰ ਮੁਫ਼ਤ ਟਰੇਨਿੰਗ ਦਿਤੀ ਜਾਵੇਗੀ। ਜਿਸ ਵਿੱਚ ਕੁੜੀਆਂ ਨੂੰ ਖਿਡਾਰਨਾਂ ਬਣਾਉਣ ਲਈ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ।

ਜਰਖੜ ਖੇਡ ਸਟੇਡੀਅਮ ਦਾ ਦੌਰਾ ਕਰਨ ਆਏ ਫਾਊਂਡੇਸ਼ਨ ਦੇ ਇਕ ਵਫ਼ਦ ਸ ਜਗਦੀਪ ਸਿੰਘ ਘੁੰਮਣ ਮੁੰਬਈ , ਡਾਇਰੈਕਟਰ ਪ੍ਰਿੰਸੀਪਲ ਬਲਵੰਤ ਸਿੰਘ ਚਕਰ, ਦੱਸਿਆ ਕਿ ਆਈਪੀਐਲ ਨੂੰ ਮੁੱਖ ਸਪਾਂਸਰ ਦੇਣ ਵਾਲੀ ਕੰਪਨੀ ਡਰੀਮ ਸਪੋਰਟਸ ਫਾਊਂਡੇਸ਼ਨ ਨੇ ਪੰਜਾਬ ਦੇ ਵਿੱਚ ਵੱਡੇ ਪੱਧਰ ਤੇ ਖੇਡਾਂ ਨੂੰ ਪ੍ਰਫੁੱਲਤ ਕਰਨਾ ਚਾਹੁੰਦੀ ਹੈ।ਉਸ ਦੇ ਅਧੀਨ ਕੰਮ ਕਰ ਰਹੀ 5ਜਾਬ ਫਾਊਂਡੇਸ਼ਨ ਨੇ ਪੰਜਾਬ ਦੇ ਵਿੱਚ ਮੁੱਕੇਬਾਜ਼ੀ ਦੇ ਤਿੰਨ ਸੈਂਟਰ ਜਿਨ੍ਹਾਂ ਵਿੱਚ ਚਕਰ ਮੁੱਕੇਬਾਜ਼ੀ ਅਕੈਡਮੀ ਜੋ ਪਹਿਲਾਂ ਹੀ ਕੰਮ ਕਰ ਰਹੀ ਹੈ, ਇਸ ਤੋਂ ਇਲਾਵਾ ਜਰਖੜ (ਲੁਧਿਆਣਾ) ਅਤੇ ਤਲਵਾੜਾ (ਕਪੂਰਥਲਾ) ਵਿਖੇ ਮੁੱਕੇਬਾਜ਼ੀ ਦੇ ਸੈਂਟਰ ਖੋਲ੍ਹਣ ਦਾ ਫ਼ੈਸਲਾ ਕੀਤਾ ਹੈ।

5ਜਾਬ ਫਾਊਂਡੇਸ਼ਨ ਵੱਲੋਂ ਮੁੱਕੇਬਾਜ਼ੀ ਦੇ ਇਹ ਸੈਂਟਰ ਲਈ 3 ਡਾਇਰੈਕਟਰ ਨਾਮਜ਼ਦ ਕੀਤੇ ਜਾਣਗੇ । 5ਜਾਬ ਬਾਕਸਿੰਗ ਅਕੈਡਮੀ ਜਰਖੜ ਲਈ ਵਿਸ਼ੇਸ਼ ਤੌਰ ਤੇ ਕੋਚ, ਬਾਕਸਿੰਗ ਰਿੰਗ, ਸਪੋਰਟਸ ਕਿੱਟ ਅਤੇ ਹੋਰ ਸਭ ਸਹੂਲਤਾਂ ਖਿਡਾਰੀਆਂ ਲਈ ਮੁਹੱਈਆ ਕੀਤੀਆਂ ਜਾਣਗੀਆਂ । ਇਸ ਤੋਂ ਇਲਾਵਾ ਜਰਖੜ ਹਾਕੀ ਅਕੈਡਮੀ ਨੂੰ ਵੀ 5ਜਾਬ ਫਾਊਂਡੇਸ਼ਨ ਵੱਡੇ ਪੱਧਰ ਤੇ ਸਪਾਂਸਰਸ਼ਿਪ ਦੇਵੇ ਦੇਵੇਗੀ। ਜਿਸ ਨਾਲ ਹਾਕੀ ਖਿਡਾਰੀਆਂ ਦੀ ਖੇਡ ਵਿੱਚ ਹੋਰ ਸੁਧਾਰ ਆ ਸਕੇ। 5ਜਾਬ ਫਾਊਂਡੇਸ਼ਨ ਦਾ ਇਕੋ ਮਕਸਦ ਹੈ ਕਿ ਪਿੰਡਾਂ ਦੇ ਵਿੱਚ ਖੇਡ ਸੱਭਿਆਚਾਰ ਨੂੰ ਪ੍ਰਫੁੱਲਤ ਕਰਨਾ ਅਤੇ ਆਉਣ ਵਾਲੀਆਂ ਓਲੰਪਿਕ ਖੇਡਾਂ ਦੇ ਵਿੱਚ ਵੱਧ ਤੋਂ ਵੱਧ ਪੰਜਾਬ ਦੇ ਖਿਡਾਰੀਆਂ ਦੀ ਨਮਾਇੰਦਗੀ ਕਰਾਉਣਾ ਹੈ।

ਜਰਖੜ ਖੇਡ ਸਟੇਡੀਅਮ ਪੰਜਾਬ ਦੇ ਪੇਂਡੂ ਖੇਡ ਸਭਿਆਚਾਰ ਦੀ ਇਕ ਵਿਰਾਸਤ ਹੈ ,ਇਸ ਵਿੱਚੋਂ ਮੁਲਕ ਨੂੰ ਵਧੀਆ ਖੇਡ ਹੁਨਰ ਮਿਲ ਸਕਦਾ ਹੈ। ਇਸ ਮੌਕੇ ਜਰਖੜ ਹਾਕੀ ਅਕੈਡਮੀ ਦੇ ਡਾਇਰੈਕਟਰ ਜਗਰੂਪ ਸਿੰਘ ਜਰਖੜ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ ਅਤੇ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ। ਇਸ ਮੌਕੇ ਕੇਵਲ ਸਿੰਘ ਖਹਿਰਾ, ਅਸਤਿੰਦਰਪਾਲ ਸਿੰਘ ਖਹਿਰਾ, ਸਾਹਿਬਜੀਤ ਸਿੰਘ ਸਾਬੀ ਜਰਖੜ੍ਹ, ਕੋਚ ਗੁਰਸਤਿੰਦਰ ਸਿੰਘ ਪਰਗਟ, ਤੇਜਿੰਦਰ ਸਿੰਘ ਜਰਖੜ, ਹਰਵਿੰਦਰ ਸਿੰਘ ਘਵੱਦੀ, ਦਲਵੀਰ ਸਿੰਘ ਜਰਖੜ, ਗੁਰਿੰਦਰਪਾਲ ਸਿੰਘ ਗੁਰੀ ਜਰਖੜ,ਜਤਿੰਦਰਪਾਲ ਸਿੰਘ ਦਲੇਅ, ਲਵਜੀਤ ਸਿੰਘ, ਰਘਵੀਰ ਸਿੰਘ ਡੰਗੋਰਾ, ਜਗਦੇਵ ਸਿੰਘ ਜਰਖੜ, ਲਾਲ ਸਿੰਘ ਘਵੱਦੀ, ਹਰਜੋਤ ਸਿੰਘ ਢੋਲੇਵਾਲ, ਤੇਜੀ ਜੱਸੜ, ਆਦਿ ਹੋਰ ਪ੍ਰਬੰਧਕ ਵਿਸ਼ੇਸ਼ ਤੌਰ ਤੇ ਹਾਜ਼ਰ ਸਨ। ਬਾਕਸਿੰਗ ਵਿੱਚ ਭਾਗ ਲੈਣ ਦੇ ਚਾਹਵਾਨ ਖਿਡਾਰੀ ਜਰਖੜ ਸਟੇਡੀਅਮ ਪ੍ਰਬੰਧਕਾਂ ਨਾਲ ਕਿਸੇ ਵਕਤ ਵੀ ਸੰਪਰਕ ਕਰ ਸਕਦੇ ਹਨ।

# ਸਾਬਕਾ ਸਾਂਸਦ ਕੰਵਲਜੀਤ ਸਿੰਘ ਬਖਸ਼ੀ ਨੇ ਵਿਦੇਸ਼ ਮੰਤਰੀ ਦਾ ਧਿਆਨ ਅਫਗਾਨੀ ਸਿੱਖਾਂ ਤੇ ਹਿੰਦੂਆਂ ਵੱਲ ਦਿਵਾਇਆ

**ਔਕਲੈਂਡ (ਹਰਜਿੰਦਰ ਸਿੰਘ ਬਸਿਆਲਾ)**– ਨਿਊਜ਼ੀਲੈਂਡ ਦੇ ਸਾਬਕਾ ਸਾਂਸਦ ਸ. ਕੰਵਲਜੀਤ ਸਿੰਘ ਬਖਸ਼ੀ ਅਫ਼ਗਾਨਿਸਤਾਨ ਦੇ ਵਿਚ ਰਹਿ ਰਹੇ ਹਿੰਦੂਆਂ-ਸਿੱਖਾਂ ਦੀ ਸੁਰੱਖਿਆ ਅਤੇ ਉਹਨਾਂ ਦੇ ਸੁਰੱਖਿਅਤ ਉਥੋਂ ਬਾਹਰੀ ਮੁਲਕਾਂ ਦੇ ਵਿਚ ਸ਼ਰਨਾਰਥੀ ਪ੍ਰਕਿਰਿਆ ਨੂੰ ਲੈ ਕੇ ਕਾਫੀ ਚਿੰਤਤ ਨਜ਼ਰ ਆ ਰਹੇ ਹਨ। ਉਂਝ ਤਾਂ ਹਰ ਇਨਸਾਨੀਅਤ ਪਸੰਦ ਵਿਅਕਤੀ ਉਥੇ ਵਸੇ ਸਾਰੇ ਲੋਕਾਂ ਦੇ ਭਵਿੱਖ ਲਈ ਫਿਕਰਮੰਦ ਹੈ ਪਰ ਫਿਰ ਵੀ ਵੱਖ-ਵੱਖ ਕੌਮਾਂ ਦੇ ਦੇਸ਼-ਵਿਦੇਸ਼ ਵਸਦੇ ਪ੍ਰਤੀਨਿਧ ਕਾਨੂੰਨੀ ਵਿਵਸਥਾ ਅਨੁਸਾਰ ਕੋਸ਼ਿਸ਼ ਕਰਦੇ ਹਨ ਉਹਨਾਂ ਦੀ ਕੌਮੀਅਤ ਨਾਲ ਸਬੰਧ ਰੱਖਦੇ ਕੁਝ ਲੋਕ ਵਿਦੇਸ਼ਾਂ ਦੇ ਵਿਚ ਜ਼ਰੂਰ ਮਾਨਵਤਾ ਦੇ ਅਧਾਰ ਉੱਤੇ ਸੈਟਲ ਕਰਵਾ ਸਕਣ।

ਵਿਦੇਸ਼ ਮੰਤਰਾਲੇ ਨੂੰ ਚਿੱਠੀ: ਇਸੇ ਸੰਦਰਭ ਦੇ ਵਿਚ ਨਿਊਜ਼ੀਲੈਂਡ ਦੇ 12 ਸਾਲ ਸਾਂਸਦ (ਲਿਸਟ ਐਮ. ਪੀ.) ਰਹੇ ਸ. ਕੰਵਲਜੀਤ ਸਿੰਘ ਬਖਸ਼ੀ ਨੇ ਪਹਿਲਾਂ 18 ਅਗਸਤ 2021 ਨੂੰ ਦੇਸ਼ ਦੀ ਪ੍ਰਧਾਨ ਮੰਤਰੀ ਮਾਣਯੋਗ ਜੈਸਿੰਡਾ ਆਰਡਨ ਨੂੰ ਇਕ ਖੁੱਲੀ ਚਿੱਠੀ ਲਿਖੀ ਸੀ। ਇਸ ਦੇ ਜਵਾਬ ਵਿਚ ਪ੍ਰਧਾਨ ਮੰਤਰੀ ਨੇ ਸਕਾਰਾਤਮਕ ਉਤਰ ਵੀ ਦਿੱਤਾ ਸੀ। ਬੀਤੇ ਕੱਲ ਦੇਸ਼ ਦੀ ਵਿਦੇਸ਼ ਮੰਤਰੀ ਨੇ ਇਕ ਟੀ.ਵੀ. ਮੁਲਾਕਾਤ ਵਿਚ ਅਫ਼ਗਾਨਿਸਤਾਨ ਦੀ ਦਸ਼ਾ ਉੱਤੇ ਆਪਣੇ ਵਿਚਾਰ ਰੱਖੇ ਸਨ ਤੇ ਸ਼ਰਨਾਰਥੀ ਲੋਕਾਂ ਲਈ ਵਿਚਾਰ ਰੱਖੇ ਸਨ। ਹੁਣ ਦੁਬਾਰਾ ਇਸ ਵਿਸ਼ੇ ਨੂੰ ਹਲੂਣਾ ਦਿੰਦਿਆ ਸ. ਕੰਵਲਜੀਤ ਸਿੰਘ ਬਖਸ਼ੀ ਨੇ ਦੇਸ਼ ਦੀ ਵਿਦੇਸ਼ੀ ਮਾਮਲਿਆਂ ਬਾਰੇ ਮੰਤਰੀ ਮਾਣਯੋਗ ਨਾਨਾਇਆ ਮਾਹੂਤਾ ਨੂੰ ਇਕ ਹੋਰ ਚਿੱਠੀ ਲਿਖੀ ਦਿੱਤੀ ਹੈ। ਉਹਨਾਂ ਲਿਖਿਆ ਹੈ ਕਿ "ਆਪ ਜੀ ਜਾਣਦੇ ਹੀ ਹੋ ਕਿ ਅਫ਼ਗਾਨਿਸਤਾਨ ਦੇ ਵਿਚ ਘੱਟ ਗਿਣਤੀ ਲੋਕ ਬਹੁਤ ਹੀ ਨਿਰਾਸ਼ਾ ਭਰੀ ਜ਼ਿੰਦਗੀ ਬਤੀਤ ਕਰ ਰਹੇ ਹਨ ਅਤੇ ਬਹੁਤ ਹੀ ਚੁਣੌਤੀਆਂ ਨਾਲ ਜੂਝ ਰਹੇ ਹਨ। ਉੱਤੇ ਹੁਣ ਨਵੀਂ ਸਲਤਨਤ ਸਥਾਪਿਤ ਹੋ ਚੁੱਕੀ ਹੈ, ਘੱਟ ਗਿਣਤੀ ਵਾਲੇ ਉਥੋਂ ਜਿੰਨੀ ਛੇਤੀ ਹੋ ਸਕੇ ਪਲਾਇਣ ਕਰਨ ਦੀ ਸੋਚ ਰਹੇ ਹਨ। ਮੇਰੇ ਸੰਸਦ ਮੈਂਬਰ ਦੇ ਰੋਲ ਵਜੋਂ ਮੈਂ ਇਹਨਾਂ ਮੁਲਕਾਂ ਦੇ ਵਿਚ ਰਹਿੰਦੀ ਘੱਟ ਗਿਣਤੀ ਨੇਤਾਵਾਂ ਦੇ ਨਾਲ ਚੰਗੇ ਸਬੰਧ ਬਣਾਏ ਸਨ, ਉਹ ਮੇਰੇ ਨਾਲ ਹੁਣ ਵੀ ਸੰਪਰਕ ਵਿਚ ਹਨ ਅਤੇ ਉੱਤੇ ਦੀ ਸਰਕਾਰ ਬਦਲਣ ਬਾਅਦ ਦੇ ਹਾਲਾਤਾਂ ਨੂੰ ਬਿਆਨ ਕਰਦੇ ਹਨ। ਜਿਵੇਂ ਤੁਸੀਂ ਕੱਲ ਟੀ.ਵੀ. ਵੱਨ ਉੱਤੇ ਇਕ ਮੁਲਾਕਾਤ ਦੇ ਵਿਚ ਕਿਹਾ ਹੈ ਕਿ ਨਿਊਜ਼ੀਲੈਂਡ ਸਰਕਾਰ ਅਫ਼ਗਾਨਿਸਤਾਨ ਦੇ ਨਾਗਰਿਕਾਂ ਦੀ ਇਥੇ ਆਮਦ ਪ੍ਰਤੀ ਸੰਜੀਦਾ ਹੈ ਅਤੇ ਵਿਚਾਰ ਕਰ ਰਿਹਾ ਹੈ। ਇਸ ਸਬੰਧ ਦੇ ਵਿਚ ਮੈਂ ਬੇਨਤੀ ਕਰਦਾ ਹਾਂ ਕਿ ਇਸ ਗੇੜ ਦੇ ਵਿਚ ਘੱਟੋ-ਘੱਟ 10 ਸਿੱਖ ਅਤੇ ਹਿੰਦੂ ਪਰਿਵਾਰਾਂ ਨੂੰ ਜਰੂਰ 'ਕਮਿਊਨਿਟੀ ਸਪਾਂਸਰਡ ਰਿਫਿਊਜ਼ੀ ਰੈਜ਼ੀਡੈਂਟ ਵੀਜ਼ਾ' ਸ਼੍ਰੇਣੀ ਤਹਿਤ ਇਥੇ ਆਉਣ ਦੀ ਆਗਿਆ ਦਿੱਤੀ ਜਾਵੇ। ਸਾਡੀ ਕਮਿਊਨਿਟੀ ਇਹਨਾਂ 10 ਪਰਿਵਾਰਾਂ ਦਾ ਪਹਿਲੇ ਦੋ ਸਾਲ ਤੱਕ ਸਾਰਾ ਖਰਚ ਚੁੱਕੇਗੀ, ਉਹਨਾਂ ਦੀ ਦੇਖ-ਭਾਲ ਕਰੇਗੀ ਅਤੇ ਦੇਸ਼ ਦੇ ਟੈਕਸ ਦਾਤਾਵਾਂ ਦਾ ਕੋਈ ਪੈਸਾ ਇਹਨਾਂ ਉੱਤੇ ਖਰਚ ਨਹੀਂ ਆਵੇਗਾ। ਮੈਂ ਆਸ ਕਰਦਾ ਹਾਂ ਕਿ ਤੁਸੀਂ ਉਹਨਾਂ ਦੇ ਅਨੁਕੂਲ ਸੋਚੋਗੇ।''


ਨਾਨਾਇਆ ਮਾਹੂਤਾ | ਸ. ਕੰਵਲਜੀਤ ਸਿੰਘ ਬਖਸ਼ੀ

# ਲਾਇਨਜ ਕਲੱਬ ਫਗਵਾੜਾ ਸਮਾਇਲ 321-ਡੀ ਨੇ 31 ਅਧਿਆਪਕਾਂ ਨੂੰ ਕੀਤਾ ਸਨਮਾਨਿਤ

## ਲੀਡਿੰਗ ਕਲੱਬ ਬਣੀ ਲਾਇਨਜ ਕਲੱਬ ਫਗਵਾੜਾ ਸਮਾਇਲ - ਗਵਰਨਰ ਸੇਠੀ




**ਫਗਵਾੜਾ (ਬੀ.ਕੇ.ਰੱਤੂ)** ਲਾਇਨਜ਼ ਕਲੱਬ ਫਗਵਾੜਾ ਸਮਾਇਲ 321-ਡੀ ਵਲੋਂ ਅਧਿਆਪਕ ਦਿਵਸ ਨੂੰ ਸਮ-ਰਪਿਤ ਇਕ ਸਮਾਗਮ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ (ਲੜਕੇ) ਮੇਹਲੀ ਵਿਖੇ ਆਯੋਜਿਤ ਕੀਤਾ ਗਿਆ। ਜਿਸ ਵਿਚ ਵੱਖ ਵੱਖ ਸਕੂਲਾਂ ਦੇ 31 ਅਧਿਆਪਕਾਂ ਨੂੰ ਉਹਨਾਂ ਦੀਆਂ ਵਿਦਿਆ ਦੇ ਖੇਤਰ ਵਿਚ ਨਿਭਾਈਆਂ ਵਧੀਆਂ ਸੇਵਾਵਾਂ ਸਦਕਾ ਸਨਮਾਨਤ ਕੀਤਾ ਗਿਆ। ਕਲੱਬ ਦੇ ਪ੍ਰਧਾਨ ਲਾਇਨ ਸਾਗਰ ਗਾਬਾ ਦੀ ਪ੍ਰਧਾਨਗੀ ਅਤੇ ਫੰਕਸ਼ਨ ਚੇਅਰਮੈਨ ਲਾਇਨ ਹਰੀਸ਼ ਬੰਗਾ ਸਾਬਕਾ ਡਿਸਟ੍ਰਿਕਟ ਗਵਰਨਰ 321-ਡੀ ਦੀ ਦੇਖਰੇਖ ਹੇਠ ਆਯੋਜਿਤ ਸਮਾਗਮ ਦੌਰਾਨ ਬਤੌਰ ਮੁੱਖ ਮਹਿਮਾਨ ਲਾਇਨਜ ਇੰਟਰਨੈਸ਼ਨਲ 321-ਡੀ ਦੇ ਗਵਰਨਰ ਲਾਇਨ ਜੀ ਐਸ ਸੇਠੀ ਸ਼ਾਮਲ ਹੋਏ ਜਦਕਿ ਵਿਸ਼ੇਸ਼ ਮਹਿਮਾਨਾਂ ਵਜੋਂ ਡਿਸਟ੍ਰਿਕਟ ਵਾਈਸ ਗਵਰਨਰ-1 ਲਾਇਨ ਦਵਿੰਦਰ ਅਰੋੜਾ ਡਿਸਟ੍ਰਿਕਟ ਵਾਈਸ ਗਵਰਨਰ-2 ਲਾਇਨ ਇੰਜੀਨੀਅਰ ਐਸ.ਪੀ. ਸੌਂਧੀ ਅਤੇ ਸ੍ਰੀ ਅਸ਼ੋਕ ਕੁਮਾਰ ਬੀ.ਪੀ.ਈ.ਓ. ਨੇ ਸ਼ਿਰਕਤ ਕੀਤੀ। ਮੁੱਖ ਮਹਿਮਾਨ ਲਾਇਨ ਜੀ.ਐਸ. ਸੇਠੀ ਨੇ ਕਲੱਬ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਲਾਇਨਜ ਕਲੱਬ ਫਗਵਾੜਾ ਸਮਾਇਲ ਇਸ ਸਾਲ ਡਿਸਟ੍ਰਿਕਟ ਦੀ ਲੀਡਿੰਗ ਕਲੱਬ ਵਜੋਂ ਉੱਭਰ ਕੇ ਸਾਹਮਣੇ ਆਈ ਹੈ। ਫੰਕਸ਼ਨ ਕਨਵੀਨਰ ਲਾਇਨ ਭੁਪਿੰਦਰ ਸਿੰਘ ਜੰਡੂ, ਕੋ-ਕਨਵੀਨਰ ਲਾਇਨ ਪਰਵੀਨ ਬੰਗਾ, ਕੋ-ਚੇਅਰਮੈਨ ਲਾਇਨ ਪਰਮਜੀਤ ਸਿੰਘ ਸੱਲ੍ਹ ਅਤੇ ਰਿਜਨ ਚੇਅਰਮੈਨ ਆਰ-17 ਲਾਇਨ ਪ੍ਰਦੀਪ ਕੁਮਾਰ ਨੇ ਕਿਹਾ ਕਿ ਇਸ ਸਮਾਗਮ ਦਾ ਮੁੱਖ ਮਕਸਦ ਅਧਿਆਪਕਾਂ ਦੀ ਹੌਸਲਾ ਅਫਜਾਈ ਕਰਨਾ ਹੈ ਕਿਉਂਕਿ ਵਿਦਿਆਰਥੀਆਂ ਨੂੰ ਚੰਗੇ ਨਾਗਰਿਕ ਬਨਾਉਣ ਵਿਚ ਅਧਿਆਪਕ ਦੀ ਹਮੇਸ਼ਾ ਵਿਸ਼ੇਸ਼ ਭੂਮਿਕਾ ਹੁੰਦੀ ਹੈ।

ਫੰਕਸ਼ਨ ਚੇਅਰਮੈਨ ਲਾਇਨ ਹਰੀਸ਼ ਬੰਗਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਲਾਇਨਜ ਕਲੱਬ ਇੰਟਰਨੈਸ਼ਨਲ ਵਲੋਂ ਭਵਿੱਖ ਵਿਚ ਵੀ ਅਧਿਆਪਕਾਂ ਦੇ ਸਨਮਾਨ ਵਿਚ ਇਸ ਤਰ੍ਹਾਂ ਦੇ ਸਮਾਗਮ ਆਯੋਜਿਤ ਕੀਤੇ ਜਾਂਦੇ ਰਹਿਣਗੇ। ਇਸ ਮੌਕੇ ਐਮ ਐਮ ਆਰ ਇੰਚਾਰਜ ਲਾਇਨ ਸੁਸ਼ੀਲ ਸ਼ਰਮਾ, ਡਿਸਟ੍ਰਿਕਟ ਕੈਬਿਨੇਟ ਖਜਾਨਚੀ ਲਾਇਨ ਹਰਜੀਤ ਸਿੰਘ ਪਠਾਨਕੋਟ, ਲਾਇਨ ਹਰਮੇਸ਼ ਮਹਿਮੀ, ਖਜਾਨਚੀ ਰਜਨੀ ਬੰਗਾ, ਪੀਆਰਓ ਮਾਸਟਰ ਹਰਮੇਸ਼ ਲਾਲ, ਵਿਸ਼ਾਲ ਵਾਲੀਆ, ਡਾ. ਲੈਂਬਰ ਕੁਮਾਰ, ਡਾਇਰੈਕਟਰ ਲਾਇਨ ਰੁਪਿੰਦਰ ਕੌਰ, ਲਾਇਨ ਕਸ਼ਮੀਰ ਚੰਦ, ਲਾਇਨ ਹੈਡ ਮਾਸਟਰ ਅੰਮ੍ਰਿਤਪਾਲ ਤੋਂ ਇਲਾਵਾ ਬਲਾਕ ਸੰਮਤੀ ਮੈਂਬਰ ਹਰਜਿੰਦਰ ਜੰਡਾਲੀ, ਮਾਸਟਰ ਗੁਰਦਿਆਲ ਸਿੰਘ, ਸ੍ਰ. ਮਹਿੰਦਰ ਸਿੰਘ ਐਕਸ ਸਰਵਿਸ ਮੈਨ, ਨਵਤੇਜ ਸਿੰਘ ਬਸਰਾ, ਬਲਜੀਤ ਸਿੰਘ, ਪਿੰਡ ਮੇਹਲੀ ਦੇ ਸਰਪੰਚ ਸੁਰਿੰਦਰ ਪਾਲ ਸਮੇਤ ਸਮੂਹ ਪੰਚਾਇਤ ਮੈਂਬਰ ਅਤੇ ਹੋਰ ਪਤਵੰਤੇ ਹਾਜਰ ਸਨ।

# ਕਿਸਾਨੀ ਸੰਘਰਸ਼ ਨੂੰ ਮਜਬੂਤ ਕਰਨ ਲਈ ਪੰਜਾਬ ਤੋਂ ਦਿੱਲੀ ਤੱਕ ਫਤਹਿ ਮਾਰਚ 23 ਤੋਂ

## ਸਿੰਘੂ ਬਾਰਡਰ ਵਿਖੇ ਦੀਵਾਨਾਂ ਰਾਹੀਂ ਕੀਤੀ ਜਾਵੇਗੀ ਕਿਸਾਨੀ ਦੇ ਹੱਕ ਵਿੱਚ ਆਵਾਜ ਬੁਲੰਦ -ਸਿੰਘ ਸਾਹਿਬ ਭਾਈ ਜਸਵੀਰ ਸਿੰਘ ਰੋਡੇ

**ਫਗਵਾੜਾ (ਬੀ.ਕੇ.ਰੱਤੂ)-** ਸੰਤ ਸਮਾਜ, ਨਿਹੰਗ ਸਿੰਘ ਜੱਥੇਬੰਦੀਆਂ, ਸਿੱਖ ਸੰਪਰਦਾਵਾਂ, ਉਦਾਸੀ, ਨਿਰਮਲੇ ਸੰਪਰਦਾਵਾਂ, ਕਿਸਾਨਾਂ, ਦਲਿਤਾਂ ਅਤੇ ਹੋਰ ਜੱਥੇਬੰਦੀਆਂ ਵੱਲੋਂ ਮੋਦੀ ਸਰਕਾਰ ਵੱਲੋਂ ਲਾਗੂ ਤਿੰਨ ਖੇਤੀ ਕਾਨੂੰਨ ਰੱਦ ਕਰਵਾਉਣ ਅਤੇ ਦੇਸ਼ ਭਰ ਦੇ ਕਿਸਾਨਾਂ ਨੂੰ ਫਸਲਾਂ ਦੇ ਪੂਰੇ ਭਾਅ ਦਿਵਾਉਣ ਲਈ ਘੱਟੋ-ਘੱਟ ਸਮਰੱਥਨ ਮੁੱਲ ਨੂੰ ਕਾਨੂੰਨੀ ਦਰਜਾ ਦਿਵ-ਾਉਣ ਦੀ ਮੰਗ ਨੂੰ ਲੈ ਕੇ 23 ਸਤੰਬਰ ਤੋਂ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਸਿੰਘੂ ਬਾਰਡਰ ਦਿੱਲੀ ਤੱਕ ਵਿਸ਼ਾਲ ਮਾਰਚ ਕੀਤੇ ਜਾਣ ਦਾ ਐਲਾਨ ਕੀਤਾ ਗਿਆ ਹੈ। ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜੱਥੇਦਾਰ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਰੋਡੇ ਅਤੇ ਹੋਰ ਸੰਤਾਂ ਮਹਾਂਪੁਰਸ਼ਾਂ ਨੇ ਸਾਂਝੀ ਵਿਚਾਰ ਚਰਚਾ ਤੋਂ ਬਾਅਦ ਦੱਸਿਆ ਕਿ ਇਹ ਪੰਜਾਬ ਤੋਂ ਦਿੱਲੀ ਤੱਕ ਮਾਰਚ ਦੇਸ਼ ਦੇ ਕਿਸਾਨਾਂ ਨੂੰ ਜਮੀਨਾਂ ਦੇ ਮਾਲਕ ਬਣਾਉਣ ਵਾਲੇ ਕਾਨੂੰਨ ਲਾਗੂ ਕਰਨ ਵਾਲੇ ਭਾਰਤ ਦੇ ਪਹਿਲੇ ਸਿੱਖ ਸ਼ਾਸਕ ਬਾਬਾ ਬੰਦਾ ਸਿੰਘ ਬਹਾਦੁਰ ਦੀ ਦੇਸ਼ ਦੇ ਕਿਸਾਨਾਂ ਨੂੰ ਦਿੱਤੀ ਵੱਡੀ ਦੇਣ ਨੂੰ ਸਮਰਪਿਤ ਕੀਤਾ ਜਾਵੇਗਾ।



ਇਸ ਪੰਜਾਬ ਤੋਂ ਦਿੱਲੀ ਤੱਕ ਕੀਤੇ ਜਾਣ ਵਾਲੇ ਵਿਸ਼ਾਲ ਮਾਰਚ ਦਾ ਨਾਂਅ ਬਾਬਾ ਬੰਦਾ ਸਿੰਘ ਬਹਾਦਰ ਫਤਹਿ ਮਾਰਚ ਹੋਵੇਗਾ। ਇਹ ਮਾਰਚ ਕੱਢੇ ਜਾਣ ਸਬੰਧੀ ਸਿੰਘ ਸਾਹਿਬ ਭਾਈ ਜਸਵੀਰ ਸਿੰਘ ਰੋਡੇ ਅਤੇ ਸੰਤ ਸਮਾਜ ਦੇ ਹੋਰ ਸੰਤਾਂ ਮਹਾਂਪੁਰਸ਼ਾਂ ਵੱਲੋਂ ਪਿਛਲੇ ਕਈ ਦਿਨਾਂ ਤੋਂ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਮੀਟਿੰਗਾਂ ਦਾ ਦੌਰ ਜਾਰੀ ਸੀ ਅਤੇ ਅੱਜ ਦੁਆਬੇ ਦੇ ਸਮੁੱਚੇ ਸੰਤਾਂ ਮਹੁਪਰਸ਼ਾਂ, ਨਿਹੰਗ ਸਿੰਘ, ਨਿਰਮਲੇ, ਉਦਾਸੀ ਜੱਥੇਬੰਦੀਆਂ ਦੇ ਆਗੂਆਂ ਦੀ ਮਹ-ੱਤਵਪੂਰਨ ਇਕੱਤਰਤਾ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜੱਥੇਦਾਰ ਅਤੇ ਇੰਟਰਨੈਸ਼ਨਲ ਪੰਥਕ ਦਲ ਦੇ ਸਰਪ੍ਰਸਤ ਸਿੰਘ ਸਾਹਿਬ ਜੱਥੇਦਾਰ ਗਿਆਨੀ ਜਸਵੀਰ ਸਿੰਘ ਰੋਡੇ ਦੇ ਸੱਦੇ ਉੱਪਰ ਗੁਰਦੁਆਰਾ ਰਾਮਪੁਰ ਖੇੜਾ ਵਿਖੇ ਬੁਲਾਈ ਗਈ। ਇਸ ਇੱਕਤਰਤਾ ਵਿੱਚ ਸਿੱਖ ਪੰਥ ਦੀਆਂ ਵੱਖ-ਵੱਖ ਪੰਥਕ ਜਥੇਬੰਦੀਆਂ, ਸੰਤ ਸਮਾਜ, ਅਤੇ ਨਿਰਮਲੇ, ਉਦਾਸੀ ਸੰਪਰਦਾਏ, ਨਿਹੰਗ ਸਿੰਘ, ਸੰਤ ਮਹਾਂਪੁਰਖਾਂ ਸਮੇਤ ਵੱਖ-ਵੱਖ ਰਾਜਨੀਤਕ, ਸਮਾਜ ਸੇਵੀ, ਵਪਾਰੀ, ਮਜ਼ਦੂਰ ਅਤੇ ਕਿਸਾਨ ਜੱਥੇਬੰਦੀਆਂ ਦੇ ਆਗੂਆਂ ਨੇ ਸ਼ਮੂਲੀਅਤ ਕੀਤੀ। ਸੰਤ ਬਾਬਾ ਸੇਵਾ ਸਿੰਘ ਜੀ ਰਾਮਪੁਰ ਖੇੜਾ ਵਾਲਿਆਂ ਨੇ ਸਮੁੱਚੀਆਂ ਸੰਗਤਾਂ ਨੂੰ ਜੀ ਆਇਆਂ ਕਿਹਾ। ਸਿੰਘ ਸਾਹਿਬ ਭਾਈ ਜਸਵੀਰ ਸਿੰਘ ਰੋਡੇ ਹੋਰਾਂ ਨੇ ਸੰਬੋਧਨ ਕਰਦਿਆਂ ਇਸ ਇਕੱਤਰਤਾ ਦਾ ਮੁੱਖ ਉਦੇਸ਼ ਦੱਸਦੇ ਹੋਏ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਪਿਛਲੇ ਸਮੇਂ ਖੇਤੀ ਸਬੰਧੀ ਧੱਕੇ ਨਾਲ ਥੋਪੇ ਗਏ ਤਿੰਨ ਕਾਲੇ ਕਾਨੂੰਨਾਂ ਦੇ ਕਿਸਾਨਾਂ, ਵਪਾਰੀਆਂ, ਆੜ੍ਹਤੀਆਂ, ਮਜਦੂਰਾਂ ਸਮੇਤ ਸਮੁੱਚੇ ਦੇਸ਼ ਵਾਸੀਆਂ ਉੱਪਰ ਪੈਣ ਵਾਲੇ ਮਾੜੇ ਅਸਰ ਅਤੇ ਕਾਰੋਬਾਰਾਂ ਨੂੰ ਤਹਿਸ-ਨਹਿਸ ਹੋਣ ਤੋਂ ਬਚਾਉਣ ਵਾਸਤੇ ਇਨ੍ਹਾਂ ਕਾਲੇ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਸਭ ਵਰਗਾਂ ਨੂੰ ਜਥੇਬੰਦ ਕਰਨ ਲਈ ਇਹ ਉਪਰਾਲਾ ਕੀਤਾ ਗਿਆ ਹੈ। ਸਿੰਘ ਸਾਹਿਬ ਭਾਈ ਜਸਵੀਰ ਸਿੰਘ ਰੋਡੇ ਹੋਰਾਂ ਨੇ ਦੱਸਿਆ ਕਿ ਇੰਟਰਨੈਸ਼ਨਲ ਪੰਥਕ ਦਲ ਵੱਲੋਂ ਜਿਥੇ ਦਿੱਲੀ ਵਿਖੇ ਕਿਸਾਨ ਜਥੇਬੰਦੀਆਂ ਵੱਲੋਂ ਅਰੰਭ ਕੀਤੇ ਮੋਰਚੇ ਦੇ ਸ਼ੁਰੂਆਤੀ ਦਿਨਾਂ ਤੋਂ ਸਿਹਤ ਸੇਵਾਵਾਂ ਅਤੇ ਗੁਰੂ ਕੇ ਲੰਗਰਾਂ ਦੀ ਸੇਵਾ ਨਿਰੰਤਰ ਜਾਰੀ ਹੈ, ਉੱਥੇ ਹੀ 23 ਸਤੰਬਰ ਨੂੰ ਪੰਜਾਬ ਭਰ ਵਿੱਚੋਂ ਸੰਤ-ਮਹਾਂਪੁਰਖ ਸੰਗਤਾਂ ਦੇ ਵੱਡੇ ਕਾਫਲੇ ਲੈ ਕੇ ਦਿੱਲੀ ਵੱਲ ਰਵਾਨਾ ਹੋਣਗੇ। ਉਨ੍ਹਾਂ ਕਿਹਾ ਕਿ ਬਾਬਾ ਬੰਦਾ ਸਿੰਘ ਬਹਾਦਰ ਫਤਹਿ ਮਾਰਚ ਦੇ ਨਾਂਅ ਹੇਠ ਪੰਜਾਬ ਭਰ ਵਿੱਚੋਂ ਆਏ ਸੰਤਾਂ ਮਹਾਂਪੁਰਸ਼ਾਂ ਦੇ ਸਾਰੇ ਕਾਫਲੇ ਰਾਜਪੁਰਾ ਵਿਖੇ ਇਕੱਤਰ ਹੋਣਗੇ, ਜਿੱਥੋਂ ਕਿਸਾਨ ਸੰਘਰਸ਼ ਦੀ ਹਮਾਇਤ ਲਈ ਇਹ ਕਾਫਲੇ ਭਾਰੀ ਜਨ ਸੈਲਾਬ ਨਾਲ ਦਿੱਲੀ ਵੱਲ ਨੂੰ ਰਵਾਨਾ ਹੋਣਗੇ ਅਤੇ ਦਿੱਲੀ-ਹਰਿਆਣਾ ਦੀ ਸਿੰਘੂ ਸਰਹੱਦ ਵਿਖੇ ਸੰਯੁਕਤ ਕਿਸਾਨ ਮੋਰਚੇ ਵਿੱਚ ਸ਼ਮੂਲੀਅਤ ਕਰਨਗੇ। ਇਸ ਮੌਕੇ ਮੰਚ ਸੰਚਾਲਨ ਦੀ ਸੇਵਾ ਨਿਭਾਉਂਦਿਆਂ ਜੱਥੇਦਾਰ ਗੁਰਦੀਪ ਸਿੰਘ ਬਠਿੰਡਾ ਨੇ ਵੱਖ-ਵੱਖ ਬੁਲਾਰਿਆਂ ਨੂੰ ਸੰਗਤਾਂ ਦੇ ਰੂਬਰੂ ਕਰਵਾਇਆ। ਇਨ੍ਹਾਂ ਬੁਲ-ਾਰਿਆਂ ਵਿੱਚ ਭਾਰਤੀ ਆਰਥਿਕ ਪਾਰਟੀ ਦੇ ਆਲ ਇੰਡੀਆ ਪ੍ਰਧਾਨ ਅਤੇ ਵਪਾਰੀ ਵਰਗ ਦੇ ਪ੍ਰਧਾਨ ਸ੍ਰੀ ਤਰੁਨ ਜੈਨ ਬਾਵਾ, ਡਾ. ਨਰੂਲਾ ਚੇਅਰਮੈਨ ਹਿਊਮਨ ਰਾਇਟਸ, ਸੰਯੁਕਤ ਕਿਸਾਨ ਮੋਰਚੇ ਵੱਲੋਂ ਸ. ਮਨਜੀਤ ਸਿੰਘ ਰਾਏ, ਜੰਗਬੀਰ ਸਿੰਘ ਚੌਹਾਨ, ਸ੍ਰੀ ਮੁਕੇਸ਼ ਚੰਦਰ, ਕਿਸਾਨ ਬਚਾਓ ਮੋਰਚਾ ਦੇ ਭਾਈ ਕਿਰਪਾ ਸਿੰਘ ਨੱਥੂਵਾਲਾ, ਭਾਈ ਲਖਵਿੰਦਰ ਸਿੰਘ ਪੰਜਾਬ ਪ੍ਰਧਾਨ ਇੰਟਰਨੈਸ਼ਨਲ ਪੰਥਕ ਦਲ, ਅਮਰਜੀਤ ਸਿੰਘ ਮਾਹਲ ਜਨਰਲ ਸਕੱਤਰ ਗੰਨਾ ਸੰਘਰਸ਼ ਕਮੇਟੀ ਦਸੂਹਾ, ਬਾਬਾ ਜਗਜੀਤ ਸਿੰਘ ਹਰਖੋਵਾਲ, ਬਾਬਾ ਅਵਤਾਰ ਸਿੰਘ ਧੂਰਕੋਟ ਵਾਲੇ, ਬਾਬਾ ਸੁਖਦੇਵ ਸਿੰਘ ਖੋਜਕੀਪੁਰ, ਬਾਬਾ ਅਮਰੀਕ ਸਿੰਘ ਕਾਰ ਸੇਵਾ ਅੰਮ੍ਰਿਤਸਰ, ਬਾਬਾ ਸਤਵਿੰਦਰ ਸਿੰਘ ਹੀਰਾ ਖੁਰਾਲਗੜ੍ਹ ਵਾਲੇ, ਬਾਬਾ ਹਰਕ੍ਰਿਸ਼ਨ ਸਿੰਘ ਸੋਢੀ ਠੱਕਰਵਾਲ, ਬਾਬਾ ਬਲਵੀਰ ਸਿੰਘ ਬਿਰਧ ਆਸ਼ਰਮ ਹਰਿਆਣਾ, ਬਾਬਾ ਗੁਰਦੇਵ ਸਿੰਘ, ਬਾਬਾ ਫਤਹਿ ਸਿੰਘ ਤਰਨਾ ਦਲ ਹੁਸ਼ਿਆਰਪੁਰ, ਬਾਬਾ ਬਲਵੀਰ ਸਿੰਘ ਰੱਬ ਜੀ ਜਿਆਣ, ਬਾਬਾ ਰਣਜੀਤ ਸਿੰਘ ਗੁ. ਸ਼ਹੀਦ ਸਿੰਘਾਂ ਹੁਸ਼ਿਆਆਰਪੁਰ, ਬਾਬਾ ਹਰਪ੍ਰੀਤ ਸਿੰਘ ਹਰੀਆਂ ਵੇਲਾਂ, ਕਰਮਜੀਤ ਸਿੰਘ ਜਵੱਦੀ ਟਕਸਾਲ ਲੁਧਿਆਣਾ, ਬਾਬਾ ਜਸਵਿੰਦਰ ਸਿੰਘ ਡਾਂਡੀਆ, ਬਾਬਾ ਸਵਰਨ ਸਿੰਘ ਰਸਾਲਦਾਰ ਬੁੱਢਾ ਦਲ ਮਾਛੀਵਾੜਾ, ਬਾਬਾ ਕੁਲਵੰਤ ਰਾਮ ਭਰੋ ਮਜਾਰਾ ਪ੍ਰਧਾਨ ਸ਼੍ਰੀ ਗੁਰੂ ਰਵਿਦਾਸ ਸਾਧੂ ਸੰਪ੍ਰਦਾਇਕ ਸੁਸਾਇਟੀ ਪੰਜਾਬ, ਬਾਬਾ ਚਰਨਜੀਤ ਸਿੰਘ ਜੱਸੋਵਾਲ ਅੰਤ੍ਰਿਗ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਮੁੱਖ ਬੁਲਾਰਾ ਦਮਦਮੀ ਟਕਸਾਲ, ਸੰਤ ਬਾਬਾ ਸਵਰਨਜੀਤ ਸਿੰਘ ਮੁੱਖੀ ਮਿਸਲ ਸ਼ਹੀਦਾਂ ਤਰਨਾ ਦਲ, ਗਿਆਨੀ ਰਾਜਪਾਲ ਸਿੰਘ ਬੋਪਾਰਾਏ, ਬਲਕਾਰ ਸਿੰਘ ਧੰਨੋਵਾਲੀ ਇੰਟਰਨੈਸ਼ਨਲ ਪੰਥਕ ਦਲ, ਭਾਈ ਹਰਪ੍ਰੀਤ ਸਿੰਘ ਪਠਲਾਵਾ,ਦਵਿੰਦਰ ਸਿੰਘ ਚੋਹਕਾ, ਡਾ.ਗੁਰਇਕਬਾਲ ਸਿੰਘ ਕਾਹਲੋਂ, ਸਤਵਿੰਦਰ ਪਾਲ ਸਿੰਘ ਢੱਟ ਜ਼ਿਲ੍ਹਾ ਪ੍ਰਧਾਨ ਸੰਯੁਕਤ ਅਕਾਲੀ ਦਲ, ਸ. ਬਹਾਦਰ ਸਿੰਘ ਰਾਹੋਂ ਯੂਨਾਈਟਿਡ ਅਕਾਲੀ ਦਲ, ਪਰਮਿੰਦਰ ਸਿੰਘ ਪਨੂੰ, ਜਗਤਾਰ ਸਿੰਘ ਬਰਾੜ, ਤੀਰਥ ਸਿੰਘ ਦਾਤਾ, ਗੁਰਦੀਪ ਸਿੰਘ ਦੀਪ, ਮਨਜੀਤ ਸਿੰਘ ਦਸੂਹਾ, ਸੁਖਵਿੰਦਰ ਸਿੰਘ ਮੂਨਕ, ਭਾਈ ਇੰਦਰਜੀਤ ਸਿੰਘ ਨਵਾਂ ਸ਼ਹਿਰ ਜ਼ਿਲ੍ਹਾ ਪ੍ਰਧਾਨ ਯੂਨਾਈ-ਟਿਡ ਅਕਾਲੀ ਦਲ, ਭਾਈ ਅਮਨਦੀਪ ਸਿੰਘ ਪ੍ਰੈਸ ਸਕੱਤਰ ਯੂਨਾਈਟਿਡ ਅਕਾਲੀ ਦਲ, ਗੁਰਦੀਪ ਸਿੰਘ ਕਿਸਾਨ ਮਜਦੂਰ ਸੰਘਰਸ ਕਮੇਟੀ ਗੜ੍ਹਦੀਵਾਲ, ਅਵਤਾਰ ਸਿੰਘ ਹੁਸ਼ਿਆਰਪੁਰ ਜ਼ਿਲ੍ਹਾ ਪ੍ਰਧਾਨ ਯੂਨਾਈਟਿਡ ਅਕਾਲੀ ਦਲ, ਕੁਲਵਿੰਦਰ ਸਿੰਘ ਬੌਬੀ, ਗਿਆਨੀ ਭੁਪਿੰਦਰ ਸਿੰਘ ਅਣਖੀ ਢਾਡੀ ਜੱਥਾ, ਰਣਬੀਰ ਸਿੰਘ ਬੈਂਸਤਾਨੀ ਆਵਾਜ-ਏ-ਕੌਮ, ਅਵਤਾਰ ਸਿੰਘ ਭੀਖੋਵਾਲ ਆਦਿ ਆਗੂਆਂ ਅਤੇ ਸੰਤਾਂ ਮਹਾਂਪੁਰਸ਼ਾਂ ਨੇ ਸੰਗਤਾਂ ਸਮੇਤ ਸ਼ਮੂਲੀਅਤ ਕੀਤੀ। ਇਨ੍ਹਾਂ ਸਭ ਨੇ 23 ਸਤੰਬਰ ਨੂੰ ਕੀਤੇ ਜਾਣ ਵਾਲੇ ਬਾਬਾ ਬੰਦਾ ਸਿੰਘ ਬਹਾਦਰ ਫਤਹਿ ਮਾਰਚ ਵਿੱਚ ਵੱਧ ਤੋਂ ਵੱਧ ਸੰਗਤਾਂ ਨਾਲ ਸ਼ਾਮਲ ਹੋਣ ਅਤੇ ਦੇਸ਼ ਦੀ ਰੀੜ ਦੀ ਹੱਡੀ ਕਿਸਾਨੀ ਦੇ ਹੱਕ ਵਿੱਚ ਡੱਟਵੀਂ ਆਵਾਜ ਬੁਲੰਦ ਕਰਨ ਦਾ ਭਰੋਸਾ ਦਿਵਾਇਆ।




(18 ਸਤੰਬਰ ਗੁਰਿਆਈ ਦਿਵਸ)

# ਰਾਮਦਾਸੁ ਸਤਿਗੁਰੂ ਕਹਾਵੈ



15ਵੀਂ ਸਦੀ ਵਿਚ ਉੱਭਰਿਆ ਸਿੱਖ ਧਰਮ ਨਵੀਨ ਅਤੇ ਵਿਲੱਖਣ ਕਦਰਾਂ ਕੀਮਤਾਂ ਦਾ ਤਰਜ਼ਮਾਨ ਰਿਹਾ ਹੈ। ਇਸ ਦੇ ਰਹਿਬਰਾਂ ਨੇ ਜਿੱਥੇ ਸਦੀਵੀਂ ਤੌਰ 'ਤੇ ਉਸ ਮਾਲਕ ਨੂੰ ਹਿਰਦੇ ਵਿਚ ਵਸਾਉਣ ਦੀ ਗੱਲ ਕੀਤੀ ਹੈ ਉਥੇ ਕਿਰਤ ਨੂੰ ਵਡਿਆਉਂਦਿਆਂ ਹੋਇਆਂ ਇਸ ਨੂੰ ਆਪਸ ਵਿਚ ਵੰਡ ਕੇ ਛਕਣ ਦੀ ਹਾਮੀ ਵੀ ਚੰਗੀ ਤਰ੍ਹਾਂ ਭਰੀ ਹੈ। ਗੁਰੂ ਸਾਹਿਬਾਨ ਨੇ ਆਪਣੇ-ਆਪਣੇ ਸਮਿਆਂ ਵਿਚ ਕੁਝ ਅਜਿਹੀਆਂ ਕਲਿਆਣਕਾਰੀ ਪਿਰਤਾਂ ਪਾਈਆਂ ਹਨ ਜੋ ਇਸ ਜਗ ਨੂੰ 'ਸਚੇ ਕੀ ਹੈ ਕੋਠੜੀ' ਮੰਨ ਕੇ ਮਨੁੱਖ ਨੂੰ ਸੱਚਾ ਅਤੇ ਸੁੱਚਾ ਵਿਹਾਰ ਕਰਨ ਲਈ ਪ੍ਰੇਰਦੀਆਂ ਰਹਿੰਦੀਆਂ ਹਨ। ਇਹ ਪਿਰਤਾਂ ਮਨੁੱਖ ਨੂੰ ਅੰਧਕਾਰਮਈ ਪੈਂਡਿਆਂ ਤੋਂ ਮੁੜ ਕੇ ਉਜਿਆਰੇ ਮਾਰਗ ਦਾ ਪਾਂਧੀ ਬਣਾਉਂਦੀਆਂ ਆ ਰਹੀਆਂ ਹਨ।

ਸਿੱਖ ਧਰਮ ਵਿਸ਼ੇਸ਼ ਰੂਪ ਵਿਚ ਆਪਸੀ ਮੁਹੱਬਤ, ਸਦਭਾਵਨਾ ਅਤੇ ਸਹਿਣਸ਼ੀਲਤਾ ਵਾਲੀ ਸੁਰ ਪੈਦਾ ਕਰਨ ਵਾਲਾ ਇਕ ਅਜਿਹਾ ਧਰਮ ਹੈ ਜੋ ਸੰਸਾਰ ਦੇ ਚੋਣਵੇਂ ਧਰਮਾਂ ਵਿਚ ਇਕ ਅਹਿਮ ਸਥਾਨ ਰੱਖਦਾ ਹੈ।

ਇਹ ਧਰਮ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਨਿਰਧਾਰਿਤ ਕੀਤੀ ਜੀਵਨ-ਜਾਚ ਅਨੁਸਾਰ 'ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ'' ਦੇ

**ਰਮੇਸ਼ ਬੱਗਾ ਚੋਹਲਾ**
**91-94631-32719**

ਅਨੁਸਾਰ ਇੱਕੋ (ਨਾਨਕ) ਜੋਤ ਵਿੱਚੋਂ ਨੌਂ ਗੁਰੂ ਸਾਹਿਬਾਨ ਦੇ ਰਾਹੀਂ ਪ੍ਰਫੁੱਲਿਤ ਹੋਇਆ ਹੈ। ਇਨ੍ਹਾਂ ਗੁਰੂ ਸਾਹਿਬਾਨ ਦੇ ਵਿਸ਼ੇਸ਼ ਉਪਰਾਲਿਆਂ ਸਦਕਾ ਸਿੱਖ ਧਰਮ ਨੇ ਇਕ ਨਵੀਨ ਅਤੇ ਆਦਰ ਪੂਰਵਕ ਜੀਵਨ-ਜੁਗਤ ਜਿਵੇਂ ਭਗਤੀ ਤੋਂ ਸ਼ਕਤੀ ਦਾ ਸੁਮੇਲ, ਵਰਣ ਵੰਡ ਨੂੰ ਰੱਦ ਕਰਨ ਵਾਲੀ ਇਨਕਲਾਬੀ ਸੋਚ, ਸਾਂਝੀਵਾਲਤਾ ਦਾ ਸੰਦੇਸ਼ ਦੇਣ ਵਾਲੀ ਗੁਰਬਾਣੀ, ਅਤੇ ਮਿਲ-ਬੈਠ ਕੇ ਦੁਬਿਧਾ ਦੂਰ ਕਰਨ ਵਾਲੀ ਪਹੁੰਚ ਨਾਲ ਸਰਬੱਤ ਦੇ ਭਲੇ ਦੀ ਕਾਮਨਾ ਕੀਤੀ ਹੈ। ਇਸ ਤਰ੍ਹਾਂ ਦੀ ਕਾਮਨਾ ਕਰਨ ਵਾਲਿਆਂ ਵਿਚ ਹੀ ਸ਼ਾਮਿਲ ਸਨ ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ।

ਸ੍ਰੀ ਗੁਰੂ ਰਾਮਦਾਸ ਜੀ ਜਿਨ੍ਹਾਂ ਦਾ ਬਚਪਨ ਦਾ ਨਾਮ ਭਾਈ ਜੇਠਾ ਸੀ, ਦਾ ਜਨਮ 24 ਸਤੰਬਰ 1534 ਈ: ਨੂੰ ਚੂਨਾ ਮੰਡੀ ਲਾਹੌਰ ਦੇ ਵਸਨੀਕ ਭਾਈ ਹਰਿਦਾਸ ਜੀ ਅਤੇ ਮਾਤਾ ਦਇਆ ਕੌਰ ਜੀ ਦੇ ਘਰ ਹੋਇਆ। ਪਲੇਠਾ ਪੁੱਤਰ ਹੋਣ ਕਰਕੇ ਇਨ੍ਹਾਂ ਦਾ ਨਾਮ ਭਾਈ ਜੇਠਾ ਜੀ ਹੋ ਗਿਆ। ਜਿਸ ਦਿਨ ਭਾਈ ਜੇਠਾ ਜੀ ਦਾ ਜਨਮ ਹੋਇਆ ਉਸ ਵਕਤ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਦੁਨਿਆਵੀ ਉਮਰ ਲੱਗਭਗ 65 ਸਾਲ, ਸ੍ਰੀ ਗੁਰੂ ਅਮਰਦਾਸ ਜੀ ਦੀ 55 ਸਾਲ ਅਤੇ ਭਾਈ ਲਹਿਣਾ ਜੀ ਦੀ 30 ਸਾਲ ਸੀ। ਭਾਵੇਂ ਚਾਰੇ ਗੁਰੂ ਸਾਹਿਬਾਨ ਜਿਸਮਾਨੀ ਤੌਰ 'ਤੇ ਮੌਜੂਦ ਸਨ ਪਰ ਮਿਲਾਪ ਅਜੇ ਪਹਿਲੀ ਪਾਤਸ਼ਾਹੀ ਅਤੇ ਭਾਈ ਲਹਿਣਾ ਜੀ ਦਾ ਹੀ ਹੋਇਆ ਸੀ।

ਭਾਈ ਜੇਠਾ ਜੀ ਅਜੇ ਬਚਪਨ ਦੀਆਂ ਦਹਿਲੀਜ਼ਾਂ ਉਪਰ ਹੀ ਵਿਚਰ ਰਹੇ ਸਨ ਕਿ ਪਹਿਲਾਂ ਮਾਤਾ ਜੀ ਅਤੇ ਫਿਰ ਪਿਤਾ ਸ੍ਰੀ ਹਰਿਦਾਸ ਜੀ ਇਸ ਦੁਨੀਆ ਤੋਂ ਕੂਚ ਕਰ ਗਏ। ਜਦੋਂ ਆਪ ਦੁਨਿਆਵੀ ਤੌਰ 'ਤੇ ਯਤੀਮ ਹੋ ਗਏ ਤਾਂ ਆਪ ਜੀ ਦੀ ਨਾਨੀ ਆਪ ਨੂੰ ਆਪਣੇ ਪਿੰਡ ਬਾਸਰਕੇ ਲੈ ਆਈ। ਲਾਹੌਰ ਤੋਂ ਦੋਹਤੇ ਦੇ ਆਪਣੇ ਨਾਨਕੇ ਘਰ ਆਉਣ ਦੀ ਖ਼ਬਰ ਸਾਰੇ ਪਿੰਡ ਵਿਚ ਫੈਲ ਗਈ। ਪਿੰਡ ਦੇ ਬਹੁਤ ਸਾਰੇ ਨੇਕ ਪੁਰਸ਼ ਅਤੇ ਔਰਤਾਂ ਬਾਲਕ ਜੇਠੇ ਦਾ ਧੀਰ ਧਰਾਉਣ ਲਈ ਆਉਣ ਲੱਗੇ। ਇਨ੍ਹਾਂ ਧੀਰ ਧਰਾਉਣ ਵਾਲਿਆਂ ਵਿਚ ਸ੍ਰੀ (ਗੁਰੂ) ਅਮਰਦਾਸ ਜੀ ਵੀ ਸਨ। ਉਨ੍ਹਾਂ ਦੇ ਕੋਮਲ ਹਿਰਦੇ 'ਤੇ ਭਾਈ ਜੇਠੇ ਦੀ ਦੁਖਦਾਈ ਸਥਿਤੀ ਦਾ ਬੜਾ ਡੂੰਘਾ ਅਸਰ ਹੋਇਆ। ਇਸ ਅਸਰ ਕਰਕੇ ਉਨ੍ਹਾਂ ਦੀ ਆਪਸੀ ਨੇੜਤਾ ਕਾਫੀ ਵਧਣ ਲੱਗ ਪਈ।

ਭਾਈ ਜੇਠਾ ਜੀ ਆਪਣੇ ਨਾਨਕੇ ਘਰ ਰਹਿ ਕੇ ਘੁੰਙਣੀਆਂ ਵੇਚਣ ਦੀ ਕਾਰ ਕਰਿਆ ਕਰਦੇ ਸਨ ਅਤੇ ਇਨ੍ਹਾਂ ਦੀ ਵੱਟਕ ਨਾਲ ਆਪਣੀ ਅਤੇ ਨਾਨੀ ਜੀ ਦੀ ਉਦਰ-ਜਵਾਲਾ ਸ਼ਾਂਤ ਕਰਿਆ ਕਰਦੇ ਸਨ। ਇਸ ਸਮੇਂ ਦੌਰਾਨ ਸ੍ਰੀ (ਗੁਰੂ) ਅਮਰਦਾਸ ਜੀ ਜਦੋਂ ਕਦੇ ਖਡੂਰ ਸਾਹਿਬ ਤੋਂ ਬਾਸਰਕੇ ਆਉਂਦੇ ਤਾਂ ਉਹ ਭਾਈ ਜੇਠਾ ਜੀ ਨੂੰ ਜ਼ਰੂਰ ਮਿਲਦੇ ਅਤੇ ਘੰਟਿਆਂ ਬੱਧੀ ਦੁਨਿਆਵੀ ਅਤੇ ਇਲਾਹੀ ਗੱਲਾਂ ਹੁੰਦੀਆਂ ਰਹਿੰਦੀਆਂ।

ਜਦੋਂ ਗੋਂਦੇ ਖੱਤਰੀ ਦੀ ਬੇਨਤੀ 'ਤੇ ਸ੍ਰੀ ਗੁਰੂ ਅਮਰਦਾਸ ਜੀ ਨੇ ਦਰਿਆ ਬਿਆਸ ਦੇ ਕਿਨਾਰੇ ਗੋਇੰਦਵਾਲ ਸਾਹਿਬ ਨਗਰ ਵਸਾਇਆ ਤਾਂ ਉਨ੍ਹਾਂ ਦੇ ਕਈ ਰਿਸ਼ਤੇਦਾਰ ਅਤੇ ਸਨੇਹੀ ਵੀ ਗੋਇੰਦਵਾਲ ਸਾਹਿਬ ਆ ਗਏ। ਗੁਰੂ ਦਰਸ਼ਨਾਂ ਦੀ ਤਾਂਘ ਭਾਈ ਜੇਠਾ ਜੀ ਨੂੰ ਵੀ ਇੱਥੇ ਲੈ ਆਈ। ਉਸ ਵਕਤ ਉਨ੍ਹਾਂ ਦੀ ਆਯੂ ਕੋਈ 12 ਕੁ ਸਾਲ ਦੀ ਸੀ। ਅਵਸਥਾ ਭਾਵੇਂ ਅਜੇ ਬਾਲਪਨ ਵਾਲੀ ਹੀ ਸੀ ਪਰ ਸ੍ਰੀ ਗੁਰੂ ਅਮਰਦਾਸ ਜੀ ਦੇ ਪ੍ਰਭਾਵ ਸਦਕਾ ਸੂਝ ਵਿਚ ਪਕਿਆਈ ਆ ਰਹੀ ਸੀ। ਇਸ ਪਕਿਆਈ ਸਦਕਾ ਸ੍ਰੀ ਗੁਰੂ ਨਾਨਕ ਸਾਹਿਬ ਦੇ ਦਰਬਾਰ ਦੀ ਰੰਗਤ ਭਾਈ ਜੇਠਾ ਜੀ 'ਤੇ ਖੂਬ ਚੜਨ ਲੱਗੀ।

ਸ੍ਰੀ ਗੁਰੂ ਅਮਰਦਾਸ ਜੀ ਨੇ ਭਾਈ ਜੇਠਾ ਜੀ ਨੂੰ 10-12 ਸਾਲ ਆਪਣੀ ਨਿਗਰਾਨੀ ਵਿਚ ਰੱਖਿਆ ਅਤੇ ਉਨ੍ਹਾਂ ਸਾਰੇ ਗੁਣਾਂ ਨੂੰ ਵਾਚਿਆ ਸੀ ਜੋ ਕਿਸੇ ਉਚੇਰੀ ਜ਼ਿੰਮੇਵਾਰੀ ਨੂੰ ਨਿਭਾਉਣ ਲਈ ਜ਼ਰੂਰੀ ਹੁੰਦੇ ਹਨ। ਗੁਰੂ ਸਾਹਿਬ ਨੇ ਇਨ੍ਹਾਂ ਗੁਣਾਂ ਦੀ ਕਦਰ ਕਰਦਿਆਂ 22 ਫੱਗਣ ਸੰਮਤ 1610 ਨੂੰ ਆਪਣੀ ਲਾਡਲੀ ਸਪੁੱਤਰੀ ਬੀਬੀ ਭਾਨੀ ਜੀ ਦਾ ਵਿਆਹ ਭਾਈ ਜੇਠਾ ਜੀ ਨਾਲ ਕਰ ਦਿੱਤਾ। ਇਸ ਬਖ਼ਸ਼ਿਸ਼ ਨਾਲ ਭਾਈ ਜੇਠਾ ਜੀ ਗੁਰੂ-ਦਰਬਾਰ ਦੇ ਨਾਲ-ਨਾਲ ਗੁਰੂ-ਪਰਿਵਾਰ ਦੇ ਅੰਗ ਬਣ ਗਏ।

ਜਦੋਂ 1557 ਈ: ਵਿਚ ਤੀਸਰੇ ਗੁਰੂ ਸ੍ਰੀ ਗੁਰੂ ਅਮਰਦਾਸ ਜੀ ਨੇ ਸਮਾਜਿਕ ਬਰਾਬਰੀ ਦੇ ਸਿਧਾਂਤ ਨੂੰ ਲਾਗੂ ਕਰਨ ਲਈ ਸਮਾਜ ਵਿੱਚੋਂ ਛੂਤ-ਛਾਤ ਖ਼ਤਮ ਕਰਨ ਦਾ ਬੀੜਾ ਚੁੱਕਿਆ ਤਾਂ ਕੁਝ ਗੁਰੂ-ਘਰ ਦੇ ਦੋਖੀਆਂ ਅਤੇ ਸਮਾਜ ਵਿਰੋਧੀਆਂ ਕੋਲੋਂ ਇਹ ਗੱਲ ਬਰਦਾਸ਼ਤ ਨਾ ਹੋ ਸਕੀ। ਉਨ੍ਹਾਂ ਵਿੱਚੋਂ ਕਿਸੇ ਨੇ ਅਕਬਰ ਬਾਦਸ਼ਾਹ ਕੋਲ ਜਾ ਕੇ ਗੁਰੂਕਿਆਂ ਦੇ ਖ਼ਿਲਾਫ਼ ਕੰਨ ਭਰ ਦਿੱਤੇ। ਆਪਣੀ ਸ਼ੰਕਾ ਨਵਿਰਤੀ ਅਤੇ ਤਸੱਲੀ ਲਈ ਬਾਦਸ਼ਾਹ ਨੇ ਗੁਰੂ ਦਰਬਾਰ ਵੱਲ ਸੱਦਾ-ਪੱਤਰ ਭੇਜ ਦਿੱਤਾ। ਬਿਰਧ ਸਰੀਰ ਹੋਣ ਕਰਕੇ ਤੀਸਰੇ ਪਾਤਸ਼ਾਹ ਨੇ ਗੁਰੂ-ਘਰ ਦੀ ਵਕਾਲਤ ਲਈ ਭਾਈ ਜੇਠਾ ਜੀ ਦੀ ਡਿਊਟੀ ਲਗਾ ਦਿੱਤੀ। ਭਾਈ ਜੇਠਾ ਜੀ ਨੇ ਸਿੱਖੀ ਦੇ ਸਿਧਾਂਤਾਂ ਦੀ ਇੰਨੇ ਸੁਚੱਜੇ ਢੰਗ ਨਾਲ ਵਿਆਖਿਆ ਕੀਤੀ ਕਿ ਅਕਬਰ ਦੇ ਸਭ ਭਰਮ-ਭੁਲੇਖੇ ਦੂਰ ਹੋ ਗਏ।

ਦੁਨਿਆਵੀ ਪੱਖੋਂ ਭਾਈ ਜੇਠਾ ਜੀ ਸ੍ਰੀ ਗੁਰੂ ਅਮਰਦਾਸ ਜੀ ਦੇ ਦਾਮਾਦ ਸਨ ਪਰ ਇਸ ਰਿਸ਼ਤੇ ਦਾ ਉਨ੍ਹਾਂ ਦੇ ਮਨ ਵਿਚ ਰਤੀ ਭਰ ਵੀ ਗੁਮਾਨ ਨਹੀਂ ਸੀ। ਬਾਉਲੀ ਸਾਹਿਬ ਦੇ ਨਿਰਮਾਣ-ਕਾਰਜ ਸਮੇਂ ਉਹ ਵੀ ਇਕ ਨਿਮਾਣੇ ਸਿੱਖ ਵਾਂਗ ਸਿਰ 'ਤੇ ਟੋਕਰੀ ਢੋਅ ਕੇ ਸੇਵਾ ਕਰਿਆ ਕਰਦੇ ਸਨ। ਇਕ ਦਿਨ ਜਦੋਂ ਉਹ ਤਨ-ਮਨ ਨਾਲ ਸੇਵਾ ਵਿਚ ਲੀਨ ਸਨ ਤਾਂ ਲਾਹੌਰ ਤੋਂ ਉਨ੍ਹਾਂ ਦੇ ਸ਼ਰੀਕੇ-ਭਾਈਚਾਰੇ ਦੇ ਕੁਝ ਲੋਕ ਹਰਿਦੁਆਰ ਆਦਿ ਤੀਰਥਾਂ-ਸਥਾਨਾਂ ਦੇ ਦਰਸ਼ਨਾਂ ਲਈ ਜਾਂਦੇ ਹੋਏ ਸ੍ਰੀ ਗੋਇੰਦਵਾਲ ਵਿਖੇ ਆ ਗਏ। ਜਦੋਂ ਉਨ੍ਹਾਂ ਨੇ ਤੱਕਿਆ ਕਿ ਭਾਈ ਜੇਠਾ ਮਜ਼ਦੂਰਾਂ ਵਾਂਗੂ ਸਿਰ 'ਤੇ ਟੋਕਰੀ ਚੁੱਕੀ ਜਾ ਰਿਹਾ ਹੈ ਤਾਂ ਖਾਹਮਖ਼ਾਹ ਹੀ ਕ੍ਰੋਧਿਤ ਹੋ ਉੱਠੇ। ਕ੍ਰੋਧ ਵਿਚ ਆ ਕੇ ਉਹ ਸ਼ਿਸ਼ਟਾਚਾਰ ਦਾ ਪੱਲਾ ਵੀ ਛੱਡ ਬੈਠੇ। ਭਰੇ-ਪੀਤੇ ਸ੍ਰੀ ਗੁਰੂ ਅਮਰਦਾਸ ਜੀ ਨੂੰ ਕਹਿਣ ਲੱਗੇ ਕਿ, "ਸਾਡੇ ਭਰਾ ਜੇਠੇ ਕੋਲੋਂ ਮਜ਼ਦੂਰੀ ਕਰਵਾ ਕੇ ਤੁਸੀਂ ਸਾਡੇ ਮਾਣ-ਸਤਿਕਾਰ ਨੂੰ ਢਾਹ ਲਗਾਈ ਹੈ। ਤੁਹਾਡੇ ਇਸ ਵਤੀਰੇ ਨਾਲ ਸਾਨੂੰ ਬੜੀ ਨਮੋਸ਼ੀ ਹੋਈ ਹੈ।"

ਆਪਣੇ ਸ਼ਰੀਕੇ-ਭਾਈਚਾਰੇ ਦੀਆਂ ਖਰਵੀਆਂ ਗੱਲਾਂ ਕਾਰਨ ਭਾਈ ਜੇਠਾ ਜੀ ਨੇ ਤੀਸਰੇ ਪਾਤਸ਼ਾਹ ਕੋਲੋਂ ਹੱਥ ਜੋੜ ਕੇ ਮੁਆਫੀ ਮੰਗ ਲਈ ਅਤੇ ਕਹਿਣ ਲੱਗੇ ਕਿ, "ਸੱਚੇ ਪਾਤਸ਼ਾਹ ਇਹ ਸਾਰੇ ਅਣਜਾਣ ਹਨ, ਇਨ੍ਹਾਂ ਦੀਆ ਕੌੜੀਆਂ-ਕੁਸੈਲੀਆਂ ਅਤੇ ਮਨ ਦੀ ਮੈਲੀਆਂ ਗੱਲਾਂ ਨੂੰ ਲੇਖੇ ਵਿਚ ਨਾ ਲਿਆਉਣਾ" ਇਸ ਤਰ੍ਹਾਂ ਕਰਕੇ ਭਾਈ ਸਾਹਿਬ ਨੇ ਜਿੱਥੇ ਆਪਣੇ ਸ਼ਰੀਕੇ ਦੀ ਰੱਖ ਦਿਖਾਈ ਉਥੇ ਗੁਰੂ ਸਾਹਿਬ ਦੀ ਪ੍ਰਸੰਨਤਾ ਦੇ ਪਾਤਰ ਵੀ ਬਣ ਗਏ।

ਪਰਵਾਰਿਕ ਪੱਖੋਂ ਆਪ ਜੀ ਦੇ ਘਰ ਤਿੰਨ ਪੁੱਤਰਾਂ ਬਾਬਾ ਪ੍ਰਿਥੀ ਚੰਦ, ਬਾਬਾ ਮਹਾਂਦੇਵ ਅਤੇ ਸ੍ਰੀ (ਗੁਰੂ) ਅਰਜਨ ਦੇਵ ਜੀ (ਪੰਚਮ ਪਾਤਸ਼ਾਹ) ਨੇ ਜਨਮ ਲਿਆ। ਬਾਬਾ ਪ੍ਰਿਥੀ ਚੰਦ ਭਾਵੇਂ ਘਰ ਦਾ ਵੱਡਾ ਪੁੱਤਰ ਸੀ ਪਰ ਆਪਣੇ ਲਾਲਚੀ ਅਤੇ ਵਡਿਆਈ ਖ਼ੋਰੇ ਸੁਭਾਅ ਕਾਰਨ ਆਪਣੇ ਗੁਰੂ-ਪਿਤਾ ਦੀਆਂ ਖੁਸ਼ੀਆਂ (ਗੁਰਗੱਦੀ) ਲੈਣ ਤੋਂ ਵਾਂਝਾ ਰਹਿ ਗਿਆ। ਇਸ ਵਾਂਝੇਪਨ ਕਾਰਨ ਹੀ ਉਹ ਸਾਰੀ ਹਯਾਤੀ ਈਰਖਾ ਅਤੇ ਦਵੈਤ ਦੀ ਅੱਗ ਵਿਚ ਸੜਦਾ ਰਿਹਾ ਅਤੇ ਨਾਨਕ ਨਾਮ-ਲੇਵਾ ਸੰਗਤਾਂ ਦੀ ਨਫ਼ਰਤ ਦਾ ਪਾਤਰ ਬਣਦਾ ਰਿਹਾ। ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਲਗਾਇਆ ਸਿੱਖੀ ਦਾ ਬੂਟਾ ਜਿਵੇਂ-ਜਿਵੇਂ ਜੋਬਨ 'ਤੇ ਹੋਈ ਜਾ ਰਿਹਾ ਸੀ ਇਸ ਦੀ ਮਹਿਕ ਵੀ ਦੂਰ-ਦੁਰਾਡੇ ਤਕ ਫੈਲਦੀ ਜਾ ਰਹੀ ਸੀ ਭਾਵ ਗੁਰੂ ਸਾਹਿਬਾਨ ਦੇ ਪਰਉਪਕਾਰੀ ਉਪਰਾਲਿਆਂ ਸਦਕਾ ਸਿੱਖਾਂ ਦੀ ਤਾਦਾਦ ਵਿਚ ਕਾਫੀ ਵਾਧਾ ਹੋਈ ਜਾ ਰਿਹਾ ਸੀ। ਇਸ ਵਾਧੇ ਕਾਰਨ ਹੀ ਸਿੱਖੀ ਦਾ ਪ੍ਰਚਾਰ ਕੇਂਦਰ ਸ੍ਰੀ ਗੋਇੰਦਵਾਲ ਸਾਹਿਬ ਤੋਂ ਗੁਰੂ ਕੇ ਚੱਕ (ਸ੍ਰੀ ਅੰਮ੍ਰਿਤਸਰ ਸਾਹਿਬ) ਵਿਖੇ ਲੈ ਜਾਣ ਦੀ ਵਿਉਂਤਬੰਦੀ ਕੀਤੀ ਗਈ। ਇਸ ਵਿਉਂਤਬੰਦੀ ਨੂੰ ਅਮਲੀ ਰੂਪ ਦੇਣ ਦੀ ਜ਼ਿੰਮੇਵਾਰੀ ਭਾਈ ਜੇਠਾ ਜੀ ਨੂੰ ਦਿੱਤੀ ਗਈ। ਆਪ ਜੀ ਨੇ ਇਹ ਜ਼ਿੰਮੇਵਾਰੀ ਪੂਰੀ ਤਨਦੇਹੀ ਨਾਲ ਨਿਭਾਈ ਜਿਸ ਦੀ ਬਦੌਲਤ 'ਗੁਰੂ ਕਾ ਚੱਕ' ਇਕ ਚੰਗੀ ਰੌਣਕ ਵਾਲਾ ਨਗਰ ਬਣ ਗਿਆ।

ਸ੍ਰੀ ਗੁਰੂ ਅਮਰਦਾਸ ਜੀ ਹੁਣ ਸਰੀਰਿਕ ਰੂਪ ਵਿਚ ਕਾਫੀ ਬਿਰਧ ਹੋ ਚੁੱਕੇ ਸਨ। ਆਪਣਾ ਸੱਚਖੰਡ ਵਾਪਸੀ ਸਮਾਂ ਨੇੜੇ ਆਇਆ ਜਾਣ ਕੇ ਉਨ੍ਹਾਂ ਨੇ ਗੁਰੂ-ਘਰ ਦੀ ਮਰਯਾਦਾ ਅਨੁਸਾਰ ਸੰਮਤ 1631 ਦੇ ਭਾਦਰੋਂ ਮਹੀਨੇ ਵਿਚ ਸਮੂਹ ਸੰਗਤ ਅਤੇ ਆਪਣੇ ਪਰਿਵਾਰ ਦੇ ਸਨਮੁਖ ਭਾਈ ਜੇਠਾ ਜੀ ਨੂੰ ਗੁਰੂ ਨਾਨਕ ਪਾਤਸ਼ਾਹ ਦੇ ਘਰ ਦਾ ਚੌਥਾ (ਗੁਰਗੱਦੀ ਦੇ ਕੇ) ਵਾਰਸ ਥਾਪ ਕੇ ਸ੍ਰੀ ਗੁਰੂ ਰਾਮਦਾਸ ਜੀ ਬਣਾ ਦਿੱਤਾ।

ਗੁਰਿਆਈ ਦੀ ਬਖ਼ਸ਼ਿਸ਼ ਕੋਈ ਛੋਟੀ ਜਾਂ ਸਧਾਰਨ ਗੱਲ ਨਹੀਂ ਸੀ ਕਿਉਂਕਿ ਸ੍ਰੀ ਗੁਰੂ ਰਾਮਦਾਸ ਨੂੰ ਉਹ ਰੱਬੀ ਤਖ਼ਤ ਦੀ ਪ੍ਰਾਪਤੀ ਹੋ ਗਈ ਸੀ ਜਿਸ ਦੇ ਅੱਗੇ ਰਾਜੇ-ਮਹਾਰਾਜਿਆਂ ਦਾ ਸੀਸ ਝੁਕਦਾ ਆ ਰਿਹਾ ਸੀ। ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਦਰਬਾਰ ਵਿੱਚੋਂ ਇਕ ਨਿਮਾਣੇ ਸਿੱਖ ਨੂੰ ਮਿਲੇ ਮਾਣ ਨੂੰ ਦੇਖ ਕੇ ਆਪ ਵੈਰਾਗ ਵਿਚ ਆ ਗਏ ਅਤੇ ਬੋਲ ਉਠੇ :

ਜੋ ਹਮਰੀ ਬਿਧਿ ਹੋਤੀ,ਮੇਰੇ ਸਤਿਗੁਰਾ!ਸਾ ਬਿਧਿ ਤੁਮ ਹਰਿ ਜਾਣਹੁ ਆਪੇ॥
ਹਮ ਰੁਲਤੇ ਫਿਰਤੇ,ਕੋਈ ਬਾਤ ਨ ਪੂਛਤਾ,ਗੁਰ ਸਤਿਗੁਰ ਸੰਗ ਕੀਰੇ ਹਮ ਥਾਪੇ॥

( ਅੰਗ 167)

ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਜੀ ਦੀ ਕਿਰਪਾ ਨਾਲ ਮਾਝੇ ਦਾ ਇਲਾਕਾ ਜਾਗ ਪਿਆ। ਇਸ ਜਾਗ ਕਾਰਨ ਗੁਰੂ ਸਾਹਿਬ ਨੇ ਸੋਚਿਆ ਕਿ ਇਸ ਕੇਂਦਰੀ ਸਥਾਨ (ਸ੍ਰੀ ਅੰਮ੍ਰਿਤਸਰ ਸਾਹਿਬ) 'ਤੇ ਇਕ ਸ਼ਾਨਦਾਰ ਧਾਰਮਿਕ ਸਥਾਨ ਉਸਾਰਿਆ ਜਾਵੇ ਜੋ ਵੱਧ ਰਹੀ ਸੰਗਤ ਦੀਆਂ ਰੂਹਾਨੀ ਜ਼ਰੂਰਤਾਂ ਨੂੰ ਪੂਰੀਆਂ ਕਰ ਸਕੇ। ਇਹ ਸਥਾਨ ਦਰਿਆ ਤੋਂ ਹਟਵਾਂ ਹੋ ਕੇ ਇੱਥੇ ਸਰੋਵਰ ਬਣਾਉਣ ਦੀ ਤਜਵੀਜ਼ ਵੀ ਬਣਾਈ ਗਈ। ਅਜਿਹਾ ਕਰਨ ਪਿੱਛੇ ਗੁਰੂ ਸਾਹਿਬ ਦਾ ਇਕ ਮਨੋਰਥ ਇਹ ਵੀ ਸੀ ਇਸ ਪਵਿੱਤਰ ਜਗ੍ਹਾ ਉਪਰ ਜਿੱਥੇ ਕੰਨਾਂ ਨੂੰ ਇਲਾਹੀ ਬਾਣੀ ਦੀਆਂ ਧੁਨਾਂ ਸੁਣਾਈ ਦੇਣ ਉਥੇ ਨਾਲ ਨੇਤਰਾਂ ਨੂੰ ਹਰਿ ਦੇ ਘਰ (ਹਰਿਮੰਦਰ ਸਾਹਿਬ) ਦੇ ਖੁੱਲ੍ਹੇ ਦਰਸ਼ਨ ਦੀਦਾਰੇ ਵੀ ਹੁੰਦੇ ਰਹਿਣ।ਇਸ ਤਜਵੀਜ਼ ਨੂੰ ਅਮਲੀ ਰੂਪ ਦੇਣ ਲਈ ਸ਼ਰਧਾਵਾਨ ਸੰਗਤਾਂ ਦੇ ਭਰਪੂਰ ਸਹਿਯੋਗ ਦੀ ਲੋੜ ਸੀ। ਜਿਵੇਂ-ਜਿਵੇਂ ਇਹ ਸਹਿਯੋਗ (ਤਨ, ਮਨ ਅਤੇ ਧਨ ਨਾਲ) ਮਿਲਦਾ ਗਿਆ ਤਿਵੇਂ-ਤਿਵੇਂ ਗੁਰੂ-ਘਰ ਦੇ ਕਾਰਜ ਵੀ ਸੰਵਰਦੇ ਰਹੇ। ਪਹਿਲਾਂ ਸਰੋਵਰ ਅਤੇ ਉਸ ਤੋਂ ਬਾਅਦ (ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ) ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਮੁਕੰਮਲ ਹੋ ਗਈ। ਇਨ੍ਹਾਂ ਦੇ ਮਹਾਨ ਉਪਰਾਲਿਆਂ ਨਾਲ ਸਿੱਖ ਧਰਮ ਦੇ ਨਕਸ਼-ਨੁਹਾਰ ਹੋਰ ਵੀ ਨਿਖਰਨ ਲੱਗ ਪਏ। ਜਿਵੇਂ ਤੀਸਰੇ ਪਾਤਸ਼ਾਹ ਨੇ ਸਿੱਖੀ ਦੇ ਪ੍ਰਚਾਰ ਲਈ 22 ਮੰਜੀਆਂ ਅਤੇ 52 ਪੀੜ੍ਹਿਆਂ ਦੀ ਸਥਾਪਨਾ ਕੀਤੀ ਸੀ। ਉਸ ਨੂੰ ਅੱਗੇ ਵਧਾਉਂਦਿਆਂ ਹੋਇਆਂ ਸ੍ਰੀ ਗੁਰੂ ਰਾਮਦਾਸ ਜੀ ਨੇ ਮਸੰਦ ਪ੍ਰਥਾ ਦਾ ਅਰੰਭ ਕੀਤਾ। ਇਹ ਮਸੰਦ ਜਿੱਥੇ ਦੂਰ-ਦੁਰਾਡੇ ਦੇ ਇਲਾਕਿਆਂ ਵਿਚ ਸਿੱਖੀ ਦੇ ਸਿਧਾਂਤਾਂ ਦਾ ਪ੍ਰਚਾਰ ਕਰਿਆ ਕਰਦੇ ਸਨ ਉਥੇ ਨਾਲ ਹੀ ਗੁਰੂ ਕੇ ਪ੍ਰੇਮੀਆਂ ਤੋਂ ਮਾਇਆ ਇਕੱਠੀ ਕਰ ਕੇ ਗੁਰੂ ਕੀ ਗੋਲਕ ਤੱਕ ਵੀ ਪਹੁੰ-ਚਾਇਆ ਕਰਦੇ ਸਨ। ਭਾਵੇਂ ਸ੍ਰੀ ਗੁਰੂ ਰਾਮਦਾਸ ਜੀ ਕੋਲ ਬਹੁਤ ਸਾਰੇ ਰੁਝੇਵੇਂ ਸਨ ਪਰ ਉਨ੍ਹਾਂ ਦੀ ਤਰਜੀਹ ਹਮੇਸ਼ਾਂ ਹੀ ਕਾਰ-ਸੇਵਾ ਵਿਚ ਬਣੀ ਰਹਿੰਦੀ ਸੀ। ਵਕਤ ਮਿਲਣ 'ਤੇ ਉਹ ਆਪ ਵੀ ਟੋਕਰੀ ਚੁੱਕ ਲੈਂਦੇ ਅਤੇ ਇੱਟਾਂ, ਗਾਰੇ ਅਤੇ ਚੂਨੇ ਆਦਿ ਦੀ ਹੱਥੀਂ ਸੇਵਾ ਕਰਿਆ ਕਰਦੇ ਸਨ। ਇਹ ਸਭ ਕੁਝ ਉਹ ਕਿਰਤ ਦੇ ਸਿਧਾਂਤ ਨੂੰ ਵਡਿਆਉਣ ਅਤੇ ਪਕਿਆਉਣ ਲਈ ਵੀ ਕਰਦੇ ਸਨ। ਇਸ ਤਰ੍ਹਾਂ ਕਰਦਿਆਂ ਇਕ ਦਿਨ ਉਹ ਵੀ ਆ ਗਿਆ ਜਿਸ ਦਿਨ ਸ੍ਰੀ ਗੁਰੂ ਰਾਮਦਾਸ ਜੀ ਅਤੇ ਉਨ੍ਹਾਂ ਦੇ ਸਪੁੱਤਰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੁਚੱਜੀ ਅਗਵਾਈ ਅਤੇ ਸੰਗਤਾਂ ਦੇ ਭਰਵੇਂ ਸਹਿਯੋਗ ਸਦਕਾ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਧਰਤੀ 'ਤੇ ਸਵਰਗ ਦੀ ਝਲਕ (ਸੱਚਖੰਡ ਦੇ ਰੂਪ 'ਚ) ਦਿਖਾਈ ਦੇਣ ਲੱਗ ਪਈ। ਅਜੋਕੇ ਸਮੇਂ ਵੀ ਇਹ ਸਥਾਨ ਰੱਬੀ ਸਿਫ਼ਤ-ਸਲਾਹ ਦਾ ਇਕ ਪ੍ਰਮੁੱਖ ਕੇਂਦਰ ਹੈ।

ਗੁਰੂ ਪਰਿਵਾਰ ਦੇ ਤਿੰਨਾਂ ਸਾਹਿਬਜ਼ਾਦਿਆਂ ਵਿੱਚੋਂ ਸਭ ਤੋਂ ਛੋਟੇ ਸ੍ਰੀ (ਗੁਰੂ) ਅਰਜਨ ਦੇਵ ਜੀ ਦੀਨ ਅਤੇ ਦੁਨੀਆ ਦੇ ਮਾਮਲੇ ਵਿਚ ਸਭ ਤੋਂ ਵਧੇਰੇ ਯੋਗ ਸਾਬਤ ਹੋਏ। ਜਿੱਥੇ ਉਹ ਪਰਵਾਰਿਕ ਪੱਖ ਤੋਂ ਪੂਰੇ ਜ਼ਿੰਮੇਵਾਰ ਸਨ ਉਥੇ ਉਹ ਅਧਿਆਤਮਿਕ ਪੱਖ ਤੋਂ ਵੀ ਸਰਬ-ਕਲਾ ਸਮਰੱਥ ਦਿਖਾਈ ਦਿੰਦੇ ਸਨ। ਇਸ ਸਮਰੱਥਾ ਕਾਰਨ ਹੀ ਸ੍ਰੀ ਗੁਰੂ ਰਾਮਦਾਸ ਜੀ ਵੱਲੋਂ ਗੁਰਿਆਈ ਦਾ ਤਿਲਕ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਲਗਾਇਆ ਗਿਆ।

ਗੁਰੂ ਪਿਤਾ ਵੱਲੋਂ ਵੱਡੇ ਪੁੱਤਰ (ਪ੍ਰਿਥੀ ਚੰਦ) ਨੂੰ ਅਣਡਿੱਠ ਕਰ ਕੇ ਸਭ ਤੋਂ ਛੋਟੇ ਪੁੱਤਰ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਗੁਰੂ ਨਾਨਕ ਕੇ ਘਰ ਦੀ ਵਡਿਆਈ (ਗੁਰਗੱਦੀ) ਦਿੱਤੇ ਜਾਣ ਦਾ ਪ੍ਰਿਥੀ ਚੰਦ ਵੱਲੋਂ ਡੱਟਵਾਂ ਵਿਰੋਧ ਕੀਤਾ ਗਿਆ ਪਰ ਸ੍ਰੀ ਗੁਰੂ ਰਾਮਦਾਸ ਜੀ ਵੱਲੋਂ 'ਤਖਤਿ ਬਹੈ ਤਖਤੈ ਕੀ ਲਾਇਕ' ਦੀ ਕਸਵੱਟੀ ਨੂੰ ਆਧਾਰ ਬਣਾ ਕੇ ਕੇਵਲ ਯੋਗਤਾ ਨੂੰ ਹੀ ਪਹਿਲ ਦਿੱਤੀ ਗਈ।

ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਆਪਣਾ ਗੱਦੀ-ਨਸ਼ੀਨ ਬਣਾ ਕੇ ਸ੍ਰੀ ਗੁਰੂ ਰਾਮਦਾਸ ਜੀ ਗੋਇੰਦਵਾਲ ਸਾਹਿਬ ਚਲੇ ਗਏ। ਕੁਝ ਦਿਨ ਇੱਥੇ ਟਿਕਾਣਾ ਕਰਨ ਤੋਂ ਬਾਅਦ ਅੱਸੂ ਮਹੀਨੇ ਦੇ ਦੂਜੇ ਦਿਨ ਮੁਤਾਬਕ ਸੰਮਤ 1638 (ਸਤੰਬਰ 1581 ਈ:) ਨੂੰ ਜੋਤੀ ਜੋਤ ਸਮਾ ਗਏ। ਅਧਿਆਤਮਿਕ ਆਗੂ ਹੋਣ ਦੇ ਨਾਲ-ਨਾਲ ਸ੍ਰੀ ਗੁਰੂ ਰਾਮਦਾਸ ਜੀ ਇੱਕ ਉੱਚ ਕੋਟੀ ਦੇ ਬਾਣੀਕਾਰ ਵੀ ਸਨ ਜਿਨ੍ਹਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਵਾਲੇ 19 ਰਾਗਾਂ ਦੀ ਵਰਤੋਂ ਕਰਦਿਆਂ ਅਤੇ 11 ਹੋਰ ਰਾਗਾਂ ਸਮੇਤ ਕੁੱਲ 30 ਰਾਗਾਂ ਵਿਚ ਬਾਣੀ ਰਚੀ ਹੈ। ਇਹ ਬਾਣੀ ਬੜੇ ਹੀ ਅਦਬ ਅਤੇ ਸਤਿਕਾਰ ਨਾਲ ਪੜ੍ਹੀ/ਸੁਣੀ ਜਾਂਦੀ ਹੈ।

# ਮਾਪਿਆਂ ਤੇ ਅਧਿਆਪਕਾਂ ਦੇ ਕਹਿਣੇਕਾਰ ਬੱਚੇ ਸਫ਼ਲ ਹੁੰਦੇ ਨੇ- ਬਲਜਿੰਦਰ ਮਾਨ

ਮਾਹਿਲਪੁਰ (ਬਿਊਰੋ)- ਇੱਥੋਂ ਥੋੜ੍ਹੀ ਦੂਰ ਸੈਂਤੀ ਅਧਿਆਪਕਾਂ ਵਾਲੇ ਇਤਿਹਾਸਕ ਪਿੰਡ ਹੱਲੂਵਾਲ ਦੇ ਸਰਕਾਰੀ ਹਾਈ ਸਕੂਲ ਵਿਚ ਪੰਜਾਬੀ ਬਾਲ ਰਸਾਲੇ ਦੇ ਸੰਪਾਦਕ ਅਤੇ ਬਾਲ ਸਾਹਿਤ ਲੇਖਕ ਬਲਜਿੰਦਰ ਮਾਨ ਵਿਦਿਆਰਥੀਆਂ ਦੇ ਰੂਬਰੂ ਹੋਏ। ਉਨ੍ਹਾਂ ਆਪਣੇ ਸੰਬੋਧਨ ਵਿਚ ਵਿਦਿਆਰਥੀਆਂ ਨੂੰ ਕਿਹਾ ਕਿ ਚੰਗੀ ਸੰਗਤ ਵਿੱਚੋਂ ਹੀ ਚੰਗੀ ਸੋਹਬਤ ਮਿਲਦੀ ਹੈ। ਨਰੋਆ ਸਾਹਿਤ ਮਨੁੱਖ ਦੀ ਸ਼ਖ਼ਸੀਅਤ ਦਾ ਨਿਰਮਾਣ ਕਰਦਾ ਹੈ। ਇਸ ਲਈ ਸਾਨੂੰ ਹਮੇਸ਼ਾਂ ਰੋਚਿਕ ਅਤੇ ਨਰੋਆ ਸਾਹਿਤ ਪੜ੍ਹਦੇ ਰਹਿਣਾ ਚਾਹੀਦਾ ਹੈ। ਅਧਿਆਪਕ ਅਤੇ ਮਾਪਿਆਂ ਦੇ ਕਹਿਣੇ ਵਿੱਚ ਰਹਿ ਕੇ ਅਸੀਂ ਉੱਚੀਆਂ ਤੇ ਸੁੱਚੀਆਂ ਮੰਜ਼ਲਾਂ ਪ੍ਰਾਪਤ ਕਰ ਸਕਦੇ ਹਾਂ। ਜੀਵਨ ਵਿਚ ਸਰਬੱਤ ਦਾ ਭਲਾ ਕਰਨ ਵਿੱਚ ਹੀ ਆਪਣੀ ਭਲਾਈ ਹੈ। ਦੁਨੀਆਂ ਵਿੱਚ ਫੈਲੀਆਂ ਕੁਰੀਤੀਆਂ ਖ਼ਿਲਾਫ਼ ਬੋਲਣ ਦੀ ਬਜਾਏ ਆਪਣੀਆਂ ਕੁਰੀਤੀਆਂ



ਨੂੰ ਖ਼ਤਮ ਕੀਤਾ ਜਾਵੇ ਤਾਂ ਅਸੀਂ ਬਿਹਤਰੀ ਵੱਲ ਵਧ ਸਕਦੇ ਹਾਂ। ਸਕੂਲ ਮੁਖੀ ਮੈਡਮ ਕੁਲਦੀਪ ਕੌਰ ਨੇ ਮੁੱਖ ਮਹਿਮਾਨ ਬਲਜਿੰਦਰ ਮਾਨ ਦਾ ਸਵਾਗਤ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਜੀਵਨ ਸੰਘਰਸ਼ ਵਿੱਚ ਸ਼ਾਨਦਾਰ ਪ੍ਰਾਪਤੀਆਂ ਨਾਲ ਸਫਲਤਾ ਦੀਆਂ ਪੌੜੀਆਂ ਚੜ੍ਹੀਆਂ ਹਨ। ਸਾਹਿਤ ਜਗਤ ਵਿੱਚ ਉਨ੍ਹਾਂ ਸੰਦਲੀ ਪੈੜਾਂ ਪਾ ਕੇ ਨਾਮਣਾ ਕਮਾਇਆ ਹੈ। ਜਿਸ ਕਰਕੇ ਸਾਡੇ ਇਲਾਕੇ ਅਤੇ ਸਿੱਖਿਆ ਜਗਤ ਨੂੰ ਉਨ੍ਹਾਂ ਤੇ ਬਹੁਤ ਫ਼ਖ਼ਰ ਹੈ। ਉਨ੍ਹਾਂ ਆਪਣੀਆਂ ਲਿਖਤਾਂ ਵਿੱਚ ਇਨਸਾਨੀਅਤ ਦਾ ਪ੍ਰਚਾਰ ਅਤੇ ਪ੍ਰਸਾਰ ਕੀਤਾ ਹੈ ਜਿਸ ਕਰਕੇ ਵਿਦਿਆਰਥੀਆਂ ਅਤੇ ਵੱਡਿਆਂ ਵਲੋਂ ਉਨ੍ਹਾਂ ਦੀ ਬੜਾ ਆਦਰ ਮਾਣ ਕੀਤਾ ਜਾਂਦਾ ਹੈ।

ਇਸ ਮੌਕੇ ਵਿਦਿਆਰਥੀਆਂ ਨੇ ਉਨ੍ਹਾਂ ਕੋਲੋਂ ਜੀਵਨ ਵਿਚ ਸ਼ਾਨਦਾਰ ਪ੍ਰਾਪਤੀਆਂ ਕਰਨ ਲਈ ਕਈ ਸਵਾਲ ਪੁੱਛੇ। ਉਨ੍ਹਾਂ ਸਵਾਲਾਂ ਦੇ ਜਵਾਬ ਦਿੰਦਿਆਂ ਕਿਹਾ ਕਿ ਸਾਨੂੰ ਮੁਸੀਬਤ ਵੇਲੇ ਢੇਰੀ ਨਹੀਂ ਢਾਹੁਣੀ ਚਾਹੀਦੀ। ਹਿੰਮਤ ਹੌਂਸਲੇ ਅਤੇ ਲਗਨ ਨਾਲ ਕਾਰਜ ਕਰਦੇ ਰਹਿਣਾ ਚਾਹੀਦਾ ਹੈ। ਮਿਹਨਤ ਤੇ ਸਿਰੜ ਨਾਲ ਹਰ ਮੰਜ਼ਿਲ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸ ਮੌਕੇ ਸਕੂਲ ਦੇ ਸਟਾਫ ਮੈਂਬਰ ਧਰਮ ਮੇਧਾ, ਹਰਮਿੰਦਰ ਸਿੰਘ, ਗੁਰਵਿੰਦਰਪਾਲ ਸਿੰਘ, ਮਨਪ੍ਰੀਤ ਕੌਰ, ਰੇਖਾ ਰਾਣੀ, ਨਰਿੰਦਰ ਬਡਵਾਲ ਸਮੇਤ ਸਕੂਲ ਮੈਨੇਜਿੰਗ ਕਮੇਟੀ ਅਤੇ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਨਾਲ ਵਿਚਾਰ ਸਾਂਝੇ ਕੀਤੇ।

# ਕਣਕ ਦੀ ਘੱਟੋ-ਘੱਟ ਸਮਰਥਨ ਕੀਮਤ: ਖੇਤੀਬਾੜੀ ਨੀਤੀਆਂ ਵਿਚ ਵੱਡੀਆਂ ਤਬਦੀਲੀਆਂ ਦੀ ਲੋੜ

8 ਸਤੰਬਰ 2021 ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਹੇਠ ਆਰਥਿਕ ਮਾਮਲਿਆਂ ਬਾਰੇ ਕੇਬਨਿਟ ਕਮੇਟੀ ਨੇ 2021-22 ਦੀਆਂ ਹਾੜ੍ਹੀ ਦੀਆਂ ਕੁਝ ਜਿਨਸਾਂ ਦੀਆਂ 2022-23 ਦੇ ਮੰਡੀਕਰਨ ਸੀਜਨ ਲਈ ਘੱਟੋ-ਘੱਟ ਸਮਰਥਨ ਕੀਮਤਾਂ ਦਾ ਐਲਾਨ ਕੀਤਾ ਹੈ। ਹਾੜ੍ਹੀ ਦੀ ਇਕ ਮੁੱਖ ਜਿਨਸ ਕਣਕ ਦੀ ਘੱਟੋ-ਘੱਟ ਕੀਮਤ 1975 ਰੁਪਏ ਤੋਂ ਵਧਾ 2015 ਰੁਪਏ ਪ੍ਰਤਿ ਕੁਇੰਟਲ ਕੀਤੀ ਗਈ ਹੈ। ਇਸ ਐਲਾਨ ਦਾ ਸੁਆਗਤ ਕਰਦੇ ਹੋਏ ਕੇਂਦਰੀ ਖੇਤੀਬਾੜੀ ਨਰਿੰਦਰ ਸਿੰਘ ਤੋਮਰ ਨੇ ਹਿਕਾ ਹੈ ਕਿ ਜਿਹੜੇ ਲੋਕ ਇਹ ਅਫਵਾਹਾਂ ਫਲਾਉਂਦੇ ਹਨ ਕਿ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਨੂੰ ਖ਼ਤਮ ਕਰ ਦਿੱਤਾ ਜਾਵੇਗਾ ਉਨ੍ਹਾਂ ਨੂੰ ਸਰਕਾਰ ਦੇ ਇਸ ਫੈਸਲੇ ਤੋਂ ਸਿੱਖਿਆ ਲੈਣ ਦੀ ਲੋੜ ਹੈ। ਉਨ੍ਹਾਂ ਨੇ ਇਹ ਵੀ ਕਿਹਾ ਕਿ ਪ੍ਰਧਾਨ ਮੰਤਰੀ ਨੇ ਕਿੰਨੇ ਵਾਰ ਯਕੀਨ ਦਿਵਾਇਆ ਹੈ ਕਿ ਭੂਤਕਾਲ ਵਿਚ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਸਨ, ਵਰਤਮਾਨ ਸਮੇਂ ਵਿਚ ਹਨ ਅਤੇ ਭਵਿੱਖ ਵਾਲੇ ਸਮੇਂ ਵਿਚ ਜਾਰੀ ਰਹਿਣਗੀਆਂ।

ਜੇਕਰ ਕਣਕ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਬਾਰੇ ਅੰਕੜੇ ਦੇਖੇ ਜਾਣ ਤਾਂ ਪਤਾ ਲੱਗਦਾ ਹੈ ਕਿ 2022-23 ਦੇ ਮੰਡੀਕਰਨ ਸੀਜਨ ਲਈ ਇਸ ਕੀਮਤ ਵਿਚ ਵਾਧਾ ਸਿਰਫ਼ 40 ਰੁਪਏ ਪ੍ਰਤਿ ਕੁਇੰਟਲ ਹੈ ਜੋ ਇਸ ਤੋਂ ਪਿਛਲੇ ਮੰਡੀਕਰਨ ਸੀਜ਼ਨ ਦੇ ਮੁਕਾਬਲੇ ਵਿਚ 2.03 ਫ਼ੀਸਦ ਜ਼ਿਆਦਾ ਹੈ। ਪਿਛਲੇ ਸਮੇਂ ਦੋਰਾਨ ਇਸ ਤੋਂ ਘੱਟ ਫ਼ੀਸਦ ਵਾਧਾ 2009-10 ਦੇ ਮੰਡਕਰਨ ਸੀਜ਼ਨ ਲਈ ਕੀਤਾ ਗਿਆ ਸੀ ਜਿਹੜਾ 1.85 ਬਣਦਾ ਸੀ। ਉਸ ਤੋਂ ਬਾਅਦ ਇਹ ਵਾਧਾ 2022-23 ਲਈ ਕੀਤੇ ਗਏ ਵਾਧੇ ਤੋਂ ਜ਼ਿਆਦਾ ਰਿਹਾ। 2017-18 ਤੋਂ ਬਾਅਦ ਕਣਕ ਦੀ ਘੱਟੋ-ਘੱਟ ਸਮਰਥਨ ਕੀਮਤ ਵਿਚ ਵਾਧੇ ਦੀ ਦਰ ਲਗਾਤਾਰ ਘਟਾਈ ਗਈ ਹੈ। ਇਸ ਸਾਲ ਦੌਰਾਨ ਇਹ ਵਾਧਾ 6.8 ਫ਼ੀਸਦ, 2018-19 ਵਿਚ 6.1 ਫ਼ੀਸਦ, 2019-20 ਵਿਚ 4.6 ਫ਼ੀਸਦ, 2020-21 ਵਿਚ 2.6 ਫ਼ੀਸਦ ਅਤੇ 2021-22 ਲਈ ਸਿਰਫ਼ 2.03 ਫ਼ੀਸਦ ਹੈ। ਕੇਂਦਰ ਸਰਕਾਰ ਇਸ ਵਾਧੇ ਦੇ ਉਤਪਾਦਨ ਲਾਗਤ ਤੋਂ 100 ਫ਼ੀਸਦ ਵੱਧ ਹੋਣ ਦਾ ਦਾਅਵਾ ਕਰ ਰਹੀ ਹੈ ਜਿਹੜਾ ਕਿਸੇ ਵੀ ਤਰ੍ਹਾਂ ਠੀਕ ਨਹੀਂ ਹੈ। ਜੇਕਰ ਇਸ 2.03 ਫ਼ੀਸਦ ਦੇ ਵਾਧੇ ਨੂੰ ਮੁਦਰਾ ਸਫ਼ੀਤੀ ਨਾਲ ਜੋੜ ਕੇ ਦੇਖ ਲਿਆ ਜਾਵੇ ਤਾਂ ਇਹ ਵਾਧਾ ਮਨਫ਼ੀ ਵਿਚ ਆ ਜਾਂਦਾ ਹੈ ਅਤੇ ਜਦੋਂ ਇਸ ਵਾਧੇ ਨੂੰ ਉਤਪਾਦਨ ਲਾਗਤ ਦੇ ਸੰਬੰਧ ਵਿਚ ਦੇਖਿਆ ਜਾਂਦਾ ਹੈ ਤਾਂ ਇਸ ਵਾਧੇ ਦੀ ਮਨਫ਼ੀ ਦਰ ਹੋਰ ਵਧ ਜਾਂਦੀ ਹੈ ਕਿਉਂਕਿ ਕੇਂਦਰ ਸਰਕਾਰ ਵੱਲੋਂ ਖੇਤੀਬਾੜੀ ਉਤਪਾਦਨ ਵਿਚ ਵਰਤੀਆਂ ਜਾਣ ਵਾਲੀਆਂ ਵਸਤਾਂ ਜਿਵੇਂ ਡੀਜ਼ਲ, ਰਸਾਇਣ, ਬੀਜ, ਮਸ਼ੀਨਰੀ ਆਦਿ ਦੀਆਂ ਕੀਮਤਾਂ ਦੇ ਤੈਅ ਕਰਨ ਨੂੰ ਬੇਲਗਾਮ ਮੰਡੀ ਦੇ ਹਵਾਲੇ ਕਰਨ ਦੇ ਕਾਰਨ ਉਤਪਾਦਨ ਲਾਗਤਾਂ ਵਿਚ ਲਗਾਤਾਰ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ।

ਜਿੱਥੇ ਸੰਯੁਕਤ ਕਿਸਾਨ ਮੋਰਚੇ ਅਤੇ ਕੁਝ ਰਾਜਸੀ ਆਗੂਆਂ ਨੇ ਕਣਕ ਦੀ ਘੱਟੋ-ਘੱਟ ਸਮਰਥਨ ਕੀਮਤ ਵਿਚ ਕੀਤੇ ਗਏ ਵਾਧੇ ਨੂੰ ਗ਼ੈਰ-ਵਾਜਬ ਦੱਸਦੇ ਹੋਏ ਰੱਦ ਕਰ ਦਿੱਤਾ ਹੈ, ਉੱਥੇ ਰਾਸ਼ਟਰੀ ਸੇਵਕ ਸੰਘ ਨਾਲ ਸੰਬੰਧਿਤ ਭਾਰਤੀ ਕਿਸਾਨ ਮੋਰਚੇ ਨੇ ਇਸ ਵਾਧੇ ਨੂੰ ਸਿਰਫ਼ ਰੱਦ ਹੀ ਨਹੀਂ ਕੀਤਾ ਸਗੋਂ ਖੇਤੀਬਾੜੀ ਦੀਆਂ ਸਾਰੀਆਂ ਜਿਨਸਾਂ ਦੀਆਂ ਲਾਹੇਵੰਦ ਕੀਮਤਾਂ ਉੱਪਰ ਮੰਡੀਕਰਨ ਨੂੰ ਯਕੀਨੀ ਬਣਾਉਣ ਦੇ ਨਾ.ਲ ਨਾ.ਲ ਮਹਿੰਗਾਈ ਉੱਪਰ ਕਾਬੂ ਪਾਉਣ ਲਈ 8 ਸਤੰਬਰ ਨੂੰ ਦਿੱਲੀ ਵਿਚ ਜੰਤਰ-ਮੰਤਰ ਸਮੇਤ ਮੁਲਕ ਦੇ 500 ਤੋਂ ਵੱਧ ਜ਼ਿਲ੍ਹਾ ਹੈੱਡਕੁਆਟਰਾਂ ਉੱਪਰ ਰੋਸ ਧਰਨੇ ਕਰਕੇ ਐੱਨ.ਡੀ.ਏ. ਹਕੂਮਤ ਨੂੰ ਹਲੂਣਾ ਦਿੱਤਾ ਹੈ। ਐੱਨ.ਡੀ.ਏ. ਵੀ ਇਕ ਭਾਈਵਾਲ ਪਾਰਟੀ ਜਨਤਾ ਦਲ (ਯੂ) ਦੇ ਆਗੂ ਕੇ.ਸੀ. ਤਿਆਗੀ ਨੇ ਵੀ ਸਰਕਾਰ ਨਾਲ ਅਸਹਿਮਤੀ ਦਿਖਾਉਂਦੇ ਹੋਏ ਖੇਤੀਬਾੜੀ ਨੀਤੀਆਂ ਵਿਚ ਵੱਡੀਆਂ ਤਬਦੀਲੀਆਂ ਕਰਨ ਉੱਪਰ ਜ਼ੋਰ ਦਿੱਤਾ ਹੈ।

ਪਿਛਲੇ 9 ਮਹੀਨਿਆਂ ਤੋਂ ਵੱਧ ਸਮੇਂ ਤੋਂ ਸੰਯੁਕਤ ਕਿਸਾਨ ਮੋਰਚਾ ਕੇਂਦਰ ਸਰਕਾਰ ਦੁਆਰਾ ਬਣਾਏ ਤਿੰਨ ਖੇਤੀਬਾੜੀ ਕਾਨੂੰਨਾਂ ਨੂੰ ਰੱਦ ਕਰਵਾਉਣ ਅਤੇ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਨੂੰ ਜਾਰੀ ਰੱਖਣ ਲਈ ਕਾਨੂੰਨੀ ਗਰੰਟੀ ਦੇਣ ਲਈ ਦਿੱਲੀ ਦੇ ਬਾਡਰਾਂ ਅਤੇ ਮੁਲਕ ਦੇ ਵੱਖ-ਵੱਖ ਖੇਤਰਾਂ ਵਿਚ ਸੰਘਰਸ਼ ਕਰ ਰਿਹਾ ਹੈ। ਵੱਖ ਵੱਖ ਮਾਹਰਾਂ ਨੇ ਸਪਸ਼ਟ ਕਰ ਦਿੱਤਾ ਹੈ ਕਿ ਖੇਤੀਬਾੜੀ ਜਿਨਸਾਂ ਦੀ ਖ਼ਰੀਦਕਾਰੀ ਲਈ ਨਿੱਜੀ ਮੰਡੀਆਂ ਨੂੰ ਆਗਿਆ ਦੇਣ ਅਤੇ ਕੰਟਰੈਕਟ ਖੇਤੀਬਾੜੀ ਸੰਬੰਧੀ ਕਾਨੂੰਨ ਜਿੱਥੇ ਕਿਸਾਨਾਂ, ਖੇਤ ਮਜ਼ਦੂਰਾਂ, ਅਤੇ ਪੇਂਡੂ ਛੋਟੇ ਕਾਰੀਗਰਾਂ ਦਾ ਉਜਾੜਾ ਕਰਨਗੇ ਉੱਥੇ ਇਨ੍ਹਾਂ ਨਾਲ ਪੇਂਡੂ ਵਿਕਾਸ ਵਿਚ ਖੜ੍ਹੋਤ ਆਵੇਗੀ। ਜ਼ਰੂਰੀ ਵਸਤਾਂ ਕਾਨੂੰਨ 1955 ਨੂੰ ਪੇਤਲਾ ਕਰਨ ਨਾਲ ਖ਼ਪਤਕਾਰਾਂ ਨੂੰ ਭਾਰੀ ਸੱਟ ਵੱਜੇਗੀ। ਭਾਵੇਂ ਸੁਪਰੀਮ ਕੋਰਟ ਨੇ ਇਨ੍ਹਾਂ ਕਾਨੂੰਨਾਂ ਦੇ ਲਾਗੂ ਕਰਨ ਉੱਪਰ ਰੋਕ ਲਾਈ ਹੋਈ ਹੈ, ਪਰ ਖ਼ਪਤਕਾਰਾਂ ਨੂੰ ਜ਼ਰੂਰੀ ਵਸਤਾਂ ਦੀਆਂ ਤੇਜ਼ੀ ਨਾਲ ਵਧਦੀਆਂ ਕੀਮਤਾਂ ਨੇ ਦੋ-ਡੰਗਾਂ ਦੀ ਰੋਟੀ ਲਈ ਚੁੱਲਾ ਬਲਦਾ ਰੱਖਣ ਦੇ ਸੰਬੰਧ ਵਿਚ ਅਤਿਅੰਤ ਤੰਗ ਕੀਤਾ ਹੋਇਆ ਹੈ।



ਸੰਯੁਕਤ ਕਿਸਾਨ ਮੋਰਚੇ ਦੀਆਂ ਸਾਰੀਆਂ ਮੰਗਾਂ ਬਿਲਕੁਲ ਜਾਇਜ਼ ਹਨ। ਇਨ੍ਹਾਂ ਮੰਗਾਂ ਦੇ ਮੰਨਣ ਨਾਲ ਯਕੀਨਨ ਕਿਸਾਨਾਂ, ਖੇਤ ਮਜ਼ਦੂਰਾਂ, ਪੇਂਡੂ ਕਾਰੀਗਰਾਂ ਅਤੇ ਖ਼ਪਤਕਾਰਾਂ ਨੂੰ ਕੁਝ ਰਾਹਤ ਮਿਲੇਗੀ। ਮੁਲਕ ਦੇ ਵਡੇਰੇ ਹਿੱਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਇਨ੍ਹਾਂ ਮੰਗਾਂ ਨੂੰ ਮੰਨਣ ਦੇ ਨਾ.ਲ ਨਾ.ਲ ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਖੇਤੀਬਾੜੀ ਨੀਤੀਆਂ ਵਿਚ ਵੱਡੀਆਂ ਤਬਦੀਲੀਆਂ ਕਰਨ ਦੀ ਲੋੜ ਹੈ।

1950-51 ਦੌਰਾਨ ਭਾਰਤ ਦੇ ਖੇਤੀਬਾੜੀ ਖੇਤਰ ਉੱਪਰ ਆਪਦੀ ਰੋਜ਼ੀ-ਰੋਟੀ ਲਈ ਨਿਰਭਰ ਆਬਾਦੀ 82 ਫ਼ੀਸਦ ਸੀ ਜਿਸ ਨੂੰ ਰਾਸ਼ਟਰੀ ਆਮਦਨ ਵਿੱਚੋਂ 55 ਫ਼ੀਸਦ ਹਿੱਸਾ ਦਿੱਤਾ ਗਿਆ। ਭਾਵੇਂ ਵਰਤਮਾਨ ਸਮੇਂ ਦੋਰਾਨ ਮੁਲਕ ਦੀ ਆਬਾਦੀ ਦੀ ਨਿਰਭਰਤਾ ਘਟਕੇ 50 ਫ਼ੀਸਦ ਦੇ ਕਰੀਬ ਰਹਿ ਗਈ ਹੈ, ਪਰ ਇਸ ਅੱਧੀ ਆਬਾਦੀ ਨੂੰ ਕਰੋਨਾ ਮਹਾਮਾਰੀ ਦੇ ਸਮੇਂ ਤੋਂ ਪਹਿਲਾਂ ਰਾਸ਼ਟਰੀ ਆਮਦਨ ਵਿੱਚੋਂ 16 ਫ਼ੀਸਦ ਦੇ ਕਰੀਬ ਹਿੱਸਾ ਹੀ ਦਿੱਤਾ ਗਿਆ। ਇਹ ਤੱਥ ਇਹ ਸਪਸ਼ਟ ਕਰਦੇ ਹਨ ਕਿ ਅਜਿਹੀਆਂ ਹਾਲਤਾਂ ਵਿਚ ਖੇਤੀਬਾੜੀ ਉੱਪਰ ਨਿਰਭਰ ਲੋਕ ਬਹੁਤ ਹੀ ਨੀਵੇਂ ਪੱਧਰ ਦਾ ਜੀਵਨ ਜਿਉਣ ਲਈ ਮਜ਼ਬੂਰ ਹਨ। ਮੁਲਕ ਦੇ ਵੱਖ ਵੱਖ ਖੇਤਰਾਂ ਵਿਚ ਕੀਤੇ ਗਏ ਸਰਵੇਖਣ ਇਹ ਤੱਥ ਸਾਹਮਣੇ ਲਿਆਏ ਹਨ ਕਿ ਤਕਰੀਬਨ ਸਾਰੇ ਸੀਮਾਂਤ ਅਤੇ ਛੋਟੇ ਕਿਸਾਨ, ਖੇਤ ਮਜ਼ਦੂਰ, ਅਤੇ ਪੇਂਡੂ ਛੋਟੇ ਕਾਰੀਗਰ ਕਰਜ਼ੇ ਅਤੇ ਗ਼ਰੀਬੀ ਵਿਚ ਜਨਮ ਲੈਂਦੇ ਹਨ, ਕਰਜ਼ੇ ਅਤੇ ਗ਼ਰੀਬੀ ਵਿਚ ਔਖੀ ਦਿਨ-ਕਟੀ ਕਰਦੇ ਹਨ ਅਤੇ ਆਪਣੀ ਆਉਣ ਵਾਲੀ ਪੀੜ੍ਹੀ ਲਈ ਕਰਜ਼ੇ ਦਾ ਪਹਾੜ ਅਤੇ ਘੋਰ ਗ਼ਰੀਬੀ ਛੱਡਕੇ ਜਾਂ ਤਾਂ ਤੰਗੀਆਂ-ਤੁਰਸੀਆਂ ਵਾਲੀ ਮੌਤ ਮਰ ਜਾਂਦੇ ਹਨ ਜਾਂ ਜਦੋਂ ਸਰਕਾਰਾਂ ਅਤੇ ਸਮਾਜ ਵੱਲੋਂ ਉਨ੍ਹਾਂ ਦੀਆਂ ਜ਼ਿੰਦਗੀ ਪ੍ਰਤਿ ਸਾਰੀਆਂ ਆਸਾਂ ਮੁਕਾ ਦਿੱਤੀਆਂ ਜਾਂਦੀਆਂ ਹਨ ਤਾਂ ਉਹ ਖ਼ੁਦਕੁਸ਼ੀਆਂ ਦੇ ਰਾਹ ਵੀ ਪੈਣ ਲੱਗੇ ਹਨ। ਪੰਜਾਬ ਸਰਕਾਰ ਦੁਆਰਾ ਪੰਜਾਬੀ ਯੂਨੀਵਰਸਿਟੀ, ਪਟਿਆਲਾ; ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ; ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਅਧਿਆਪਕਾਂ ਦੀ ਅਗਵਾਈ ਵਿਚ ਕਰਵਾਏ ਗਏ ਸਰਵੇਖਣਾਂ ਤੋਂ ਪਤਾ ਲੱਗਿਆ ਹੈ ਪੰਜਾਬ ਵਿਚ ਖੇਤੀਬਾੜੀ ਖੇਤਰ ਨਾਲ ਸੰਬੰਧਤ ਵਰਗਾਂ ਦੇ ਲੋਕਾਂ ਦੀਆਂ ਖ਼ੁਦਕੁਸ਼ੀਆਂ ਵਿੱਚੋਂ 40 ਫ਼ੀਸਦ ਦੇ ਗਰੀਬ ਖੇਤ ਮਜ਼ਦੂਰਾਂ ਅਤੇ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਵਿਚ 76 ਫ਼ੀਸਦ ਦੇ ਕਰੀਬ ਸੀਮਾਂਤ ਅਤੇ ਛੋਟੇ ਕਿਸਾਨਾਂ ਦੁਆਰਾ ਕੀਤੀਆਂ ਗਈਆਂ ਹਨ। ਖ਼ੁਦਕੁਸ਼ੀ ਪੀੜਤ ਪਰਿਵਾਰਾਂ ਦੀ ਹਾਲਤ ਬਹੁਤ ਹੀ ਤਰਸਯੋਗ ਬਣੀ ਹੋਈ ਹੈ ਕਿਉਂਕਿ ਸਰਕਾਰੀ ਮਦਦ ਇਨ੍ਹਾਂ ਪਰਿਵਾਰਾਂ ਤੱਕ ਪਹੁੰਚਦੀ ਹੋਈ ਬਹੁਤ ਹੀ ਨਿਗੂਣੀ ਹੋ ਨਿਬੜਦੀ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਖੇਤੀਬਾੜੀ ਜਿਨਸਾਂ ਦੀਆਂ ਕੀਮਤਾਂ ਲਾਹੇਵੰਦ ਹੋਣੀਆਂ ਚਾਹੀਦੀਆਂ ਹਨ। ਜ਼ਿਆਦਾਤਰ ਕਿਸਾਨ ਜੱਥੇਬੰਦੀਆਂ ਅਤੇ ਕੁਝ ਰਾਜਸੀ ਪਾਰਟੀਆਂ ਡਾ. ਸਵਾਮੀਨਾਥਨ ਦੇ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਤੈਅ ਕਰਨ ਸੰਬੰਧੀ ਸੁਝਾਅ ਉੱਪਰ ਬਹੁਤ ਜ਼ੋਰ ਦਿੰਦੀਆਂ ਹਨ। ਨਿਰਸੰਦੇਹ ਇਹ ਸੁਝਾਅ ਮੰਨਣ ਨਾਲ ਹੁਣ ਦੀ ਘਾਟੇ ਵਾਲੀ ਖੇਤੀਬਾੜੀ ਨਫ਼ੇ ਵਾਲੀ ਖੇਤੀਬਾੜੀ ਹੋ ਜਾਵੇਗੀ। ਇਹ ਸੁਝਾਅ ਮੰਨਣ ਨਾਲ ਕਿਸਾਨਾਂ ਨੂੰ ਉਨ੍ਹਾਂ ਦੀ ਉਤਪਾਦਨ ਲਾਗਤ ਉੱਪਰ 50 ਫ਼ੀਸਦ ਨਫ਼ਾ ਮਿਲੇਗਾ। ਸੋਚਣ ਵਾਲਾ ਇਕ ਪੱਖ ਇਹ ਹੈ ਕਿ ਕੀ ਅਜਿਹਾ ਹੋਣ ਨਾਲ ਖੇਤੀਬਾੜੀ ਉੱਪਰ ਨਿਰਭਰ ਸਾਰੇ ਵਰਗ ਆਪਣੀਆਂ ਮੁਢਲੀਆਂ ਲੋੜਾਂ ਸਤਿਕਾਰਯੋਗ ਢੰਗ ਨਾਲ ਪੂਰੀਆਂ ਕਰ ਸਕਣਗੇ। ਮੁਲਕ ਦੇ ਕੁੱਲ ਕਿਸਾਨਾਂ ਵਿਚੋਂ 68 ਫ਼ੀਸਦ ਕਿਸਾਨ ਉਹ ਹਨ ਜਿਨ੍ਹਾਂ ਕੋਲ 2.5 ਏਕੜ ਤੋਂ ਘੱਟ ਜ਼ਮੀਨ ਹੈ ਅਤੇ 18 ਫ਼ੀਸਦ ਕਿਸਾਨ ਉਹ ਹਨ ਜਿਨ੍ਹਾਂ ਕੋਲ 2.5 ਏਕੜ ਤੋਂ ਲੈ ਕੇ 5 ਏਕੜ ਤੋਂ ਘੱਟ ਜ਼ਮੀਨ ਹੈ। ਜੇਕਰ ਇਹ ਮੰਨ ਲਿਆ ਜਾਵੇ ਕਿ ਅਜਿਹੇ ਕਿਸਾਨਾਂ ਦੀ ਔਸਤਨ ਸਲਾਨਾ ਉਤਪਾਦਨ ਲਾਗਤ 1 ਲੱਖ ਰੁਪਏ ਹੈ ਤਾਂ ਉਨ੍ਹਾਂ ਦਾ ਨਫ਼ਾ/ਪ੍ਰਤਿ ਪਰਵਾਰ ਸਲਾਨਾ ਆਮਦਨ 50000 ਰੁਪਏ, ਪ੍ਰਤਿ ਮਹੀਨਾ ਆਮਦਨ 4167, ਅਤੇ ਪ੍ਰਤਿ ਦਿਨ ਆਮਦਨ 137 ਰੁਪਏ ਹੋਵੇਗੀ। ਸੋਚੋ, ਇਤਨੀ ਘੱਟ ਆਮਦਨ ਵਿਚ ਗੁਜ਼ਾਰਾ ਕਿਵੇਂ ਹੋਵੇਗਾ। ਖੇਤੀਬਾੜੀ ਆਰਥਿਕਤਾ ਦੀ ਪੌੜੀ ਦੇ ਥੱਲੇ ਵਾਲੇ ਦੋ ਡੰਡੇ ਖੇਤ ਮਜ਼ਦੂਰ, ਅਤੇ ਪੇਂਡੂ ਛੋਟੇ ਕਾਰੀਗਰ ਹਨ ਜੋ ਘਸਦੇ ਵੀ ਜ਼ਿਆਦਾ ਹਨ, ਟੁੱਟਦੇ ਵੀ ਜ਼ਿਆਦਾ ਹਨ, ਅਤੇ ਜਿਨ੍ਹਾਂ ਨੂੰ ਠੁੱਡੇ ਵੀ ਜ਼ਿਆਦਾ ਮਾਰੇ ਜਾਂਦੇ ਹਨ। ਮੁਲਕ ਦੀਆਂ ਅਨਾਜ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਅਪਣਾਈ ਗਈ 'ਖੇਤੀਬਾੜੀ ਦੀ ਨਵੀਂ ਜੁਗਤ' ਦੇ ਪੁਲੰਦੇ ਵਿਚੋਂ ਮਸ਼ੀਨਰੀ ਅਤੇ ਨਦੀਨਨਾਸ਼ਕਾਂ ਦੀ ਵਰਤੋਂ ਨੇ ਇਨ੍ਹਾਂ ਵਰਗਾਂ ਦੇ ਖੇਤੀਬਾੜੀ ਖੇਤਰ ਵਿਚ ਰੁਜ਼ਗਾਰ ਨੂੰ ਵੱਡਾ ਖੋਰਾ ਲਾਇਆ ਹੈ। ਇਨ੍ਹਾਂ ਦੋਹਾਂ ਵਰਗਾਂ ਕੋਲ ਆਪਣੀ ਕਿਰਤ ਨੂੰ ਵੇਚਣ ਤੋਂ ਸਵਾਏ ਉਤਪਾਦਨ ਦਾ ਹੋਰ ਕੋਈ ਸਾਧਨ ਨਹੀਂ ਹੈ। ਇਸ ਲਈ ਸੀਮਾਂਤ ਅਤੇ ਛੋਟੇ ਕਿਸਾਨਾਂ, ਖੇਤ ਮਜ਼ਦੂਰਾਂ, ਅਤੇ ਛੋਟੇ ਕਾਰੀਗਰਾਂ ਦੀ ਆਮਦਨ ਦਾ ਇਕ ਘੱਟੋ-ਘੱਟ ਆਮਦਨ ਦਾ ਪੱਧਰ ਯਕੀਨੀ ਬਣਾਉਣ ਲਈ ਮਗਨਰੇਗਾ ਅਤੇ ਉਸ ਵਰਗੀਆਂ ਹੋਰ ਰੁਜ਼ਗਾਰ ਦੀਆਂ ਸਕੀਮਾਂ ਨੂੰ ਲਾਗੂ ਕਰਨਾ ਯਕੀਨੀ ਬਣਾਉਣਾ ਪਵੇਗਾ।



**ਡਾ. ਗਿਆਨ ਸਿੰਘ**
ਸਾਬਕਾ ਪ੍ਰੋਫ਼ੈਸਰ, ਅਰਥ-ਵਿਗਿਆਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ
91-99156-82196

ਹਕੂਮਤ ਕਰਨ ਵਾਲੇ ਆਗੂ, ਨੀਤੀ ਆਯੋਗ ਦੇ ਮਾਹਰ ਅਤੇ ਹੋਰ ਸਰਮਾਏਦਾਰ/ਕਾਰਪੋਰੇਟ ਜਗਤ-ਪੱਖੀ ਲੋਕ ਕਿਸਾਨਾਂ ਨੂੰ ਫ਼ਸਲੀ-ਵਿਭਿੰਨਤਾ ਸੰਬੰਧੀ ਬੇਅਥਾਹ ਸਲਾਹ/ਮਸ਼ਵਰੇ ਦਿੰਦੇ ਰਹਿੰਦੇ ਹਨ। 'ਖੇਤੀਬਾੜੀ ਦੀ ਨਵੀਂ ਜੁਗਤ' ਅਪਣਾਉਣ ਤੋਂ ਪਹਿਲਾਂ ਮੁਕਲ ਦੇ ਬਹੁਤ ਭਾਗਾਂ ਵਿਚ ਕਮਾਲ ਦਾ ਫ਼ਸਲੀ ਵਿਭਿੰਨਤਾ ਮਿਲਦੀ ਹੈ। ਫ਼ਸਲੀ-ਵਿਭਿੰਨਤਾ ਧਰਤੀ ਹੇਠਲੇ ਪਾਣੀ ਦੇ ਪੱਧਰ, ਭੂਮੀ ਦੀ ਸਿਹਤ ਨੂੰ ਠੀਕ ਰੱਖਣ, ਅਤੇ ਵਾਤਾਵਰਨ ਨੂੰ ਗੰਧਲਾ ਹੋਣ ਤੋਂ ਬਚਾਉਣ ਲਈ ਜ਼ਰੂਰੀ ਹੈ। ਅਜਿਹਾ ਕਰਨ ਲਈ ਸਰਕਾਰ ਖੇਤੀਬਾੜੀ-ਜਲਵਾਯੂ ਖੇਤਰਾਂ ਦੀ ਨਿਸ਼ਾਨਦੇਹੀ ਕਰਕੇ ਉਨ੍ਹਾਂ ਖੇਤਰਾਂ ਵਿਚ ਢੁਕਵੀਆਂ ਫ਼ਸਲਾਂ ਬੀਜਣ/ਲਾਉਣ ਅਤੇ ਉਨ੍ਹਾਂ ਫ਼ਸਲਾਂ ਦੀਆਂ ਜਿਨਸਾਂ ਦੀ ਲਾਹੇਵੰਦ ਕੀਮਤਾਂ ਉੱਪਰ ਖ਼ਰੀਦਦਾਰੀ ਯਕੀਨੀ ਬਣਾਵੇ।

ਖੇਤੀਬਾੜੀ ਉਤਪਾਦਾਂ ਦੀ ਪ੍ਰੋਸੈਸਿੰਗ ਕਰਕੇ ਰੁਜ਼ਗਾਰ ਦੇ ਮੌਕੇ ਵਧਾਏ ਜਾ ਸਕਦੇ ਹਨ ਅਤੇ ਅਜਿਹਾ ਕਰਨ ਨਾਲ ਮੁੱਲ-ਵਾਧੇ ਦਾ ਫ਼ਾਇਦਾ ਹੋ ਸਕਦਾ ਹੈ। ਸਰਕਾਰ ਦਾ ਬਣਦਾ ਹੈ ਕਿ ਵੱਡੀਆਂ ਵੱਡੀਆਂ ਨਿੱਜੀ ਉਦਯੋਗਿਕ ਇਕਾਈਆਂ ਦੀ ਜਗ੍ਹਾ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੀ ਸਹਿਕਾਰੀ ਮਾਲਕੀ ਵਾਲੀਆਂ ਉਦਯੋਗਿਕ ਇਕਾਇਆ ਲਾਉਣ ਵਿਚ ਮਦਦ ਕਰੇ।

ਪੰਜਾਬ ਵਿਚ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਅਤੇ ਕੇਰਲਾ ਵਿਚ ਜ਼ਮੀਨ-ਵਿਹੂਣੀਆਂ ਔਰਤਾਂ ਵੱਲੋਂ ਸ਼ੁਰੂ ਕੀਤੀ ਗਈ ਸਹਿਕਾਰੀ ਖੇਤੀਬਾੜੀ ਦੇ ਸਫ਼ਲ ਤਜ਼ਰਬਿਆਂ ਨੇ ਇਹ ਸਾਹਮਣੇ ਲਿਆਂਦਾ ਹੈ ਕਿ ਸਰਕਾਰ ਜ਼ਮੀਨ-ਵਿਹੂਣੇ ਕਿਰਤੀਆਂ ਨੂੰ ਪੰਚਾਇਤੀ ਜ਼ਮੀਨਾਂ ਬਿਨਾਂ ਕੋਈ ਠੇਕਾ ਲਏ ਦੇਵੇ। ਇਸ ਸੰਬੰਧ ਵਿਚ ਧਾਰਮਿਕ ਅਦਾਰਿਆਂ ਨੂੰ ਅੱਗੇ ਆਉਣਾ ਚਾਹੀਦਾ ਹੈ। ਸਿੱਖ ਧਰਮ ਅਨੁਸਾਰ "ਗ਼ਰੀਬ ਦਾ ਮੂੰਹ, ਗੁਰੂ ਦੀ ਗੋਲਕ।" ਧਾਰਮਿਕ ਅਦਾਰਿਆਂ ਨੂੰ ਆਪਣੀਆਂ ਜ਼ਮੀਨਾਂ ਬਿਨਾਂ ਕੋਈ ਠੇਕਾ ਲਏ ਜ਼ਮੀਨ-ਵਿਹੂਣੇ ਕਿਰਤੀਆਂ ਨੂੰ ਸਹਿਕਾਰੀ ਖੇਤੀਬਾੜੀ ਕਰਨ ਲਈ ਦੇਣੀਆਂ ਬਣਦੀਆਂ ਹਨ। ਸਹਿਕਾਰਤਾ ਦੇ ਫ਼ਾਇਦੇ ਖੇਤੀਬਾੜੀ ਕਰਨ, ਵਿੱਤ ਦਾ ਪ੍ਰਬੰਧ ਕਰਨ, ਖੇਤੀਬਾੜੀ ਉਤਪਾਦਨ ਲਈ ਲੋੜੀਂਦੀਆਂ ਵਸਤਾਂ ਖ਼ਰੀਦਣ, ਫ਼ਸਲਾਂ ਦੀਆਂ ਜਿਨਸਾਂ ਵੇਚਣ, ਖੇਤੀਬਾੜੀ ਜਿਨਸਾਂ ਦੀਆਂ ਪ੍ਰੋਸੈਸਿੰਗ ਕਰਨ ਆਦਿ ਮੌਕੇ ਲਏ ਜਾ ਸਕਦੇ।

ਸਰਕਾਰਾਂ ਦਾ ਬਣਦਾ ਹੈ ਕਿ ਖੇਤੀਬਾੜੀ ਉੱਪਰ ਨਿਰਭਰ ਵਰਗਾਂ ਨੂੰ ਬਿਨਾਂ ਵਿਆਜ ਉਧਾਰ ਦੀ ਸਹੂਲਤ ਦੇਣ ਅਤੇ ਖੇਤੀਬਾੜੀ ਸਬਸਿਡੀਆਂ/ਗਰਾਂਟਾਂ ਨੂੰ ਲੋੜਾਂ ਅਨੁਸਾਰ ਵਧਾਉਂਦੇ ਹੋਏ ਤਰਕਸੰਗਤ ਬਣਾਉਣ।

# 'ਰੰਗ ਬਰੰਗੀ' ਪੰਜਾਬੀ ਵੈਬ ਸੀਰੀਜ ਦੇ ਸਿਤਾਰੇ

– ਅੰਮ੍ਰਿਤ ਪਵਾਰ



**ਰੈਂਬੋ ਨੇ ਸੰਦੀਪ ਦੀ**

ਹਰ ਕੰਮ ਟੀਮ ਵਰਕ ਹੁੰਦਾ ਹੈ ਤੇ 'ਰੰਗ ਬਰੰਗੀ' ਦੀ ਟੀਮ ਵਿੱਚ ਸੰਦੀਪ ਭੁੱਲਰ ਇੱਕ ਨੰਬਰ ਅਭਿਨੇਤਾ – ਇਨਸਾਨ ਹੈ, ਕਿਹਾ ਇਸ ਪੰਜਾਬੀ ਵੈਬ-ਸੀਰੀਜ਼ 'ਰੰਗ ਬਰੰਗੀ' ਦੇ ਡੀ.ਓ.ਪੀ ਰੈਂਬੋ ਨੇ ਤੇ ਰਹੀ ਗੱਲ ਹੀਰੋ ਸੰਦੀਪ ਭੁੱਲਰ ਦੀ ਤਾਂ ਉਸ ਦਾ ਵਿਚਾਰ ਕਿ ਸਾਡੀ ਹੀਰੋਇਨ ਅਨੂ ਚੋਧਰੀ ਹੀ ਕਾਬਲ-ਏ-ਤਾਰੀਫ ਹੈ ਜਿਸਦੇ ਪਿਆਰੇ ਸੁਬਾਓ ਨਾਲ ਸਾਰੀ ਟੀਮ ਖੁਸ਼ ਰਹੀ।

**ਖਾਹਿਸਾ ਪਾਲੀ ਮਾਂਗਟ ਦੀਆਂ**

ਬੱਸ ਹੁਣ ਫਿਰ ਪੰਜਾਬੀ ਸਿਨੇਮਾਂ ਪਹਿਲੇ ਦੀ ਤਰਾਂ ਵਿਕਾਸ ਵੱਲ ਜਾਏ ਤੇ ਸਿਨੇਮੇ ਪੂਰੀ ਸਮਰੱਥਾ ਨਾਲ ਖੁੱਲਣ, ਪਾਲੀ ਮਾਂਗਟ ਨੇ ਕਿਹਾ । ਪਾਲੀ ਨੇ 'ਰੁਪਿੰਦਰ ਗਾਂਧੀ' ਜਿਹੀਆਂ ਫਿਲਮਾਂ ਨਾਲ ਪ੍ਰਸਿੱਧੀ ਲਈ ਹੈ ਕਿ ਹੁਣ ਦਿਲਜੀਤ ਦੋਸਾਂਝ, ਐਮੀ ਵਿਰਕ, ਗਿੱਪੀ ਨਾਲ ਫਿਲਮਾਂ ਕਰਨ ਦੀ ਤਮੰਨਾ ਹੈ ।

**ਯੋਗਰਾਜ ਸਿੰਘ ਦਾ ਸੁਪਨਾ**

ਫਿਲਮਾਂ ਦੀ ਜਾਨ-ਸ਼ਾਨ ਯੋਗਰਾਜ ਸਿੰਘ ਨੋਜਵਾਨੀ ਪੰਜਾਬ ਦੀ ਨੂੰ ਉਸ ਦੀ ਖਾਹਿਸ਼ ਅਨੁਸਾਰ ਆਈ.ਏ.ਐਸ, ਆਈ.ਪੀ ਐਸ ਤੇ ਖੇਡਾਂ ਲਈ ਆਪਣਾ ਤਨ-ਮਨ-ਧਨ ਦੇਣ ਲਈ ਤਿਆਰ ਹਨ। ਕੋਈ ਵੀ ਇਸਦਾ ਚਾਹਵਾਨ ਯੋਗਤਾ ਵਾਲਾ ਸਿੱਧਾ ਇਸ ਸਟਾਰ ਨਾਇਕ ਨਾਲ ਸੰਪਰਕ ਕਰ ਸਕਦਾ ਹੈ ।

**ਕਲਰਜ ਤੇ ਕਰਮ ਕੌਰ**

ਲੰਬੀ ਛਾਲ ਮਾਰੀ ਹੈ । ਕਰਮ ਕੌਰ ਨੇ ਜੋ ਹੁਣ ਤੱਕ ਲਘੂ ਫਿਲਮਾਂ ਤੇ ਪੰਜਾਬੀ ਟੀ.ਵੀ ਦੀ ਸਟਾਰ ਐਕਟਰੈਸ ਹੈ ਨੂੰ ਨੈਸ਼ਨਲ ਇੰਟਰਟੇਨਮੈਂਟ ਚੈਨਲ 'ਕਲਰਜ਼' ਟੀ.ਵੀ ਤੇ ਸੀਰ-ੀਅਲ, 'ਉਡਾਰੀਆਂ 'ਚ 'ਦੀਪਤੀ' ਦਾ ਕਿਰਦਾਰ ਮਿਲਿਆ ਹੈ। ਕਰਮ ਕੌਰ ਦੀ ਉਡਾਰੀ ਲੰਮੀ ਵੱਜ ਗਈ ਹੈ।

**ਸੁਨੀਤਾ ਧੀਰ ਜਿੰਦਾਬਾਦ**

ਆਉ ਪੁਰਾਣੀ ਹਿਟ ਫਿਲਮ 'ਬਦਲਾ ਜੱਟੀ ਦਾ' 'ਗੁਲਾਬੋ' ਨੂੰ ਮਿਲੋ ਜਿਸਦਾ ਨਾਂਅ ਸੁਨੀਤਾ ਧੀਰ ਹੈ, ਥੀਏਟਰ ਦੀ ਮਲਿਕਾ, ਡਾਕਟਰ ਸੁਨੀਤਾ ਧੀਰ 'ਪੁਲਿਸ ਪਾਲੀਵੁੱਡ' ਫਿਲਮ ਬਣਾ ਚੁੱਕੀ ਹੈ । ਹਰ ਸਾਹ ਅਭਿਨੈ ਨੂੰ ਸਮਰਪਿਤ ਹੈ ।

**ਗੁਰੂ ਰੰਧਾਵਾ ਹਿਟ ਹੈ**

'ਤਾਰਾ ਮੀਰਾ' ਫਿਲਮ ਬਣਾ ਚੁੱਕੇ ਸਟਾਰ ਹੀਰੋ ਗੁਰੂ ਰੰਧਾਵਾ ਦੀ ਗਾਇਕੀ ਨੂੰ ਸਲਾਮ ਇਸ ਵੇਲੇ ਬਾਲੀਵੁੱਡ ਫਿਲਮਾਂ 'ਚ ਉਸਦੀ ਗਾਇਕੀ ਚੋਟੀ ਤੇ ਹੈ ।








# ਫ਼ਰੀਦਕੋਟ ਸਿੱਖ ਰਿਆਸਤ ਦੀ ਅਮੀਰ ਵਿਰਾਸਤ ਦੇ ਇਤਿਹਾਸ 'ਤੇ ਇੱਕ ਝਾਤ



ਪ੍ਰਮੋਦ ਧੀਰ ਜੈਤੋ
91-98550-31081



7 ਅਗਸਤ 1972 ਨੂੰ ਫਰੀਦਕੋਟ ਸ਼ਹਿਰ ਨੂੰ ਪੰਜਾਬ ਦਾ ਜ਼ਿਲਾ ਬਣਾਇਆ ਗਿਆ । ਫਿਰ ਨਵੰਬਰ 1995 ਵਿਚ ਫਰੀਦਕੋਟ ਜ਼ਿਲੇ ਵਿਚੋਂ ਮੋਗਾ ਅਤੇ ਸ਼੍ਰੀ ਮੁਕਤਸਰ ਸਾਹਿਬ ਅਲੱਗ ਨਵੇਂ ਜ਼ਿਲੇ ਬਣਾ ਦਿੱਤੇ ਗਏ ਜਿਸ ਕਾਰਣ ਫਰੀਦਕੋਟ ਜ਼ਿਲੇ ਦਾ ਖੇਤਰ ਕਾਫ਼ੀ ਘਟ ਗਿਆ। ਇਸਦਾ ਕੁੱਲ ਖੇਤਰਫ਼ਲ 1475.70 ਵਰਗ ਕਿਲੋਮੀਟਰ ਹੈ। ਇਸ ਜ਼ਿਲੇ ਵਿੱਚ ਇੱਕ ਲੋਕ ਸਭਾ ਦੀ ਸੀਟ ਅਤੇ ਕੁੱਲ ਤਿੰਨ ਅਸੈਂਬਲੀ ਸੀਟਾਂ ਫਰੀਦਕੋਟ,ਕੋਟਕਪੂਰਾ ਅਤੇ ਜੈਤੋ ਹਨ। ਫਰੀਦਕੋਟ ਦੇ ਕੁੱਲ 181 ਪਿੰਡ ਅਤੇ 3 ਨਗਰ ਕੌਂਸਲਾਂ ਹਨ। ਫਰੀਦਕੋਟ ਵਿਖੇ ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸ ਵੀ ਬਣੀ ਹੋਈ ਹੈ ਜਿੱਥੇ ਡਾਕਟਰੀ ਆਦਿ ਦੇ ਕੋਰਸ ਕਰਵਾਏ ਜਾਂਦੇ ਹਨ। ਸਿੱਖਿਆ ਦੇ ਖੇਤਰ ਪੱਖੋਂ ਫਰੀਦਕੋਟ ਹੁਣ ਕਾਫੀ ਤਰੱਕੀ ਕਰ ਚੁੱਕਾ ਹੈ। ਆਉ ਇਸਦੀ ਸਿੱਖ ਰਿਆਸਤ ਦੀ ਅਮੀਰ ਵਿਰਾਸਤ ਦੇ ਇਤਿਹਾਸ ਬਾਰੇ ਜਾਣਦੇ ਹਾਂ।

12ਵੀਂ ਸਦੀ ਦੇ ਮਹਾਨ ਸੂਫ਼ੀ ਸੰਤ ਬਾਬਾ ਸ਼ੇਖ ਫਰੀਦ ਜੀ ਦੀ ਚਰਨ ਛੋਹ ਪ੍ਰਾਪਤ ਧਰਤੀ ਅਤੇ ਦੇਸ਼ ਦੀ ਅਮੀਰ ਵਿਰਾਸਤ ਨੂੰ ਸਾਂਭੀ ਬੈਠੀ ਫ਼ਰੀਦਕੋਟ ਦੀ ਸਿੱਖ ਰਿਆਸਤ ਦੁਨੀਆਂ ਦੇ ਇਤਿਹਾਸਕਾਰਾਂ ਦੀ ਨਜ਼ਰ ਵਿੱਚ ਹੈ। 12ਵੀਂ ਸਦੀ ਤੱਕ ਫ਼ਰੀਦਕੋਟ ਨੂੰ ਮੋਕਲ ਨਗਰ ਦੇ ਨਾਮ ਨਾਲ ਹੀ ਜਾਣਿਆ ਜਾਂਦਾ ਸੀ, ਉਸ ਸਮੇਂ ਰਾਜਾ ਮੋਕਲਦੇਵ ਇੱਥੋਂ ਦਾ ਸ਼ਾਸ਼ਕ ਸੀ ਅਤੇ ਉਹਨਾਂ ਨੇ ਬਾਬਾ ਫ਼ਰੀਦ ਜੀ ਦੀ ਫੇਰੀ ਦੌਰਾਨ ਇਸ ਸ਼ਹਿਰ ਦਾ ਨਾਮ ਫ਼ਰੀਦਕੋਟ ਰੱਖਿਆ। ਫ਼ਰੀਦਕੋਟ 16ਵੀਂ ਸਦੀ ਤੱਕ ਅਨੇਕਾਂ ਲੋਕਾਂ ਦੇ ਹੱਥਾਂ ਵਿੱਚ ਰਿਹਾ। ਅੰਤ ਵਿੱਚ ਇਸ 'ਤੇ ਬਰਾੜ ਵੰਸ਼ ਦਾ ਕਬਜ਼ਾ ਹੋ ਗਿਆ। ਕਾਫ਼ੀ ਸਮਾਂ ਬਰਾੜ ਚੌਧਰੀਆਂ ਦਾ ਇਲਾਕੇ 'ਤੇ ਕਬਜਾ ਰਿਹਾ। ਦੁਨੀਆਂ ਭਰ ਵਿੱਚ ਆਪਣੀ ਵਿਲੱਖਣ ਪਹਿਚਾਣ ਵਾਲੀ ਫ਼ਰੀਦਕੋਟ ਰਿਆਸਤ ਸਤਲੁਜ ਦਰਿਆ ਦੇ ਦੱਖਣ ਵਾਲੇ ਕੰਡੇ 'ਤੇ ਸਥਾਪਿਤ ਕੀਤੀ ਗਈ ਸੀ ਅਤੇ ਇਹ ਲਾਹੌਰ ਤੋਂ 105 ਕਿਲੋਮੀਟਰ ਦੂਰ ਹੈ। ਮੁਗ਼ਲ ਰਾਜਭਾਗ ਦੀ ਸਮਾਪਤੀ ਤੋਂ ਬਾਅਦ ਇਸ ਉੱਪਰ ਬਰਾੜ ਵੰਸ਼ ਦੇ ਰਾਜਾ ਪਹਾੜਾ ਸਿੰਘ ਦਾ ਕਬਜਾ ਹੋ ਗਿਆ। 1849 ਵਿਚ ਪਹਾੜਾ ਸਿੰਘ ਦੀ ਮੌਤ ਤੋਂ ਬਾਅਦ ਉਸ ਦੇ 21 ਸਾਲਾ ਪੁੱਤਰ ਵਜ਼ੀਰ ਸਿੰਘ (1849-1874) ਇਸ ਰਿਆਸਤ ਦੇ ਰਾਜਾ ਰਹੇ। ਵਜੀਰ ਸਿੰਘ ਦੀ ਮੌਤ ਤੋਂ ਬਾਅਦ ਮਹਾਰਾਜਾ ਬਿਕਰਮ ਸਿੰਘ ਨੂੰ (1874-1898) ਨੂੰ ਫ਼ਰੀਦਕੋਟ ਸਿੱਖ ਰਿਆਸਤ 'ਤੇ ਰਾਜਭਾਗ ਕਰਨ ਦਾ ਮੌਕਾ ਮਿਲਿਆ। ਮਹਾਰਾਜਾ ਬਿਕਰਮ ਸਿੰਘ ਨੇ ਸ਼੍ਰੀ ਹਰਿਮੰਦਰ ਸਾਹਿਬ ਵਿਖੇ ਗੁਰੂ ਦੇ ਲੰਗਰ ਲਈ ਇਮਾਰਤ ਦਾ ਨਿਰਮਾਣ ਕਰਵਾਇਆ ਅਤੇ ਦਰਬਾਰ ਸਾਹਿਬ ਵਿੱਚ ਬਿਜਲੀ ਲਈ 25 ਹਜ਼ਾਰ ਰੁਪਏ ਖਰਚ ਕੀਤੇ। ਬਿਕਰਮ ਸਿੰਘ ਦੇ ਅਕਾਲ ਚਲਾਣੇ ਤੋਂ ਬਾਅਦ ਮਹਾਰਾਜਾ ਬਲਬੀਰ ਸਿੰਘ (1898-1906) ਫ਼ਰੀਦਕੋਟ ਦੇ ਸ਼ਕਤੀਸ਼ਾਲੀ ਸ਼ਾਸ਼ਕ ਵਜੋਂ ਉੱਭਰੇ। ਸੰਨ 1906 ਤੋਂ 1916 ਤੱਕ ਫ਼ਰੀਦਕੋਟ ਰਿਆਸਤ ਵਿੱਚ ਕੌਂਸਲ ਆਫ਼ ਰੀਜੰਸੀ ਦਾ ਕਬਜ਼ਾ ਰਿਹਾ। 1916 ਵਿੱਚ ਮਹਾਰਾਜਾ ਬ੍ਰਿਜਿੰਦਰ ਸਿੰਘ ਨੇ ਫ਼ਰੀਦਕੋਟ ਦਾ ਕਾਰਜ ਭਾਗ ਸੰਭਾਲਿਆ। ਉਹਨਾਂ ਫ਼ਰੀਦਕੋਟ ਰਿਆਸਤ ਵਿੱਚ ਆਲੀਸ਼ਾਨ ਇਮਾਰਤਾਂ ਅਤੇ ਬਾਗ਼ਾਂ ਦਾ ਨਿਰਮਾਣ ਕਰਵਾਇਆ। ਇਸ ਮੌਕੇ ਪਹਿਲਾ ਵਿਸ਼ਵ ਯੁੱਧ ਛਿੜ ਚੁੱਕਾ ਸੀ ਅਤੇ ਮਹਾਰਾਜਾ ਬ੍ਰਿਜਿੰਦਰ ਸਿੰਘ ਨੇ ਬ੍ਰਿਟਿਸ਼ ਸਰਕਾਰ ਨੂੰ 17 ਲੱਖ ਰੁਪਏ ਕਰਜੇ ਵਜੋਂ ਦਿੱਤੇ ਅਤੇ ਬ੍ਰਿਟਿਸ਼ ਸਰਕਾਰ ਨੂੰ ਹਥਿਆਰ, ਘੋੜੇ, ਊਠ ਅਤੇ 2800 ਦੇ ਕਰੀਬ ਫੌਜ਼ੀ ਜਵਾਨ ਵੀ ਭੇਜੇ ਜਿਸ ਤੋਂ ਉਹਨਾਂ ਦੇ ਬ੍ਰਿਟਿਸ਼ ਸਰਕਾਰ ਨਾਲ ਸੰਬੰਧ ਹੋਰ ਵੀ ਗੂੜ੍ਹੇ ਹੋ ਗਏ। ਮਹਾਰਾਜਾ ਬ੍ਰਿਜਿੰਦਰ ਸਿੰਘ ਦੀ ਇਸ ਸਹਾਇਤਾ ਤੋਂ ਖ਼ੁਸ਼ ਹੋ ਕੇ ਬ੍ਰਿਟਿਸ਼ ਸਰਕਾਰ ਨੇ ਸਨਮਾਨ ਵਜੋਂ ਉਸਨੂੰ ਮੇਜਰ ਰੈਂਕ ਦੀ ਉਪਾਧੀ ਦੇ ਦਿੱਤੀ। ਪਰੰਤੂ ਉਹ ਬਹੁਤਾ ਸਮਾਂ ਰਾਜ ਭਾਗ ਨਹੀਂ ਕਰ ਸਕੇ ਅਤੇ 1918 ਵਿੱਚ ਉਹਨਾਂ ਦਾ ਦੇਹਾਂਤ ਹੋ ਗਿਆ। ਸੰਨ 1918-1934 ਤੱਕ ਫ਼ਰੀਦਕੋਟ ਰਿਆਸਤ ਵਿੱਚ ਕੌਂਸਲ ਆਫ਼ ਐਡਮਨਿਸਟਰੇਸ਼ਨ ਦਾ ਕੰਮ ਚਲਾਊ ਪ੍ਰਬੰਧ ਰਿਹਾ। ਬਰਾੜ ਵੰਸ਼ ਦੇ ਆਖਰੀ ਰਾਜਾ ਹਰਿੰਦਰ ਸਿੰਘ ਨੇ 17 ਅਕਤੂਬਰ 1934 ਨੂੰ ਫ਼ਰੀਦਕੋਟ ਰਿਆਸਤ ਦੇ ਰਾਜੇ ਵਜੋਂ ਕਾਰਜ ਭਾਗ ਸੰਭਾਲਿਆ। ਉਹਨਾਂ ਨੇ ਆਪਣੇ ਸਮੇਂ ਵਿੱਚ ਫ਼ਰੀਦਕੋਟ ਸਿੱਖ ਰਿਆਸਤ ਵਿੱਚ ਵਿਲੱਖਣ ਇਮਾਰਤਾਂ ਦਾ ਨਿਰਮਾਣ ਕਰਵਾਇਆ ਅਤੇ ਉਚਤਮ ਸਿੱਖਿਆ ਦੇ ਪ੍ਰਬੰਧ ਕੀਤੇ। ਕਮਰਸ ਦਾ ਕਾਲਜ ਪਿਸ਼ਾਵਰ ਅਤੇ ਦਿੱਲੀ ਤੋਂ ਬਾਅਦ ਇੱਕਲੇ ਫ਼ਰੀਦਕੋਟ ਵਿੱਚ ਹੀ ਮੌਜ਼ੂਦ ਸੀ। ਰਾਜਾ ਹਰਿੰਦਰ ਸਿੰਘ ਨੇ ਬ੍ਰਿਜਿੰਦਰਾ ਕਾਲਜ, ਯੂਨੀਅਰ ਬੇਸਿਕ ਟਰੇਨਿੰਗ ਸਕੂਲ ਬ੍ਰਿਕਰਮ ਕਾਲਜ ਆਫ਼ ਕਮਰਸ, ਖੇਤੀਬਾੜੀ ਕਾਲਜ, ਆਰਟ ਤੇ ਕਰਾਫ਼ਟ ਸਕੂਲ ਉਸ ਸਮੇਂ ਫ਼ਰੀਦਕੋਟ ਰਿਆਸਤ ਵਿੱਚ 8 ਹਾਈ ਸਕੂਲ ਅਤੇ ਹਰ ਪਿੰਡ ਵਿੱਚ ਇੱਕ ਪ੍ਰਾਇਮਰੀ ਸਕੂਲ ਸਮੇਤ ਸਿਹਤ ਕੇਂਦਰਾਂ ਦਾ ਨਿ-ਰਮਾਣ ਕਰਵਾਇਆ। ਫ਼ਰੀਦਕੋਟ ਵਿੱਚ ਤਿੰਨ ਦਰਜਨ ਤੋਂ ਵੱਧ ਖ਼ੂਬ-ਸੂਰਤ ਇਮਾਰਤਾਂ ਦੇ ਨਿਰਮਾਣ ਨੇ ਇੱਥੋਂ ਦੀ ਭਵਨ ਨਿਰਮਾਣ ਕਲਾ ਨੂੰ ਦੁਨੀਆਂ ਵਿੱਚ ਖ਼ੂਬ ਪ੍ਰਸਿੱਧੀ ਦਿਵਾਈ। ਹਾਲਾਂਕਿ ਸਮਾਂ ਬੀਤਣ ਨਾਲ ਬਹੁਤ ਸਾਰੀਆਂ ਇਤਿਹਾਸਕ ਇਮਾਰਤਾਂ ਦਾ ਵਜੂਦ ਖਤਮ ਹੋ ਚੁੱਕਾ ਹੈ। ਪਰੰਤੂ ਸਕੱਤਰੇਤ, ਵਿਕਟੋਰੀਆ ਟਾਵਰ, ਲਾਲ ਕੋਠੀ, ਅਰਾਮ ਘਰ, ਅਸਤਬਲ, ਰਾਜ ਮਹਿਲ, ਸ਼ੀਸ਼ ਮਹਿਲ, ਮੋਤੀ ਮਹਿਲ, ਸ਼ਾਹੀ ਕਿਲਾ, ਸ਼ਾਹੀ ਸਮਾਧਾਂ ਆਦਿ ਇਮਾਰਤਾਂ ਅੱਜ ਵੀ ਦੇਖੀਆਂ ਜਾ ਸਕਦੀਆਂ ਹਨ। ਫ਼ਰੀਦਕੋਟ ਰਿਆਸਤ ਦੀਆਂ ਖ਼ੂਬਸੂਰਤ ਇਮਾਰਤਾਂ ਲਾਹੌਰ, ਸ਼ਿਮਲਾ ਅਤੇ ਦਿੱਲੀ ਵਿੱਚ ਵੀ ਹਨ। ਰਾਜਾ ਹਰਿੰਦਰ ਸਿੰਘ ਇੱਕ ਕੁਸ਼ਲ ਪ੍ਰਬੰਧਕ ਵਜੋਂ ਵੀ ਮਕਬੂਲ ਹੋਏ। ਉਹਨਾ ਨੇ ਆਪਣੀ ਰਿਆਸਤ ਵਿੱਚ ਭੀਖ ਮੰਗਣ 'ਤੇ ਮੁਕੰਮਲ ਪਾਬੰਦੀ ਲਾਈ ਹੋਈ ਸੀ ਅਤੇ ਦੇਸ਼ ਦੇ ਬਟਵਾਰੇ ਸਮੇਂ ਉਸਨੇ ਆਪਣੀ ਰਿਆਸਤ ਵਿੱਚ ਇੱਕ ਵੀ ਦੰਗਾ ਫ਼ਸਾਦ, ਲੁੱਟ-ਖੋਹ ਜਾਂ ਕਤਲ ਨਹੀਂ ਹੋਣ ਦਿੱਤਾ। ਪਾਕਿਸਤਾਨ ਜਾਣ ਵਾਲੇ ਪਰਿਵਾਰਾਂ ਨੂੰ ਪੂਰੀ ਹਿਫ਼ਾਜ਼ਤ ਨਾਲ ਭੇਜਿਆ ਗਿਆ। ਮਹਾਰਾਜਾ ਹਰਿੰਦਰ ਸਿੰਘ ਨੇ ਆਪਣੇ ਰਾਜਭਾਗ ਦੌਰਾਨ ਫ਼ਰੀਦਕੋਟ ਸਿੱਖ ਰਿਆਸਤ ਬਾਰੇ ਇੱਕ ਵਸੀਅਤ ਕੀਤੀ ਸੀ, ਜਿਸ ਵਿੱਚ ਉਸ ਨੇ ਫ਼ਰੀਦਕੋਟ ਰਿਆਸਤ ਦੀਆਂ ਵਿਰਾਸਤੀ ਇਮਾਰਤਾਂ, ਖਜ਼ਾਨਾ, ਜਾਇਦਾਦ ਆਦਿ ਸੰਭਾਲਣ ਲਈ ਮਹਾਂਰਾਵਲ ਖੇਵਾ ਜੀ ਟਰੱਸਟ ਦੀ ਸਥਾਪਨਾ ਕੀਤੀ। ਭਾਰਤ ਸਰਕਾਰ ਨੇ 15 ਜੁਲਾਈ 1948 ਨੂੰ ਫ਼ਰੀਦਕੋਟ ਰਿਆਸਤ ਨੂੰ ਖਤਮ ਕਰਕੇ ਇੱਥੇ ਲੋਕਤੰਤਰ ਸਰਕਾਰ ਦਾ ਗਠਨ ਕਰ ਦਿੱਤਾ ਸੀ। ਬਾਅਦ ਵਿੱਚ ਪੰਜਾਬ ਸਰਕਾਰ ਨੇ ਫ਼ਰੀਦਕੋਟ ਰਿਆਸਤ ਦਾ ਵੱਡਾ ਹਿੱਸਾ ਜਾਇਦਾਦ ਅਤੇ ਇਮਾਰਤਾਂ ਨੂੰ ਆਪਣੇ ਕਬਜੇ ਵਿੱਚ ਲੈ ਲਿਆ। ਮਹਾਰਾਜਾ ਹਰਿੰਦਰ ਸਿੰਘ ਫ਼ਰੀਦ-ਕੋਟ ਰਿਆਸਤ ਦੇ ਆਖਰੀ ਰਾਜਾ ਸਨ ਅਤੇ ਉਹਨਾਂ ਦਾ 16 ਅਕਤੂਬਰ 1989 ਨੂੰ ਦੇਹਾਂਤ ਹੋ ਗਿਆ ਸੀ। ਉਹਨਾਂ ਦੀਆਂ ਤਿੰਨ ਬੇਟੀਆਂ ਅਤੇ ਇੱਕ ਬੇਟਾ ਸਨ। ਇਨ੍ਹਾਂ ਦੇ ਪੁੱਤਰ ਪ੍ਰਿੰਸ ਹਰਮੋਹਿੰਦਰ ਸਿੰਘ ਦਾ ਦੇਹਾਂਤ 1981 ਵਿੱਚ ਹੀ ਹੋ ਗਿਆ ਸੀ। ਫ਼ਰੀਦਕੋਟ ਰਿਆਸਤ ਦਾ ਰਾਜ ਮਹਿਲ ਅਤੇ ਸ਼ਾਹੀ ਕਿਲਾ ਅੱਜ ਵੀ ਆਪਣੀ ਸਦੀ ਪੁਰਾਣੀ ਦਿੱਖ ਨੂੰ ਸੁਰੱਖਿਅਤ ਸਾਂਭੀ ਬੈਠਾ ਹੈ। ਇਸ ਅੰਦਰ ਆਮ ਲੋਕਾਂ ਦੇ ਜਾਣ 'ਤੇ ਮਨਾਹੀ ਹੈ ਜੋ ਸ਼ਾਇਦ ਆਉਣ ਵਾਲੇ ਸਮੇਂ ਵਿੱਚ ਸ਼ੁਰੂ ਹੋ ਸਕਦੀ ਹੈ। ਰਾਜ ਮਹਿਲ ਆਪਣੇ ਆਪ ਵਿੱਚ ਦੁਨੀਆਂ ਦੇ ਖ਼ੂਬਸੂਰਤ ਮਹਿਲਾਂ ਵਿੱਚੋਂ ਇੱਕ ਹੈ। ਸ਼ਾਹੀ ਕਿਲੇ ਦੇ ਤੋਸ਼ਖਾਨੇ ਵਿੱਚ ਰਿਆਸਤ ਦੇ ਹਥਿਆਰਾਂ ਸਮੇਤ ਦਸਮ ਗੁਰੂ ਸ਼੍ਰੀ ਗੋਬਿੰਦ ਸਿੰਘ ਜੀ ਦਾ ਖੜਗ ਅਤੇ ਢਾਲ ਅੱਜ ਵੀ ਪਈ ਹੈ ਜੋ ਉਹਨਾਂ ਨੇ ਚੌਧਰੀ ਕਪੂਰਾ ਸਿੰਘ ਨੂੰ ਬਖਸ਼ੀ ਸੀ। ਵਿਸ਼ਵ ਪ੍ਰਸਿੱਧ ਇਤਿਹਾਸਕਾਰ ਡਾ. ਸੁਭਾਸ਼ ਪਰਿਹਾਰ ਨੇ "ਰਿਆਸਤ ਫ਼ਰੀਦਕੋਟ" ਇਤਿਹਾਸ ਅਤੇ ਇਤਿਹਾਸਕ ਇਮਾਰਤਾਂ ਬਾਰੇ ਕਿਤਾਬ ਲਿਖੀ ਹੈ ਜੋ ਕਿ ਸਾਲ 2018 ਵਿੱਚ ਪੀਪਲਜ਼ ਫੋਰਮ ਬਰਗਾੜੀ ਦੁਆਰਾ ਪ੍ਰਕਾਸ਼ਿਤ ਕੀਤੀ ਗਈ ਹੈ, ਪੀਪਲਜ਼ ਫੋਰਮ ਤੋਂ ਇਹ ਕਿਤਾਬ ਵੀ.ਪੀ.ਪੀ ਰਾਹੀਂ ਵੀ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸ ਕਿਤਾਬ ਦੇ ਛਪਣ ਨਾਲ ਫ਼ਰੀਦਕੋਟ ਵਿੱਚ ਪਏ ਸਿੱਖ ਰਿਆਸਤ ਦੇ ਅਮੀਰ ਵਿਰਸੇ ਨੂੰ ਜਾਣਨ ਦਾ ਦੁਨੀਆਂ ਨੂੰ ਮੌਕਾ ਮਿਲਿਆ ਹੈ। ਫ਼ਰੀਦਕੋਟ ਰਿਆਸਤ ਵਿੱਚ ਬਣਾਏ ਸਵਾਗਤੀ ਦਰਵਾਜੇ ਦੁਨੀਆਂ ਦੇ ਸਭ ਤੋਂ ਉੱਤਮ ਭਵਨ ਨਮੂਨਿਆਂ ਦੀ ਮਿਸਾਲ ਪੇਸ਼ ਕਰਦੇ ਹਨ। ਇਸ ਸ਼ਹਿਰ ਵਿੱਚ ਬਾਬਾ ਫ਼ਰੀਦ ਜੀ ਦੀ ਫੇਰੀ ਨੇ ਇਸਦੀ ਵਿਰਾਸਤ ਨੂੰ ਦੁਨੀਆਂ ਭਰ ਵਿੱਚ ਮਕਬੂਲ ਕਰਨ ਲਈ ਅਹਿਮ ਯੋਗਦਾਨ ਪਾਇਆ ਹੈ। ਬਾਬਾ ਫ਼ਰੀਦ ਦੀ ਯਾਦ ਵਿੱਚ ਬਣੇ ਟਿੱਲ੍ਹਾ ਬਾਬਾ ਫ਼ਰੀਦ ਵਿਖੇ ਦੁਨੀਆਂ ਭਰ ਤੋਂ ਬਾਬਾ ਫ਼ਰੀਦ ਜੀ ਦੇ ਸ਼ਰਧਾਲੂ ਇਥੇ ਆਉਂਦੇ ਹਨ ਅਤੇ ਉਹਨਾਂ ਦੀ ਯਾਦ ਵਿੱਚ ਹਰ ਸਾਲ 19 ਤੋਂ 23 ਸਤੰਬਰ ਤੱਕ ਪੰਜ ਰੋਜ਼ਾ ਆਗਮਨ ਪੁਰਬ ਮਨਾਇਆ ਜਾਂਦਾ ਹੈ। ਇਸ ਉਤਸਵ ਨੇ ਵੀ ਫ਼ਰੀਦਕੋਟ ਦੀ ਅਮੀਰ ਵਿਰਾਸਤ ਨੂੰ ਦੁਨੀਆਂ ਦੇ ਰੂ-ਬ-ਰੂ ਕੀਤਾ ਹੈ। ਪੰਜਾਬ ਸਰਕਾਰ ਨੇ ਬਾਬਾ ਫ਼ਰੀਦ ਆਗਮਨ ਪੁਰਬ ਨੂੰ ਵਿਰਾਸਤ ਮੇਲੇ ਦਾ ਦਰਜਾ ਦੇ ਦਿੱਤਾ ਹੈ।


















**ਵਿਰਾਸਤੀ ਰੁੱਖਾਂ ਦੀ ਬਲੀ:-** ਚਸ਼ਮਦੀਦ ਦੱਸਦੇ ਹਨ ਕਿ ਫ਼ਰੀਦਕੋਟ ਰਿਆਸਤ ਦੀ ਹੱਦ ਉਸ ਦੇ ਰੁੱਖਾਂ ਤੋਂ ਪਹਿਚਾਣੀ ਜਾਂਦੀ ਸੀ। ਜਿੱਥੋਂ ਤੱਕ ਵੀ ਫ਼ਰੀਦਕੋਟ ਰਿਆਸਤ ਦਾ ਰਾਜ ਭਾਗ ਸੀ, ਉੱਥੋਂ ਤੱਕ ਫ਼ਰੀਦਕੋਟ ਦੇ ਰਾਜੇ ਵੱਲੋਂ ਟਾਹਲੀਆਂ, ਅੰਬ ਅਤੇ ਜਾਮਣ ਦੇ ਬਾਗ਼ ਲਗਵਾਏ ਗਏ ਸਨ। ਫ਼ਰੀਦਕੋਟ ਰਿਆਸਤ ਵਿੱਚ ਘੁਗਿਆਣਾ ਅਤੇ ਸਿੱਖਾਂਵਾਲੇ ਦਾ ਬੀੜ ਵੀ ਸ਼ਾਮਿਲ ਸੀ ਜਿੱਥੇ ਹੁਣ ਕੋਈ ਰੁੱਖ ਨਹੀਂ ਬਚਿਆ ਅਤੇ ਰਿਆਸਤ ਦੇ ਸਾਰੇ ਜੰਗਲ ਵਿੱਚ ਪਹਾੜੀ ਕਿੱਕਰ ਹੀ ਬਾਕੀ ਰਹਿ ਗਏ ਹਨ।

**ਚਸ਼ਮਦੀਦਾਂ ਦੀ ਜੁਬਾਨੀ:-** ਬ੍ਰਿਟਿਸ਼ ਸਰਕਾਰ ਆਜ਼ਾਦ ਭਾਰਤ ਅਤੇ ਰਿਆਸਤ ਦਾ ਰਾਜਭਾਗ ਆਪਣੇ ਅੱਖੀਂ ਦੇਖਣ ਵਾਲੇ ਬਜ਼ੁਰਗਾਂ ਨੇ ਦੱਸਿਆ ਕਿ ਫ਼ਰੀਦਕੋਟ ਰਿਆਸਤ ਸਮੇਂ ਅਨੁਸ਼ਾਸ਼ਨ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾਂਦਾ ਸੀ ਅਤੇ ਲੋਕਾਂ ਨੂੰ ਪਹਿਲ ਦੇ ਅਧਾਰ 'ਤੇ ਇਨਸਾਫ਼ ਦਿੱਤਾ ਜਾਂਦਾ ਸੀ। ਉਹਨਾਂ ਕਿਹਾ ਕਿ ਰਿਆਸਤ ਦੇ ਕਿਸਾਨਾਂ, ਮਜ਼ਦੂਰਾਂ ਅਤੇ ਕਾਮਿਆਂ ਨੂੰ ਵਿਸ਼ੇਸ਼ ਸਤਿਕਾਰ ਪ੍ਰਾਪਤ ਸੀ। ਧੱਕੇਸ਼ਾਹੀ ਅਤੇ ਭ੍ਰਿਸ਼ਟਾਚਾਰ ਵਰਗੀ ਕਦੇ ਕੋਈ ਗੱਲ ਸਾਹਮਣੇ ਨਹੀਂ ਆਈ ਸੀ। ਉਹਨਾਂ ਕਿਹਾ ਕਿ ਫ਼ਰੀਦਕੋਟ ਦੇ ਰਾਜੇ ਦਿਆਲੂ , ਪੜ੍ਹੇ-ਲਿਖੇ ਅਤੇ ਅਗਾਂਹ ਵਧੂ ਸ਼ਾਸ਼ਕ ਸਨ।

**ਸ਼ਾਹੀ ਸਮਾਧਾਂ:-** ਫ਼ਰੀਦਕੋਟ ਰਿਆਸਤ ਦੇ ਪਹਿਲੇ ਰਾਜਾ ਪਹਾੜਾ ਸਿੰਘ ਤੋਂ ਲੈ ਕੇ ਆਖਰੀ ਰਾਜਾ ਹਰਿੰਦਰ ਸਿੰਘ ਦਾ ਅੰਤਿਮ ਸੰਸਕਾਰ ਇੱਥੇ ਹੀ ਕੀਤਾ ਗਿਆ ਸੀ। ਸ਼ਾਹੀ ਪਰਿਵਾਰ ਦੇ ਕਬਰਸਤਾਨ ਨੂੰ ਸ਼ਾਹੀ ਸਮਾਧਾਂ ਦਾ ਨਾਮ ਦਿੱਤਾ ਗਿਆ ਹੈ।

ਸ਼ਾਹੀ ਪਰਿਵਾਰ ਦੀਆਂ ਸਮਾਧਾਂ ਵਾਲੀ ਵਿਸ਼ਾਲ ਇਮਾਰਤ ਦੀ ਦਿੱਖ ਵੀ ਰਿਆਸਤ ਦੀ ਸ਼ਾਹੀ ਠਾਠ ਬਿਆਨ ਕਰਦੀ ਹੈ।

ਮੇਰੀ ਦਿਲੋਂ ਪ੍ਰਮਾਤਮਾ ਅੱਗੇ ਇਹੀ ਦੁਆ ਹੈ ਕਿ ਸ਼ੇਖ ਫਰੀਦ ਜੀ ਦੀ ਚਰਨ ਸ਼ੋ ਪ੍ਰਾਪਤ ਇਹ ਧਰਤੀ ਅਤੇ ਸਮੁੱਚਾ ਜ਼ਿਲਾ ਫ਼ਰੀਦਕੋਟ ਹੋਰ ਤਰੱਕੀ ਕਰੇ ਅਤੇ ਇਥੋਂ ਦੇ ਲੋਕਾਂ ਵਿੱਚ ਪਿਆਰ, ਨਿਮਰਤਾ, ਮਿਲਵਰਤਨ, ਭਾਈਚਾਰਾ, ਸ਼ਹਿਨਸ਼ੀਲਤਾ ਆਦਿ ਗੁਣ ਘਰ ਕਰ ਜਾਣ ।

# ਬੁੱਧ ਭਗਵਾਨ ਨਹੀਂ ਸਨ- ਡਾ. ਅੰਬੇਡਕਰ



ਹਰਦੀਪ ਸਿੰਘ ਚੁੰਬਰ
91-94636-01616

ਉਸ ਮਹਾਨ ਮਹਾਂਗਿਆਨੀ, ਵਿਦਵਾਨ, ਕ੍ਰਾਂਤੀਕਾਰੀ ਮਨੁੱਖ, ਜਿਸ ਦੀ ਬਦੌਲਤ ਕਰੋੜਾਂ ਦੁਰਕਾਰੇ, ਲਤਾੜੇ, ਨਕਾਰੇ, ਪ੍ਰਤੀਬੰਧਿਤ ਕੀਤੇ ਸਮਾਜ ਨੂੰ ਗੁਲਾਮੀ ਦੇ ਬੰਧਨਾ ਵਿਚੋਂ ਅਜ਼ਾਦ ਕਰਵਾਇਆ। ਇਕੱਲੇ ਅਜ਼ਾਦ ਹੀ ਨਹੀਂ, ਉਸ ਨੂੰ ਆਮ ਸਮਾਜ ਦੇ ਬਰਾਬਰ ਖੜੇ ਹੋਣ ਲਈ ਸਪੈਸ਼ਲ ਅਧਿਕਾਰ ਦੇਣ ਦਾ ਸੰਵਿਧਾਨਿਕ ਪ੍ਰਬੰਧ ਵੀ ਕੀਤਾ। ਉਸ ਦੀ ਵਿਦਿਅਕ ਯੋਗਤਾ, ਮਾਨਵ ਹਿਤਕਾਰੀ ਕੰਮਾਂ ਦੇ ਕਾਇਲ ਉਸਦੇ ਵਿਰੋਧੀ ਵੀ ਸਨ ਅਤੇ ਉਸ ਸਮੇਂ ਦੀ ਹਕੂਮਤ ਵੀ ਸੀ। ਉਹਨਾਂ ਤਨ ਮਨ ਧਨ ਅਤੇ ਸਿੱਖਿਆ ਨੂੰ ਪੂਰਨ ਤੌਰ ਤੇ ਭਾਰਤ ਨੂੰ ਸਮਰਪਣ ਕੀਤਾ। ਉਸ ਦੀ ਗ੍ਰਹਿਣ ਕੀਤੀ ਸਿੱਖਿਆ ਦੇ ਅਧਾਰ ਉੱਤੇ ਆਧੁਨਿਕ ਭਾਰਤ ਦੀ ਨੀਂਵ ਖੜੀ ਹੋਈ ਹੈ।ਉਹਨਾਂ ਆਪਣੇ ਸੁੱਖ ਸਾਧਨ ਜਾਂ ਸੱਤਾ ਸੁੱਖ ਨੂੰ ਸਰਵ ਮਾਨਵ ਕਲਿਆਣ ਵਿੱਚ ਲਾਇਆ ਅਤੇ ਉਸ ਨੂੰ ਆਪਣੇ ਸਿਧਾਂਤਾਂ ਤੋਂ ਉੱਪਰ ਨਹੀਂ ਰਖਿਆ। ਉਹਨਾਂ ਦੇ ਵਿਰੋਧੀ ਆਪਣੀਆਂ ਪਾਰਟੀਆਂ ਵਿੱਚ ਜੋਆਇਨ ਕਰਾਉਣ ਲਈ ਕੋਸ਼ਿਸ਼ਾਂ ਕਰਦੇ ਰਹਿੰਦੇ ਸਨ, ਸਗੋਂ ਬਹੁਤ ਵਾਰ ਸਿਰ ਉੱਤੇ ਬਿਠਾਉਣ ਲਈ ਤਿਆਰ ਹੁੰਦੇ ਰਹੇ ਸਨ।

ਭਾਰਤ ਵਿੱਚ ਹਜਾਰਾਂ ਸਾਲਾਂ ਤੋ ਧਰਮ ਗੁਰੂਆਂ ਨੇ ਬਹੁਤ ਸਾਰੇ ਉਪਦੇਸ਼ ਦਿੱਤੇ, ਮਾਨਵਤਾ ਬਰਾਬਰੀ ਦੀ ਸਿੱਖਿਆ ਵੀ ਦਿੰਦੇ ਪ੍ਰਚਾਰ ਪਸਾਰ ਕੀਤਾ, ਬਹੁਤ ਸਾਰੀਆਂ ਲਿਖਤਾਂ ਰਾਹੀ ਆਪਣੇ ਵਿਚਾਰ ਵੀ ਸਮਾਜ ਨੂੰ ਦਿਸ਼ਾ ਨਿਰਦੇਸ਼ ਲਈ ਦਿੱਤੇ, ਚੱਲ ਕੇ ਵੀ ਦਿਖਾਇਆ। ਜਾਤੀ ਧਰਮ ਵਰਗ ਦੀਆਂ ਦੀਵਾਰਾਂ ਪਾਰ ਕਰਦੇ ਹੋਏ ਬਹੁਤ ਸਾਰੇ ਪੈਰੋਕਾਰ ਬਣਾਏ। ਸਮਤਾ, ਸਮਾਨਤਾ, ਭਾਈਚਾਰਾ, ਨਿਆਏ ਸਭ ਲਈ ਬਰਾਬਰ ਹੋਣ ਦੀ ਗਲ ਕਹੀ। ਬਾਬਰ ਨੂੰ ਜਾਬਰ ਕਿਹਾ ਮਨੂ ਦੀ ਦਾਤਰੀ ਨੂੰ ਨਕਾਰਿਆ। ਉਹਨਾਂ ਇਹਨਾਂ ਰਾਹਾਂ ਉੱਤੇ ਚਲਣ ਲਈ ਦਿਸਹੱਦੇ ਬਣਾਏ। ਲੱਖਾਂ ਕੁਰਬਾਨੀਆਂ ਦਿੱਤੀਆਂ ਅਤੇ ਮਾਨਵਤਾ ਦਾ ਝੰਡਾ ਉੱਚਾ ਰਖਿਆ। ਸਾਰੇ ਹੀ ਰਹਿਬਰਾਂ ਅੱਗੇ ਸਿਰ ਝੁਕਦਾ ਹੈ।

ਅੰਗਰੇਜ਼ਾਂ ਦੇ ਦੋਹਰੇ ਸ਼ਾਸਨ ਦੇ ਪ੍ਰਬੰਧਨ ਦੇ ਚਲਦੇ ਭਾਰਤ ਦਾ ਜਰਨਲ ਵਰਗ ਭਾਰਤ ਦੀ ਅਜ਼ਾਦੀ ਤੋਂ ਕੋਈ 20-25 ਸਾਲ ਪਹਿਲਾਂ ਹੀ ਸੱਤਾ ਸੁੱਖ ਭੋਗਣ ਲਗ ਚੁੱਕਾ ਸੀ। ਅੰਗਰੇਜ਼ ਸ਼ਾਸਨ ਵਿੱਚ ਘੱਟ ਹਿੱਸੇਦਾਰੀ ਤੋਂ ਸ਼ੁਰੂ ਹੋਈ ਲਗਾਤਾਰ ਵਧਦੀ ਰਹੀ। ਕਿਤੇ ਕਿਤੇ ਟਾਵੇਂ ਟਾਵੇਂ ਅਨੁਸੂਚਿਤ ਵਰਗ ਦੇ ਲੋਕ ਵੀ ਸਰਕਾਰੀ ਪ੍ਰਬੰਧਨ ਵਿੱਚ ਨਾਮਜ਼ਦ ਕਰ ਦਿੱਤੇ ਜਾਂਦੇ ਰਹੇ। ਇਸ ਤਰਾਂ ਅੰਗਰੇਜ਼ਾਂ ਅਤੇ ਭਾਰਤੀਆਂ ਦੀ ਰਲੀ ਮਿਲੀ ਸਰਕਾਰ ਚਲਦੀ ਰਹੀ। ਲੇਕਿਨ ਪ੍ਰਭੂਸੱਤਾ ਜਿਸ ਨੂੰ ਸੱਤਾ ਵਿੱਚ ਰਹਿੰਦੇ ਆਖਰੀ ਫੈਸ਼ਲਾ ਲੈਣ ਦਾ ਹੱਕ ਕਹਿ ਸਕਦੇ ਹਾਂ ਅੰਗਰੇਜ਼ਾਂ ਨੇ ਕੋਲ ਹੀ ਰਖਿਆ ਸੀ।

15 ਅਗਸਤ 1947 ਦਾ ਭਾਰਤੀ ਜਰਨਲ ਵਾਗ ਨੂੰ ਸੰਪੂਰਨ ਸੱਤਾ ਅਤੇ ਪ੍ਰਭੂਸੱਤਾ ਹਾਸਲ ਹੋਈ। ਅਜ਼ਾਦ ਤਾਂ ਲਗਭਗ ਪਹਿਲਾ ਹੀ ਸਨ, ਮਨ ਮਰਜ਼ੀ ਨਾਲ ਰਹਿਣਾ, ਖਾਣਾ ਪੀਣਾ ਸੱਤਾ ਵਿੱਚ ਹਿੱਸੇਦਾਰੀ, ਜਮੀਨਾਂ ਜਾਇਦਾਦਾਂ, ਧਨ ਦੌਲਤ ਅਤੇ ਹੋਰ ਵੀ ਬਹੁਤ ਕੁੱਝ ਸੀ। ਅਜ਼ਾਦੀ ਦੀ ਗੱਲ ਕਰੀਏ ਤਾਂ ਇਹ ਕੇਵਲ ਅਨੁਸੂਚਿਤ ਵਰਗ ਨੂੰ ਹੀ ਮਿਲੀ ਜਿਸ ਉੱਤੇ ਹਜਾਰਾਂ ਸਾਲਾਂ ਤੋਂ ਪਾਬੰਦੀਆਂ ਲੱਗੀਆਂ ਹੋਈਆਂ ਸਨ। ਭਾਰਤ ਦੇ ਬਹੁਤ ਸਾਰੇ ਧਰਮ ਗੁਰੂਆਂ ਦੇ ਉਪਦੇਸ਼ਾਂ ਦੇ ਬਾਵਜੂਦ ਜਿਨ੍ਹਾਂ ਗੁਲਾਮੀ ਅਤੇ ਅਛੂਤਤਾ ਕਦੀ ਖਤਮ ਨਹੀਂ ਹੋ ਸਕੀ। ਇਹ ਅਜ਼ਾਦੀ ਅਤੇ ਸੱਤਾ ਦੀ ਹਿੱਸੇਦਾਰੀ ਕੇਵਲ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੀ ਮਿਹਨਤ ਸੋਚ ਅਤੇ ਸਮਝਦਾਰੀ ਦੇ ਕਾਰਨ ਹੀ ਸੰਭਵ ਹੋ ਸਕੀ। ਉਹ ਕੀ ਸੋਚਦੇ ਸਨ ਕੀ ਕਰਦੇ ਸਨ ਕੀ ਕਰਨਾ ਚਾਹੁੰਦੇ ਸਨ ਕੀ ਹੋ ਸਕਦੇ ਸੀ ਬਹੁਤ ਸਾਰੇ ਸਵਾਲਾਂ ਦੇ ਜਵਾਬ ਉਹਨਾਂ ਦੀਆਂ ਲਿਖਤਾਂ ਵਿੱਚੋਂ ਮਿਲ ਜਾਂਦੇ ਹਨ। ਉਸ ਨੂੰ ਇਸ ਸਮੇਂ ਭਾਰਤ ਹੀ ਨਹੀਂ ਸੰਸਾਰ ਦੇ ਹਰ ਕੋਨੇ ਵਿਚ ਜਾਣਿਆਂ ਜਾਂਦਾ ਹੈ।

ਦੇਸ਼ ਨੂੰ ਅੱਗੇ ਵਧਾਉਣ ਲਈ ਉਹਨਾਂ ਦੀ ਪੂਜਾ ਕਰਨ ਨਾਲੋਂ ਉਹਨਾਂ ਨੂੰ ਪੜ ਕੇ ਉਹਨਾਂ ਦੀ ਸੋਚ ਨੂੰ ਜਾਨਣਾ ਸਮਝਣਾ ਅਤੇ ਉਸ ਉੱਤੇ ਚਲਣਾ ਜਰੂਰੀ ਹੈ। ਬਾਬਾ ਸਾਹਿਬ ਬੁੱਧ ਦੇ ਪੈਰੋਕਾਰ ਸਨ। ਬੁੱਧ ਵਾਰੇ ਬਹੁਤ ਸਾਰੇ ਲੇਖਿਕਾਂ ਨੇ ਲਿਖਿਆ ਹੈ। ਹਰ ਇਕ ਨੇ ਉਹਨਾਂ ਨੂੰ ਆਪਣੇ ਨਜ਼ਰੀਏ ਨਾਲ ਜਾਣਿਆ ਹੈ ਲਿਖਿਆ ਹੈ ਪ੍ਰਚਾਰਿਆ ਹੈ। ਲੇਕਿਨ ਬਾਬਾ ਸਾਹਿਬ ਦੀ ਲਿਖਤਾਂ ਅਤੇ ਭਾਸ਼ਨ ਵਿੱਚ ਜੋ ਲਿਖਿਆ ਹੈ ਸਹੀ ਅਤੇ ਭਰੋਸੇ ਯੋਗ ਹੈ। ਉਹਨਾਂ ਜਿੰਨਾ ਅਧਿਅਨ ਕਰਨਾ ਹਰ ਇਕ ਦੇ ਵਸ ਦੀ ਗਲ ਨਹੀਂ। ਉਹਨਾਂ ਜੋ ਵੀ ਲਿਖਿਆ ਤੱਥਾਂ ਅਧਾਰਤ ਹੈ। ਬਾਬਾ ਸਾਹਿਬ ਦੀ ਲਿਖਤਾਂ ਵਿੱਚ ਬਹੁਤ ਵਿਸਥਾਰ ਨਾਲ



ਤਾਥਾਗਤ ਸਿਧਾਰਥ ਗੌਤਮ ਬੁੱਧ ਦੇ ਸਬੰਧ ਵਿਚ ਲਿਖਿਆ ਹੈ। ਬੁੱਧ ਭਗਵਾਨ ਨਹੀਂ ਸਨ ਨਾਂ ਹੀ ਉਹ ਭਗਵਾਨ ਦੇ ਭੇਜੇ ਹੋਏ ਕੋਈ ਦੂਤ ਸਨ ਉਹ-

### ਬੁੱਧ ਧਮ ਵਿੱਚ ਬੁੱਧ ਦਾ ਸਥਾਨ

ਬੁੱਧ ਨੇ ਆਪਣੇ ਖੁਦ ਦੇ ਧਮ ਵਿੱਚ ਆਪਣੇ ਲਈ ਕੋਈ ਥਾਂ ਨਹੀਂ ਹੋਣ ਦਾ ਦਾਅਵਾ ਕੀਤਾ ਹੈ। ਬੁੱਧ ਨੇ ਮੁਕਤੀ ਦੇਣ ਦਾ ਵਾਅਦਾ ਨਹੀਂ ਕੀਤਾ ਸੀ। ਉਸਨੇ ਕਿਹਾ ਕਿ ਉਹ ਮਾਰਗ ਦਾਤਾ (ਵੇ ਫਾਈਂਡਰ) ਸੀ ਨਾ ਕਿ ਮੋਕਸ਼ ਦਾਤਾ (ਮੁਕਤੀ ਦਾਤਾ)। ਬੁੱਧਾ ਨੇ ਆਪਣੇ ਲਈ ਜਾਂ ਆਪਣੇ ਧਰਮ ਲਈ ਕਿਸੇ ਬ੍ਰਹਮਤਾ/ਇਲਾਹੀ ਹੋਣ ਦਾ ਦਾਅਵਾ ਨਹੀਂ ਕੀਤਾ। ਇਹ ਮਨੁੱਖ ਦੁਆਰਾ ਮਨੁੱਖ ਲਈ ਖੋਜਿਆ ਗਿਆ ਸੀ। ਇਹ ਕਿਸੇ ਤਰਾਂ ਦੇ ਰਹੱਸਮਈ ਖੋਜ ਦਾ ਖੁਲਾਸਾ ਨਹੀਂ ਸਨ।

ਬੁੱਧ ਨੇ ਦਾਅਵਾ ਕੀਤਾ ਕਿ ਉਸ ਦੇ ਆਪਣੇ ਧਮ ਵਿੱਚ ਆਪਣੇ ਲਈ ਕੋਈ ਥਾਂ ਨਹੀਂ ਹੈ। ਮਸੀਹ ਨੇ ਈਸਾਈ ਧਰਮ ਦੇ ਪੈਗੰਬਰ ਹੋਣ ਦਾ ਦਾਅਵਾ ਕੀਤਾ।ਉਸਨੇ ਅੱਗੇ ਦਾਅਵਾ ਕੀਤਾ ਕਿ ਉਹ ਰੱਬ ਦਾ ਪੁੱਤਰ ਸੀ। ਮਸੀਹ ਨੇ ਇਹ ਸ਼ਰਤ ਵੀ ਰੱਖੀ ਕਿ ਕਿਸੇ ਵਿਅਕਤੀ ਲਈ ਕੋਈ ਮੁਕਤੀ ਨਹੀਂ ਹੈ ਜਦੋਂ ਤੱਕ ਉਹ ਇਹ ਨਾ ਮੰਨ ਲਵੇ ਕਿ ਮਸੀਹ ਰੱਬ ਦਾ ਪੁੱਤਰ ਹੈ। ਇਸ ਤਰਾਂ ਮਸੀਹ ਨੇ ਈਸਾਈ ਦੀ ਮੁਕਤੀ ਨੂੰ ਮਸੀਹ ਦੇ ਪੈਗੰਬਰ ਅਤੇ ਰੱਬ ਦੇ ਪੁੱਤਰ ਵਜੋਂ ਸਵੀਕਾਰ ਕਰਨ 'ਤੇ ਨਿਰਭਰ ਕਰਦਿਆਂ ਆਪਣੇ ਲਈ ਇੱਕ ਸਥਾਨ ਸੁਰੱਖਿਅਤ ਕਰ ਲਿਆ ਸੀ।

ਮੁਹੰਮਦ, ਇਸਲਾਮ ਦੇ ਪੈਗੰਬਰ, ਨੇ ਦਾਅਵਾ ਕੀਤਾ ਕਿ ਉਹ ਰੱਬ ਦੁਆਰਾ ਭੇਜੇ ਗਏ ਪੈਗੰਬਰ ਸਨ। ਉਸਨੇ ਅੱਗੇ ਦਾਅਵਾ ਕੀਤਾ ਕਿ ਕੋਈ ਵੀ ਮੁਕਤੀ ਪ੍ਰਾਪਤ ਨਹੀਂ ਕਰ ਸਕਦਾ ਜਦੋਂ ਤੱਕ ਉਹ ਦੋ ਹੋਰ ਸ਼ਰਤਾਂ ਨੂੰ ਸਵੀਕਾਰ ਨਹੀਂ ਕਰਦਾ। ਇਸਲਾਮ ਵਿੱਚ ਮੁਕਤੀ ਦੇ ਚਾਹਵਾਨ ਨੂੰ ਇਹ ਸਵੀਕਾਰ ਕਰਨਾ ਚਾਹੀਦਾ ਹੈ ਕਿ ਮੁਹੰਮਦ ਰੱਬ ਦਾ ਪੈਗੰਬਰ ਹੈ। ਇਸਲਾਮ ਵਿੱਚ ਮੁਕਤੀ ਤੋਂ ਬਾਅਦ ਇੱਕ ਸਾਧਕ ਨੂੰ ਅੱਗੇ ਸਵੀਕਾਰ ਕਰਨਾ ਚਾਹੀਦਾ ਹੈ ਕਿ ਉਹ ਆਖਰੀ ਨਬੀ ਹੈ। ਇਸ ਤਰਾਂ ਇਸਲਾਮ ਵਿੱਚ ਮੁਕਤੀ ਸਿਰਫ ਉਹਨਾਂ ਨੂੰ ਦਿੱਤੀ ਗਈ ਹੈ ਜੋ ਇਹਨਾਂ ਦੋ ਸ਼ਰਤਾਂ ਨੂੰ ਸਵੀਕਾਰ ਕਰਦੇ ਹਨ। ਇਸ ਤਰਾਂ ਮੁਹੰਮਦ ਨੇ ਮੁਸਲਮਾਨਾਂ ਦੀ ਮੁਕਤੀ ਨੂੰ ਮੁਹੰਮਦ ਦੇ ਰੱਬ ਦੇ ਪੈਗੰਬਰ ਵਜੋਂ ਸਵੀਕਾਰ ਕਰਨ 'ਤੇ ਨਿਰਭਰ ਕਰਦਿਆਂ ਆਪਣੇ ਲਈ ਇੱਕ ਸਥਾਨ ਸੁਰੱਖਿਅਤ ਕਰ ਲਿਆ।

ਅਜਿਹੀ ਕੋਈ ਸ਼ਰਤ ਕਦੇ ਵੀ ਬੁੱਧ ਦੁਆਰਾ ਨਹੀਂ ਬਣਾਈ ਗਈ ਸੀ। ਉਸਨੇ ਦਾਅਵਾ ਕੀਤਾ ਕਿ ਉਹ ਸੁਧੋਧਨ ਅਤੇ ਮਹਾਮਾਇਆ ਦੇ ਕੁਦਰਤੀ ਪੁੱਤਰ ਤੋਂ ਵੱਧ ਨਹੀਂ ਸੀ। ਉਸਨੇ ਮੁਕਤੀ ਲਈ ਆਪਣੇ ਬਾਰੇ ਅਜਿਹੀਆਂ ਸ਼ਰਤਾਂ ਰੱਖ ਕੇ ਆਪਣੇ ਧਰਮ ਵਿੱਚ ਆਪਣੇ ਲਈ ਕੋਈ ਥਾਂ ਨਹੀਂ ਬਣਾਈ ਜਿਵੇਂ ਯਿਸੂ ਅਤੇ ਮੁਹੰਮਦ ਨੇ ਕੀਤੀ ਸੀ। ਇਹੀ ਕਾਰਨ ਹੈ ਕਿ ਅਸੀਂ ਆਪਣੇ ਬਾਰੇ ਬਹੁਤ ਘੱਟ ਜਾਣਦੇ ਹਾਂ, ਭਾਵੇਂ ਕਿ ਬਹੁਤ ਸਾਰੀ ਸਮੱਗਰੀ ਉਪਲਬਧ ਹੋ ਸਕਦੀ ਹੈ। ਜਿਵੇਂ ਕਿ ਜਾਣਿਆ ਜਾਂਦਾ ਹੈ, ਰਾਜਗ੍ਰਹਿ ਵਿਖੇ ਬੁੱਧ ਦੀ ਮੌਤ ਦੇ ਤੁਰੰਤ ਬਾਅਦ ਪਹਿਲੀ ਬੋਧੀ ਸਭਾ ਆਯੋਜਿਤ ਕੀਤੀ ਗਈ ਸੀ। ਕਸਯੱਪਾ ਨੇ ਮੰਡਲੀ ਦੀ ਪ੍ਰਧਾਨਗੀ ਕੀਤੀ। ਅਨੰਦ, ਉਪਾਲੀ ਅਤੇ ਹੋਰ ਬਹੁਤ ਸਾਰੇ ਜੋ ਕਪਿਲਾਵਤਸੂ ਨਾਲ ਸਬੰਧਤ ਸਨ ਅਤੇ ਜੋ ਵੀ ਜਿੱਥੇ ਵੀ ਜਾਂਦੇ ਸਨ ਉਸਦੇ ਨਾਲ ਜਾਂਦੇ ਸਨ ਅਤੇ ਉਸਦੀ ਮੌਤ ਤੱਕ ਉਸਦੇ ਨਾਲ ਸਨ।

ਪਰ ਪ੍ਰਧਾਨ ਕਾਸਯੱਪਾ ਨੇ ਕੀ ਕੀਤਾ?ਉਸਨੇ ਆਨੰਦ ਨੂੰ ਧਮ ਨੂੰ ਅੱਗੇ ਵਧਾਉਣ ਲਈ ਕਿਹਾ ਅਤੇ ਕਸਯੱਪਾ ਨੂੰ ਪ੍ਰਸ਼ਨ ਪੁੱਛਿਆ, 'ਕੀ ਇਹ ਸਹੀ ਹੈ?' ਉਹਨਾਂ ਨੇ ਹਾਂ ਵਿੱਚ ਜਵਾਬ ਦਿੱਤਾ ਅਤੇ ਕਸਯੱਪਾ ਨੇ ਫਿਰ ਸਾਰੇ ਸਵਾਲ ਖਤਮ ਕਰ ਦਿੱਤੇ। ਇਸ ਤੋਂ ਬਾਅਦ ਉਸਨੇ ਉਪਾਲੀ ਨੂੰ ਵਿੰਨ੍ਹਿਆ ਨੂੰ ਦੁਹਰਾਉਣ ਲਈ ਕਿਹਾ ਅਤੇ ਕਸਯੱਪਾ ਨੂੰ ਸਵਾਲ ਪੁੱਛਿਆ, 'ਕੀ ਇਹ ਸਹੀ ਹੈ?' ਉਹਨਾਂ ਨੇ ਹਾਂ ਵਿੱਚ ਜਵਾਬ ਦਿੱਤਾ। ਕਸਯੱਪਾ ਨੇ ਫਿਰ ਪ੍ਰਸ਼ਨ ਦਾ ਜਵਾਬ ਦੇ ਕੇ ਬੰਦ ਕਰ ਦਿੱਤਾ। ਕਸਯੱਪਾ ਨੂੰ ਤੀਸਰਾ ਪ੍ਰਸ਼ਨ ਕੀਤਾ ਧਮ ਵਿੱਚ ਮੌਜੂਦ ਕਿਸੇ ਵਿਅਕਤੀ ਨੂੰ ਬੁੱਧ ਦੇ ਜੀਵਨ ਵਿੱਚ ਕੁਝ ਮਹੱਤਵਪੂਰਣ ਘਟਨਾਵਾਂ ਨੂੰ ਰਿਕਾਰਡ ਕਰਨ ਲਈ ਰੱਖਣਾ ਚਾਹੀਦਾ ਸੀ।

ਪਰ ਕਾਸਯੱਪਾ ਨੇ ਨਹੀਂ ਕੀਤਾ। ਇਹ ਸਿਰਫ ਦੋ ਪ੍ਰਸ਼ਨ ਸਨ ਜਿਹਨਾਂ ਦੇ ਨਾਲ ਉਸਨੇ ਸੋਚਿਆ ਕਿ ਸੰਘ ਚਿੰਤਤ ਹੈ। ਜੇ ਕਸੱਯੱਪਾ ਨੇ ਬੁੱਧ ਦੇ ਜੀਵਨ ਦਾ ਰਿਕਾਰਡ ਇਕੱਠਾ ਕੀਤਾ ਹੁੰਦਾ ਤਾਂ ਅੱਜ ਸਾਡੇ ਕੋਲ ਬੁੱਧ ਦੀ ਪੂਰੀ ਜੀਵਨੀ ਹੁੰਦੀ। ਬੁੱਧ ਦੇ ਜੀਵਨ ਬਾਰੇ ਰਿਕਾਰਡ ਇਕੱਠਾ ਕਰਨ ਲਈ ਕਸੱਯੱਪਾ ਨੂੰ ਕਿਉਂ ਨਹੀਂ ਲਗਾਇਆ ਗਿਆ? ਇਸ ਉੱਤੇ ਕੋਈ ਵਿਵਾਦ ਨਹੀਂ ਹੋ ਸਕਦਾ ਸੀ। ਇੱਕ ਹੀ ਜਵਾਬ ਦਿੱਤਾ ਜਾ ਸਕਦਾ ਹੈ ਕਿ ਬੁੱਧ ਨੇ ਆਪਣੇ ਧਮ ਵਿੱਚ ਆਪਣੇ ਲਈ ਕੋਈ ਸਥਾਨ ਨਹੀਂ ਬਣਾਇਆ ਸੀ। ਬੁੱਧ ਅਤੇ ਉਸ ਦਾ ਧਮ ਦੋਨੋ ਅਲੱਗ ਸਨ ਅਤੇ ਇੱਕ ਦੂਜੇ ਨਾਲੋਂ ਬਿਲਕੁਲ ਵੱਖਰੇ ਸਨ। ਬੁੱਧ ਦਾ ਇੱਕ ਹੋਰ ਦ੍ਰਿਸ਼ਟਾਂਤ ਹੈ, ਆਪਣੇ ਆਪ ਨੂੰ ਆਪਣੇ ਧਰਮ ਤੋਂ ਬਾਹਰ ਰੱਖਣ ਦੇ ਨਾਲ ਹੀ ਇੱਕ ਧਮ ਅਤੇ ਆਪਣਾ ਕੋਈ ਉੱਤਰਾਧਿਕਾਰੀ ਨਿਯੁਕਤ ਕਰਨਾ ਤੋਂ ਇਨਕਾਰ ਕਰਨਾ ਵੀ ਇੱਕ ਕਾਰਨ ਹੀ ਮੰਨਿਆ ਜਾ ਸਕਦਾ ਹੈ।

ਦੋ ਜਾਂ ਤਿੰਨ ਵਾਰ ਬੁੱਧ ਨੂੰ ਉਸਦੇ ਅਨੁਯਾਈਆਂ ਦੁਆਰਾ ਇੱਕ ਉੱਤਰਾਧਿਕਾਰੀ ਨਿਯੁਕਤ ਕਰਨ ਦੀ ਬੇਨਤੀ ਕੀਤੀ ਗਈ ਸੀ। ਹਰ ਵਾਰ ਬੁੱਧ ਨੇ ਇਨਕਾਰ ਕੀਤਾ। ਉਸਦਾ ਜਵਾਬ ਸੀ, "ਧਮ ਦਾ ਆਪਣਾ ਉੱਤਰਾਧਿਕਾਰੀ ਹੋਣਾ ਚਾਹੀਦਾ ਹੈ। 'ਸਿਧਾਂਤ ਆਪਣੇ ਆਪ ਜੀਵਤ ਹੋਣਾ ਚਾਹੀਦਾ ਹੈ, ਨਾ ਕਿ ਸਿਧਾਂਤ ਖਾਸ ਕਿਸੇ ਮਨੁੱਖ ਦੇ ਅਧਿਕਾਰਿਤ ਹੋਣ ਦੇ ਦੁਆਰਾ। ਜੇ ਸਿਧਾਂਤ ਨੂੰ ਕਿਸੇ ਖਾਸ ਮਨੁੱਖ ਦੇ ਅਧਿਕਾਰਿਤ ਹੋਣ ਦੀ ਜ਼ਰੂਰਤ ਹੈ ਤਾਂ ਇਹ ਕੋਈ ਸਿਧਾਂਤ ਨਹੀਂ ਹੈ। ਜੇ ਹਰ ਵਾਰ ਜਦੋਂ ਧਮ ਦੇ ਅਧਿਕਾਰ ਨੂੰ ਲਾਗੂ ਕਰਨ ਲਈ ਸੰਸਥਾਪਕ ਦਾ ਨਾਂ ਲੈਣਾ ਜ਼ਰੂਰੀ ਹੋ ਜਾਂਦਾ ਹੈ ਤਾਂ ਇਹ ਕੋਈ ਧਮ ਨਹੀਂ ਹੁੰਦਾ ਹੈ। ਇਹੋ ਵਿਚਾਰ ਨਾਲ ਫੈਸਲਾ ਉਸ ਨੇ ਆਪਣੇ ਧਮ ਬਾਰੇ ਆਪਣੀ ਸਥਿਤੀ ਬਾਰੇ ਲਿਆ।

ਇਹ ਬਾਬਾ ਸਾਹਿਬ ਨੇ ਆਪਣੀ ਲਿਖਤ ਲਿੱਖਤ ਦਰਜ ਕੀਤਾ ਸੀ। ਧਨ, ਬਲ, ਸੱਤਾ ਦੇ ਪੈਰਛਾਵੇਂ ਥੱਲੇ ਭਾਰਤ ਵਿੱਚ ਬਹੁਤ ਸਾਰਾ ਝੂੱਠ ਲਿਖਿਆ,ਪ੍ਰਚਾਰਿਆ, ਫੈਲਾਇਆ ਗਿਆ ਅਤੇ ਜਾਰੀ ਹੈ। ਸੱਚ ਜਾਣਨ ਲਈ ਖੁਦ ਮਿਹਨਤ ਕਰਨੀ ਪੈਂਦੀ ਹੈ। ਸੱਤਾ ਅਤੇ ਸੁੱਖ ਨੂੰ ਪੱਕਾ ਬਣਾਕੇ ਰਖਣ ਲਈ ਇਤਿਹਾਸ ਬਦਲਿਆ ਅਤੇ ਮਿਥਿਹਾਸ ਨੂੰ ਫੈਲਾਇਆ ਗਿਆ। ਅੱਜ ਵੀਡਰ, ਭਰਮ ਬੇਸਿਰ ਪੈਰ ਦੀਆਂ ਗੱਲਾਂ (ਸੂਰਜ ਨੂੰ ਨਿਗਲ ਲੈਣ, ਸਮੁੰਦਰ ਪੀ ਜਾਣਾ ਵਰਗੀਆਂ) ਆਦਿ ਫੈਲਾਉਣ ਲਈ ਆਧੁਨਿਕ ਸਾਧਨਾਂ, ਸੰਸਾਧਨਾ ਦਾ ਬਹੁਤ ਸਾਰਾ ਲਾਭ ਲੈਣਾ ਜਾਰੀ ਹੈ। ਬਾਬਾ ਸਾਹਿਬ ਧਰਮਾਂ ਅਤੇ ਪਖੰਡਾਂ ਵਿੱਚ ਨਹੀਂ ਫਸੇ। ਅਗਰ ਫਸੇ ਹੁੰਦੇ ਤਾਂ ਸ਼ਾਇਦ ਕਰੋੜਾਂ ਲੋਕ ਅਛੂਤ ਲੋਕ ਅੱਜ ਵੀ ਅਛੂਤਤਾ ਅਤੇ ਬਰਾਬਰੀ ਅਜ਼ਾਦੀ ਲਈ ਲੜ ਰਹੇ ਹੁੰਦੇ।ਬਾਬਾ ਸਾਹਿਬ ਨੇ ਕਦੇ ਸੁਭ ਦਿਨ ਦੇਖ ਮਹੂਰਤ ਜਾ ਕੋਈ ਕੰਮ ਸ਼ੁਰੂ ਕਰਨ ਜਾਂ ਕੰਮ ਪੂਰਾ ਕਰਨ ਉੱਤੇ ਕਦੀ ਕਿਸੇ ਰੱਬ ਦਾ ਉਹਨਾਂ ਧਨਵਾਦ ਨਹੀਂ ਕੀਤਾ, ਕਿਸੇ ਲਿਖਤ ਵਿੱਚ ਨਹੀਂ ਮਿਲਦਾ। ਇਹ ਕਿਉਂ ਕਿਵੇਂ ਕੀਤਾ, ਉਹ ਵਿਸ਼ਵ ਦੀ ਮਾਹਨ ਸ਼ਖਸੀਅਤ ਕਿੰਦਾ ਬਣੇ ਉਹਨਾਂ ਦੀਆਂ ਆਪਣੀਆਂ ਲਿਖਤਾਂ ਤੋਂ ਹੀ ਸਹੀ ਜਾਣਕਾਰੀ ਮਿਲ ਸਕਦੀ ਹੈ, ਪੂਜਾ ਕਰੱਖੇ ਨਹੀਂ।

ਬਾਬਾ ਸਾਹਿਬ ਜੋ ਵੀ ਸੋਚਦੇ ਸਨ ਸਮਝਦੇ ਸਨ ਪੜੈਹਦੇ ਸਨ ਸਭ ਲਿਖਦੇ ਵੀ ਸਨ ਪ੍ਰਚਾਰਦੇ ਵੀ ਸਨ। ਨੌਜਵਾਨਾਂ ਨੂੰ ਚਾਹੀਦਾ ਹੈ ਕਿ ਉਹ ਬਾਬਾ ਸਾਹਿਬ ਨੂੰ ਸਮਝਣ ਲਈ ਉਹਨਾਂ ਦੀਆਂ ਲਿਖਤਾਂ ਨੂੰ ਜਰੂਰ ਪੜਨ, ਪੜਾਉਣ ਅਤੇ ਦੇਸ਼ ਨੂੰ ਅੱਗ ਵਧਾਉਣ।

# ਸਾਰੀਆਂ ਸਿਆਸੀ ਪਾਰਟੀਆਂ, ਲੇਖਕਾਂ, ਵਕੀਲਾਂ ਤੇ ਪ੍ਰਮੁੱਖ ਸ਼ਖਸੀਅਤਾਂ ਨੇ ਕੀਤੀ ਫਗਵਾੜਾ ਨੂੰ ਜਿਲ੍ਹਾ ਬਨਾਉਣ ਦੀ ਮੰਗ

**ਫਗਵਾੜਾ (ਬੀ.ਕੇ.ਰੱਤੂ)** ਸਿਆਸੀ ਖੇਤਰ ਵਿਚ ਵਿਸ਼ੇਸ਼ ਮਹੱਤਤਾ ਰੱਖਣ ਵਾਲੇ ਇਤਿਹਾਸਕ ਸ਼ਹਿਰ ਫਗਵਾੜਾ ਦੇ ਵਸਨੀਕ ਲੰਮੇ ਸਮੇਂ ਤੋਂ ਫਗਵਾੜਾ ਨੂੰ ਜਿਲ੍ਹਾ ਬਨਾਉਣ ਦੀ ਮੰਗ ਕਰਦੇ ਆ ਰਹੇ ਹਨ। ਇਸੇ ਮੰਗ ਦੀ ਪੂਰਤੀ ਨੂੰ ਲੈ ਕੇ ਪੰਜਾਬ ਸਰਕਾਰ ਦੇ ਕੰਨਾਂ ਤੱਕ ਸ਼ਹਿਰਵਾਸੀਆਂ ਦੀ ਆਵਾਜ਼ ਨੂੰ ਪੁਰਜੋਰ ਤਰੀਕੇ ਨਾਲ ਪਹੁੰਚਾਉਣ ਦੇ ਮਕਸਦ ਨਾਲ ਸ਼ਹਿਰ ਦੀਆਂ ਤਕਰੀਬਨ ਸਾਰੀਆਂ ਹੀ ਸਿਆਸੀ ਜੱਥੇਬੰਦੀਆਂ ਦੇ ਨੁਮਾਇੰਦਿਆਂ, ਪ੍ਰਮੁੱਖ ਸ਼ਖਸੀਅਤਾਂ, ਵਕੀਲਾਂ, ਲੇਖਕਾਂ ਅਤੇ ਪੱਤਰਕਾਰਾਂ ਦੀ ਸਾਂਝੀ ਮੀਟਿੰਗ ਫਗਵਾੜਾ ਜਿਲ੍ਹਾ ਬਣਾਓ ਫਰੰਟ ਦੇ ਬੈਨਰ ਹੇਠ ਸੀਨੀਅਰ ਸਿਟੀਜਨ ਕੇਅਰ ਸੈਂਟਰ ਖੇੜਾ ਰੋਡ ਫਗਵਾੜਾ ਵਿਖੇ ਹੋਈ। ਜਿਸ ਵਿਚ ਬੁਲਾਰਿਆਂ ਨੇ ਪੰਜਾਬ ਦੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਤੋਂ ਪੁਰਜੋਰ ਮੰਗ ਕੀਤੀ ਕਿ ਫਗਵਾੜਾ ਨੂੰ ਬਿਨਾਂ ਦੇਰ ਕੀਤਿਆਂ ਤੁਰੰਤ ਜਿਲ੍ਹਾ ਬਨਾਉਣ ਦਾ ਐਲਾਨ ਕੀਤਾ ਜਾਵੇ ਕਿਉਂਕਿ ਫਗਵਾੜਾ ਸ਼ਹਿਰ ਵਿਦਿਅਕ, ਉਦਯੋਗਿਕ ਅਤੇ ਖਾਸ ਤੌਰ ਤੇ ਸਿਆਸੀ ਖੇਤਰ 'ਚ ਵਿਸ਼ੇਸ਼ ਮਹੱਤਤਾ ਰੱਖਦਾ ਹੈ। ਇੱਥੇ ਤਿੰਨ ਵੱਡੀਆਂ ਮਿੱਲਾਂ ਹਨ ਅਤੇ ਦੋ ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਯੁਨੀਵਰਸਟੀਆਂ ਅਤੇ ਦੋ ਦਰਜਨ ਤੋਂ ਵੱਧ ਮਿਆਰੀ ਸਿੱਖਿਆ ਅਦਾਰੇ ਹਨ। ਬੁਲਾਰਿਆਂ ਨੇ ਕਿਹਾ ਕਿ ਫਗਵਾੜਾ ਨੇ ਪਹਿਲਾਂ ਰਿਆਸਤ ਕਪੂਰਥਲਾ ਦਾ ਅੰਗ ਰਹਿੰਦਿਆਂ ਅਤੇ ਫਿਰ ਜਿਲ੍ਹਾ ਕਪੂਰਥਲਾ ਦੀ ਸਬ-ਡਵੀਜਨ ਵਜੋਂ ਰੈਵਨਿਊ ਵਿਚ ਵੱਡਾ ਹਿੱਸਾ ਪਾਇਆ ਹੈ ਤੇ ਵਿਕਾਸ ਦੀਆਂ ਪੁਲਾਂਘਾ ਪੁੱਟੀਆਂ ਹਨ। ਸ਼ਹਿਰ ਨੂੰ ਕਾਰਪੋਰੇਸ਼ਨ ਦਾ ਦਰਜਾ ਪ੍ਰਾਪਤ ਹੈ। ਮੀਟਿੰਗ ਦੌਰਾਨ ਇਸ ਗੱਲ ਦੀ ਸਹਿਮਤੀ ਬਣੀ ਕਿ ਹਰ ਸਿਆਸੀ ਜੱਥੇਬੰਦੀ ਅਤੇ ਸੰਸਥਾ ਆਪਣੇ ਵਲੋਂ ਕੈਪਟਨ ਸਰਕਾਰ ਨੂੰ ਯਾਦ ਪੱਤਰ ਭੇਜੇ ਕਿਉਂਕਿ ਇਹ ਮੰਗ ਪਹਿਲਾਂ ਅਨੇਕਾਂ ਵਾਰ ਉਠਦੀ ਰਹੀ ਹੈ। ਇਸ ਤੋਂ ਇਲਾਵਾ ਇਸ ਗੱਲ ਦੀ ਸਹਿਮਤੀ ਵੀ ਬਣੀ ਕਿ ਜਿਲ੍ਹੇ ਦੇ ਪ੍ਰਸ਼ਾਸਨਿਕ ਅਧਿਕਾਰੀਆਂ, ਮੁੱਖ ਮੰਤਰੀ ਤੇ ਗਵਰਨਰ ਪੰਜਾਬ ਅਤੇ ਭਾਰਤ ਦੇ ਰਾਸ਼ਟਰਪਤੀ ਨੂੰ ਵੀ ਮੰਗ ਪੱਤਰ ਦਿੱਤੇ ਅਤੇ ਭੇਜੇ ਜਾਣ ਤਾਂ ਜੋ ਫਗਵਾੜਾ ਦੇ ਲੋਕਾਂ ਦੀ ਲੰਮੇ ਸਮੇਂ ਤੋਂ ਚੱਲੀ ਆ ਰਹੀ ਸਬ-ਡਵੀਜਨ ਨੂੰ ਜਿਲ੍ਹਾ ਬਨਾਉਣ ਦੀ ਮੰਗ ਪਰਵਾਨ ਚੜ੍ਹ ਸਕੇ। ਅਖੀਰ ਸਰਬ ਨੌਜਵਾਨ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਨੇ ਸਮੂਹ ਹਾਜਰੀਨ ਦਾ ਧੰਨਵਾਦ ਕੀਤਾ ਅਤੇ ਆਸ ਪ੍ਰਗਟਾਈ ਕਿ ਜਿਸ ਤਨਦੇਹੀ ਨਾਲ ਹੁਣ ਫਗਵਾੜਾ ਵਾਸੀਆਂ ਨੇ ਸ਼ਹਿਰ ਨੂੰ ਜਿਲ੍ਹੇ ਦਾ ਦਰਜਾ ਦੁਆਉਣ ਲਈ ਮੁਢ ਚੁੱਕਿਆ ਹੈ ਉਹ ਜਰੂਰ ਪਰਵਾਨ ਚੜ੍ਹੇਗਾ।




ਸਟੇਜ ਦੀ ਸੇਵਾ ਲੈਕਚਰਾਰ ਹਰਜਿੰਦਰ ਗੋਗਨਾ ਨੇ ਬਾਖੂਬੀ ਨਿਭਾਈ। ਇਸ ਮੀਟਿੰਗ ਵਿਚ ਐਡਵੋਕੇਟ ਐਸ.ਐਲ. ਵਿਰਦੀ, ਉਦਯੋਗਪਤੀ ਅਸ਼ਵਨੀ ਕੋਹਲੀ, ਅਸ਼ੋਕ ਸੇਠੀ, ਭਾਜਪਾ ਆਗੂ ਅਵਤਾਰ ਸਿੰਘ ਮੰਡ, ਆਪ ਆਗੂ ਸੰਤੋਸ਼ ਕੁਮਾਰ ਗੋਗੀ, ਬਸਪਾ ਆਗੂ ਮਾਸਟਰ ਹਰਭਜਨ ਬਲਾਲੋਂ, ਅਕਾਲੀ ਆਗੂ ਬਲਜਿੰਦਰ ਸਿੰਘ ਸਾਬਕਾ ਸਰਪੰਚ, ਕਾਮਰੇਡ ਜੈਪਾਲ ਸਿੰਘ ਤੋਂ ਇਲਾਵਾ ਹਿੰਦੁਸਤਾਨ ਵੈਲਫੇਅਰ ਬਲੱਡ ਡੋਨਰਜ਼ ਕਲੱਬ ਦੇ ਪ੍ਰਧਾਨ ਵਿਕਰਮ ਗੁਪਤਾ, ਫੋਟੋਗ੍ਰਾਫਰਜ਼ ਵੈਲਫੇਅਰ ਕਲੱਬ ਦੇ ਪ੍ਰਧਾਨ ਕੁਲਦੀਪ ਸਿੰਘ, ਕਲਾਥ ਮਰਚੈਂਟ ਐਸੋਸੀਏਸ਼ਨ ਲੋਹਾ ਮੰਡੀ ਰੋਡ ਦੇ ਪ੍ਰਧਾਨ ਰਾਕੇਸ਼ ਬਾਂਗਾ, ਸਾਹਿਤਕਾਰ ਬਲਦੇਵ ਕੋਮਲ, ਸਕੇਪ ਪੰਜਾਬ ਤੋਂ ਪਰਵਿੰਦਰਜੀਤ ਸਿੰਘ, ਗੋਲਡੀ, ਹੈੱਪੀ ਬਰੋਕਰ, ਗੁਰਦੀਪ ਸਿੰਘ ਕੰਗ, ਸਾਬਕਾ ਕੌਂਸਲਰ ਹੁਸਨ ਲਾਲ, ਜਗਜੀਤ ਸੇਠ, ਰਮਨ ਨਹਿਰਾ, ਪ੍ਰਿਤਪਾਲ ਕੌਰ ਤੁਲੀ, ਸੀਨੀਅਰ ਸਿਟੀਜਨ ਕੌਂਸਲ ਦੇ ਪ੍ਰਧਾਨ ਰਵਿੰਦਰ ਚੋਟ, ਰਜਿੰਦਰ ਕੁਮਾਰ, ਮੈੜ ਰਾਜਪੂਤ ਸਭਾ ਦੇ ਪ੍ਰਧਾਨ ਅਸ਼ੋਕ ਡੀਲਕਸ, ਲਘੂ ਉਦਯੋਗ ਭਾਰਤੀ ਦੇ ਪ੍ਰਧਾਨ ਅਨਿਲ ਸਿੰਗਲਾ, ਟੀ.ਡੀ. ਚਾਵਲਾ, ਗੁਰਪਾਲ ਸਿੰਘ ਪਲਾਹੀ ਸਾਬਕਾ ਸਰਪੰਚ, ਸੁਖਵਿੰਦਰ ਸਿੰਘ ਸੱਲ੍ਹ ਪਲਾਹੀ, ਰਾਮ ਲੁਭਾਇਆ, ਅਮਿਤ ਓਹਰੀ, ਉਂਕਾਰ ਜਗਦੇਵ, ਗੁਰਦੀਪ ਸਿੰਘ ਤੁਲੀ, ਵਿੱਕੀ ਹਦੀਆਬਾਦ ਆਦਿ ਤੋਂ ਇਲਾਵਾ ਹੋਰ ਬਹੁਤ ਸਾਰੀਆਂ ਪ੍ਰਮੁੱਖ ਸ਼ਖਸੀਅਤਾਂ ਹਾਜਰ ਸਨ।

## 8 ਸਤੰਬਰ 2021 ਲਈ ਵਿਸ਼ੇਸ਼

# ਮਾਸਟਰ ਹਰਨਾਮ ਸਿੰਘ ਗਿੱਲ ਦਾ ਵਿਛੋੜਾ



ਡਾ. ਚਰਨਜੀਤ ਸਿੰਘ ਗੁਮਟਾਲਾ 001937573912 (ਅਮਰੀਕਾ)

ਮਾਸਟਰ ਹਰਨਾਮ ਸਿੰਘ ਗਿੱਲ ਦਾ ਜਨਮ 15 ਅਪ੍ਰੈਲ 1925 ਨੂੰ ਅਟਾਰੀ ਬਾਰਡਰ ਦੇ ਲਾਗੇ ਇੱਕ ਛੋਟੇ ਜਿਹੇ ਪਿੰਡ ਰਤਨ ਵਿੱਚ ਹੋਇਆ। ਉਨ੍ਹਾਂ ਦੀ ਮਾਤਾ ਦਾ ਨਾਂ ਬੀਬੀ ਤੇਜ ਕੌਰ ਤੇ ਪਿਤਾ ਦਾ ਨਾਂ ਸ. ਪ੍ਰਤਾਪ ਸਿੰਘ ਸੀ। ਉਨ੍ਹਾਂ ਨੇ ਪ੍ਰਾਇਮਰੀ ਪਿੰਡ ਪੁਲ ਕੰਜਰੀ ਦੇ ਪ੍ਰਾਇਮਰੀ ਸਕੂਲ ਤੋਂ ਕੀਤੀ ਤੇ ਮੈਟਰਿਕ ਸਰਕਾਰੀ ਹਾਈ ਸਕੂਲ ਅਟਾਰੀ ਤੋਂ 1945 ਵਿੱਚ ਕੀਤੀ। ਉਨ੍ਹਾਂ ਐਮ.ਏ. 1947 ਵਿੱਚ ਸਿੱਖ ਨੈਸ਼ਨਲ ਕਾਲਜ ਲਾਹੌਰ ਜਿੱਥੋਂ ਦੇ ਪ੍ਰਿੰਸੀਪਲ ਮਾਸਟਰ ਤਾਰਾ ਸਿੰਘ ਦੇ ਭਰਾ ਸ. ਨਿਰੰਜਨ ਸਿੰਘ ਸਨ ਤੋਂ ਕੀਤੀ। ਫਿਰ ਪਾਕਿਸਤਾਨ ਬਣ ਗਿਆ ਤੇ ਇਹ ਸਿੱਖ ਨੈਸ਼ਨਲ ਕਾਲਜ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ ਵਿੱਚ ਆ ਗਿਆ, ਜਿੱਥੇ ਕਿ ਅਜੇ ਵੀ ਚੱਲ ਰਿਹਾ ਹੈ। ਇਸ ਕਾਲਜ ਤੋਂ ਆਪ ਨੇ 1950 ਵਿੱਚ ਬੀ.ਏ. ਕੀਤੀ। ਆਪ ਦੇ ਪਿਤਾ ਜੀ ਸਰਗਰਮ ਅਕਾਲੀ ਆਗੂ ਸਨ ਤੇ ਉਨ੍ਹਾਂ ਨੇ ਸ. ਈਸ਼ਰ ਸਿੰਘ ਮਝੈਲ, ਗਿਆਨੀ ਕਰਤਾਰ ਸਿੰਘ ਤੇ ਜਥੇਦਾਰ ਮੋਹਨ ਸਿੰਘ ਤੁੜ ਨਾਲ ਅਕਾਲੀ ਮੋਰਚਿਆਂ ਵਿਚ ਕੈਦ ਕੱਟੀ ਹੋਈ ਸੀ। ਸ. ਈਸ਼ਰ ਸਿੰਘ ਮਝੈਲ ਚੋਣਾਂ ਵਿੱਚ ਆਪ ਦੇ ਪਿੰਡ ਆਏ। ਆਪ ਨੇ ਦੱਸਿਆ ਕਿ ਪਿਤਾ ਜੀ ਤਾਂ ਸਵਰਗਵਾਸ ਹੋ ਗਏ ਹਨ ਪਰ ਮੈਂ ਤੁਹਾਡੀ ਚੋਣਾਂ ਵਿੱਚ ਜਰੂਰ ਮਦਦ ਕਰਾਂਗਾ। ਮਝੈਲ ਸਾਹਿਬ ਨੇ ਪੁੱਛਿਆ ਕਿ ਤੁਸੀਂ ਕੀ ਕੰਮ ਕਰਦੇ ਹੋ। ਉਨ੍ਹਾਂ ਕਿਹਾ ਕਿ ਵਿਹਲਾ ਹੁੰਦਾ ਹਾਂ। ਉਨ੍ਹਾਂ ਕਿਹਾ ਕਿ ਤੁਸੀਂ ਮੈਨੂੰ ਅੰਮ੍ਰਿਤਸਰ ਮਿਲੋ। ਉਹ ਉਸ ਸਮੇਂ ਸ਼੍ਰੋਮਣੀ ਗੁਰਦੁਆਰੇ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਨ।ਉਨ੍ਹਾਂ ਨੇ ਇਨ੍ਹਾਂ ਨੂੰ ਸ੍ਰੀ ਗੁਰੂ ਰਾਮਦਾਸ ਖਾਲਸਾ ਹਾਈ ਸਕੂਲ, ਅੰਮ੍ਰਿਤਸਰ ਵਿਚ ਅਨਟਰੇਂਡ ਮਾਸਟਰ ਲਵਾ ਦਿੱਤਾ।

ਉਨ੍ਹਾਂ ਦਿਨਾਂ ਵਿੱਚ ਤਾਂ ਖਾਲਸਾ ਕਾਲਜ ਆਫ਼ ਐਜ਼ੂਕੇਸ਼ਨ ਅੰਮ੍ਰਿਤਸਰ ਵਿੱਚ ਬੀ.ਟੀ. ਦੇ ਦਾਖਲੇ ਵਿੱਚ ਸਿਫਾਰਸ਼ ਚੱਲਦੀ ਸੀ। ਆਪ ਨੇ ਸ. ਈਸ਼ਰ ਸਿੰਘ ਮਝੈਲ ਤੇ ਗਿਆਨੀ ਕਰਤਾਰ ਸਿੰਘ ਪਾਸ ਦਾਖਲੇ ਲਈ ਪਹੁੰਚ ਕੀਤੀ। ਉਨ੍ਹਾਂ ਨੇ ਉਸ ਸਮੇਂ ਦੇ ਵਾਇਸ ਪ੍ਰਿੰਸੀਪਲ ਸ. ਹਰਨਾਮ ਸਿੰਘ ਨੂੰ ਸਿਫਾਰਸ਼ ਕਰਕੇ ਆਪ ਨੂੰ ਬੀ.ਟੀ ਵਿੱਚ ਦਾਖਲਾ ਦਵਾ ਦਿੱਤਾ। ਇਸ ਤਰ੍ਹਾਂ ਆਪ ਨੇ 1954-55 ਵਿੱਚ ਬੀ.ਟੀ. ਕਰ ਲਈ ਤੇ ਉਹ ਸਕੂਲ ਵਿੱਚ ਪੱਕੇ ਹੋ ਗਏ।



1960 ਵਿੱਚ ਖਾਲਸਾ ਕਾਲਜ ਹਾਈ ਸਕੂਲ ਵਿੱਚ ਆਸਾਮੀਆਂ ਨਿਕਲੀਆਂ। ਆਪ ਨੇ ਅਰਜੀ ਦੇ ਦਿੱਤੀ। ਆਪ ਦੀ ਚੋਣ ਹੋ ਗਈ। ਆਪ ਦੇ ਨਾਲ ਹੀ ਪ੍ਰੋ. ਮੋਹਨ ਸਿੰਘ ਵੀ ਉਸ ਸਮੇਂ ਆਪ ਦੇ ਨਾਲ ਬਤੌਰ ਸਾਇੰਸ ਮਾਸਟਰ ਚੁਣੇ ਗਏ। ਸ. ਸ਼ੰਗਾਰਾ ਸਿੰਘ ਜੋ ਕਿ ਬਾਅਦ ਵਿੱਚ ਰਾਮਗੜ੍ਹੀਆ ਸਕੂਲ ਤੇ ਖਾਲਸਾ ਕਾਲਜ ਹਾਇਰ ਸੈਕੰਡਰੀ ਸਕੂਲ ਅੰਮ੍ਰਿਤਸਰ ਦੇ ਪ੍ਰਿੰਸੀਪਲ ਬਣੇ, ਉਸ ਸਮੇਂ ਆਪ ਨਾਲ ਹੀ ਸਾਇੰਸ ਮਾਸਟਰ ਨਿਯੁਕਤ ਹੋਏ।

1965 ਈ. ਵਿੱਚ ਇੰਗਲੈਂਡ ਵਿੱਚ ਨੌਕਰੀਆਂ ਲਈ ਵਾਊਚਰ ਮਿਲਣ ਲੱਗੇ ਤਾਂ ਆਪ ਨੇ ਵੀ ਨੌਕਰੀ ਲਈ ਅਰਜ਼ੀ ਭੇਜ ਦਿੱਤੀ।ਪ੍ਰਵਾਨਗੀ ਮਿਲਣ 'ਤੇ ਆਪ ਨੇ 14 ਸਤੰਬਰ 1965 ਦੀ ਹਵਾਈ ਜਹਾਜ਼ ਦੀ ਇੰਗਲੈਂਡ ਲਈ ਟਿਕਟ ਬੁੱਕ ਕਰਾਈ, ਪਰ 4 ਸਤੰਬਰ 1965 ਨੂੰ ਹਿੰਦ ਪਾਕਿਸਤਾਨ ਲੜਾਈ ਲੱਗ ਗਈ ਤੇ ਆਪ ਇੰਗਲੈਂਡ ਜਾ ਨਾ ਸਕੇ। ਇਸ ਲੜਾਈ ਵਿੱਚ ਖੇਮ ਕਰਨ ਤੇ ਕਈ ਹੋਰ ਪਿੰਡ ਪਾਕਿਸਤਾਨ ਦੇ ਕਬਜ਼ੇ ਵਿੱਚ ਆ ਗਏ। ਜਦ ਲੜਾਈ ਖਤਮ ਹੋਈ ਤਾਂ ਸਰਕਾਰ ਨੇ ਫੈਸਲਾ ਕੀਤਾ ਕਿ ਵਲਟੋਹਾ ਤੇ ਹੋਰ ਬਾਰਡਰ ਦੇ ਜਿਹੜੇ ਸਕੂਲ ਲੜਾਈ ਕਰਕੇ ਉਜੜ ਗਏ ਹਨ ਉਹ ਸਰਕਾਰ ਆਪਣੇ ਵਿਚ ਹੱਥ ਲਵੇਗੀ। ਆਪ ਨੇ ਵਲਟੋਹਾ ਸਕੂਲ ਵਿਚ ਨੌਕਰੀ ਲੈ ਲਈ। ਇਸ ਤਰ੍ਹਾਂ ਆਪ ਸਰਕਾਰੀ ਨੌਕਰੀ ਵਿਚ ਆ ਗਏ। ਫਿਰ ਕਈ ਸਕੂਲਾਂ ਵਿਚ ਕੰਮ ਕਰਦੇ ਰਹੇ। ਅੰਤ ਵਿਚ 30 ਅਪ੍ਰੈਲ 1983 ਨੂੰ ਸਰਕਾਰੀ ਹਾਇਰ ਸੈਕੰਡਰੀ ਸਕੂਲ ਟਾਊਨ ਹਾਲ ਅੰਮ੍ਰਿਤਸਰ ਤੋਂ ਬਤੌਰ ਸੋਸ਼ਲ ਸੋਟੱਡੀਜ਼ ਮਾਸਟਰ ਸੇਵਾ ਮੁਕਤ ਹੋਏ। ਆਪ ਬਹੁਤ ਹੀ ਨੇਕ ਦਿਲ ਤੇ ਮਿਲਾਪੜੇ ਸੁਭਾਅ ਦੇ ਮਾਲਕ ਸਨ। ਆਪ ਦੇ ਪੜ੍ਹਾਏ ਹੋਏ ਵਿਦਿਆਰਥੀ ਵੱਖ ਵੱਖ ਖੇਤਰਾਂ ਵਿੱਚ ਮੱਲਾਂ ਮਾਰ ਰਹੇ ਹਨ। ਕਈ ਡਾਕਟਰ, ਇੰਜੀਨੀਅਰ, ਅਧਿਆਪਕ, ਪੀ ਸੀ ਐਸ ਤੇ ਆਈ ਏ ਐਸ ਬਣੇ।ਆਪ ਅਗਾਂਹ ਵਧੂ ਖਿਆਲਾ ਦੇ ਮਾਲਕ ਸਨ ਤੇ ਵਿਦਿਆਰਥੀਆਂ ਨੂੰ ਉਸਾਰੂ ਸਾਹਿਤ ਪੜ੍ਹਨ ਲਈ ਦੇਂਦੇ ਸਨ। ਆਪਨੇ ਸ੍ਰੀ ਗੁਰੂ ਰਾਮਦਾਸ ਹਾਇਰ ਸੈਕੰਡਰੀ ਸਕੂਲ ਅੰਮ੍ਰਿਤਸਰ ਵਿਚ ਆਪਣੇ ਨੌਂਵੀ ਜਮਾਤ ਦੇ ਵਿਦਿਆਰਥੀ ਨ੍ਰਿਪਇੰਦਰ ਰਤਨ ਜੋ ਇਸ ਸਮੇਂ ਸੇਵਾ ਮੁਕਤ ਆਈ ਏ ਐਸ ਅਫ਼ਓਮਪ;ਸਰ ਹਨ ਨੂੰ ਪੰਜਾਬੀ ਵਿਚ ਲਾਲਾ ਹਰਦਿਆਲ ਦੀ ਪੁਸਤਕ 'ਹਿੰਟਸ ਫਾਰ ਸੈਲਫ਼ ਕਲਚਰ' ਪੜ੍ਹਨ ਨੂੰ ਦਿੱਤੀ ਜਿਸ ਨਾਲ ਉਹ ਵਿਗਿਆਨਕ ਸੋਚ ਦੇ ਮਾਲਕ ਹੋ ਗਏ।ਉਨ੍ਹਾਂ ਨੇ ਆਪਣੀ ਪੁਸਤਕ' ਮੇਰੀ ਪਹਿਲੀ ਕਮਾਈ ' ਵਿਚ ਲਿਖਿਆ ਹੈ ਕਿ ਉਨ੍ਹਾਂ (ਮਾਸਟਰ ਹਰਨਾਮ ਸਿੰਘ) ਦੇ ਕਹਿਣ ਉੱਤੇ ਹੀ ਮੈਂ ਸਭ ਤੋਂ ਪਹਿਲਾਂ ਲਾਲਾ ਹਰਦਿਆਲ ਦੀ ਪ੍ਰਸਿਧ ਕਿਤਾਬ 'ਹਿੰਟਸ ਫਾਰ ਸੈਲਫ਼ ਕਲਚਰ', ਪੰਜਾਬੀ ਵਿੱਚ ਪੜ੍ਹੀ ਅਤੇ ਅੱਖਾਂ ਖੁੱਲਣੀਆਂ ਸ਼ੁਰੂ ਹੋਈਆਂ। ਪਾਠ ਕਰਨ, ਮੱਥੇ ਟੇਕਣ, ਅਰਦਾਸਾਂ ਕਰਨ ਤੋਂ ਪਾਸਾ ਵੱਟਣਾ ਸ਼ੁਰੂ ਕੀਤਾ। ਸ਼ੁਰੂ ਸ਼ੁਰੂ ਵਿੱਚ, ਡਰਦੇ ਡਰਦੇ, ਚਰਨ ਧੂੜ ਭਰਵੱਟਿਆਂ ਉੱਤੇ ਲਾਣੀ ਬੰਦ ਕੀਤੀ। ਹੌਲੀ ਹੌਲੀ ਮਾਰਕਸ ਬਾਰੇ, ਸਮਾਜਵਾਦ, ਕਮਿਊਨਿਜ਼ਮ ਬਾਰੇ ਪੜ੍ਹਨਾ ਅਤੇ ਜਾਨਣਾ ਸ਼ੁਰੂ ਕੀਤਾ। ਇਸ ਤਰ੍ਹਾਂ ਉਨ੍ਹਾਂ ਦੀ ਜਿੰਦਗੀ ਵਿੱਚ ਬਦਲਾਅ ਆ ਗਿਆ। ਆਪ ਪ੍ਰਮਾਤਮਾ ਵੱਲੋਂ ਦਿੱਤੀ ਸੁਆਸਾਂ ਦੀ ਪੂੰਜੀ ਪੂਰੀ ਕਰਕੇ 30 ਅਗਸਤ 2021 ਨੂੰ ਇਸ ਦੁਨੀਆਂ ਨੂੰ ਅਲਵਿਦਾ ਕਹਿ ਗਏ।ਉਨ੍ਹਾਂ ਦੇ ਨਮਿਤ ਰਖੇ ਅਖੰਡ ਪਾਠ ਦਾ ਭੋਗ 8 ਸਤੰਬਰ 2021 ਦਿਨ ਬੁੱਧਵਾਰ ਨੂੰ ਉਨ੍ਹਾਂ ਦੇ ਗ੍ਰਹਿ ਵਿੱਖੇ ਪਵੇਗਾ , ਉਪਰੰਤ ਗੁਰਦੁਆਰਾ ਛੇਵੀਂ ਪਾਤਸ਼ਾਹੀ ਬੀ ਬਲਾਕ ਰਣਜੀਤ ਐਵੇਨਿਊ ,ਅੰਮ੍ਰਿਤਸਰ ਵਿਖੇ 1 ਤੋਂ 2 ਵੱਜੇ ਤੱਕ ਅੰਤਿਮ ਅਰਦਾਸ ਹੋਏਗੀ। ਆਪ ਦੇ ਸਾਕ-ਸਨੇਹੀ, ਵਿਦਿਆਰਥੀ ਤੇ ਸਾਥੀ ਆਪ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨਗੇ।

# ਚੀਨ ਦਾ ਪੁੱਠਾ ਪਿਆ ਦਾਅ, ਕਈ ਟੈਕ ਕੰਪਨੀਆਂ ਢਹਿ-ਢੇਰੀ

ਚੀਨ ਦਾ ਇੱਕ ਦਾਅ ਉਸੇ ਉੱਤੇ ਭਾਰੀ ਪੈ ਗਿਆ ਹੈ। ਉਹ ਆਪਣੇ ਦੇਸ਼ ਵਿੱਚ ਮਨਮਾਨੀਆਂ ਨੀਤੀਆਂ ਬਣਾਉਂਦਾ ਹੈ, ਇਹ ਗੱਲ ਸਾਰੇ ਜਾਣਦੇ ਹਨ। ਪਿਛੇ ਜਿਹੇ ਅਲੀ ਬਾਬਾ ਕੰਪਨੀ ਦੇ ਮਾਲਕ ਜੈਕ ਮਾ ਉੱਤੇ ਉਸ ਨੇ ਨੱਥੀ ਕੱਸੀ ਤੇ ਜੈਕ ਪੂਰੀ ਤਰ੍ਹਾਂ ਬਰਬਾਦ ਹੋ ਗਏ। ਇਸੇ ਤਰ੍ਹਾਂ ਚੀਨ ਨੇ ਆਪਣੀਆਂ ਕਈ ਟੈਕ ਕੰਪਨੀਆਂ ਦੀ ਨੱਥ ਕੱਸੀ ਅਤੇ ਇਸ ਦਾ ਭਾਰੀ ਆਰਥਿਕ ਨੁਕਸਾਨ ਉਠਾਉਣਾ ਪਿਆ ਅਤੇ ਸ਼ੇਅਰ ਬਾਜ਼ਾਰਾਂ ਵਿੱਚ ਇਨ੍ਹਾਂ ਟੈਕ ਕੰਪਨੀਆਂ ਦੇ ਭਾਅ ਵਿੱਚ ਵੱਡੀ ਗਿਰਾਵਟ ਆ ਗਈ। ਅਜਿਹਾ ਇਸ ਲਈ ਹੋਇਆ ਕਿ ਚੀਨ ਕਿਸੇ ਵੀ ਕੰਪਨੀ ਨੂੰ ਬਹੁਤਾ ਉਪਰ ਨਹੀਂ ਉਠਣ ਦਿੰਦਾ। ਜਦੋਂ ਵੀ ਕੋਈ ਕੰਪਨੀ ਜ਼ਿਆਦਾ ਤਰੱਕੀ ਕਰਦੀ ਹੈ ਤਾਂ ਚੀਨ ਦੀ ਸਰਕਾਰ ਉਸ ਦੇ ਖੰਭ ਕੁਤਰ ਦਿੰਦੀ ਹੈ।

ਅਸਲ ਵਿੱਚ ਚੀਨ ਨੇ ਆਪਣੇ ਦੇਸ਼ ਵਿੱਚ ਡਾਟਾ ਪ੍ਰੋਟੈਕਸ਼ਨ ਕਾਨੂੰਨ ਬਣਾ ਦਿੱਤਾ ਹੈ ਅਤੇ ਇਹ ਇਸ ਸਾਲ ਨਵੰਬਰ ਤੋਂ ਲਾਗੂ ਹੋ ਜਾਵੇਗਾ। ਉਸ ਦਾ ਪਾਸ ਕੀਤਾ ਇਹ ਕਾਨੂੰਨ ਦੁਨੀਆ ਦਾ ਸਭ ਤੋਂ ਸਖਤ ਡਾਟਾ ਕਾਨੂੰਨ ਹੈ। ਚੀਨ ਆਪਣੇ ਘਰ ਵਿੱਚ ਨਿੱਜੀ ਕੰਪਨੀਆਂ, ਖਾਸ ਕਰ ਕੇ ਤਕਨਾਲੋਜੀ ਦੀਆਂ ਮਹਾਰਥੀ ਕੰਪਨੀਆਂ ਉੱਤੇ ਆਪਣੀ ਨੱਥ ਕੱਸਣੀ ਚਾਹੁੰਦਾ ਹੈ, ਪਰ ਅਜਿਹਾ ਨਹੀਂ ਕਿ ਸਿਰਫ ਨਿੱਜੀ ਕੰਪਨੀਆਂ ਉੱਤੇ ਨੱਥੀ ਕੱਸੀ ਜਾ ਰਹੀ ਹੈ, ਇਸ ਘੇਰੇ ਵਿੱਚ ਜਨਤਕ ਕੰਪਨਆਂ ਵੀ ਆ ਜਾਂਦੀਆਂ ਹਨ, ਖਾਸ ਕਰ ਕੇ ਇਨ੍ਹਾਂ ਕੰਪਨੀਆਂ ਵੱਲੋਂ ਗਾਹਕਾਂ ਦੀਆਂ ਸੂਚਨਾਵਾਂ ਨੂੰ ਸੁਰੱਖਿਅਤ ਰੱਖਣ ਅਤੇ ਇਨ੍ਹਾਂ ਨੂੰ ਕਿਸੇ ਦੂਸਰੇ ਵਿਅਕਤੀ ਜਾਂ ਕੰਪਨੀ ਨੂੰ ਨਾ ਵੇਚਣਾ ਸ਼ਾਮਲ ਹੈ। ਕੰਪਨੀਆਂ ਨੂੰ ਸਖਤ ਹਦਾਇਤ ਦਿੱਤੀ ਗਈ ਹੈ ਕਿ ਕਿਸੇ ਵੀ ਗਾਹਕ ਦੀ ਸੂਚਨਾ ਸਾਂਝੀ ਕਰਨ ਤੋਂ ਪਹਿਲਾਂ ਉਸ ਦੀ ਰਜ਼ਾਮੰਦੀ ਜ਼ਰੂਰ ਲੈਣ ਤੇ ਗਾਹਕ ਜੇ ਰਜ਼ਾਮੰਦ ਨਾ ਹੋਵੇ ਤਾਂ ਉਸ ਨੂੰ ਕੰਪਨੀਆਂ ਆਪਣੀਆਂ ਸੇਵਾਵਾਂ ਦੇਣ ਤੋਂ ਨਾਂਹ ਵੀ ਨਹੀਂ ਕਰ ਸਕਦੀਆਂ।

ਕੁਝ ਨਿੱਜੀ ਕੰਪਨੀਆਂ ਉੱਤੇ ਸ਼ੱਕ ਸੀ ਕਿ ਉਹ ਆਪਣੇ ਗਾਹਕਾਂ ਦੀ ਨਿੱਜੀ ਸੂਚਨਾ ਦੂਸਰੀ ਕੰਪਨੀ ਨੂੰ ਬਿਨਾਂ ਉਨ੍ਹਾਂ ਦੀ ਇਜਾਜ਼ਤ ਦੇ ਵੇਚ ਸਕਦੀਆਂ ਹਨ ਤੇ ਇਸ ਦੀ ਅੱਗੇ ਦੁਰਵਰਤੋਂ ਹੋ ਸਕਦੀ ਹੈ। ਜਿਵੇਂ ਉਨ੍ਹਾਂ ਦੇ ਬੈਂਕ ਅਕਾਊਂਟ ਵਿੱਚ ਸੰਨ੍ਹ ਲਾਉਣੀ, ਉਨ੍ਹਾਂ ਤੋਂ ਕਿਸੇ ਸਕੀਮ ਦੇ ਵੱਧ ਪੈਸੇ ਲੈਣੇ ਆਦਿ। ਇਸ ਤੋਂ ਬਚਣ ਲਈ ਚੀਨ ਨੇ ਨਿੱਜੀ ਸੂਚਨਾ ਸੁਰ-ਖਿਆ ਕਾਨੂੰਨ ਬਣਾਇਆ ਹੈ। ਆਮ ਤੌਰ ਉੱਤੇ ਟੈਕ ਕੰਪਨੀਆਂ ਲੋਕਾਂ ਦਾ ਨਿੱਜੀ ਡਾਟਾ ਲੈ ਕੇ ਉਨ੍ਹਾਂ ਤੋਂ ਵੱਧ ਪੈਸੇ ਵੀ ਉਗਰਾਹ ਲੈਂਦੀਆਂ ਹਨ। ਮਿਸਾਲ ਵਜੋਂ ਕੰਪਨੀ ਕੋਲ ਉਸ ਦੇ ਸਾਰੇ ਗਾਹਕਾਂ ਦੀ ਸੂਚੀ ਹੁੰਦੀ ਹੈ ਜਿਸ ਵਿੱਚ ਉਨ੍ਹਾਂ ਵੱਲੋਂ ਕੀਤੀ ਗਈ ਖਰੀਦਦਾਰੀ ਦਾ ਰਿਕਾਰਡ ਹੁੰਦਾ ਹੈ। ਇਸ ਦੇ ਬਾਅਦ ਜੇ ਕੋਈ ਵਿਅਕਤੀ ਮਹਿੰਗੇ ਕੱਪੜੇ, ਬੂਟ ਜਾਂ ਕਾਸਮੈਟਿਕ ਦਾ ਕੋਈ ਵੀ ਸਾਮਾਨ ਨਹੀਂ ਖਰੀਦਦਾ ਤਾਂ ਕੰਪਨੀ ਉਸ ਨੂੰ ਉਨ੍ਹਾਂ ਉਤਪਾਦਾਂ ਉੱਤੇ ਡਿਸਕਾਊਂਟ ਦੇਵੇਗੀ, ਪਰ ਜੋ ਕੋਈ ਖਰੀਦਦਾਰੀ ਵਿੱਚ ਮਹਿੰਗਾ ਸਾਮਾਨ ਖਰੀਦਦਾ ਹੈ, ਉਸ ਨੂੰ ਕੰਪਨੀਆਂ ਇਹ ਡਿਸਕਾਊਂਟ ਨਹੀਂ ਦੇਣਗੀਆਂ। ਇਸ ਕਾਨੂੰਨ ਦੇ ਪਾਸ ਹੋਣ ਦੇ ਬਾਅਦ ਕੰਪਨੀਆਂ ਗਾਹਕਾਂ ਦੇ ਨਾਲ ਅਜਿਹਾ ਕੋਈ ਵੀ ਵਿਤਕਰਾ ਨਹੀਂ ਕਰ ਸਕਣਗੀਆਂ।

ਇਸ ਕਾਨੂੰਨ ਦੀ ਕੋਈ ਕਾਪੀ ਕਿਸੇ ਕੋਲ ਨਹੀਂ ਹੈ, ਇਸ ਲਈ ਚੀਨ ਜੋ ਦਲੀਲ ਦੇ ਰਿਹਾ ਹੈ, ਸਾਰੇ ਲੋਕਾਂ ਨੂੰ ਉਸ ਨੂੰ ਮੰਨਣਾ ਪੈ ਰਿਹਾ ਹੈ। ਤਿੰਨ ਸਾਲ ਪਹਿਲਾਂ ਭਾਵ 2017 ਵਿੱਚ ਠੀਕ ਇਸੇ ਤਰ੍ਹਾਂ ਦਾ ਕਾਨੂੰਨ ਯੂਰਪੀ ਯੂਨੀਅਨ ਵਿੱਚ ਵੀ ਲਾਗੂ ਕੀਤਾ ਗਿਆ ਸੀ ਜਿਸ ਨੂੰ ਯੂਰਪ ਜਨਰਲ ਡਾਟਾ ਪ੍ਰੋਟੈਕਸ਼ਨ ਰੈਗੂਲੇਸ਼ਨ ਕਿਹਾ ਗਿਆ।

ਇੱਥੇ ਵੀ ਨਿੱਜੀ ਕੰਪਨੀਆਂ ਵੱਲੋਂ ਲੋਕਾਂ ਦੀਆਂ ਨਿੱਜੀ ਜਾਣਕਾਰੀਆਂ ਦੀ ਗਲਤ ਵਰਤੋਂ ਨੂੰ ਰੋਕਣ ਦੀ ਮੁਹਿੰਮ ਚਲਾਈ ਸੀ। 2020 ਵਿੱਚ ਬਰਾਜ਼ੀਲ ਵਿੱਚ ਵੀ ਅਜਿਹਾ ਹੀ ਕਾਨੂੰਨ ਲਿਆਂਦਾ ਗਿਆ ਸੀ। ਇਸ ਕਾਨੂੰਨ ਦੇ ਪਾਸ ਹੋਣ ਦੇ ਬਾਅਦ ਸਭ ਤੋਂ ਵੱਧ ਅਸਰ ਦੁਨੀਆ ਭਰ ਦੀਆਂ ਤਕਨਾਲੋਜੀ ਕੰਪਨੀਆਂ ਉੱਤੇ ਪਿਆ ਅਤੇ ਅਮਰੀਕਾ ਵਿੱਚ ਟੈਕ ਕੰਪਨੀਆਂ ਦੇ ਸ਼ੇਅਰ ਵਿੱਚ ਸਭ ਤੋਂ ਜ਼ਿਆਦਾ ਗਿਰਾਵਟ ਦੇਖਣ ਨੂੰ ਮਿਲੀ। ਇਨ੍ਹਾਂ ਕੰਪਨੀਆਂ ਵਿੱਚ ਬਹੁਤ ਸਾਰੀਆਂ ਚੀਨੀ ਕੰਪਨੀਆਂ ਹਨ ਜਿਨ੍ਹਾਂ ਵਿੱਚ ਟੇਨਸੇਂਟ, ਅਲੀ ਬਾਬਾ, ਬਾਈਦੂ, ਜੇਡੀ, ਪਿਨਤੁਓਤੁਓ, ਵੇਈਬੋ, ਆਈ ਵੀ ਆਈ ਵਾਈ ਆਈ, ਬਿਲੀਬਿਲੀ, ਯਮ ਚਾਈਨਾ, ਲੁਫਾਕਸ, ਜ਼ੈਡ ਟੀ ਓ, ਟ੍ਰਿਫ ਡਾਟਕਾਮ, ਮੇਈਥਵਾਨ, ਤੀਤੀ, ਨਿਓ, ਜੀ ਡੀ ਐਸ ਦੇ ਨਾਲ ਕਈ ਹੋਰ ਕੰਪਨੀਆਂ ਵੀ ਹਨ, ਜਿਨ੍ਹਾਂ ਦੇ ਸ਼ੇਅਰ ਮੂਧੇ ਮੂੰਹ ਡਿੱਗੇ ਹਨ। ਸਾਰੀਆਂ ਚੀਨੀ ਤਕਨੀਕੀ ਕੰਪ-ਨੀਆਂ ਦੇ ਸ਼ੇਅਰਾਂ ਵਿੱਚ ਸਾਢੇ ਚਾਰ ਤੋਂ ਪੰਜ ਫੀਸਦੀ ਦੀ ਗਿਰਾਵਟ ਦਰਜ ਹੋਈ। ਇਸ ਦੇ ਇਲਾਵਾ ਨੈਸਡੈਕ ਗੋਲਡਨ ਡ੍ਰੈਗਨ ਇੰਡੈਕਸ, ਜਿਸ ਵਿੱਚ ਅਮਰੀਕੀ ਸ਼ੇਅਰ ਬਾਜ਼ਾਰ ਵਿੱਚ ਸੂਚੀਬੱਧ ਚੀਨੀ ਸਟਾਕ ਕੰਪਨੀਆਂ ਹਨ, ਵੀ ਚੀਨੀ ਸ਼ੇਅਰਾਂ ਦੀ ਸੱਤ ਫੀਸਦੀ ਦੀ ਗਿਰਾਵਟ ਦੇਖੀ ਗਈ।

ਅਮਰੀਕਾ ਵਿੱਚ ਚੀਨੀ ਸਟਾਕ ਵਿੱਚ ਸਾਲ 2008 ਵਿੱਚ ਵੱਡੀ ਆਰਥਿਕ ਮੰਦੀ ਦੇ ਬਾਅਦ ਜੁਲਾਈ 2021 ਵਿੱਚ ਹੋਈ ਇਹ ਸਭ ਤੋਂ ਵੱਡੀ ਗਿਰਾਵਟ ਹੈ। ਕੁੱਲ ਚੀਨੀ ਸਟਾਕ ਦੇ ਰੇਟਾਂ ਵਿੱਚ 43 ਫੀਸਦੀ ਦੀ ਗਿਰਾਵਟ ਦਰਜ ਹੋਈ, ਜਿਸ ਦਾ ਪੈਸਿਆਂ ਵਿੱਚ ਅਨੁਮਾਨ ਲਾਇਆ ਜਾਵੇਗਾ ਤਾਂ ਇੱਕ ਖਰਬ ਅਮਰੀਕੀ ਡਾਲਰ ਤੋਂ ਵੱਧ ਦੀ ਗਿਰਾਵਟ ਦੇਖੀ ਗਈ ਹੈ। ਇਹ ਚੀਨ ਲਈ ਵੱਡਾ ਆਰਥਿਕ ਝਟਕਾ ਹੈ ਜਿਸ ਲਈ ਉਹ ਖੁਦ ਜ਼ਿੰਮੇਵਾਰ ਹੈ ਅਤੇ ਜੇ ਚੀਨ ਆਪਣੀਆਂ ਟੈਕ ਕੰਪਨੀਆਂ ਦੀ ਨੱਥ ਇੰਨੀ ਨਾ ਕੱਸਦਾ ਤਾਂ ਚੀਨੀ ਕੰਪਨੀਆਂ ਦੇ ਸ਼ੇਅਰਾਂ ਦਾ ਇੰਨਾ ਬੁਰਾ ਹਾਲ ਨਾ ਹੁੰਦਾ।

ਚੀਨ ਇਨ੍ਹਾਂ ਕੰਪਨੀਆਂ ਉੱਤੇ ਦੂਸਰੇ ਢੰਗ ਨਾਲ ਵੀ ਪਾਬੰਦੀਆਂ ਲਗਾ ਸਕਦਾ ਸੀ ਤਾਂ ਕਿ ਉਸ ਨੂੰ ਆਰਥਿਕ ਨੁਕਸਾਨ ਨਾ ਹੋਵੇ।

ਪਹਿਲਾਂ ਚੀਨੀ ਕੰਪਨੀਆਂ ਸ਼ੇਅਰ ਬਾਜ਼ਾਰਾਂ ਵਿੱਚ ਬੜੀ ਚੰਗੀ ਕਾਰਗੁਜ਼ਾਰੀ ਕਰ ਰਹੀਆਂ ਸਨ, ਪਰ ਜਦੋਂ ਸਰਕਾਰ ਨੇ ਪਾਬੰਦੀ ਲਾਈ, ਉਨ੍ਹਾਂ ਦੇ ਸ਼ੇਅਰ ਅਚਾਨਕ ਹੇਠਾਂ ਡਿੱਗਣ ਲੱਗੇ ਅਤੇ ਇਸ ਸਮੇਂ ਹਾਲਾਤ ਅਜਿਹੇ ਹਨ ਕਿ ਚੀਨ ਦੀਆਂ ਕਈ ਕੰਪਨੀਆਂ ਸੜਕ ਉੱਤੇ ਆ ਗਈਆਂ ਹਨ। ਅਜਿਹਾ ਸਿਰਫ ਇਸ ਲਈ ਹੋਇਆ ਕਿਉਂਕਿ ਚੀਨ ਸਰਕਾਰ, ਜਿਸ ਕੋਲ ਅਰਥਵਿਵਸਥਾ ਅਤੇ ਕਾਰਪੋਰੇਟ ਖੇਤਰਾਂ ਵਿੱਚ ਕੋਈ ਤਜਰਬਾ ਨਹੀਂ ਹੈ, ਉਸ ਨੇ ਇਨ੍ਹਾਂ ਕੰਪ-ਨੀਆਂ ਦੇ ਅਰਥ ਤੰਤਰ ਦੇ ਨਾਲ ਛੇੜਛਾੜ ਕੀਤੀ। ਹੁਣ ਚੀਨ ਕੋਲ ਪਛਤਾਉਣ ਦੇ ਇਲਾਵਾ ਹੋਰ ਕੋਈ ਚਾਰਾ ਨਹੀਂ ਹੈ।

## ਢੋਲ ਪ੍ਰਦੇਸੀ

ਨੀ ਢੋਲ ਗਿਆ ਅਮਰੀਕਾ ਮੇਰਾ ਠੰਡੇ ਹੌਕੇ ਭਰਦੀ
ਉਹਦੇ ਕੰਨ ਤੇ ਜੂੰ ਨਾ ਸਰਕਦੀ ਮੈਂ ਜਾਵਾਂ ਹੁਣ ਮਰਦੀ
ਦਿਲ ਦਾ ਹਾਲ ਸੁਨਾਵਣ ਦੇ ਲਈ ਅੱਜ ਮੈਂ ਖਿੱਚੀ ਤਿਆਰੀ
ਢੋਲਾ ਛੁੱਟੀ ਲੈ ਕੇ ਆ ਵੇ ਤੇਰਾ ਕਿਹੜਾ ਕੰਮ ਸਰਕਾਰੀ ਐ।

ਤੂੰ ਤਿੰਨ ਮਹੀਨੇ ਰਹਿ ਕੇ ਤੁਰ ਗਿਆ ਦੇਸੀ ਦਾਰੂ ਪੀ ਕੇ
ਮੌਤੋਂ ਬੁਰਾ ਵਿਛੋੜਾ ਹੁੰਦਾ ਕੀ ਲੈਣਾ ਹੁਣ ਜੀਅ ਕੇ
ਜਿਸ ਦਿਨ ਨਾਲ ਵਿਆਹੀ ਤੇਰੇ ਚੜ੍ਹੀ ਸੀ ਖੁਸ਼. ਨਿਆਰੀ
ਢੋਲਾ ਛੁੱਟੀ ਲੈ ਕੇ ਆਵੇ ਤੇਰਾ ...

ਦੁਹਰੀਆਂ ਤੀਹਰੀਆਂ ਸ਼ਿਫਟਾਂ ਲਾਉਣਾ ਫੋਨ ਕਦੇ ਨੀ ਚੁੱਕਦਾ
ਨਿੱਤ ਸ਼ਾਮ ਸਵੇਰੇ ਮੈਸਜ ਛੱਡਦੀ ਕਾਹਤੋਂ ਨੀ ਚੈਕ ਕਰਦਾ
ਨਹੀਂ ਫੋਨ ਕਟਾ ਕੇ ਰੱਖਦੇ ਪਾਸੇ ਤੇਰੀ ਕਹਿੰਦੀ ਅੱਜ ਕਰਤਾਰੀ
ਢੋਲਾ ਛੁੱਟੀ ਲੈ ਕੇ ਆਵੇ ਤੇਰਾ ...

ਤੂੰ ਤਾਂ ਬਹੁਤ ਸਿਆਣਾ ਸੀ ਹੁਣ ਦੱਸ ਕਿਵੇਂ ਸਮਝਾਵਾਂ
ਮਾਂ ਦੇ ਪਿੱਛੇ ਲੱਗ ਕੇ ਵੇ ਤੂੰ ਪੈ ਗਿਆ ਪੁੱਠਿਆਂ ਰਾਹਵਾਂ
ਰੋਜ਼ ਜ਼ਮੀਨਾਂ ਨੱਪਦੇ ਮੈਨੂੰ ਦੱਸ ਗਿਆ ਕੱਲ੍ਹ ਪਟਵਾਰੀ
ਢੋਲਾ ਛੁੱਟੀ ਲੈ ਕੇ ਆਵੇ ਤੇਰਾ ...

ਆਂਢ ਗੁਆਂਢੀ ਗੱਲਾਂ ਕਰਦੇ ਜਾਂਦੇ ਛੱਡ ਵਿਆਹ ਕੇ
ਮੈਨੂੰ ਮਾਂ ਦੀ ਧੀ ਨਾ ਜਾਣੀਂ ਛੱਡੂ ਮੋਰ ਬਣਾ ਕੇ
ਗੁੰਝਲਦਾਰ ਕਹਾਣੀ ਬਣ ਜਾਊ, ਬਣ ਜਾਊ ਮਸਲਾ ਭਾਰੀ
ਢੋਲਾ ਛੁੱਟੀ ਲੈ ਕੇ ਆਵੇ ਤੇਰਾ ...

ਦੇਵ ਘੋਲੀਏ ਵਾਲਿਆ ਵੇ ਤੈਨੂੰ ਹਾਰ ਗਈ ਸਮਝਾ ਕੇ
ਹੋਰ ਮਹੀਨੇ ਤੱਕ ਪੇਕੀਂ ਤੁਰ ਜਾਊ ਜਿੰਦਾ ਕੁੰਡਾ ਲਾ ਕੇ
ਕੁੰਜੀਆਂ ਕਿੱਥੋਂ ਭਾਲੇਂਗਾ ਤੂੰ ਵੱਢ ਲਈ ਜਿੰਦਾ ਆਰੀ
ਢੋਲਾ ਛੁੱਟੀ ਲੈ ਕੇ ਆਵੇ ਤੇਰਾ ਕਿਹੜਾ ਕੰਮ ਸਰਕਾਰੀ ਐ।



– ਦੇਵ ਘੋਲੀਆ ਖੁਰਦ (ਫਰਿਜ਼ਨੋ)
559-232-7764

## ਦਰਦ ਪੰਜਾਬੀ ਦਾ

ਦੇਖ ਲੈ ਪੰਜਾਬੀਏ ਨੀ ਪੁੱਤ ਤੇਰੇ ਲਾਡਲੇ
ਇਨ੍ਹਾਂ ਨੂੰ ਤਾਂ ਤੇਰੀ ਹੀ ਸਿਆਣ ਭੁੱਲੀ ਜਾਂਦੀ ਐ।

ਨਾਮ ਤੇਰਾ ਜਪਦੇ ਆ ਬਹਿ ਕੇ ਜਿਹੜੇ ਦਿਨੇ ਰਾਤੀਂ
ਅੱਖਰਾਂ ਦੀ ਉਨ੍ਹਾਂ ਨੂੰ ਪਛਾਣ ਭੁੱਲੀ ਜਾਂਦੀ ਐ।

ਮਨੁੱਖਤਾ ਦਾ ਪਿੱਟਦੀ ਢੰਡੋਰਾ ਜਿਹੜੀ ਅੱਠੇ ਪਹਿਰ
ਉਹੋ ਈ ਲੋਕਾਈ ਇਨਸਾਨ ਭੁੱਲੀ ਜਾਂਦੀ ਐ।

ਅੱਗੇ ਹੋਣਾ ਕੀ ਐ ਇਹੋ ਕੋਈ ਵੀ ਨਹੀਂ ਜਾਣਦਾ
ਭਵਿੱਖ ਦੀ ਜੁਆਨੀ ਵਰਤਮਾਨ ਭੁੱਲੀ ਜਾਂਦੀ ਐ।

ਕਿਵੇਂ ਦਦਿਔਰੇ, ਪਤਿਔਰੇ ਤੇ ਨਨਿਔਰੇ ਕਹੂ
ਜਿਹੜੀ ਪੀੜ੍ਹੀ ਆਪਣੀ ਜ਼ੁਬਾਨ ਭੁੱਲੀ ਜਾਂਦੀ ਐ।

ਕੱਚੋਂ ਹੌਲੇ ਰਿਸ਼ਤੇ ਤੇ ਮਰ ਰਿਹਾ ਮੋਹ ਵੇਖ
ਭਾਬੀ ਨੂੰ ਤਾਂ ਆਪਣੀ ਨਣਾਨ ਭੁੱਲੀ ਜਾਂਦੀ ਐ।



ਕੇਹਰ ਸ਼ਰੀਫ
+49 173 3546050

# ਬਜ਼ੁਰਗ ਭਾਈਚਾਰੇ ਨੂੰ ਦੁਸ਼ਵਾਰੀਆਂ ਤੋਂ ਮੁਕਤੀ ਕਦੋਂ?



ਜਗਦੀਸ਼ ਸਿੰਘ ਚੋਹਕਾ
001-403-285-4208
91-9217997445

ਭਾਰਤ ਅੰਦਰ ਹਰ ਵਿਅੱਕਤੀ ਜੋ 60 ਸਾਲ ਦੀ ਉਮਰ ਟੱਪ ਜਾਂਦਾ ਹੈ, ਉਹ ਸੀਨੀਅਰ ਸਿਟੀਜ਼ਨ ਕਹਿਲਾਉਣ ਦਾ ਹੱਕਦਾਰ ਬਣ ਜਾਂਦਾ ਹੈ। ਇਸ ਸਮੇਂ 10.40-ਕਰੋੜ ਭਾਰਤੀ ਜਿਨ੍ਹਾਂ 'ਚ 5.30 ਕਰੋੜ ਮਰਦ ਅਤੇ 5.10-ਕਰੋੜ ਇਸਤਰੀਆਂ ਹਨ ਜੋ ਇਸ ਹੱਦ-ਬੰਦੀ ਵਿੱਚ ਗਿਣੇ ਜਾ ਰਹੇ ਹਨ (2011-ਗਣਜਣਨਾ)। ਸੰਯੁਕਤ ਰਾਸ਼ਟਰ ਦੀ ਇਕ ਰਿਪੋਰਟ, ਆਬਾਦੀ ਫੰਡ ਤੇ ਹੈਲਪ-ਏਜ ਇੰਡੀਆ ਮੁਤਾਬਿਕ ਸਾਲ 2026 ਤੱਕ ਭਾਰਤ ਅੰਦਰ ਬਜ਼ੁਰਗਾਂ ਦੀ ਗਿਣਤੀ 17.30 ਕਰੋੜ ਤੱਕ ਪੁੱਜਣ ਦੀ ਆਸ ਹੈ। ਇਸ ਵਿੱਚੋਂ 71-ਫੀ ਸਦ ਆਬਾਦੀ ਪੇਂਡੂ ਅਤੇ 29-ਫੀ ਸਦ ਸ਼ਹਿਰੀ ਖੇਤਰ ਚ ਹੋਵੇਗੀ। ਭਾਵੇਂ ਸੰਸਾਰ ਅੰਦਰ ਘਾਤਕ ਬਿਮਾਰੀਆਂ, ਵਾਇਰਸ ਤੇ ਲਾ-ਇਲਾਜ ਬਿਮਾਰੀਆਂ ਕਾਰਨ ਮੌਤਾਂ 'ਤੇ ਕਾਬੂ ਪਾਇਆ ਜਾ ਰਿਹਾ ਹੈ, ਜਿਸ ਕਾਰਨ ਪ੍ਰਤੀ ਵਿਅਕੱਤੀ ਉਮਰ ਵੱਡੀ ਹੁੰਦੀ ਜਾ ਰਹੀ ਹੈ। ਪਰ ਦੂਸਰੇ ਪਾਸੇ ਸੰਸਾਰੀਕਨ ਅਧੀਨ ਨਵ-ਉਦਾਰਵਾਦ ਅੰਦਰ ਵੱਡੇ-ਵੱਡੇ ਘਰਾਣਿਆ ਨੇ ਆਪਣੇ ਮੁਨਾਫੇ ਵਧਾਉਣ ਲਈ ਅੰਨ੍ਹੇਵਾਰ ਕੁਦਰਤ ਨਾਲ ਛੇੜ-ਛਾੜ ਕੀਤੀ ਹੈ। ਉਸ ਅਨੁਸਾਰ ਵਿਗੜ ਰਹੇ ਵਾਤਾਵਰਣ, ਪਲੀਤ ਹੋ ਰਹੀ ਹਵਾ ਤੇ ਪਾਣੀ ਅਤੇ ਈਕੋ-ਸਿਸਟਮ ਵਿੱਚ ਆਏ ਬਦਲਾਅ ਕਾਰਨ ਮਨੁੱਖੀ ਜੀਵਨ 'ਤੇ ਬਹੁਤ ਸਾਰੇ ਮਾੜੇ ਪ੍ਰਭਾਵ ਪਏ ਹਨ। ਜਿਸ ਕਾਰਨ ਵੱਧ ਰਹੀ ਮਹਿੰਗਾਈ, ਬੇਰੁਜ਼ਗਾਰੀ ਤੇ ਭੁੱਖਮਰੀ ਕਾਰਨ ਆਮ ਜਨਤਾ ਦੀ ਸਿਹਤ 'ਤੇ ਬਹੁਤ ਦੂਰ-ਪ੍ਰਭਾਵ ਪਏ ਹਨ। ਭੁੱਖ-ਮਰੀ ਤੇ ਕੁਪੋਸ਼ਨ ਕਾਰਨ ਇਸ ਦਾ ਸ਼ਿਕਾਰ ਹੋਇਆ ਹੈ ਬਾਲਪਣ ਅਤੇ ਬਜ਼ੁਰਗ ਭਾਈਚਾਰਾ !

ਦੇਸ਼ ਅੰਦਰ 7.5 ਕਰੋੜ ਬਜ਼ੁਰਗਾਂ ਵਿੱਚੋਂ ਦੋ-'ਚ ਇਕ ਵਿਅੱਕਤੀ ਕੋਈ ਨਾ ਕੋਈ ਲੰਬੀ, ਪੁਰਾਣੀ ਜਾਂ ਘਾਤਕ ਬਿਮਾਰੀ ਤੋਂ ਪੀੜਤ ਹੈ। ਦੂਸਰੇ ਪਾਸੇ ਗਰੀਬੀ, ਬੇਰੁਜ਼ਗਾਰੀ ਅਤੇ ਤੰਗੀਆਂ-ਤਰੁਸ਼ੀਆਂ ਕਾਰਨ ਸਰੀਰਕ ਕਮਜ਼ੋਰੀ ਤੇ ਮਾਨਸਿਕ ਪੀੜਾ ਕਾਰਨ 20-ਫੀਸਦ ਤੋਂ ਵੱਧ ਬਜ਼ੁਰਗ ਪ੍ਰੇਸ਼ਾਨੀ ਦੇ ਆਲਮ ਹੇਠ ਜੀਅ ਰਹੇ ਹਨ। ਮੌਜੂਦਾ ਕਰੋਨਾ-19 ਦੀ ਮਹਾਮਾਰੀ ਦੇ ਭੈਅ ਕਾਰਨ ਬਜ਼ੁਰਗ-ਸੰਸਾਰ ਸਭ ਤੋਂ ਵੱਧ ਬਿਪਤਾ ਹੰਡਾਅ ਰਿਹਾ ਹੈ। ਮਾੜੀ ਸਿਹਤ ਤੇ ਇਕੱਲਤਾ ਕਾਰਨ, ਦੂਸਰਾ ਕਰੋਨਾ ਦਾ ਭੈਅ ਜੋ ਇੱਸ ਵਰਗ ਦੇ ਸਿਰ ਤੇ ਖੜਾ ਹੈ, ਬਜ਼ੁਰਗ ਭਾਈਚਾਰਾ ਸੰਵੇਦਨਸ਼ੀਲਤਾ ਅਤੇ ਅਸੁਰੱਖਿਆ ਕਾਰਨ ਨਿੱਤ ਦਿਨ ਪੀੜਾ ਦੇਣ ਵਾਲੀ ਜਿੰਦਗੀ ਜੀਅ ਰਿਹਾ ਹੈ। ਵਿਆਪਕ ਰੂਪ ਵਿੱਚ ਦੇਖਿਆ ਜਾਵੇ ਤਾਂ ਉਪਰੋਕਤ ਬਿਪਤਾ ਤੋਂ ਇਲਾਵਾ ਵੱਧ ਰਹੀ ਨਿਰਭਰਤਾ, ਦੁਰ ਵਿਵਹਾਰ ਤੇ ਮਾਨਸਿਕ ਚੁਣੌਤੀਆਂ ਉਸ ਨੂੰ ਹੋਰ ਪ੍ਰੇਸ਼ਾਨ ਕਰ ਰਹੀਆਂ ਹਨ। ਅਜਿਹੇ ਹਾਲਾਤ ਕੇਵਲ ਮਨ ਹੀ ਨਹੀਂ ਸਰੀਰਕ ਰੂਪ ਵਿੱਚ ਵੀ ਬਜ਼ੁਰਗਾਂ ਨੂੰ ਹੋਰ ਕਮਜ਼ੋਰ ਕਰਦੇ ਹਨ। ਪਿਛਲੇ 1 ਤੋਂ ਬਜ਼ੁਰਗ ਘਰਾਂ ਅੰਦਰ ਹੀ ਪ੍ਰਵਾਰ ਦੇ ਸਾਰੇ ਜੀਆਂ ਦੀ ਮੌਜੂਦਗੀ ਹੋਣ ਦੇ ਬਾਵਜੂਦ ਵੀ ਇਹ 20-ਫੀਸਦ ਬਜ਼ੁਰਗ ਉਨ੍ਹਾਂ ਦੀ ਹਾਜਰੀ ਚਾਹੁੰਦੇ ਹਨ। ਐਨਾ ਹੀ ਨਹੀਂ 35.7-ਫੀ-ਸਦ ਬਜ਼ੁਰਗ ਚਾਹੁੰਦੇ ਹਨ ਕਿ, 'ਕਿ ਉਨ੍ਹਾਂ ਨਾਲ ਕੋਈ ਗੱਲ-ਬਾਤ ਕਰਨ ਵਾਲਾ ਹੋਵੇ। ਸੰਸਾਰੀਕਰਨ ਦੇ ਇਸ ਦੌਰ ਅੰਦਰ ਜਦੋਂ ਹਰ ਵਰਗ ਆਪਣੇ ਘੇਰੇ 'ਚ ਸਿਮਟ ਰਿਹਾ ਹੋਵੇ ਤਾਂ ਬਜ਼ੁਰਗ ਭਾਈਚਾਰਾ ਇਕੱਲਤਾ ਕਾਰਨ ਨਿਰਾਸ਼ਤਾ ਦੀ ਜਿੰਦਗੀ ਜਿਊਣ ਲਈ ਮਜ਼ਬੂਰ ਹੋ ਜਾਂਦਾ ਹੈ। 40-ਫੀ ਤੋਂ ਵੱਧ ਬਜ਼ੁਰਗ ਮੰਨਦੇ ਹਨ ਕਿ ਸਮਾਜ ਅੰਦਰ ਉਨ੍ਹਾਂ ਨਾਲ ਦੂਸਰਿਆਂ ਵੱਲੋਂ ਦੁਰ-ਵਿਵਹਾਰ ਇਕ ਆਮ ਗੱਲ ਹੈ। 15-ਫੀ ਸਦ ਨੇ ਖੁਦ ਸਵੀਕਾਰ ਹੈ, 'ਕਿ ਉਹ ਖੁਦ ਪ੍ਰਵਾਰ ਅੰਦਰ ਦੁਰ-ਵਿਵਹਾਰ ਦਾ ਸ਼ਿਕਾਰ ਹਨ। (ਇਕ ਸਰਵੇਖਣ-ਰਿਪੋਰਟ-2021)

ਕਰੋਨਾ ਮਹਾਮਾਰੀ ਦੇ ਭੈਅ ਅਤੇ ਬਦਲੇ ਹਲਾਤਾਂ ਕਾਰਨ 8-ਫੀ ਸਦ ਇਨ੍ਹਾਂ ਸਨਮਾਨਤ ਲੋਕਾਂ ਦਾ ਕਹਿਣਾ ਹੈ, 'ਕਿ ਇਸ ਭੈਅ ਕਾਰਨ ਬਜ਼ੁਰਗ ਦੇ ਜੀਵਨ &;ਨਾਲ ਦੁਰ ਵਿਵਹਾਰ ਦੀਆਂ ਘਟਨਾਵਾਂ 'ਚ ਵਾਧਾ ਹੋਇਆ ਹੈ। ਇਸ ਦਾ ਵੱਡਾ ਕਾਰਨ ਪ੍ਰਵਾਰਾਂ ਅੰਦਰ ਕਰੋਨਾ ਵਾਇਰਸ ਨਾਲ ਨੌਜਵਾਨ ਜਾਂ ਕਮਾਊ-ਜੀਅ ਦੀ ਮੌਤ ਬਾਦ ਆਮਦਨ ਦਾ ਕਸਾਰਾ, ਹੋਰ ਖਰਚੇ ਵੱਧਣ ਕਾਰਨ ਘਰ ਦਾ ਗੁਜ਼ਾਰਾ ਨਾ ਚੱਲਣਾ ਅਤੇ ਦੂਸਰਾ ਬਜ਼ੁਰਗਾਂ ਦੇ ਬੇਹਤਰ ਇਲਾਜ, ਸਿਹਤ ਤੇ ਬੁਨਿਆਦੀ ਢਾਂਚੇ ਨੂੰ ਕਾਇਮ ਰੱਖਣ ਲਈ ਦਵਾਈਆਂ 'ਤੇ ਹੋ ਰਹੇ ਖਰਚਿਆਂ ਦੇ ਭਾਰ ਕਾਰਨ ਪੈਦਾ ਹੋ ਰਹੇ ਤਨਾਅ ਦੀ ਮਾਰ ਵੀ ਬਜ਼ੁਰਗਾਂ ਨੂੰ ਝੱਲਣੀ ਪੈ ਰਹੀ ਹੈ। ਹਾਕਮ ਭਾਵੇਂ ਕਿੰਨੀਆਂ ਵੀ ਲੋਕਾਂ ਨੂੰ ਸਹਾਇਤਾ ਲਈ ਭਲਾਈ ਸਕੀਮਾਂ ਚਾਲੂ ਕਰਨ ਦੀਆਂ ਟਾਹਰਾਂ ਮਾਰੀ ਜਾਣ। ਪਰ ਅਮਲ ਵਿੱਚ ਆਮ ਲੋਕਾਂ ਨੂੰ ਬਣਦੀਆਂ ਸਹੂਲਤਾਂ ਨਹੀਂ ਮਿਲ ਰਹੀਆਂ ਹਨ। ਭਾਰਤ ਅੰਦਰ ਗਰੀਬੀ-ਗੁਰਬਤ, ਮਾੜੀਆ ਸਿਹਤ ਸਹੂਲਤਾਂ, ਅਤੇ ਗਿਆਨ-ਵਿਗਿਆਨ ਦੀ ਘਾਟ ਪਹਿਲਾ ਹੀ ਅੱਤ ਦਰਜੇ ਤੱਕ ਪੁੱਜ ਚੁੱਕੀ ਹੋਈ ਹੈ। ਅਜਿਹੇ ਹਲਾਤਾਂ ਅੰਦਰ ਜਦੋਂ ਕਰੋਨਾ ਦਾ ਠਹਿਰਾਅ ਲਗਾਤਾਰ ਵੱਧ ਰਿਹਾ ਹੋਵੇ, ਰੁਜ਼ਗਾਰ ਸੁੰਗੜ ਗਏ ਹਨ ਅਤੇ ਦੇਸ਼ ਅੰਦਰ ਇਸ ਕਾਰਨ ਪੈਦਾ ਹੋਇਆ ਮਾਨਸਿਕ ਦੂਰ-ਪ੍ਰਭਾਵ ਜਿਸ ਨੇ ਆਰਥਿਕ ਮੰਦੇ ਨੂੰ ਜਨਮ ਦਿੱਤਾ ਹੈ। ਇਸ ਦਾ ਸਿੱਧਾ ਪ੍ਰਭਾਵ ਸਮਾਜ ਦੇ ਬਜ਼ੁਰਗ ਲੋਕਾਂ ਤੇ ਪੈਣਾ ਲਾਜ਼ਮੀ ਹੈ। ਇਹ ਪ੍ਰਭਾਵ ਦੂਸਰੇ ਰੂਪ ਵਿੱਚ ਵੀ ਆ ਰਿਹਾ ਹੈ। ਮੌਤ ਦੇ ਭੈਅ ਕਾਰਨ ਬਜ਼ੁਰਗਾਂ ਦੀ ਜਾਇਦਾਦ, ਜਮੀਨ ਅਤੇ ਪੂੰਜੀ ਨੂੰ ਪ੍ਰਵਾਰ ਦੇ ਮੈਂਬਰ ਆਪਣੇ ਨਾਂ ਕਰਵਾਉਣ ਲਈ ਕਈ ਵਾਰ ਅਜਿਹੀ ਸਥਿਤੀ ਪੈਦਾ ਕਰ ਦਿੰਦੇ ਹਨ, 'ਕਿ ਬਜ਼ੁਰਗਾਂ ਨੂੰ ਪੈਰ-ਪੈਰ ਤੇ ਆਪਣੇ ਬੱਚਿਆਂ ਦੇ ਆਤੁਰ (ਨਿਰਭਰ) ਹੋਣਾ ਪੈਂਦਾ ਹੈ। ਆਰਥਿਕ ਨਿਰਭਰਤਾ ਦਾ ਸਿਧੇ ਜਾਂ ਅਸਿਧੇ ਰੂਪ ਵਿੱਚ ਜੀਵਨ ਦੀ ਇਸ ਆਖਰੀ ਬੁਝ ਰਹੀ ਕਿਰਨ ਤੇ ਬੋਝ ਪੈਣਾ ਇਕ ਚਿੰਤਾ ਦਾ ਵਿਸ਼ਾ ਹੈ।

ਹਾਕਮ ਭਾਵੇਂ ਮੂੰਹ ਨਾ ਖੋਲਣ, ਪਰ ਸਾਲ 2021 ਦੇ ਸ਼ੁਰੂਆਤੀ ਸਮੇਂ ਦੌਰਾਨ ਸਿਹਤ-ਵਿਭਾਗ ਵੱਲੋ ਦੁਨੀਆ ਦਾ ਸਭ ਤੋਂ ਵੱਡਾ ਸਰਵੇਖਣ, 'ਲੌਂਗੀਟਿਊਜਨਲ ਏਜਿੰਗ ਸਟੱਡੀ ਇੰਨ ਇੰਡੀਆ'' ਕਰਾਇਆ ਗਿਆ ਸੀ। ਇਸ ਸਰਵੇਖਣ



ਅੰਦਰ ਬਜ਼ੁਰਗਾਂ ਦੀ ਸਿਹਤ ਸਬੰਧੀ ਲੈ ਕੇ ਦਿਲ-ਡਰਾਉਣ ਵਾਲੇ ਤੱਥ ਸਾਹਮਣੇ ਆਏ ਹਨ। ਇਸ ਸਰਵੇਖਣ ਅੰਦਰ ਇਹ ਸਾਹਮਣੇ ਆਇਆ ਹੈ ਕਿ ਭਾਰਤ ਅੰਦਰ 7.5-ਕਰੋੜ ਬਜ਼ੁਰਗ ਭਾਵ 60-ਸਾਲ ਤੋਂ ਉਪਰ ਵਾਲੀ ਉਮਰ ਦੇ ਦੋ-ਭਾਰਤੀਆਂ ਵਿਚੋਂ ਇਕ-ਭਾਰਤੀ ਲੰਬੀ ਅਤੇ ਪੁਰਾਣੀ (ਕਰੋਨੀਕਲ) ਬਿਮਾਰੀ ਤੋਂ ਪੀੜ੍ਹਤ ਸਨ। ਜਿਸ ਕਾਰਨ ਬਹੁਤ ਸਾਰੇ ਬਜ਼ੁਰਗ ਸਰੀਰਕ ਪੱਖੋਂ ਨਿਰਬਲ ਹੋਣ ਕਾਰਨ ਪ੍ਰੇਸ਼ਾਨ ਹਨ। 20-ਫੀ ਸਦ ਬਜ਼ੁਰਗ ਮਾਨਸਿਕ ਬਿਮਾਰੀਆਂ ਤੋਂ ਪੀੜਤ ਪਾਏ ਗਏ। 27-ਫੀਸਦ ਇਹ ਬਜ਼ੁਰਗ ਹੋਰ ਦੂਸਰੀਆਂ ਬਿਮਾਰੀਆਂ ਦੀ ਮਾਰ ਝੱਲ ਰਹੇ ਸਨ ਜਿਨ੍ਹਾਂ ਦੀ ਗਿਣਤੀ 3-ਕਰੋੜ ਦੇ ਆਸ-ਪਾਸ ਬਣਦੀ ਹੈ। ਦੇਸ਼ ਦਾ ਇਹ ਅਣਮੁੱਲਾ ਧਨ ਜਿਹੜਾ ਆਪਣੇ ਜੀਵਨ ਦੀ ਅਹੁਤੀ ਦੇ ਕੇ ਦੇਸ਼ ਨੂੰ ਸਮਰਿਧ ਬਣਾਉਂਦਾ ਰਿਹਾ ਹੈ, ਆਖਰੀ ਕਾਲ ਅੰਦਰ ਕਈ ਬਿਮਾਰੀਆਂ ਨਾਲ ਜੂਝਦਾ ਅੱਜ ਕਰੋਨਾ-ਮਹਾਮਾਰੀ ਕਾਰਨ ਪੈਦਾ ਹੋਈਆਂ ਦੁਸ਼ਵਾਰੀਆਂ ਦੇ ਪੈਰਾਂ ਹੇਠਾਂ ਦੱਬਿਆ ਜਾ ਰਿਹਾ ਹੈ।

ਜੇਕਰ ਹਾਕਮਾਂ ਵੱਲੋ ਅਤੇ ਸਮਾਜ ਵੱਲੋ ਸੰਵੇਦਨਸ਼ੀਲਤਾ ਦਾ ਮਾਹੌਲ ਹੋਵੇ, ਪ੍ਰਵਾਰ ਵੱਲੋ ਪੂਰਾ-ਪੂਰਾ ਸਹਿਯੋਗ ਮਿਲੇ ਤਾਂ ਵੱਡੀ ਉਮਰੇ ਵੀ ਇਨ੍ਹਾਂ ਦਾ ਹਰ ਤਰ੍ਹਾਂ ਦੀ ਜੱਦੋ-ਜਹਿਦ ਅੰਦਰ ਜੀਵਨ ਆਸਾਨੀ ਨਾਲ ਗੁਜਰ ਜਾਂਦਾ ਹੈ। ਆਪਣਿਆਂ ਦੀ ਨੇੜ੍ਹਤਾ, ਭਾਵਨਾਵਾਂ ਅਤੇ ਸਨੇਹ ਮਿਲਦਾ ਰਹੇ ਤਾਂ ਜੀਵਨ ਦੇ ਹਰ ਮੋੜ ਤੇ ਮਨੁੱਖ ਨੂੰ ਮਿਲੀ ਸ਼ਕਤੀ ਉਸ ਨੂੰ ਡੋਲਣ ਨਹੀਂ ਦਿੰਦੀ ਹੈ। ਪਰ ਅਫ਼ਸੋਸ ! ਕਿ ਇਸ ਪੂੰਜੀਵਾਦੀ ਸੰਸਾਰ ਅੰਦਰ ਥੱਕੇ-ਟੁੱਟੇ ਮਨੁੱਖ ਨੂੰ ਜੋ ਸਰੀਰਕ ਪੱਖੋ ਹੀ ਨਹੀਂ, ਮਾਨਸਿਕ ਪੱਖੋ ਵੀ ਟੁੱਟ-ਚੁੱਕਿਆ ਹੋਇਆ ਹੁੰਦਾ ਹੈ, ਉਦੋਂ ਉਹ ਸਾਰੇ ਹਥਿਆਰ ਸੁੱਟ ਦਿੰਦਾ ਹੈ ਜਦੋਂ ਉਸ ਨਾਲ ਆਪਣਿਆ ਵੱਲੋਂ ਵੀ ਸ਼ੋਸ਼ਣ ਜਿਹਾ ਵਿਵਹਾਰ ਸ਼ੁਰੂ ਹੋ ਜਾਂਦਾ ਹੈ। ਇਕ ਖੋਜ ਅੰਦਰ ਪਾਇਆ ਗਿਆ ਕਿ 60-ਫੀ ਸਦ ਤੋਂ ਵੱਧ ਬਜ਼ੁਰਗ ਮੁੱਖ ਰੂਪ ਵਿੱਚ ਭਾਵਨਾਤਮਿਕ ਸ਼ੋਸ਼ਣ, ਵਿੱਤੀ ਸੰਕਟ ਅਤੇ ਸਰੀਰਕ ਸ਼ੋਸ਼ਣ ਦਾ ਸ਼ਿਕਾਰ ਹਨ। ਭਾਰਤ ਵਰਗੇ ਪ੍ਰੰਪਰਾਵਾਦੀ ਪਰਿਵਾਰਕ ਢਾਂਚੇ ਵਾਲੇ ਦੇਸ਼ ਅੰਦਰ ਬਜ਼ੁਰਗਾਂ ਨਾਲ ਹੋ ਰਿਹਾ ਦੁਰ-ਵਿਵਹਾਰ ਇਕ ਦੁੱਖਦਾਈ ਸਚਾਈ ਹੈ।

ਉਦਾਰੀਵਾਦ ਜਿਉ-ਜਿਉਂ ਚੜ੍ਹਾਈ ਵਲ ਵੱਧਦਾ ਜਾ ਰਿਹਾ ਹੈ, ਉਸਦੇ ਸੰਕਟ ਕਾਰਨ ਵੱਡੇ ਬਜ਼ੁਰਗਾਂ ਨਾਲ ਮਾਰਕੁੱਟ ਅਤੇ ਘਰੋ ਬਾਹਰ ਕੱਢ ਦੇਣਾ, ਵਰਗੇ ਮਾਮਲਿਆ ਅੰਦਰ ਤੇਜੀ ਆ ਰਹੀ ਹੈ। ਬਜ਼ੁਰਗਾਂ ਨੂੰ ਮਕਾਨ, ਜਮੀਨ-ਜਾਇਦਾਦ ਤੇ ਹੋਰ ਮਾਲਕਾਨਾ-ਹੱਕਾਂ ਤੋਂ ਮਰਹੂਮ ਕੀਤਾ ਜਾ ਰਿਹਾ ਹੈ। ਜੋ ਦੂਸਰੇ ਪਾਸੇ ਉਨ੍ਹਾਂ ਦੀ ਜਿੰਦਗੀ ਨੂੰ ਨਰਕੀ ਵੀ ਬਣਾ ਦਿੱਤਾ ਜਾ ਰਿਹਾ ਹੈ। ਅਜਿਹੀ ਮਾਨਸਿਕਤਾ ਬਜ਼ੁਰਗਾਂ ਨੂੰ ਮੌਤ ਤੋਂ ਪਹਿਲਾ ਹੀ ਆਤਮ-ਹੱਤਿਆ ਕਰਨ ਲਈ ਮਜਬੂਰ ਕਰ ਦਿੰਦੀ ਹੈ।

ਇਹ ਵਰਤਾਰਾ ਕੋਵਿਡ-19 ਮਹਾਂਮਾਰੀ ਅੰਦਰ ਪਿਛਲੇ ਸਮੇਂ ਤੋਂ ਖੁਲ੍ਹ ਕੇ ਆ ਰਿਹਾ ਹੈ। ਨਿਰਸੰਦੇਹ ! ਬਜ਼ੁਰਗਾਂ ਦਾ ਅਪਮਾਣ, ਸ਼ੋਸ਼ਣ ਅਤੇ ਤ੍ਰਿਸਕਾਰ ਦੀਆਂ ਤਸਵੀਰਾਂ ਜੋ ਮੀਡੀਆ ਰਾਹੀ ਆ ਰਹੀਆਂ ਹਨ 'ਜੋ ਸਾਡੇ ਸਮਾਜਕ ਤੇ ਪ੍ਰਵਾਰਕ ਵਿਵੱਸਥਾਵਾਂ 'ਚ ਆ ਰਹੇ ਵਿਗਾੜਾਂ ਨੂੰ ਪੇਸ਼ ਕਰ ਰਹੀਆਂ ਹਨ। ਵਿਡੰਬਨਾ ! ਇਹ ਹੈ ਕਿ ਪ੍ਰਵਾਰ ਤੇ ਦੇਸ਼ ਨੂੰ ਉਸਾਰਨ ਤੇ ਨਿਰਮਾਣ ਕਰਨ ਵਾਲੇ ਇਹ ਬਜ਼ੁਰਗ ਜਿੰਦਗੀ ਦੇ ਆਖਰੀ ਪੜਾਅ ਅੰਦਰ ਹਰ ਮੋਰਚੇ ਤੇ ਇਕੱਲੇ ਅਤੇ ਅਸੁਰੱਖਿਅਤ ਰਹਿਣ ਕਰਕੇ ਅੱਲ੍ਹਾ ਨੂੰ ਪਿਆਰੇ ਹੋ ਜਾਂਦੇ ਹਨ। ਇਸ ਮਹਾਮਾਰੀ ਦੇ ਕਾਲ ਅੰਦਰ ਹਾਕਮਾਂ, ਸਮਾਜ ਅਤੇ ਪ੍ਰਵਾਰਾਂ ਨੂੰ ਬਜ਼ੁਰਗਾਂ ਦੀਆਂ ਜ਼ਰੂਰਤਾਂ ਤੇ ਮੁਸ਼ਕਲਾਂ ਨੂੰ ਸਮਝਦੇ ਹੋਏ ਉਨ੍ਹਾਂ ਦੇ ਹਲ ਲਈ ਨਵੇਂ ਸਿਰੇ ਤੋਂ ਢੰਗ ਤਰੀਕੇ ਤਲਾਸ਼ਣੇ ਚਾਹੀਦੇ ਹਨ। ਦੁਨੀਆਂ ਦੇ ਬਹੁਤ ਸਾਰੇ &;ਦੇਸ਼ਾਂ ਵਿੱਚ ਤਾਂ ਉਥੋਂ ਦੀਆਂ ਸਰਕਾਰਾਂ ਆਪਣੇ ਸਰਮਾਏ-ਬੱਚਿਆਂ ਅਤੇ ਬਜ਼ੁਰਗਾਂ ਦੀ ਦੇਖ-ਭਾਲ ਅਤੇ ਪਾਲਣ-ਪੋਸ਼ਣ ਦੀ ਜਿੰਮੇਵਾਰੀ ਇਕ ਕਲਿਆਣਕਾਰੀ ਰਾਜ ਵੱਲੋ ਸਮਝ ਕੇ ਨਿਭਾਉਂਦੀਆਂ ਹਨ। ਉਹ ਸਰਕਾਰਾਂ ਤਾਂ ਕੰਮ ਕਰਦੇ ਕਿਰਤੀਆਂ ਦੀ ਉਜ਼ਰਤ ਵਿੱਚੋ ਕੁਝ ਹਿਸਾ ਕੱਢਕੇ ਬਾਅਦ ਉਸ ਦੇ ਬਦਲ 'ਚ ਬੁਢੇਪੇ ਵੇਲੇ ਬਜ਼ੁਰਗਾਂ ਨੂੰ ਸਿਹਤ, ਮਕਾਨ, ਸਮਾਜਕ-ਸੁਰੱਖਿਆ ਜਿਹੀਆਂ ਸਹੂਲਤਾਂ ਪ੍ਰਦਾਨ ਕਰਦੀਆਂ ਹਨ। ਪਰ ਸਾਡੇ ਦੇਸ਼ ਅੰਦਰ 40-ਕਰੋੜ ਤੋਂ ਵੱਧ ਅਸੰਗਠਤ-ਖੇਤਰ ਦੇ ਕਿਰਤੀਆਂ ਦੀ ਰੁਜ਼ਗਾਰ ਵੇਲੇ ਵੀ ਕੋਈ ਸਮਾਜਕ-ਸੁਰੱਖਿਆ ਨਹੀਂ ਹੈ। ਫਿਰ ਬੁਢੇਪੇ ਵੇਲੇ ਤਾਂ ਹਾਕਮ ਕਿਵੇਂ ਉਨ੍ਹਾਂ ਦੀ ਕੋਈ ਬਾਤ ਪੁਛਣਗੇ ? ਭਾਰਤ ਵਰਗੇ ਪੂੰਜੀਵਾਦੀ ਦੇਸ਼ ਅੰਦਰ ਸਭ ਤੋਂ ਵੱਧ ਹਰ ਪਾਸੇ ਸ਼ੋਸ਼ਣ ਕਿਰਤੀਆਂ, ਕਿਸਾਨਾਂ ਤੇ ਆਮ ਜਨਤਾ ਦਾ ਹੀ ਹੁੰਦਾ ਹੈ।

ਪਿਛਲੀ ਬੀ.ਜੇ.ਪੀ.-ਆਰ.ਐਸ.ਐਸ. ਦੀ ਅਗਵਾਈ ਵਾਲੀ ਸਰਕਾਰ ਨੇ ਦੇਸ਼ ਅੰਦਰ ਪਹਿਲੀ ਵਾਰ ਰਾਜਸਤਾ ਤੇ ਕਾਬਜ਼ ਹੋਣ ਵੇਲੇ ਹੋਰ ਵਾਅਦਿਆਂ ਦੇ ਇਲਾਵਾ ਇਹ ਵੀ ਵਾਅਦਾ ਕੀਤਾ ਸੀ ਕਿ ਬਜ਼ੁਰਗਾਂ ਦੀ ਭਲਾਈ ਲਈ ਸਮਾਜਿਕ-ਸੁਰੱਖਿਆ ਦੇਣ ਲਈ ਕਦਮ ਚੁੱਕੇ ਜਾਣਗੇ। ਉਸ ਵੇਲੇ ਦੀ ਵਾਜਪਾਈ ਸਰਕਾਰ ਦੇ ਸਮੇਂ ਵਾਅਦੇ ਵਫ਼ਾ ਨਾ ਹੋਏ। ਸਗੋਂ ਤਾਂ ਕੇਂਦਰ ਦੀ ਸਰਕਾਰ ਨੇ ਪਹਿਲੀ ਅਪ੍ਰੈਲ,2004 ਤੋਂ ਸਰਕਾਰੀ ਤੇ ਅਰਧ-ਸਰਕਾਰੀ ਕੇਂਦਰੀ ਅਤੇ ਸੂਬਾਈ ਮੁਲਾਜ਼ਮਾਂ ਨੂੰ ਮਿਲਦੀ ਪੈਨਸ਼ਨ ਦਾ ਵੀ ਭੋਗ ਪਾ ਦਿੱਤਾ ਸੀ। ਹੁਣ ਸਰਕਾਰੀ ਤੇ ਅਰਧ ਸਰਕਾਰੀ ਮੁਲਾਜ਼ਮਾਂ ਨੂੰ ਕੰਟਰੀ-ਬੂਟਰੀ ਪੈਨਸ਼ਨ ਮਿਲੇਗੀ। ਉਹ ਵੀ ਜੇਕਰ ਉਨ੍ਹਾਂ ਦਾ ਲਾਇਆ ਪੈਸਾ ਸੁੱਖੀ-ਸਾਂਦੀ ਸ਼ੇਅਰ-ਮਾਰਕੀਟ ਦੇ ਰਾਖਸ਼ਾਂ ਤੋਂ ਬਚ ਗਿਆ ਤਾਂ ਮਿਲੇਗਾ। ਹੁਣ ਅਸੰਗਠਤ ਖੇਤਰ ਦੇ ਕਿਰਤੀਆਂ ਨੂੰ ਸਮਾਜਿਕ-ਆਰਥਿਕ ਸੁਰੱਖਿਆ ਦੀ ਤਾਂ ਗੱਲ ਹੀ ਨਾ ਕਰੀਏ। ਇੰਦਰਾ ਗੱਾਧੀ ਓਲਡ ਏਜ਼ ਪੈਨਸ਼ਨ ਸਕੀਮ ਅਧੀਨ ਗਰੀਬੀ ਰੇਖਾਂ ਤੋਂ ਹੇਠਾ ਰਹਿ ਰਹੇ 60-79 ਸਾਲ ਤੱਕ ਦੇ ਬਜ਼ੁਰਗਾਂ ਨੂੰ 200 ਰੁਪਏ ਅਤੇ 80 ਸਾਲ ਤੋਂ ਉਪਰ ਬਜ਼ੁਰਗਾਂ ਨੂੰ 500 ਰੁਪਏ ਮਹੀਨਾ ਪੈਨਸ਼ਨ ਦੇਣ ਲਈ ਠੀਂਗ ਮਾਰੀ ਸੀ। ਪਰ ਅੱਜ ਦੀ ਮਹਿੰਗਾਈ 'ਚ ਰਾਜਾਂ ਵੱਲੋਂ ਇਸ ਵਿੱਚ ਕੀਤਾ ਜਾਂਦਾ ਨਿਗੂਣਾ ਜਿਹਾ ਵਾਧਾ ਕੁਝ ਵੀ ਸੁਆਰੇਗਾ ਨਹੀਂ ? ਮੈਨਟੇਨੈਂਸ ਐਂਡ ਵੈਲਫੇਅਰ ਆਫ ਪੈਰੇਂਟਸ ਐਂਡ ਸੀਨੀਅਰ ਸਿਟੀਜ਼ਨ ਐਕਟ-2009 ਨੂੰ ਸਹੀ ਅਰਥਾਂ 'ਚ ਲਾਗੂ ਕਰਦੇ ਹੋਏ ਗਰੀਬਾਂ ਤੇ ਬਜ਼ੁਰਗਾਂ ਨੂੰ ਗੁਜਾਰੇ ਜੋਗੀ ਪੈਨਸ਼ਨ ਮਿਲਣੀ ਚਾਹੀਦੀ ਹੈ। ਭਾਵੇਂ ਜਿਹੜੀ ਉਨ੍ਹਾਂ ਦੇ ਸਿਹਤ ਖਰਚੇ, ਰੋਜਾਨਾਂ ਰਾਸ਼ਨ ਅਤੇ ਕਪੜਾ-ਲੀੜਾ ਖਰੀਦਣ ਯੋਗ ਹੋਵੇ। ਮੋਦੀ ਸਰਕਾਰ ਨੇ 2014 ਵੇਲੇ ਜੋ ਬਜ਼ੁਰਗਾਂ ਦੀ ਭਲਾਈ, ਸਮਾਜਕ-ਆਰਥਿਕ ਮਦਤ ਅਤੇ ਸਿਹਤ ਸਹੂਲਤਾਂ ਦੇਣ ਲਈ ਦਮਜਗੇ ਮਾਰੇ ਸਨ ਉਹ ਸਭ ਹਵਾ ਅੰਦਰ ਉੜ ਗਏ ਹਨ।

ਦੇਸ਼ ਦੇ ਸੰਵਿਧਾਨ ਦੀ ਧਾਰਾ-21 ਅਧੀਨ ਹਰ ਭਾਰਤੀ ਨੂੰ ਆਤਮ ਸਨਮਾਨ ਨਾਲ ਜਿਊਂਣ ਦਾ ਅਧਿਕਾਰ ਦਿੱਤਾ ਹੈ। ਪਰ ਸਾਧਨਾਂ ਤੋਂ ਬਿਨ੍ਹਾਂ ਜਿਥੇ ਕੰਮ ਦਾ ਅਧਿਕਾਰ ਨਹੀਂ ਅਤੇ ਰੋਟੀ, ਕਪੜਾ ਤੇ ਮਕਾਨ ਦੀ ਗ੍ਰੰਟੀ ਨਹੀਂ ਤਾਂ ਮਨੁੱਖ &;ਹਵਾ ਲੈ ਕੇ ਤੇ ਪਾਣੀ ਪੀ ਕੇ ਜਿਊਂਦਾ ਕਿਵੇਂ ਰਹਿ ਸੱਕੇਗਾ ? ਭਾਰਤ ਅੰਦਰ ਜਿਥੇ ਹਰ ਪਾਸੇ ਗਰੀਬੀ-ਗੁਰਬਤ ਦਾ ਆਲਮ ਛਾਇਆ ਹੋਇਆ ਹੈ, ਅਸਲ ਵਿੱਚ ਕਨੂੰਨੀ ਕੋਈ ਸਹਾਰੇ ਦੀ ਆਸ ਹੀ ਨਹੀਂ ਹੈ ਤਾਂ ਬਜ਼ੁਰਗਾਂ ਦਾ ਭਾਈਚਾਰਾ ਕਿਵੇਂ ਸਨਮਾਨ ਨਾਲ ਜਿਊਣ ਦਾ ਇਹ ਅਧਿਕਾਰ ਮਾਣ ਸੱਕੇਗਾ ? ਕੋਰਟਾਂ ਰਾਹੀਂ ਕਈ ਵਾਰ ਬਜ਼ੁਰਗਾਂ ਦੀ ਭਲਾਈ ਲਈ ਫੈਸਲੇ ਆਏ ਹਨ। (ਰਿਟ ਨੰ: 193 ਆਫ 2016 ਛ।ਙ।ਜ਼)। ਸਰਕਾਰਾਂ ਨੂੰ ਹਦਾਇਤਾਂ ਵੀ ਦਿੱਤੀਆਂ ਗਈਆਂ ਹਨ। ਇਸ ਦੇ ਬਾਵਜੂਦ ਹਜਾਰਾਂ ਕੇਸ ਰੋਜ਼ਾਨਾ ਸਾਹਮਣੇ ਆ ਰਹੇ ਹਨ ਜਿਥੇ ਬਜ਼ੁਰਗਾਂ ਦਾ ਹਰ ਤਰ੍ਹਾਂ ਸ਼ੋਸ਼ਣ ਜਾਰੀ ਹੈ। ਬਜ਼ੁਰਗਾਂ ਦੀ ਭਲਾਈ ਦਾ ਇਹ ਸਰਵਜਨਕ ਮੱਸਲਾ ਹੈ। ਇਸ ਮੱਸਲੇ ਨੂੰ ਸਰਵਜਨਕ ਢੰਗ ਨਾਲ ਹੀ ਹੱਲ ਕੀਤਾ ਜਾਣਾ ਚਾਹੀਦਾ ਹੈ। ਸੀਨੀਅਰ ਸਿਟੀਜਨ ਐਕਟ-2007 ਦੀ ਧਾਰਾ-19 ਮੁਤਾਬਿਕ ਕੇਂਦਰ ਤੇ ਰਾਜ ਸਰਕਾਰ ਨੂੰ ਮਿਲ ਕੇ ਹਰ ਬਲਾਕ ਅੰਦਰ ਬਿਰਧ-ਆਸ਼ਰਮਾਂ ਦੀ ਉਸਾਰੀ ਕਰਕੇ ਜਿਥੇ ਬਜ਼ੁਰਗਾਂ ਨੂੰ ਹਰ ਤਰ੍ਹਾਂ ਦੀ ਮੁਫ਼ਤ ਰਿਹਾਇਸ਼ ਤੇ ਹੋਰ ਸਾਰੀਆਂ ਸਹੂਲਤਾਂ ਮਿਲਣ, ਇਸ ਸਮੱਸਿਆਂ ਦਾ ਹੱਲ ਕੀਤਾ ਜਾ ਸਕਦਾ ਹੈ। ਇਨ੍ਹਾਂ ਬਿਰਧ ਆਸ਼ਰਮਾਂ ਨੂੰ ਚਲਾਉਣ ਲਈ ਸਰਕਾਰ ਵੱਲੋ ਧਾਰਮਿਕ ਅਦਾਰਿਆ ਅਤੇ ਦਾਨੀ ਲੋਕਾਂ ਦੀ ਮਦਤ ਵੀ ਲਈ ਜਾ ਸਕਦੀ ਹੈ। ਜੇਕਰ ਹਾਕਮਾਂ ਦੀ ਨੀਤੀ ਤੇ ਨੀਤ ਸਾਫ਼-ਸੁਥਰੀ ਹੋਵੇ ਤਾਂ ਥਾਂ-ਥਾਂ ਡੰਗੋਰੀ ਆਸਰੇ ਦਿਨ ਕੱਟੀ ਕਰ ਰਹੇ ਇਨ੍ਹਾਂ ਇਨਸਾਨਾਂ ਨੂੰ ਜਿਊਣ ਦਾ ਹੱਕ ਵੀ ਮਿਲ ਸਕੇਗਾ।

60-ਸਾਲ ਤੋਂ ਵਡੇਰੀ ਉਮਰ ਦੇ ਕਰੋੜਾਂ ਵੋਟਰ ਹਨ। ਉਨ੍ਹਾਂ ਨੂੰ ਵੀ ਚਾਹੀਦਾ ਹੈ ਕਿ ਵੋਟ-ਤੰਤਰ ਦੀ ਚੋਣ ਵੇਲੇ, 'ਘੱਟੋ-ਘੱਟ ਆਪਣੇ ਹੱਕਾਂ ਦੀ ਰਾਖੀ ਕਰਨ ਵਾਲੀ ਸੋਚ ਅਤੇ ਪਾਰਟੀ ਨੂੰ ਵੋਟ ਪਾਉਣੀ ਚਾਹੀਦੀ ਹੈ। ਉਨ੍ਹਾਂ ਸਾਰੇ ਜ਼ੁਮਲਾਂ-ਬਾਜ਼ਾਂ ਨੂੰ ਮੂੰਹ ਨਹੀਂ ਲਾਉਣਾ ਚਾਹੀਦਾ ਹੈ ਜੋ ਲਾਰੇ ਲਾਉਂਦੇ ਹਨ।। ਬਜ਼ੁਰਗਾਂ ਲਈ ਵੱਖਰਾ ਕਮਿਸ਼ਨ, ਬਜਟ ਅਤੇ ਉਨ੍ਹਾਂ ਦੇ ਹੱਕ 'ਚ ਆਵਾਜ਼ ਉਠਾਉਣ ਵਾਲੇ ਲੋਕਾਂ ਨੂੰ ਨਾਲ ਲੈ ਕੇ ਹੱਕਾਂ ਲਈ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ। ਜਿਨਾਂ ਚਿਰ ਇਸ ਸਮਾਜ ਅੰਦਰ ਅਪੰਗ ਵਿਅਕਤੀਆਂ ਲਈ ਪੂਰੀ ਤਰ੍ਹਾਂ ਜੁੜ ਕੇ ਪੂਰਨ ਨਾਗਰਿਕਾਂ ਵਾਂਗ ਜੀਊਣ ਦੇ ਹੱਕ ਨੂੰ ਯਕੀਨੀ ਨਹੀਂ ਬਣਾਇਆ ਜਾਵੇਗਾ,ਉਨਾਂ ਚਿਰ ਬਜ਼ੁਰਗਾਂ ਲਈ ਪੇਸ਼ ਦੁਸ਼ਵਾਰੀਆਂ ਤੋਂ ਮੁਕਤੀ ਨਹੀਂ ਮਿਲੇਗੀ। ਰਾਜ ਵੱਲੋ ਬਜ਼ੁਰਗਾਂ ਲਈ ਬਰੁਤਬਾ ਜੀਵਨ ਦੇ ਹੱਕ ਦਾ ਖਾਸ ਖਿਆਲ ਰਾਜ ਵੱਲੋ ਹੀ ਰੱਖਿਆ ਜਾਵੇਗਾ।

ਸਮੁੱਚੇ ਰੂਪ ਵਿੱਚ ਸਮਾਜਕ ਹੱਕ, ਜਿਨ੍ਹਾਂ ਨੂੰ ਬੁਨਿਆਦੀ ਅਧਿਕਾਰ ਕਿਹਾ ਜਾਂਦਾ ਹੈ, ਜੋ ਲੋਕ ਜਮਹੂਰੀਅਤ ਦੇ ਬੁਨਿਆਦੀ ਸਿਧਾਂਤ ਬਣਦੇ ਹਨ। ਇਨ੍ਹਾਂ ਬੁਨਿਆਦੀ ਸਿਧਾਂਤਾਂ ਦੀ ਪ੍ਰਾਪਤੀ ਹੀ ਬਜ਼ੁਰਗਾਂ ਦੇ ਹੱਕਾਂ ਦੀ ਜਿੱਤ ਦਾ ਦਿਵਸ ਹੋਵੇਗਾ। ਅਖੌਤੀ ਸਲਾਨਾਂ ਦਿਵਸਾਂ ਦੀ ਥਾਂ ਮੁਕਤੀ ਦੇਣ ਬਾਰੇ ਮੁਕਤੀ ਦਿਨ ਮਨਾਈਏ। ਮਨੁੱਖੀ ਜੀਵਨ ਦੀ ਵਿਰਾਸਤ ਦੀ ਦੇਖ-ਭਾਲ ਤੇ ਰਾਖੀ ਕਰਨੀ ਆਉਣ ਵਾਲੀ ਪੀੜੀ ਦਾ ਵੀ ਨੈਤਿਕ ਫਰਜ਼ ਬਣਦਾ ਹੈ।

## ਪੁਸਤਕ ਰਿਵਿਊ




**ਪੁਸਤਕ ਦਾ ਨਾਅ- ਸਰਗੋਸ਼ੀਆ**
**ਸ਼ਾਇਰ- ਅਸ਼ੋਕ ਚੌਧਰੀ**
**ਪ੍ਰਕਾਸ਼ਿਕ- ਜੇ.ਬੀ.ਪਬਲੀਕੇਸ਼ਨ ਪਟਿਆਲਾ**
**ਪੰਨੇ - 92, ਮੁੱਲ -200**

ਅਦੀਬੀ ਸ਼ਾਇਰ ਅਸ਼ੋਕ ਚੌਧਰੀ 'ਸਰਗੋਸ਼ੀਆ' ਪੁਸਤਕ ਦੇ ਜ਼ਰੀਏ ਪੰਜਾਬੀ ਸ਼ਾਇਰੀ ਦੀਆ ਬਰੂਹਾਂ 'ਤੇ ਆਣ ਖੜਿਆ ਹੈ । ਇਹ ਉਸ ਦਾ ਪਹਿਲਾ ਕਾਵਿ ਸੰਗ੍ਰਹਿ ਹੈ । ਇਸ ਸੰਗ੍ਰਹਿ ਚ ਉਸ ਦੀਆਂ 72 ਕਾਵਿ ਵੰਨਗੀਆਂ ਅੰਕਿਤ ਹਨ। ਪੰਨਾ 67 ਅਤੇ 69 ਤੇ ਦੋ ਰਚਨਾਵਾਂ ਹਿੰਦੀ ਦੀਆਂ ਵੀ ਅੰਕਿਤ ਹਨ। ਪੰਨਾ 9 'ਤੇ ਰੰਗੋ ਦੀ ਕਾਵਿਕ ਵੰਨਗੀ ਰਾਹੀਂ ਉਹ ਸੱਜਣਾਂ ਦੇ ਰੰਗ ਚੜ੍ਹਨ ਦੀ ਗੱਲ ਕਰਦਾ ਲਿਖਦਾ 'ਜਿੱਥੇ ਰੰਗ ਸੱਜਣਾਂ ਤੇ ਚੜ ਗਏ, ਮਹਿੰਦੀ ਕਿੱਥੋਂ ਚੜ ਲੈਣਾ। ਇਸੇ ਤਰਾਂ ਹੀ ਉਹ ਪੰਨਾ 11 ਤੇ ਪੰਜਾਬੀ ਮਾਂ ਬੋਲੀ ਦੇ ਕਰਜ਼ ਦੀ ਬਾਤ ਪਾਉਂਦੇ ਲਿਖਦਾ- ਮਾਂ-ਬੋਲੀ ਨੂੰ ਰੱਬ ਦੀਆਂ ਰੱਖਾਂ, ਹੈਪੀ ਦੇ ਵੱਲ ਕਰਜ ਨੇ ਲੱਖਾ। ਆਪਣੇ ਜ਼ਮੀਨੀ ਪਿੰਡ ਬਾਰੇ ਪੰਨਾ 21 'ਤੇ ਮੇਰਾ ਪਿੰਡ ਸਤੌਰ, ਮੱਥੇ ਦੀਆਂ ਲਕੀਰਾਂ, ਈਦ ਮੁਬਾਰਕ, ਜ਼ਹਿਰ ਪਿਆਲੇ, ਰੂਹੀ ਵੱਸਦੇ ਸੱਜਣ, ਕਰਾਰੇ ਹੱਥ, ਚੋਬਰ ਅਲਬੇਲੇ ਅਤੇ ਪੰਨਾ 91 'ਤੇ ਬੇਪਰਵਾਹ ਆਦਿ ਸਿਰਲੇਖਾਂ ਦੀਆਂ ਕਾਵਿਕ ਰਚਨਾਵਾਂ ਦੇ ਮਾਧਿਅਮ ਰਾਹੀਂ ਪਾਠਕਾਂ ਦੇ ਸਨਮੁਖ ਹੋਇਆ ਹੈ। ਅਸ਼ੋਕ ਚੌਧਰੀ ਦੀਆ ਸਮੁੱਚੀਆਂ ਕਾਵਿ ਰਚਨਾਵਾਂ ਪੜ੍ਹਦਿਆਂ ਅਹਿਸਾਸ ਹੁੰਦਾ ਹੈ ਕਿ ਉਹ ਪੰਜਾਬੀ ਗ਼ਜ਼ਲ ਦੀਆਂ ਜਰਬਾਂ-ਤਕਸੀਮਾਂ, ਜੁਗਰਾਫੀ ਤੋਂ ਦੂਰ ਹੋ ਕੇ ਆਮ ਪਾਠਕ ਦੇ ਸਮਝ ਆ ਸਕਣ ਵਾਲੀ ਕਾਵਿਕ ਭਾਸ਼ਾ ਦਾ ਇਸਤੇਮਾਲ ਕਰਕੇ ਉਹਨਾਂ ਦੇ ਦਿਲਾਂ ਦੀਆਂ ਗਹਿਰਾਈਆਂ ਤੱਕ ਪੁੱਜਣ ਦੀ ਕੋਸ਼ਿਸ਼ ਕਰਦਾ ਨਜ਼ਰੀ ਆਉਦੇ।

**- ਰਾਣਾ ਭੋਗਪੁਰੀਆ 9814163349**

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

## 15 ਸਤੰਬਰ ਤੋਂ 19 ਸਤੰਬਰ 2021 ਤੱਕ ਚੱਲਣ ਵਾਲੇ ਇਤਿਹਾਸਕ ਜੋੜ ਮੇਲੇ 'ਤੇ ਵਿਸ਼ੇਸ਼

# ਇਤਿਹਾਸਕ ਜੋੜ ਮੇਲਾ "ਗੁਰੂ ਕੀ ਢਾਬ" ਦਾ ਇਤਿਹਾਸ



ਪ੍ਰਮੋਦ ਧੀਰ ਜੈਤੋ
91-98550-31081

ਸਾਡਾ ਪੰਜਾਬ ਪੂਰੇ ਸੰਸਾਰ ਵਿੱਚ ਗੁਰੂਆਂ ਪੀਰਾਂ ਅਤੇ ਸ਼ਹੀਦਾਂ ਦੀ ਧਰਤੀ ਵਜੋਂ ਪ੍ਰਸਿੱਧ ਹੈ, ਇੱਥੇ ਪੂਰਾ ਸਾਲ ਹੀ ਕਿਤੇ ਨਾਂ ਕਿਤੇ ਕੋਈ ਨਾਂ ਕੋਈ ਧਾਰਮਿਕ, ਸ਼ਹੀਦੀ, ਸਭਿਆਚਾਰਕ ਆਦਿ ਮੇਲੇ ਲਗਦੇ ਹੀ ਰਹਿੰਦੇ ਹਨ। ਇਹਨਾਂ ਵਿੱਚੋਂ ਜੈਤੋ (ਫਰੀਦਕੋਟ)-ਮਾਲਵੇ ਵਿਚ ਲੱਗਣ ਵਾਲੇ ਵੱਡੇ ਅਤੇ ਇਤਿਹਾਸਕ ਜੋੜ ਮੇਲਿਆਂ ਵਿਚ ਜੈਤੋ ਨੇੜੇ ਪਿੰਡ ਗੁਰੂ ਕੀ ਢਾਬ ਵਿਖੇ ਮਨਾਏ ਜਾਣ ਵਾਲੇ ਜੋੜ ਮੇਲੇ ਦੀ ਆਪਣੀ ਵਿਸ਼ੇਸ਼ ਧਰਮਿਕ, ਸਮਾਜਿਕ, ਇਤਿਹਾਸਕ ਅਤੇ ਰਾਜਨੀਤਕ ਮਹੱਤਤਾ ਹੈ। ਇਹ ਸਥਾਨ ਜੈਤੋ-ਕੋਟਕਪੂਰਾ ਸੜਕ ਤੇ ਜੈਤੋ ਤੋਂ 6 ਕਿਲੋਮੀਟਰ ਦੀ ਦੂਰੀ ਤੇ ਸਥਿਤ ਹੈ ਜਿਸ ਨੂੰ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਦੀ ਛੋਹ ਪ੍ਰਾਪਤ ਹੈ।

'ਸੂਰਜ ਪ੍ਰਕਾਸ਼' ਗਰੰਥ ਦੇ ਹਵਾਲੇ ਨਾਲ ਦੱਸਿਆ ਗਿਆ ਹੈ ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਕੋਟਕਪੂਰਾ ਤੋਂ ਖਦਰਾਣੇ ਦੀ ਢਾਬ ਨੂੰ ਜਾਣ ਲਈ ਜੈਤੋ ਵੱਲ ਆ ਰਹੇ ਸਨ ਤਾਂ ਤੀਸਰੇ ਪਹਿਰ ਸੰਗਤ ਸਮੇਤ ਇਸ ਸਥਾਨ ਤੇ ਮੌਜੂਦ ਸ਼ਰੀਂਹ ਦੇ ਇਕ ਵੱਡੇ ਦਰੱਖਤ ਹੇਠਾਂ ਆ ਕੇ ਬੈਠ ਗਏ। ਸਾਰੀ ਸੰਗਤ ਆਰਾਮ ਕਰ ਰਹੀ ਸੀ ਕਿ ਸ਼ਰੀਂਹ ਦੇ ਦਰੱਖਤ ਵਿਚੋਂ ਇਕ ਵਿਅਕਤੀ ਨਿਕਲਿਆ ਅਤੇ ਉਸ ਨੇ ਗੁਰੂ ਜੀ ਨੂੰ ਨਮਸਕਾਰ ਕੀਤੀ। ਗੁਰੂ ਜੀ ਨੇ ਉਸ ਦਾ ਨਾਂ ਲੈ ਕੇ ਕਿਹਾ 'ਰਾਜ਼ੀ ਹੈਂ ਹੁਸੈਨ ਮੀਆਂ' ਤਾਂ ਉਹ ਵਿਅਕਤੀ ਗੁਰੂ ਜੀ ਦੇ ਮੁੱਖ ਚੋਂ ਆਪਣਾ ਨਾਂ ਸੁਣ ਕੇ ਬਹੁਤ ਖੁਸ਼ ਹੋਇਆ ਅਤੇ ਕਹਿਣ ਲੱਗਿਆ 'ਆਪ ਜੀ ਦੇ ਦਰਸ਼ਨਾਂ ਦੀ ਬੜੇ ਚਿਰ ਤੋਂ ਤਾਂਘ ਸੀ। ਅੱਜ ਤੁਹਾਡਾ ਦੀਦਾਰ ਕਰਕੇ ਮੈਨੂੰ ਅਥਾਹ ਪ੍ਰਸੰਨਤਾ ਹੋਈ ਹੈ। ਮੈਨੂੰ ਲੱਗਦਾ ਜਿਵੇਂ ਮੇਰੇ ਪਾਪਾਂ ਦਾ ਨਾਸ਼ ਹੋ ਗਿਆ ਹੋਵੇ ਅਤੇ ਮੇਰਾ ਕਲਿਆਣ ਹੋ ਗਿਆ ਹੋਵੇ।' ਏਨਾ ਕਹਿ ਕੇ ਉਹ ਵਿਅਕਤੀ ਉਥੋਂ ਚਲਿਆ ਗਿਆ। ਬਾਅਦ ਵਿਚ ਸਿੱਖ ਸੰਗਤ ਨੇ ਗੁਰੂ ਜੀ ਤੋਂ ਪੁੱਛਿਆ ਕਿ ਮਹਾਰਾਜ! ਇਹ ਸੁੰਦਰ ਸਰੂਪ ਵਾਲਾ ਵਿਅਕਤੀ ਕੌਣ ਸੀ ਤਾਂ ਗੁਰੂ ਜੀ ਨੇ ਦੱਸਿਆ ਕਿ ਇਹ ਇਕ ਸ਼ਹੀਦ ਸੀ ਜੋ ਕਿਸੇ ਵਿਘਨ ਕਾਰਨ



ਮੁਕਤੀ ਪ੍ਰਾਪਤ ਨਹੀਂ ਸੀ ਕਰ ਸਕਿਆ ਅਤੇ ਅੱਜ ਇਸ ਦੀ ਮੁਕਤੀ ਹੋ ਗਈ ਹੈ। 'ਸੂਰਜ ਪ੍ਰਕਾਸ਼' ਵਿਚ ਇਸ ਸਥਾਨ ਨੂੰ 'ਦੋਦਾ ਤਾਲ' ਦਾ ਨਾਂ ਦਿੱਤਾ ਗਿਆ ਹੈ ਅਤੇ ਕਿਹਾ ਗਿਆ ਹੈ ਕਿ ਇਸ ਤੀਰਥ ਅਸਥਾਨ ਤੇ ਇਸ਼ਨਾਨ ਕਰਨ ਵਾਲਾ ਮੁਕਤੀ ਪ੍ਰਾਪਤ ਕਰੇਗਾ। ਇਸ ਇਤਿਹਾਸਕ ਸਥਾਨ ਉਪਰ ਸਿੱਖ ਸ਼ਰਧਾਲੂਆਂ ਵੱਲੋਂ ਇਕ ਸ਼ਾਨਦਾਰ ਗੁਰਦੁਆਰਾ ਸਾਹਿਬ ਦਾ ਨਿਰਮਾਣ ਕੀਤਾ ਗਿਆ ਹੈ। ਇਥੇ ਅੱਠ ਚੁੰਡਾ ਸਰੋਵਰ ਹੈ ਅਤੇ ਸ਼ਰਧਾਲੂਆਂ ਦਾ ਵਿਸ਼ਵਾਸ ਹੈ ਕਿ ਇਥੇ ਇਸ਼ਨਾਨ ਕਰਨ ਨਾਲ ਅਠਰਾਹ ਦੀ ਬੀਮਾਰੀ ਦੂਰ ਹੋ ਜਾਂਦੀ ਹੈ। ਇਥੇ ਮਨਾਇਆ ਜਾਣ ਵਾਲਾ ਜੋੜ ਮੇਲਾ ਹਰ ਸਾਲ ਇਕ 31 ਭਾਦੋਂ ਨੂੰ ਸ਼ੁਰੂ ਹੁੰਦਾ ਹੈ ਅਤੇ ਤਿੰਨ ਅੱਸੂ ਨੂੰ ਪੂਰੇ ਸਿਖਰਾਂ ਤੇ ਹੁੰਦਾ ਹੈ , ਜਦੋਂ ਹਜਾਰਾਂ ਦੀ ਗਿਣਤੀ ਵਿਚ ਦੂਰੋਂ ਨੇੜਿਓਂ ਪਹੁੰਚੇ ਸ਼ਰਧਾਲੂ ਇਥੇ ਮੱਥਾ ਟੇਕਦੇ ਹਨ ਅਤੇ ਇਸ਼ਨਾਨ ਕਰਦੇ ਹਨ। ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪਵਿੱਤਰ ਚਰਨ ਛੋਹ ਪ੍ਰਾਪਤ ਇਤਿਹਾਸਕ ਧਰਤੀ 'ਗੁਰੂ ਕੀ ਢਾਬ' ਦਾ ਸਲਾਨਾ 5 ਦਿਨਾਂ ਜੋੜ ਮੇਲਾ ਇਸ ਵਾਰ ਕੋਵਿਡ-19 ਕਰੋਨਾ ਦੀਆਂ ਹਦਾਇਤਾਂ ਦੀ ਪਾਲਣਾ ਕਰਦੇ ਹੋਏ 15 ਸਤੰਬਰ ਤੋਂ 19 ਸਤੰਬਰ 2021 ਤੱਕ ਮਨਾਇਆ ਜਾ ਰਿਹਾ ਹੈ। ਇਥੇ ਦੀਵਾਨ ਸਜਦੇ ਹਨ ਅਤੇ ਢਾਡੀ ਜੱਥੇ ਸਿੱਖ ਇਤਿਹਾਸ ਦੀਆਂ ਵਾਰਾਂ ਅਤੇ ਕਵੀਸ਼ਰੀ ਪੇਸ਼ ਕਰਦੇ ਹਨ। ਤਿੰਨ ਅੱਸੂ ਨੂੰ ਇਥੇ ਕੀਤੀ ਜਾਂਦੀ ਰਾਜਸੀ ਕਾਨਫਰੰਸ ਵੀ ਇਸ ਮੇਲੇ ਦੀ ਰੌਣਕ, ਸ਼ਾਨ ਅਤੇ ਮਹੱਤਤਾ ਵਿਚ ਵਾਧਾ ਕਰਦੀ ਹੈ। ਮੇਲੇ ਦੌਰਾਨ ਪਿੰਡ ਵਾਸੀਆਂ ਵਿਚਲਾ ਚਾਅ ਅਤੇ ਉਨ੍ਹਾਂ ਦੀ ਪ੍ਰਾਹੁਣਾਚਾਰੀ ਵੇਖਣਯੋਗ ਹੁੰਦੀ ਹੈ। ਇਸ ਮੇਲੇ ਦੌਰਾਨ ਵੱਖ ਵੱਖ ਖੇਡਾਂ ਆਦਿ ਦੇ ਮੁਕਾਬਲੇ ਵੀ ਕਰਵਾਏ ਜਾਂਦੇ ਹਨ। ਦੂਰੋਂ ਨੇੜੇ ਦੇ ਪਿੰਡਾਂ ਤੋਂ ਬੱਚੇ, ਨੌਜਵਾਨ, ਬਜ਼ੁਰਗ ਵੱਡੀ ਗਿਣਤੀ ਵਿੱਚ ਟਰੈਕਟਰ ਟਰਾਲੀਆਂ, ਟਰੱਕਾਂ,ਬੱਸਾਂ, ਕਾਰਾਂ, ਮੋਟਰ ਸਾਈਕਲਾਂ ਆਦਿ ਤੇ ਇਸ ਮੇਲੇ ਦਾ ਆਨੰਦ ਲੈਣ ਲਈ ਆਉਂਦੇ ਹਨ। ਇਸ ਮੇਲੇ ਦੀਆਂ ਤਿਆਰੀਆਂ ਮਹੀਨਾਂ ਪਹਿਲਾਂ ਹੀ ਸ਼ੁਰੂ ਹੋ ਜਾਂਦੀਆਂ ਹਨ। ਇਸ ਮੌਕੇ ਵੱਡੀ ਗਿਣਤੀ 'ਚ ਸੰਗਤਾਂ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋ ਕੇ ਅਸ਼ੀਰਵਾਦ ਪ੍ਰਾਪਤ ਕਰਦੀਆਂ ਹਨ।

# ਭਾਜਪਾ ਆਗੂਆਂ ਵਲੋਂ ਅਕਾਲੀ ਦਲ ਦਾ ਪੱਲਾ ਫੜਨ 'ਤੇ ਹਾਈਕਮਾਂਡ ਬੇਚੈਨ

**ਚੰਡੀਗੜ੍ਹ** – ਭਾਰਤੀ ਜਨਤਾ ਪਾਰਟੀ ਦੀ ਪੰਜਾਬ ਇਕਾਈ ਨਾਲ ਸਬੰਧਤ ਆਗੂਆਂ ਵੱਲੋਂ ਹੋਰਨਾਂ ਪਾਰਟੀਆਂ ਖਾਸ ਕਰ ਸ਼੍ਰੋਮਣੀ ਅਕਾਲੀ ਦਲ ਵੱਲ ਕੀਤੇ ਜਾ ਰਹੇ ਰੁਖ ਨੇ ਭਗਵਾਂ ਪਾਰਟੀ ਦੀ ਚਿੰਤਾ ਵਧਾ ਦਿੱਤੀ ਹੈ। ਪਾਰਟੀ ਦੇ ਸਾਬਕਾ ਮੰਤਰੀ, ਸਾਬਕਾ ਵਿਧਾਇਕ ਅਤੇ ਸ਼ਹਿਰੀ ਖੇਤਰ ਨਾਲ ਸਬੰਧਤ ਅੱਧੀ ਦਰਜਨ ਤੋਂ ਵੱਧ ਪਾਰਟ ਆਗੂਆਂ ਵੱਲੋਂ ਕੀਤੀ ਗਈ ਦਲ ਬਦਲੀ ਨੂੰ ਭਾਜਪਾ ਦੇ ਆਗੂ ਵੱਡਾ ਝਟਕਾ ਮੰਨ ਰਹੇ ਹਨ। ਸੂਤਰਾਂ ਅਨੁਸਾਰ ਭਾਜਪਾ ਦੇ ਹੋਰ ਕਈ ਹਿੰਦੂ



ਆਗੂ ਅਕਾਲੀ ਦਲ ਦੇ ਸੰਪਰਕ ਵਿਚ ਹਨ ਜੋ ਆਉਂਦੇ ਸਮੇਂ ਦੌਰਾਨ ਅਕਾਲੀ ਦਲ 'ਚ ਸ਼ਾਮਲ ਹੋ ਸਕਦੇ ਹਨ। ਪੰਜਾਬ ਦੇ ਸਾਬਕਾ ਮੰਤਰੀ ਅਤੇ ਭਾਰਤੀ ਜਨਤਾ ਪਾਰਟੀ ਨਾਲ ਸਬੰਧਤ ਸੀਨੀਅਰ ਸਿਆਸੀ ਆਗੂ ਅਨਿਲ ਜੋਸ਼ੀ ਤੇ ਭਾਜਪਾ ਦੀ ਸਾਬਕਾ ਵਿਧਾਇਕਾ ਸੁਖਜੀਤ ਕੌਰ ਸ਼ਾਹੀ ਸਮੇਤ ਅੱਧੀ ਦਰਜਨ ਭਾਜਪਾ ਆਗੂ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋ ਗਏ। ਅਕਾਲੀ ਆਗੂਆਂ ਨੇ ਦਾਅਵਾ ਕੀਤਾ ਕਿ ਭਾਜਪਾ ਨਾਲ ਸਬੰਧਤ ਆਗੂਆਂ ਦੇ ਸ਼ਾਮਲ ਹੋਣ ਨਾਲ ਪੰਜਾਬ 'ਚ ਹਿੰਦੂ ਸਿੱਖ ਏਕਤਾ ਨੂੰ ਮਜ਼ਬੂਤੀ ਮਿਲੇਗੀ।

ਫਿਰੋਜ਼ਪੁਰ ਵਿਧਾਨ ਸਭਾ ਹਲਕੇ ਤੋਂ ਦੋ ਵਾਰ ਵਿਧਾਇਕ ਰਹਿ ਚੁੱਕੇ ਭਾਜਪਾ ਆਗੂ ਸੁਖਪਾਲ ਸਿੰਘ ਨੰਨੂ ਨੇ ਭਾਜਪਾ ਦੀ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇ ਦਿੱਤਾ ਹੈ। ਇਸ ਦੇ ਨਾਲ ਹੀ ਉਨ੍ਹਾਂ ਆਪਣੀ ਕੋਠੀ 'ਤੇ ਲੱਗਾ ਭਾਜਪਾ ਦਾ ਝੰਡਾ ਵੀ ਲਾਹ ਦਿੱਤਾ ਹੈ। ਸ੍ਰੀ ਨੰਨੂ ਫਿਰੋਜ਼ਪੁਰ ਸ਼ਹਿਰ ਤੋਂ ਦੋ ਵਾਰ ਵਿਧਾਇਕ ਰਹਿ ਚੁੱਕੇ ਹਨ। ਬਾਦਲ ਸਰਕਾਰ ਦੇ ਕਾਰਜਕਾਲ ਦੌਰਾਨ ਉਨ੍ਹਾਂ ਨੂੰ ਮਾਲ ਵਿਭਾਗ ਦਾ ਪਾਰ-ਲੀਮਾਨੀ ਸਕੱਤਰ ਵੀ ਬਣਾਇਆ ਗਿਆ ਸੀ। ਇਸ ਤੋਂ ਇਲਾਵਾ ਉਹ ਭਾਜਪਾ ਕਿਸਾਨ ਮੋਰਚਾ ਸੈਲ ਦੇ ਸੂਬਾ ਪ੍ਰਧਾਨ ਵੀ ਰਹਿ ਚੁੱਕੇ ਹਨ। ਦੋ ਦਿਨ ਪਹਿਲਾਂ ਭਾਜਪਾ ਹਾਈਕਮਾਨ ਨੂੰ ਲਿਖੇ ਪੱਤਰ ਵਿੱਚ ਸੁਖਪਾਲ ਸਿੰਘ ਨੰਨੂ ਨੇ ਖੇਤੀ ਕਾਨੂੰਨ ਰੱਦ ਕਰਨ ਦੀ ਸਿਫਾਰਸ਼ ਕੀਤੀ ਸੀ।

ਪਾਰਟੀ ਨੇ ਤਾਜ਼ਾ ਸਿਆਸੀ ਹਾਲਾਤ ਅਤੇ ਸਾਲ 2022 ਵਿਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦੀ ਸਮੀਖਿਆ ਲਈ ਇਥੇ ਕੋਰ ਕਮੇਟੀ ਦੀ ਵਿਸ਼ੇਸ਼ ਮੀਟਿੰਗ ਕੀਤੀ। ਮੀਟਿੰਗ ਤੋਂ ਬਾਅਦ ਸੀਨੀਅਰ ਭਾਜਪਾ ਆਗੂ ਮਨੋਰੰਜਨ ਕਾਲੀਆ ਨੇ ਮੰਨਿਆ ਕਿ ਅਨਿਲ ਜੋਸ਼ੀ ਅਤੇ ਹੋਰਨਾਂ ਦਾ ਅਕਾਲੀ ਦਲ ਵਿਚ ਜਾਣਾ ਪਾਰਟੀ ਲਈ ਘਾਟਾ ਹੈ ਪਰ ਕੋਈ ਵੀ ਪਾਰਟੀ ਕਿਸੇ ਵਿਅਕਤੀ ਵਿਸ਼ੇਸ਼ 'ਤੇ ਨਿਰਭਰ ਨਹੀਂ ਕਰਦੀ। ਕਾਲੀਆ ਨੇ ਕਿਹਾ ਕਿ ਪਾਰਟੀ ਨੂੰ ਕਿਸਾਨੀ ਅੰਦੋਲਨ ਦਾ ਹੱਲ ਜਲਦੀ ਨਿਕਲਣ ਦੀ ਉਮੀਦ ਹੈ। ਉਨ੍ਹਾਂ ਪ੍ਰਦੇਸ਼ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੇ ਸਲਾਹਕਾਰ ਮਾਲਵਿੰਦਰ ਸਿੰਘ ਮਾਲੀ ਵੱਲੋਂ ਕਸ਼ਮੀਰ ਸਬੰਧੀ ਸੋਸ਼ਲ ਮੀਡੀਆ 'ਤੇ ਕੀਤੀਆਂ ਟਿੱਪਣੀਆਂ ਨੂੰ ਦੇਸ਼ ਦੀ ਏਕਤਾ ਤੇ ਅਖੰਡਤਾ 'ਤੇ ਹਮਲਾ ਕਰਾਰ ਦਿੱਤਾ ਤੇ ਇਸ ਸਬੰਧੀ ਸਿੱਧੂ ਨੂੰ ਸਥਿਤੀ ਸਪੱਸ਼ਟ ਕਰਨ ਲਈ ਕਿਹਾ। ਭਾਜਪਾ ਨੇ ਪਾਕਿਸਤਾਨ ਦੇ ਲਾਹੌਰ ਕਿਲ੍ਹੇ ਵਿਚ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਬੁੱਤ ਦੀ ਬੇਅਦਬੀ ਵਿਰੁੱਧ ਅਤੇ ਅਫ਼ਗਾਨਿਸਤਾਨ ਵਿਚ ਫਸੇ ਹਿੰਦੂ-ਸਿੱਖ ਭਰਾਵਾਂ ਨੂੰ ਸੁਰੱਖਿਅਤ ਭਾਰਤ ਲਿਆਉਣ ਲਈ ਮਤੇ ਪਾਸ ਕਰਕੇ ਭਾਰਤ ਸਰਕਾਰ ਨੂੰ ਭੇਜੇ ਗਏ।

ਭਾਜਪਾ ਆਗੂਆਂ ਨੇ ਕਿਹਾ ਕਿ ਭਾਰਤੀ ਜਨਤਾ ਪਾਰਟੀ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਪੰਜਾਬ ਦੀਆਂ 117 ਸੀਟਾਂ 'ਤੇ ਆਪਣੇ ਦਮ 'ਤੇ ਚੋਣ ਲੜੇਗੀ ਅਤੇ ਲੋਕਾਂ ਦੇ ਸਮਰਥਨ ਨਾਲ ਜਿੱਤ ਹਾਸਲ ਕਰਕੇ ਸੂਬੇ ਵਿਚ ਮਜ਼ਬੂਤ ਸਰਕਾਰ ਬਣਾਏਗੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਭਾਜਪਾ ਸਰਕਾਰ ਆਉਣ ਤੋਂ ਬਾਅਦ 24 ਘੰਟੇ ਸਸਤੀ ਬਿਜਲੀ ਦਿੱਤੀ ਜਾਵੇਗੀ, ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਅਤੇ ਉਨ੍ਹਾਂ ਨੂੰ ਅੱਜ ਦੇ ਯੁੱਗ ਮੁਤਾਬਿਕ ਢਾਲਣ ਲਈ ਪ੍ਰੇਰਿਆ ਜਾਵੇਗਾ।

ਉਧਰ, ਸੁਖਬੀਰ ਬਾਦਲ ਨੇ ਕਿਹਾ ਕਿ ਅਨਿਲ ਜੋਸ਼ੀ ਦਲੇਰ ਆਗੂ ਹਨ, ਜਿਨ੍ਹਾਂ ਆਪਣੇ ਹਲਕੇ ਦੇ ਨਾਲ ਪਵਿੱਤਰ ਨਗਰੀ ਅੰਮ੍ਰਿਤਸਰ ਲਈ ਬਹੁਤ ਕੰਮ ਕੀਤਾ ਹੈ। ਉਨ੍ਹਾਂ ਐਲਾਨ ਕੀਤਾ ਕਿ ਸ੍ਰੀ ਜੋਸ਼ੀ ਪਾਰਟੀ ਦੇ ਸੀਨੀਅਰ ਮੀਤ ਪ੍ਰਧਾਨ ਹੋਣਗੇ ਤੇ ਉਨ੍ਹਾਂ ਨੂੰ ਅੰਮ੍ਰਿਤਸਰ ਉੱਤਰੀ ਤੋਂ ਅਕਾਲੀ ਦਲ ਤੇ ਬਸਪਾ ਦੇ ਸਾਂਝੇ ਉਮੀਦਵਾਰ ਵਜੋਂ ਉਤਾਰਿਆ ਜਾਵੇਗਾ। ਉਨ੍ਹਾਂ ਕਿਹਾ ਕਿ ਸੁਜਾਨਪੁਰ ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਰਾਜ ਕੁਮਾਰ ਗੁਪਤਾ ਪਾਰਟੀ ਦੇ ਮੀਤ ਪ੍ਰਧਾਨ ਹੋਣਗੇ ਤੇ ਉਨ੍ਹਾਂ ਨੂੰ ਸੁਜਾਨਪੁਰ ਤੋਂ ਅਕਾਲੀ ਦਲ ਤੇ ਬਸਪਾ ਦੇ ਸਾਂਝੇ ਉਮੀਦਵਾਰ ਵਜੋਂ ਮੈਦਾਨ ਵਿਚ ਉਤਾਰਿਆ ਜਾਵੇਗਾ।


Golden State Truck Sales Inc.



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call :
Dharminder Singh
Cell : 530-870-6600
Fax : (530) 870-1429
532, Houston St.
West Sacramento, CA 95691




Email: myfuturetruck@gmail.com

# ਵਰਤਮਾਨ ਸਮੱਸਿਆਵਾਂ- ਸਮਾਧਾਨ ਤੇ ਗਿਆਨੀ ਦਿੱਤ ਸਿੰਘ ਜੀ



ਡਾ.ਇੰਦਰਜੀਤ ਸਿੰਘ ਗੋਗੋਆਣੀ
ਖਾਲਸਾ ਕਾਲਜ ਅੰਮ੍ਰਿਤਸਰ

ਗਿਆਨੀ ਦਿੱਤ ਸਿੰਘ ਜੀ ਦਾ ਸੰਸਾਰਕ ਜੀਵਨ 21 ਅਪ੍ਰੈਲ, 1850 ਤੋਂ 6 ਸਤੰਬਰ 1901 ਈਸਵੀ ਤੱਕ ਬਹੁਤ ਹੀ ਸੀਮਿਤ ਜਿਹੇ ਸਮੇਂ ਵਿੱਚ ਹੈ, ਪਰ ਆਪ ਦੀ ਕਰਨੀ ਹੈਰਾਨੀਜਨਕ ਹੈ। ਆਪ ਇੱਕ ਅਨੁਭਵੀ ਕਵੀ, ਵਾਰਤਾਕਾਰ, ਪੱਤਰਕਾਰ, ਟੀਕਾਕਾਰ, ਇਤਿਹਾਸਕਾਰ, ਗੋਸ਼ਟੀਕਾਰ ਤੇ ਪ੍ਰਭਾਵਸ਼ਾਲੀ ਬੁਲਾਰੇ ਸਨ। ਉਨ੍ਹਾਂ ਦਾ ਸਾਧਾਰਨ ਲੋਕਾਂ ਨੂੰ ਸਮਝਾਉਣ ਦਾ ਢੰਗ ਕਾਬ-ਏ-ਤਾਰੀਫ਼ ਸੀ।

ਇੱਕ ਸਦੀ ਤੋਂ ਉੱਪਰ ਸਮਾਂ ਬੀਤਣ ਦੇ ਬਾਵਜੂਦ ਵੀ ਉਨ੍ਹਾਂ ਦੀਆਂ ਰਚਨਾਵਾਂ ਦੀ ਅਹਿਮੀਅਤ ਸਦਾ ਰਹੇਗੀ ਅੱਜ ਵੀ ਸਾਡੇ ਦੇਸ਼ ਦੀ ਤਸਵੀਰ ਉਹੀ ਹੈ, ਜੋ ਉਨ੍ਹਾਂ 'ਗੁੱਗਾਗਪੌੜਾ' ਪੁਸਤਕ ਵਿੱਚ ਪੇਸ਼ ਕੀਤੀ ਹੈ....

ਦੇਖੋ ਮੂਰਖ ਦੇਸ਼ ਅਸਾਡਾ
ਕਿਕੁਰ ਡੁੱਬਦਾ ਜਾਂਦਾ
ਸੱਪਾਂ ਕੁੱਤਿਆਂ ਬਿੱਲਿਆਂ ਕਾਵਾਂ
ਆਪਨੇ ਪੀਰ ਬਣਾਂਦਾ।
ਇੱਧਰ ਗੁਰਾਂ ਦੇ ਨਾਂ ਉੱਤੇ ਜਿਊਂਦੇ

ਪੰਜਾਬ ਦੀ ਹਾਲਤ ਦੇਖੀਏ ਤਾਂ ਹਰ 10-20 ਕਿ-ਲੋਮੀਟਰ ਉੱਤੇ ਨਾਮਦਾਨ ਦੇਣ ਵਾਲਿਆਂ ਦਾ ਡੇਰਾ ਆ ਜਾਂਦਾ ਹੈ, ਹਰ ਪੰਜਵੇਂ ਪਿੰਡ 'ਚ ਧਾਗੇ ਤਵੀਤ ਦੇਣ ਵਾਲੇ, ਹਰ ਦਸਾਂ ਪਿੰਡਾਂ ਪਿੱਛੇ ਢੋਲ-ਚਿਮਟਾ ਕੁੱਟ ਕੇ ਭੂਤ ਕੱਢਣ ਵਾਲੇ, ਥਾਂ-ਥਾਂ ਕਬਰਾਂ, ਮੜ੍ਹੀਆਂ ਦੀ ਪੂਜਾ ਤੇ ਹਰ ਜਿਲ੍ਹੇ 'ਚ ਕਿਤੇ ਨਾ ਕਿਤੇ ਸ਼ਰਾਬਾਂ, ਖੀਰਾਂ, ਦੁੱਧਾਂ ਦੇ ਚੜ੍ਹਾਵੇ ਚੜ੍ਹਦੇ ਹਨ। ਇਹ ਸਾਰੀਆਂ ਬਿਮਾਰੀਆਂ ਸਿੱਖ ਘਰਾਣਿਆਂ ਵਿੱਚ ਹਨ। 'ਨਕਲੀ ਸਿੱਖ ਪ੍ਰਬੋਧ' ਪੁਸਤਕ ਵਿੱਚ ਐਸੀ ਸੋਚ ਵਾਲੇ ਸਿੱਖਾਂ ਨੂੰ ਗਿਆਨੀ ਜੀ ਨੇ ਫਿਟਕਾਰਾਂ ਪਾਈਆਂ ਹਨ।

ਗੁਰਮਤਿ ਕੋ ਆਦਰ ਨਹੀਂ,
ਅਨਮਤੋਂ ਕੇ ਦਾਸ।
ਕਹੋ ਭਲਾ ਇਸ ਕਰਮ ਤੇ,
ਕਿਉਂ ਹੋ ਕਾਰਜ ਰਾਸ?
ਗੁਰੂ ਗ੍ਰੰਥ ਕੁਛ ਕਹਤ ਹੈ,
ਯਹ ਕਰਹੈਂ ਕੁਛ ਔਰ।
ਕਹੋ ਅਜੇਹਾ ਖਾਲਸਾ,
ਕਿਉਂ ਪਾਵੇ ਗੁਰ ਠੌਰ।
ਕਹਨੀ ਸੂਰਤ ਸਿੰਘ ਕੀ,
ਰਹਨੀ ਗੀਦੜ ਦੇਖ।
ਗੁਰ ਆਗਯਾ ਕਰ ਭੰਗ ਇਨ,
ਹਰ ਲੀਨੇ ਨਿਜ ਲੇਖ।
ਗੁਰੂ ਬਨਾਏ ਔਰ ਥੇ,
ਇਹ ਬਨ ਬੈਠੇ ਔਰ।
ਬਨੇ ਭੂੰਡ ਯਹ ਗੋਬਰੀ,
ਗੁਰ ਕੀਨੇ ਥੇ ਭੌਰ।

ਹੁਣ ਆਪਣੇ ਦੇਸ਼ ਦੀ ਗੱਲ ਕਰੀਏ ਤਾਂ ਕੋਈ ਵੀ ਝੂਠੀ ਅਫ਼ਵਾਹ ਉਡਾ ਦੇਵੇ ਤੇ ਕੋਈ ਵੀ ਨਵਾਂ ਪਾਖੰਡ ਰਚਾ ਲਵੋ ਫੇਰ ਅੰਨੇ ਤੇ ਅਗਿਆਨੀ ਲੋਕ ਧੜਾ-ਧੜ ਪਿੱਛੇ ਲੱਗ ਜਾਂਦੇ ਹਨ। ਇੱਥੇ ਕਿਹਾ ਜਾਂਦਾ ਭਾਵੇਂ ਸੁਆਹ ਦੀਆਂ ਪੁੜੀਆਂ ਵੇਚ ਲਓ, ਭਾਵੇਂ ਤਵੀਤ ਵੇਚ ਲਵੋ, ਛੱਪੜਾਂ ਦਾ ਪਾਣੀ, ਮੋਮਬੱਤੀਆਂ, ਹਰੀਆਂ ਚੂੜੀਆਂ, ਨਾਰੀਅਲ, ਸ਼ਨੀਵਾਰ ਨਿੰਬੂ ਮਿਰਚਾਂ, ਮੂਰਤੀਆਂ ਨੂੰ ਦੁੱਧ ਪਿਲਾਵੋ, ਨਜ਼ਰਾਂ ਉਤਾਰੋ ਆਦਿ ਹਰ ਭਰਮ ਨਿਤ ਦਿਨ ਵੱਧਦਾ ਹੈ। ਇਸ ਤਰ੍ਹਾਂ ਦੀ ਵਹਿਮੀ ਮਾਨਸਿਕਤਾ ਨੂੰ ਹਰ ਸ਼ੈਤਾਨ ਲੁੱਟ ਰਿਹਾ ਹੈ। ਇਹ ਬੌਧਿਕ ਤੇ ਆਰਥਿਕ ਲੁੱਟ ਹੈ। ਗਿ. ਦਿੱਤ ਸਿੰਘ ਜੀ ਨੇ 'ਦੰਭ ਵਿਦਾਰਨ' ਪੁਸਤਕ ਵਿੱਚ ਸਾਡੇ ਦੇਸ ਦੀ ਹੀ ਤਸਵੀਰ ਪੇਸ਼ ਕੀਤੀ ਹੈਜਿਸ

ਤੇ ਜਿਸ ਨੇ ਜੋ ਕਹਾ,
ਮਾਨ ਗਏ ਮਤ ਹੀਨ।
ਤਿਸ ਹੀ ਪਰ ਦ੍ਰਿੜ ਹੋ ਗਏ,
ਜਾਣਹਿ ਤੱਤ ਕਬੀਨ।
ਇਸੀ ਵਾਸਤੇ ਦੇਸ ਇਹ,
ਗਿਆ ਅਧੋਗਤਿ ਮਾਹਿ।
ਅਪਨੀ ਬੁੱਧੀ ਰਹੀ ਜਦ,
ਇਨ ਲੋਗਨ ਸਿਰ ਨਾਹਿ।

ਜਦੋਂ ਆਪਣੀ ਬੁੱਧੀ ਆਪਣੇ ਸਿਰ 'ਚ ਹੀ ਨਾ ਰਹੀ ਤਾਂ ਸਾਰਾ ਦੇਸ ਅਧੋਗਤੀ ਵਿੱਚ ਗਰਕ ਜਾਂਦਾ ਹੈ। ਬਾਕੀਆਂ ਦੀ ਗੱਲ ਛੱਡੋ, ਅਜੋਕੇ ਸਿੱਖ ਸਮਾਜ ਦੀ ਗੱਲ ਕਰੀਏ, ਤਾਂ ਇੱਥੇ ਗ਼ੈਰਸਿੱਖ ਵੀ ਵੱਸਦੇ ਹਨ, ਪਰ ਉਹ ਕਿਸੇ ਸ਼ੇਖ਼ ਫੱਤੇ, ਰੋਡੇ ਸ਼ਾਹ, ਬੱਗੇ ਸ਼ਾਹ ਜਾਂ ਧਾਉਲੀ ਧਾਰ ਵਾਲੇ ਦੇ ਘੱਟ ਹੀ ਜਾਂਦੇ ਹਨ, ਪਰ ਦੂਜੇ ਪਾਸੇ ਕਈ ਸਿੱਖ ਸਿੱਖਣੀਆਂ ਆਪਣੇ ਗੁਰੂ ਦਾ ਦਰ ਛੱਡ ਕੇ ਮਨਮੱਤੀਆਂ ਦੇ ਸਥਾਨਾਂ ਵੱਲ ਦੌੜਦੇ ਹਨ। ਗਿਆਨੀ ਜੀ ਦੀ ਪੁਰਾਤਨ ਰਚਨਾ 'ਮੀਰਾਂ ਮਨੌਤ ਤੇ ਸੈਲਾਨੀ ਸਿੰਘ' ਵਿੱਚ ਇਸ ਦਾ ਵੇਰਵਾ ਵਰਤਮਾਨ ਸਮੇਂ ਉੱਤੇ ਸਹੀ ਢੁੱਕਦਾ ਹੈ-



ਸਾਰਾ ਜਗਤ ਖ਼ੁਸ਼ੀ ਹੈ ਵੱਸਦਾ।
ਆਪਣੇ ਰੰਗਾਂ ਅੰਦਰ ਰੱਸਦਾ।
ਪਰ ਨਾ ਕਿਸੇ ਪਕੜਦਾ ਮੀਆਂ।
ਸੁੱਖ ਤੇ ਵੱਸਣ ਮਾਵਾਂ ਧੀਆਂ।
ਪਰ ਇਹ ਸਿੱਖ ਨਮਾਣੇ ਚਾਇ।
ਤੁਰਤ ਪੀਰ ਨੇ ਪਕੜੇ ਆਇ।
ਫਿਰਨ ਮਰਦ ਪਕੜੀਆਂ ਨਾਰਾਂ।
ਕਰਦਾ ਮਨ ਭਾਵੰਦੀ ਮਾਰਾਂ।
ਨਹੀਂ ਇਹਨਾਂ ਨੂੰ ਛੱਡੇ ਉਹ।
ਦੇਵਣ ਦੁੱਧ ਮੱਝ ਦਾ ਚੋਅ।

ਹੁਣ ਇਹ ਖੁਆਰੀ ਪੰਜਾਬ ਵਿੱਚ ਕਈ ਥਾਂਈਂ ਅਤੇ ਪੰਜਾਬੋਂ ਬਾਹਰ ਵੀ ਹੋ ਰਹੀ ਹੈ। ਕਾਰਨ ਵੀ ਸਪੱਸ਼ਟ ਹੈ ਕਿ ਸ਼ੈਤਾਨ ਤੇ ਪਾਖੰਡੀ ਲੋਕਾਂ ਨੇ ਹਰ ਯੁੱਗ ਵਿੱਚ ਸਮਾਜ ਨੂੰ ਠੱਗਿਆ ਤੇ ਗੁੰਮ-ਰਾਹ ਕੀਤਾ ਹੈ। ਗਿਆਨੀ ਜੀ ਨੇ 'ਦੁਰਗਾ ਪ੍ਰਬੋਧ' ਵਿੱਚ ਠੱਗਾਂ ਦੀ ਬਿਰਤੀ ਬਿਆਨ ਕੀਤੀ ਹੈ।

ਠੱਗ ਜਿਵੇਂ ਠੱਗੀ ਸਮਯ,
ਜੁਦੇ ਜੁਦੇ ਹੁਇ ਜਾਤ।
ਪਰ ਅੰਦਰ ਮੈਂ ਹੋਤ ਹੈ,
ਸਭਨਾ ਦੀ ਇਕ ਬਾਤ।

ਇਹੋ ਹੀ ਨੁਕਤਾ ਗਿਆਨੀ ਜੀ ਨੇ 'ਨੀਤੀ ਪ੍ਰਕਾਸ਼' ਵਿੱਚ ਦਿੱਤਾ ਹੈ ਕਿ ਜਿਵੇਂ ਰੀਠਾ ਦੇਖਣ ਨੂੰ ਤਾਂ ਮਿੱਠੇ ਬੇਰ ਵਰਗਾ ਪ੍ਰਤੀਤ ਹੁੰਦਾ ਹੈ, ਪਰ ਨਿਰਾ ਜ਼ਹਿਰ ਹੈ। ਇਸੇ ਤਰ੍ਹਾਂ ਦੁਸ਼ਟ ਪੁਰਖ ਵੀ ਭੇਖ ਧਾਰ ਕੇ ਭੁਲੇਖਾ ਪਾ ਜਾਂਦੇ ਹਨ। ਅੱਜ ਪੰਜਾਬ 'ਚ ਫੈਲਿਆ ਦੇਹਧਾਰੀ ਗੁਰੂਡੰਮ ਇਸ ਦਾ ਪ੍ਰਤੱਖ ਪ੍ਰਮਾਣ ਹੈ। ਸਰਸਾ, ਬਿਆਸਾ, ਨੂਰਮਹਿਲੀਏ, ਨਕਲੀ ਨਿਰੰਕਾਰੀਆਂ ਦੇ ਬਾਹਰੀ ਭੇਖ ਨੇ ਕਈ ਸਿੱਖ ਪਰਿਵਾਰ ਵੀ ਆਪਣਏ ਜਾਲ ਵਿੱਚ ਫਸਾ ਲਏ ਹਨ। ਐਸੇ ਭੋਲੇ-ਭਾਲੇ ਗੁੰਮਰਾਹ ਹੋਏ ਲੋਕਾਂ ਨੂੰ ਇਹ ਪੰਕਤੀਆਂ ਸੁਚੇਤ ਕਰ ਰਹੀਆਂ ਹਨ-

ਰੀਠੇ ਮੀਠੇ ਬੇਰ ਸਮ,
ਦੇਖਣ ਕੋ ਮਿਲ ਜਾਤ।
ਤਿਉਂ ਦੁਰਜਨ ਸਮ ਸੁਜਨ ਕੇ,
ਭੇਖ ਧਾਰ ਦਰਸਾਤ।

ਇਸ ਦੀ ਪਰਖ ਨਾ ਕਰ ਸਕਣਾ ਅਗਿਆਨਤਾ ਹੈ ਅਤੇ ਇਹ ਭਟਕਨਾ ਦਾ ਕਾਰਨ ਗਿਆਨ ਦੀ ਅਣਹੋਂਦ ਹੈ। 'ਗੁਰਮਤਿ ਆਰਤੀ ਪ੍ਰਬੋਧ' ਪੁਸਤਕ ਵਿੱਚ ਇਸ ਦਾ ਵੇਰਵਾ ਇਉਂ ਦਿੱਤਾ ਹੈ-

ਇਸ ਅਗਯਾਨ ਨਚਾਇਆ,
ਇਹ ਸਾਰਾ ਸੰਸਾਰ।
ਵੱਡੇ-ਵੱਡੇ ਪੰਡਤ ਕਰੇ,
ਜਿਸ ਨੇ ਪਕੜ ਗਵਾਰ।

ਇਸੇ ਤਰ੍ਹਾਂ ਸਭ ਤੋਂ ਵੱਡਾ ਭਰਮ ਤੇ ਪਾਖੰਡ ਕਰਮ ਦਿਨਾਂ ਦਿਹਾਰਾਂ ਤੇ ਥਿੱਤਾਂ ਮਹੀਨਿਆਂ ਦੀਆਂ ਵਿਚਾਰਾਂ ਤੋਂ ਲੈ ਕੇ, ਵਰਤ ਸਰਾਧਾਂ ਦੀਆਂ ਫੋਕਟ ਵਿਚਾਰਾਂ ਵਿੱਚ ਘੁੰਮਦਾ, ਮੰਤਰਾਂ-ਜੰਤਰਾਂ- ਤੰਤਰਾਂ ਦੇ ਭਰਮ ਜਾਲ ਵਿੱਚ ਆ ਉਲਝਦਾ ਹੈ। ਇਹ ਰੁਝਾਨ ਅਜੋਕੇ ਸਮੇਂ ਵਿੱਚ ਹੋਰ ਵੀ ਖ਼ਤਰਨਾਕ ਹੋ ਗਿਆ ਹੈ। ਗਿਆਨੀ ਜੀ ਇਨ੍ਹਾਂ ਪਾਖੰਡਵਾਦੀ ਲੋਕਾਂ ਦੀ ਹਕੀਕਤ ਬਿਆਨ ਕਰਦੇ ਹੋਏ ਕਹਿੰਦੇ ਹਨ ਕਿ ਜੇਕਰ ਇਹ ਲੋਕ ਰਿੱਧੀਆਂ- ਸਿੱਧੀਆਂ ਰੱਖਦੇ ਹਨ ਤਾਂ ਦਰ-ਦਰ ਕਿਉਂ ਮੰਗਦੇ ਫਿਰਦੇ ਹਨ? ਇਹ ਹਜ਼ਰਤ ਬਣ ਕੇ ਕਿਉਂ ਨਹੀਂ ਬੈਠ ਜਾਂਦੇ? 'ਦੁਰਗਾ ਪ੍ਰਬੋਧ' ਵਿੱਚ ਇਹ ਪਾਖੰਡ ਕਰਮ ਨੂੰ ਇਉਂ ਉਘਾੜਿਆ ਹੈ-

ਮੰਤ੍ਰ ਜੰਤ੍ਰ ਅਰੁ ਤੰਤ੍ਰ ਸਿਧ,
ਜੋ ਇਨ ਮਹਿ ਕਛੁ ਹੋਇ।
ਹਜਰਤ ਹ੍ਵੈ ਆਪਹਿ ਰਵਹਿ,
ਮਾਂਗਤ ਫਿਰਤ ਨਾ ਕੋਇ।

ਅੱਗੇ ਜਾ ਕੇ ਸਿੱਖਾਂ ਨੂੰ ਸੰਬੋਧਨ ਹੁੰਦਿਆਂ ਕਬਰਾਂ ਮੜ੍ਹੀਆਂ ਦੀ ਅਸਲੀਅਤ ਦੱਸ ਕੇ ਆਪਣੇ ਗੁਰੂ ਉੱਤੇ ਮਾਣ ਕਰਨਾ ਦੱਸਿਆ ਹੈ-

ਕਿਆ ਗੁਰ ਤੇ ਇਹ ਜੋਰਾਵਰ ਹੈ।
ਮੜੀਆਂ ਦੇ ਵਿਚ ਜਿਸ ਦਾ ਘਰ ਹੈ।

ਸਭ ਤੋਂ ਵੱਡੀ ਗੱਲ ਕਿ ਉਨ੍ਹਾਂ ਨੇ ਸਾਡੇ ਅੱਜ ਵਰਗੇ ਭਾਵਨਾ ਵਿਹੂਣੇ, ਗੁਰਬਾਣੀ ਰੱਸ ਤੋਂ ਵਾਂਝੇ, ਕੁਝ ਕੁ ਅਸ਼ਰਧਕ ਵਿਦਵਾਨਾਂ ਵਾਂਗ ਆਪਣੇ ਅਮੀਰ ਧਰਮ ਸਿਧਾਂਤਾਂ ਉੱਤੇ ਕੁਹਾੜਾ ਨਹੀਂ ਚਲਾਇਆ, ਸਗੋਂ ਨਾਮ ਦੀ ਮਹਿਮਾ ਗੁਰਬਾਣੀ ਵਿਚਾਰ, ਬਾਣੀ-ਬਾਣਾ ਅਤੇ ਕਲਗੀਧਰ ਪਿਤਾ ਜੀ ਲਈ ਅਥਾਹ ਵਿਸ਼ਵਾਸ ਦ੍ਰਿੜ੍ਹ ਕਰਵਾਇਆ ਹੈ। ਜਿਵੇਂ-

ਦਸਮੇ ਗੁਰ ਦੀ ਓਟ ਲੈ,
ਤੇਗ ਗਿਆਨ ਦੀ ਕੱਢ।
ਇਸ ਮੀਏਂ ਸੁਲਤਾਨ ਦਾ,
ਫਸਤਾ ਦੇਸਾਂ ਵੱਢ। (ਸੁਲਤਾਨ ਪੁਆੜਾ)

ਇਹ ਸਵੈ-ਮਾਣ ਤੇ ਸਵੈ-ਵਿਸ਼ਵਾਸ ਪੈਦਾ ਕਰਨਾ ਹੀ ਉਨ੍ਹਾਂ ਦੀਆਂ ਰਚਨਾਵਾਂ ਦਾ ਤੱਤ ਸਾਰ ਰਿਹਾ ਹੈ। ਸੰਨ 1886 ਤੋਂ 1901 ਤੱਕ 'ਖਾਲਸਾ ਅਖਬਾਰ ਲਾਹੌਰ' ਵਿੱਚ ਛਪੇ ਬੇਗਿਣਤ ਲੇਖ, ਸੰਪਾਦਕੀਆਂ, ਨਵੇਂ-ਨਵੇਂ ਕਾਲਮ ਉਨ੍ਹਾਂ ਦੇ ਕੌਮੀ ਦਰਦ ਦੇ ਗਵਾਹ ਹਨ। ਕਦੀ ਉਹ ਆਪਣੀ ਕੌਮ ਨੂੰ 'ਧਰਮ ਦਰਪਣ' ਵਿੱਚ ਇਉਂ ਸਮਝਾਉਂਦੇ ਹਨ-

ਪਰ ਤੂੰ ਦੇਖੀਂ ਵਾਂਗ ਗਵਾਰਾਂ,
ਧੋਖਾ ਨਾ ਖਾ ਜਾਈਂ।
ਲੱਡੂ ਪੇੜੇ ਛੱਡ ਪਿਛਾਹਾਂ,
ਪੱਲੇ ਬੇਰ ਨਾ ਪਾਈਂ।

ਕਦੀ ਉਹ 'ਨੀਤੀ ਬਚਨ' ਰਾਹੀਂ ਆਪਣੇ ਪੰਥ ਦੇ ਵਾਰਸਾਂ ਨੂੰ ਸੁਚੇਤ ਕਰਦੇ ਹਨ ਕਿ ਫੋਕੇ ਆਡੰਬਰ ਵੇਖ ਕੇ ਵਿਸ਼ਵਾਸ ਨਾ ਕਰਿਉ। ਜੋ ਲਾਭ ਹਾਨੀ ਦੀ ਵਿਚਾਰ ਨਹੀਂ ਕਰਦਾ ਉਹ ਮੂਰਖ ਹੈ।

ਦੇਖ ਆਡੰਬਰ ਮਾਤ੍ਰ ਹੀ
ਜੋ ਕਰਕੇ ਵਿਸ਼ਵਾਸ।
ਹਾਨ ਲਾਭ ਅਪਨੀ ਚਹੇ,
ਸੋ ਮੂਰਖ ਦੁਖ ਰਾਸ।

ਜੇ ਸਿੱਖ ਪੰਥ ਦੀਆਂ ਧਾਰਮਿਕ ਸਮੱਸਿਆਵਾਂ ਦਾ ਹੱਲ ਸੀਮਤ ਸ਼ਬਦਾਂ ਵਿੱਚ ਬਿਆਨ ਕਰਨਾ ਹੋਵੇ ਤਾਂ ਗਿ. ਦਿੱਤ ਸਿੰਘ ਜੀ ਨੇ ਆਪਣੀ ਰਚਨਾ 'ਸੁਲਤਾਨ ਪੁਆੜਾ' ਵਿੱਚ ਗੁਰੂ ਦਾ ਸਿੰਘ ਪਰਕਰਣ ਦੌਰਾਨ ਇੱਕ ਦਵੈਯਾ ਬੁਲਾਇਆ ਹੈ, ਜੋ ਸਿੱਖੀ ਦੇ ਵਾਰਸਾਂ ਲਈ ਪ੍ਰੇਰਨਾ ਸ੍ਰੋਤ ਹੈ। ਹੱਦਾਂ ਬੰਨ੍ਹੇ ਟੱਪ ਰਹੇ ਨਸ਼ੇ, ਦੇਹਧਾਰੀ ਗੁਰੂਡੰਮ, ਪਤਿਤਪੁਣਾ ਤੇ ਭਰਮਾਂ ਪਾਖੰਡਾਂ ਦਾ ਇਲਾਜ ਇਹੋ ਹੀ ਹੈ-

ਅੰਮ੍ਰਿਤ ਛਕ ਕੇ
ਦਸਮੇਂ ਗੁਰ ਦੇ ਪੂਰੇ ਸਿੰਘ ਸਦਾਵੋ।
ਪੀਰਾਂ-ਮੀਰਾਂ ਅੱਗੇ ਮੁੜ ਕੇ,
ਕਦੇ ਨਾ ਸੀਸ ਝੁਕਾਵੋ।
ਵਾਹਿਗੁਰੂ ਦੀ ਫ਼ਤੇ ਬੁਲਾ ਕੇ,
ਮੜ੍ਹੀ ਮਸਾਣ ਉਠਾਓ।
ਗੁਰੂ ਗ੍ਰੰਥ ਦਾ ਪਾਠ ਕਰੋ ਨਿੱਤ,
ਬਾਣੀ ਮੈ ਮਨ ਲਾਓ।

## ਮਿੱਠੀ ਛਾਂ

ਪੁੱਤ ਭੁੱਲਣ ਨਾ ਮਾਏਂ ਤੇਰੀਆਂ ਯਾਦਾਂ ਜਾ ਵਿੱਚ ਪ੍ਰਦੇਸ਼ਾਂ ਦੇ ।
ਮਾਂ ਵਰਗੀ ਲੱਭਦੀ ਨਾ ਮਿੱਠੀ ਛਾਂ ਜਾ ਕੇ ਵਿੱਚ ਵਿਦੇਸ਼ਾਂ ਦੇ ।

ਹੈਲੋ,ਹਾਏ ਹੁੰਦੀ ਏ ਪਰ ਤੇਰੇ ਜਿਹਾ ਨਜ਼ਰ ਮੋਹ ਨਾ ਆਉਂਦਾ
ਦਿਲੋਂ ਮੋਹ ਦੀ ਤੜਪ ਨਾ ਮੁੱਕਦੀ ਪਲ-ਪਲ ਪਿਆ ਸਤਾਉਂਦਾ

ਵੇਖ ਟਾਹਣੀ ਤੋਂ ਹਰ ਟੁੱਟਾ ਪੱਤਾ ਦਿਲ ਮੇਰਾ ਘਬਰਾਉਂਦਾ
ਇਕ ਦਿਹਾੜੀ ਟੁਟਣ ਮਗਰੋਂ ਹੀ ਜਾਵੇ ਇਹ ਕਮਲਾਉਂਦਾ

ਟੁਟਿਆ ਪੱਤਾ ਤੇ ਮੈਂ ਹਾਂ ਉਲਝੇ ਵਿਚ ਆਪਣੇ ਹੀ ਲੇਖਾਂ ਦੇ
ਮਾਂ ਵਰਗੀ ਲੱਭਦੀ ਨਾ ਮਿੱਠੀ ਛਾਂ ਜਾ ਕੇ ਵਿੱਚ ਵਿਦੇਸ਼ਾਂ ਦੇ

ਨਦੀਆਂ,ਨਾਲੇ,ਜੰਗਲ਼ ਬੇਲੇ ਤੇ ਵਗਦੀਆਂ ਠੰਡੀਆਂ ਹਵਾਵਾਂ
ਕੁੱਦਰਤ ਇਥੇ ਨੱਚਦੀ ਦਿਖੇ ਪਰ ਦਿਖੇ ਨਾ ਤੇਰਾ ਪਰਛਾਵਾਂ

ਯਾਰ ਬਥੇਰੇ ਮਿਲ ਜਾਂਦੇ ਨੇ ਪਰ
ਪਿਆਰ ਨਾ ਮਿਲਦਾ ਮਾਂਵਾਂ
ਰੰਗੀਨ ਇਹ ਦੁਨੀਆਂ ਪੈਸੇ
ਵਾਲੀ ਪਰ ਤੈਨੂੰ ਭੁੱਲ ਨਾ ਪਾਵਾਂ

ਨਾ ਛੱਡਦਾ ਮਾਏਂ ਤੈਨੂੰ ਕੱਲੀ ਜੇ
ਬੰਦਸ਼ਾਂ ਨਾ ਹੋਣ ਪੈਰਵੇਸਾਂ ਤੇ
ਮਾਂ ਵਰਗੀ ਲੱਭਦੀ ਨਾ ਮਿੱਠੀ ਛਾਂ
ਜਾ ਕੇ ਵਿੱਚ ਵਿਦੇਸ਼ਾਂ ਦੇ ।



## ਨਸੀਬ

ਭੈਣ ਭਰਾ ਜਦ ਨਿੱਕੇ ਹੁੰਦੇ ਤਾਂ ਮਾਂ ਪਿਓ ਉਹਨਾਂ ਨੂੰ ਪਾਲਣ ।
ਇਕ ਦੂਜੇ ਦਾ ਬਣਨ ਆਸਰਾ ਜਦ ਉਹ ਸੁਰਤ ਸੰਭਾਲਣ ।

ਪੜਣ, ਲਿਖਣ, ਮੌਜਾ ਕਰਦੇ ਮਨ ਫਿਕਰ ਨਾ ਫ਼ਾਕਾ ਕੋਈ ।
ਇਸ ਅਲੜ ਜਿਹੇ ਸ਼ਬਾਬ ਦੇ ਵਰਗੀ ਹੋਰ ਉਮਰ ਨਾ ਹੋਈ ।

ਮਾਂ ਦੀ ਜਿੰਦ ਸੁਖਾਲੀ ਹੋਈ ਰਸੋਈ ਕੂੜੀਆਂ ਹੱਥ ਵਟਾਇਆ।
ਬੈਠੀ ਮਾਂ ਫਿਰ ਨਾ ਵਹਿਲੀ ਚਰਖਾ ਲਿਆ ਵਿਹੜੇ ਡਾਹਿਆ ।

ਪੱਠਾ ਦੱਥਾ ਲਿਆਉਦੇ ਮੁੰਡੇ ਤੇ ਚਲਦੀ ਬਾਪੂ ਦੀ ਸਰਦਾਰੀ ।
ਜਵਾਨ ਹੋ ਕੇ ਧੀਆਂ, ਪੁੱਤਰਾਂ ਨੇ ਮਾਂ ਪਿਓ ਦੀ ਜਿੰਦ ਸਵਾਰੀ ।

ਪੜਾ ਲਿਖਾ ਵਿਆਹ ਵਰ ਮਗਰੋਂ ਮਾਂ ਪਿਓ ਰਹਿ ਗਏ ਕੱਲੇ ।
ਪਤਝੜ ਜਿਹਾ ਲੱਗੇ ਘਰ ਦਾ ਮੌਸਮ ਤੇ ਮਾਪੇ ਝੂਲਣ ਝੱਲੇ ।

ਅਜੀਬ ਜਿਹੀ ਹੈ ਇਹ ਦੁਨੀਆਂ-ਦਾਰੀ ਬੱਸ ਕੋਈ ਨਾਂ ਚਲੇ ।
ਲੱਖ ਸਿਆਣਪ ਰੱਖਣ ਵਾਲੇ ਹੁਣ ਬੈਠੇ ਘਰ ਨੇ ਮੰਜੇ ਮੱਲੇ ।

ਚਲਦੀਆਂ ਦੀ ਹੈ ਦੁਨੀਆਂ ਯਾਰੋ ਢਹਿਦਿਆਂ ਹਰ ਕੋਈ ਰੁੱਸੇ ।
ਤੰਦਰੁਸਤੀ ਤਾਂ ਜੀਵਨ ਚੰਗਾ ਬਿਨ ਨਸੀਬ ਔਲਾਦ ਨਾ ਪੁੱਛੇ।

– ਰਬਿੰਦਰ ਸ਼ਰਮਾ
91-98146-67682

## ਲੱਗਿਆ ਕਿਸਾਨ ਜਾਬਤਾ !

ਤਾਨਾਸ਼ਾਹੀ ਚੱਲਦੀ ਹਰੇਕ ਪਾਰਟੀ ਦੇ ਵਿਚ
ਦੇਸ ਵਿੱਚੋਂ ਲੋਕ-ਰਾਜ ਹੋਇਆ ਜਾਪੇ ਲਾ'ਪਤਾ।

ਰਾਜੇ ਹੋਏ 'ਸ਼ੀਂਹ' ਤੇ ਮੁਕੱਦਮ ਬਣੇ 'ਸ਼ਿਕਾਰੀ'
ਖੇਤੀ-ਬਾੜੀ ਕਿੱਤੇ 'ਤੇ ਤਰਸ ਨਹੀਂਉਂ ਆਵਤਾ।

ਪਰਖੇ ਹੋਏ ਵੀ ਚਾਹੁੰਦੇ ਫੇਰ ਗੱਦੀ ਮੱਲੀਏ ਜੀ
ਝੂਠਿਆਂ ਦਾ ਲਾਰਾ ਨ੍ਹੀ ਕਿਸੇ ਨੂੰ ਹੁਣ ਭਾਵਤਾ।

ਛੱਡ ਕੇ ਕਿਸਾਨ ਹਿਤ 'ਆਪਣੀ' ਜੋ ਗੱਲ ਕਰੂ
ਚਾਹਵੇ ਨਾ ਜਾਣਾ ਉਹ ਪਿੰਡ ਵਿੱਚੋਂ ਸੁੱਕਾ ਸਾਬਤਾ।

ਕਿਰਤੀ ਕਿਸਾਨਾਂ ਦੇ ਹਮਾਇਤੀ ਵੀਰੋ ਜੋੜੀ ਰੱਖੋ
ਗਾਜ਼ੀ ਪੁਰ ਸਿੰਘੂ ਟਿੱਕਰੀ ਦੇ ਨਾਲ਼ ਰਾਬਤਾ।

ਚੱਲ ਰਹੇ ਮੋਰਚੇ ਤੋਂ ਟੁੱਟੇ ਨਾ ਧਿਆਨ ਕਿਤੇ
ਲਾ ਦਿੱਤਾ ਪੰਜਾਬ 'ਚ ਕਿਸਾਨ ਭਾਈਆਂ ਜਾਬਤਾ!



-ਤਰਲੋਚਨ ਸਿੰਘ
'ਦੁਪਾਲ ਪੁਰ'
001-408-915-1268

## ਦਲਿਤ ਵਿਦਿਆਰਥੀ ਦੀ ਮੌਤ, ਪੂਰਾ ਸਕੂਲ ਸਸਪੈਂਡ

**ਦਮੋਹ-** ਜਾਤ-ਪਾਤ ਦੇ ਭੇਦ ਨੇ ਇਕ ਮਾਸੂਮ ਦੀ ਬਲੀ ਲੈ ਲਈ। ਘਟਨਾ ਜ਼ਿਲ੍ਹੇ ਦੇ ਤੇਂਦੂਖੇੜੇ ਦੇ ਖਮਰਆ ਕਲਾਂ ਪਿੰਡ ਦੀ ਹੈ। ਇੱਥੇ ਪ੍ਰਾਇਮਰੀ ਸਕੂਲ ਵਿਚ ਪੜ੍ਹਨ ਵਾਲੇ ਕਲਾਸ ਤੀਜੀ ਦੇ ਵਿਦਿਆਰਥੀ ਨੂੰ ਸਕੂਲ ਦੇ ਹੈਂਡਪੰਪ 'ਤੇ ਪਾਣੀ ਪੀਣ ਤੋਂ ਰੋਕਿਆ ਗਿਆ ਤਾਂ ਉਹ ਸਕੂਲ ਦੇ ਕੋਲ ਹੀ ਬਣੇ ਇਕ ਖੂਹ ਤੇ ਜਾ ਪਹੁੰਚਿਆ ਪਰ ਰੱਸੀ ਬੰਨ੍ਹ ਕੇ ਪਾਣੀ ਕੱਢਦੇ ਵਕਤ ਖੂਹ ਵਿਚ ਡਿੱਗਣ ਕਾਰਨ ਉਸਦੀ ਮੌਤ ਹੋ ਗਈ। ਸੂਚਨਾ ਤੇ ਪਹੁੰਚੇ ਜ਼ਿਲ੍ਹਾ ਸੀ. ਈ. ਓ. ਮਨੀਸ਼ ਬਾਗਰੀ ਨੇ ਪੂਰੇ ਸਕੂਲ ਸਟਾਫ ਨੂੰ ਸਸਪੈਂਡ ਕਰ ਦਿੱਤਾ ਹੈ। ਹੋਰ ਵਿਦਿਆਰਥੀਆਂ ਵਾਂਗ ਵੀਰਨ ਪਿਤਾ ਬੇਡੀਲਾਲ ਅਹਿਰਵਾਰ ਮੰਗਲਵਾਰ ਦੁਪਹਿਰ ਦੇ ਭੋਜਨ ਤੋਂ ਬਾਅਦ ਪਾਣੀ ਪੀਣ ਸਕੂਲ ਦੇ ਹੈਂਡਪੰਪ 'ਤੇ ਗਿਆ ਪਰ ਉਸਨੂੰ ਹਮੇਸ਼ਾ ਵਾਂਗ ਦੁਰਕਾਰ ਮਿਲੀ। ਇਸ 'ਤੇ ਮਾਸੂਮ ਆਪਣੀ ਬੋਤਲ ਲੈ ਕੇ ਖੂਹ ਤੋਂ ਪਾਣੀ ਕੱਢਣ ਪਹੁੰਚਿਆ। ਬਾਦਲ ਨਾਲ ਰੱਸੀ ਬੰਨ੍ਹ ਕੇ ਪਾਣੀ ਕੱਢ ਹੀ ਰਿਹਾ ਸੀ ਕਿ ਉਸਦਾ ਸੰਤੁਲਨ ਵਿਗੜ ਗਿਆ ਅਤੇ ਹੇਠਾਂ ਜਾ ਡਿੱਗਿਆ।

ਮਾਪਿਆਂ ਦਾ ਕਹਿਣਾ ਹੈ ਕਿ ਸਕੂਲ ਵਿਚ ਦਲਿਤ ਬੱਚਿਆਂ ਨਾਲ ਵਿਤਕਰਾ ਕੀਤਾ ਜਾਂਦਾ ਹੈ। ਇਸਦੀ ਸ਼ਿਕਾਇਤ ਬੱਚਿਆਂ ਨੇ ਉਸ ਨੂੰ ਕਈ ਵਾਰ ਕੀਤੀ ਸੀ। ਭੇਦਭਾਵ ਦੇ ਕਾਰਨ ਬੱਚੇ ਵੀ ਸਕੂਲ ਆਉਣ ਤੋਂ ਇਨਕਾਰ ਕਰਦੇ ਹਨ। ਇਸੇ ਸਕੂਲ ਵਿਚ 5ਵੀਂ ਵਿਚ ਪੜ੍ਹਨ ਵਾਲੇ ਵੀਰਨ ਦੇ ਭਾਈ ਸੇਵਕ ਨੇ ਦੱਸਿਆ ਕਿ ਉਹਨਾਂ ਨੂੰ ਅੱਜਕਲ੍ਹ ਇਸੇ ਤਰ੍ਹਾਂ ਖੂਹ ਤੋਂ ਪਾਣੀ ਲਿਆ ਕਿ ਪੀਣਾ ਪੈਂਦਾ ਹੈ, ਕਿਉਂਕਿ ਸਕੂਲ ਦੇ ਹੈਂਡਪੰਪ ਤੋਂ ਅਧਿਆਪਕ ਪਾਣੀ ਨਹੀਂ ਭਰਨ ਦਿੰਦੇ।

### 24 ਸਤੰਬਰ, 2021 ਲਈ ਪੂਨਾ ਪੈਕਟ ਦਿਵਸ ਸਬੰਧੀ ਵਿਸ਼ੇਸ਼

# ਪੂਨਾ ਪੈਕਟ- ਜਿਸ ਨਾਲ ਕਮਿਉਨਲ ਐਵਾਰਡ ਅਨੁਸਾਰ ਮਿਲੇ ਅਧਿਕਾਰਾਂ ਨੂੰ ਰੱਦ ਕੀਤਾ ਗਿਆ



ਕੁਲਦੀਪ ਚੰਦ
91-9417563054

ਅੱਜ ਦੇ ਦਿਨ 24 ਸਤੰਬਰ ਨੂੰ ਦੇਸ਼ ਵਿਦੇਸ਼ ਵਿਚ ਪੂਨਾ ਪੈਕਟ ਦਿਵਸ ਵਜੋਂ ਯਾਦ ਕੀਤਾ ਜਾਂਦਾ ਹੈ। ਇਸ ਪੂਨਾ ਪੈਕਟ ਦੁਆਰਾ ਹੀ 24 ਸਤੰਬਰ, 1932 ਨੂੰ ਭਾਰਤ ਵਿਚ ਰਹਿਣ ਵਾਲੇ ਕਰੋੜਾਂ ਅਛੂਤਾਂ ਜਿਨ੍ਹਾਂ ਨੂੰ ਹੁਣ ਅਨੁਸੂਚਿਤ ਜਾਤਾਂ ਕਿਹਾ ਜਾਂਦਾ ਹੈ ਅਤੇ ਜੋ ਮਨੂੰਵਾਦੀ ਕੁਪ੍ਰਥਾਵਾਂ ਕਾਰਨ ਸਦੀਆਂ ਤੋਂ ਜਾਨਵਰਾਂ ਨਾਲੋਂ ਵੀ ਮਾੜਾ ਜੀਵਨ ਬਤੀਤ ਕਰ ਰਹੇ ਸਨ ਅਤੇ ਉਨ੍ਹਾਂ ਨੂੰ ਹਰ ਤਰਾਂ ਦੇ ਸਮਾਜਿਕ, ਧਾਰਮਿਕ, ਰਾਜਨੀਤਿਕ ਅਤੇ ਆਰਥਿਕ ਅਧਿਕਾਰਾਂ ਤੋਂ ਬਾਂਝਾ ਰੱਖਿਆ ਗਿਆ ਸੀ ਨੂੰ ਬ੍ਰਿਟਿਸ਼ ਸਰਕਾਰ ਵਲੋਂ ਮਿਲੇ ਅਲੱਗ ਵੋਟ ਦੇ ਅਧਿਕਾਰਾਂ ਵਾਲੇ ਕਮਿਉਨਲ ਐਵਾਰਡ ਨੂੰ ਵਾਪਸ ਲਿਆ ਗਿਆ। ਇਹ ਸਮਝੌਤਾ 24 ਸਤੰਬਰ 1932 ਨੂੰ ਅਛੂਤਾਂ ਦੇ ਬੁੱਧੀਜੀਵੀ ਆਗੂ ਡਾਕਟਰ ਭੀਮ ਰਾਓ ਅੰਬੇਡਕਰ ਅਤੇ ਕਾਂਗਰਸੀ ਆਗੂ ਮੋਹਨ ਦਾਸ ਕਰਮ ਚੰਦ ਗਾਂਧੀ ਵਿਚਕਾਰ ਪੂਨਾ ਦੀ ਯਰਵਦਾ ਜੇਲ ਵਿਚ ਹੋਇਆ ਸੀ ਅਤੇ ਇਸ ਸਮਝੌਤੇ ਦੁਆਰਾ ਲੰਬੇ ਸੰਘਰਸ਼ ਬਾਦ ਅਛੂਤਾਂ ਨੂੰ ਅੰਗਰੇਜ਼ਾਂ ਵਲੋਂ ਮਿਲੇ ਵਖਰੇ ਚੋਣ ਅਧਿਕਾਰ ਕਮਿਉਨਲ ਐਵਾਰਡ ਨੂੰ ਖਤਮ ਕਰਕੇ ਮੌਜੂਦਾ ਰਾਖਵਾਂਕਰਣ ਨੀਤੀ ਯੋਜਨਾ ਮੰਨਜੂਰ ਕੀਤੀ ਗਈ। ਜੇਕਰ ਭਾਰਤ ਵਿਚ ਵਖਰੇ ਚੋਣ ਅਧਿਕਾਰਾਂ ਦਾ ਇਤਿਹਾਸ ਵੇਖੀਏ ਤਾਂ 1917 ਵਿੱਚ ਹਿੰਦੂਆਂ ਅਤੇ ਮੁਸਲਮਾਨਾਂ ਦੇ ਨੁਮਾਇੰਦਿਆਂ ਵਿਚਕਾਰ 'ਲਖਨਊ ਪੈਕਟ' ਹੋਇਆ ਜਿਸਤੋਂ ਬਾਦ ਕਾਂਗਰਸ ਲੀਗ ਦੀ ਸਥਾਪਨਾ ਕੀਤੀ ਗਈ ਅਤੇ ਇਸ ਵਿਚ ਕਈ ਵਰਗਾਂ ਲਈ ਅਲੱਗ ਚੋਣ ਅਧਿਕਾਰਾਂ ਨੂੰ ਸਵੀਕਾਰ ਕੀਤਾ ਗਿਆ ਸੀ ਅਤੇ ਉਨ੍ਹਾਂ ਦੀ ਅਬਾਦੀ ਅਨੁਸਾਰ ਨੁਮਾਇੰਦਗੀ ਦਿੱਤੀ ਗਈ। ਇਸ ਚੋਣ ਸਮਝੌਤੇ ਵਿਚ ਸਦੀਆਂ ਤੋਂ ਲਿਤਾੜੇ ਕਰੋੜਾਂ ਅਛੂਤਾਂ ਦੀ ਨੁਮਾਇੰਦਗੀ ਦਾ ਕੋਈ ਜ਼ਿਕਰ ਨਹੀਂ ਸੀ। ਅਛੂਤਾਂ ਦੇ ਆਗੂ ਡਾਕਟਰ ਭੀਮ ਰਾਓ ਅੰਬੇਡਕਰ ਦੀ ਅਗਵਾਈ ਵਿਚ ਇੱਕ ਵਫਦ ਅਗਸਤ 1917 ਵਿਚ ਮੁੰਬਈ ਵਿਚ ਲਾਰਡ ਈ ਮੋਨਟੇਗੂ ਸਾਹਮਣੇ ਪੇਸ਼ ਹੋਇਆ ਜਿਸਨੇ ਅਛੂਤਾਂ ਦੀ ਤਰਸਯੋਗ ਹਾਲਤ ਅਤੇ ਸਮੱਸਿਆਵਾਂ ਪ੍ਰਤੀ ਜਾਣੂ ਕਰਵਾਇਆ। 27 ਜਨਵਰੀ 1919 ਨੂੰ ਇਹ ਆਗੂ ਵੋਟ ਅਤੇ ਨਾਗਰਿਕ ਅਧਿਕਾਰਾਂ ਸਬੰਧੀ ਗਠਿਤ ਸਾਊਥ ਬਰੋ ਕਮੇਟੀ ਸਾਹਮਣੇ ਪੇਸ਼ ਹੋਏ ਅਤੇ ਕਰੋੜਾਂ ਅਛੂਤਾਂ ਲਈ ਆਬਾਦੀ ਅਨੁਸਾਰ ਵੱਖਰੇ ਚੋਣ ਅਧਿਕਾਰਾਂ ਦੀ ਮੰਗ ਰੱਖੀ ਪ੍ਰੰਤੂ ਕੁੱਝ ਅਖੌਤੀ ਮੰਨੂਵਾਦੀ ਆਗੂਆ ਦੇ ਵਿਰੋਧ ਕਾਰਨ ਕੋਈ ਲਾਭ ਨਹੀਂ ਮਿਲਿਆ। 1919 ਵਿੱਚ ਇੱਕ ਭਾਰਤੀ ਕਾਨੂੰਨ ਕਮਿਸ਼ਨ (ਇੰਡੀਅਨ ਸਟੈਚੂਟਰੀ ਕਮਿਸ਼ਨ) ਸਰ ਜੌਹਨ ਸਾਇਮਨ ਦੀ ਅਗਵਾਈ ਵਿਚ ਬਣਾਇਆ ਗਿਆ ਜਿਸਨੂੰ ਸਾਇਮਨ ਕਮਿਸ਼ਨ ਕਿਹਾ ਜਾਂਦਾ ਹੈ। ਇਹ ਕਮਿਸ਼ਨ 3 ਫਰਵਰੀ, 1928 ਨੂੰ ਮੁੰਬਈ ਆਇਆ ਜਿਸਦਾ ਕਈ ਮੰਨੂਵਾਦੀ ਆਗੂਆਂ ਨੇ ਕਾਂਗਰਸ ਪ੍ਰਧਾਨ ਲਾਲਾ ਲਾਜਪਤ ਰਾਏ ਦੀ ਅਗਵਾਈ ਵਿਚ ਕਾਲੇ ਝੰਡਿਆਂ ਨਾਲ ਵਿਰੋਧ ਕੀਤਾ। ਪੰਜਾਬ ਵਿਚ ਦੋਆਬੇ ਦੇ ਆਗੂ ਅਤੇ ਆਦਿ ਧਰਮ ਮੰਡਲ ਦੇ ਸੰਸਥਾਪਕ ਬਾਬੂ ਮੰਗੂ ਰਾਮ ਮੁਗੋਵਾਲੀਆ ਦੀ ਅਗਵਾਈ ਵਾਲੇ ਵਫਦ ਨੇ ਇਸ ਕਮਿਸ਼ਨ ਨੂੰ ਮਿਲਕੇ ਅਪਣੇ ਅਧਿਕਾਰ ਲੈਣ ਲਈ ਮਤਾ ਪਾਸ ਕੀਤਾ ਅਤੇ 18 ਸੰਗਠਨਾਂ ਨੇ ਸਾਈਮਨ ਕਮਿਸ਼ਨ ਅੱਗੇ ਆਪਣੇ ਅਲੱਗ ਅਧਿਕਾਰਾਂ ਦੀ ਮੰਗ ਕੀਤੀ। ਸਾਇਮਨ ਕਮਿਸ਼ਨ ਦੀ ਰਿਪੋਰਟ ਤੇ ਲੰਡਨ ਵਿਚ ਤਿੰਨ ਗੋਲਮੇਜ਼ ਕਾਨਫਰੰਸਾਂ ਹੋਈਆਂ ਜਿਸ ਵਿਚ ਭਾਰਤ ਦੇ ਵੱਖ ਵੱਖ ਵਰਗਾਂ ਦੇ ਪ੍ਰਤੀਨਿਧੀ ਜਿਨ੍ਹਾਂ ਵਿਚ ਹਿੰਦੂਆਂ ਵੱਲੋਂ ਮੋਹਨ ਦਾਸ ਕਰਮ ਚੰਦ ਗਾਂਧੀ, ਮੁਸਲਮਾਨਾਂ ਵੱਲੋਂ ਮੁਹੰਮਦ ਅਲੀ ਜਿਨਾਹ ਅਤੇ ਗਾਂਧੀ ਦੇ ਵਿਰੋਧ ਦੇ ਬਾਬਜੂਦ ਅਛੂਤਾਂ ਵੱਲੋਂ ਡਾਕਟਰ ਅੰਬੇਡਕਰ ਸ਼ਾਮਲ ਹੋਏ ਜਿਨ੍ਹਾਂ ਨੇ ਅਪਣੇ ਅਪਣੇ ਵਰਗਾਂ ਦੇ ਹੱਕਾਂ ਦੀ ਮੰਗ ਰੱਖੀ। ਕਾਨਫਰੰਸ ਦਾ ਪਹਿਲਾ ਇਜਲਾਸ 12 ਨਵੰਬਰ 1930 ਨੂੰ ਸਮਰਾਟ ਜਾਰਜ ਪੰਜਵੇਂ ਦੀ ਪ੍ਰਧਾਨਗੀ ਹੇਠ ਲੰਡਨ ਵਿਖੇ ਸ਼ੁਰੂ ਹੋਇਆ ਜਿਸ ਵਿਚ ਹਾਜ਼ਰ ਨੁਮਾਇੰਦਿਆਂ ਦੀ ਕੁੱਲ ਸੰਖਿਆ 89 ਸੀ, ਜਿਨ੍ਹਾਂ ਵਿੱਚੋਂ 53 ਭਾਰਤੀ ਸਨ। ਕਾਨਫਰੰਸ ਦੇ ਕੰਮ ਨੂੰ ਕਈ ਕਮੇਟੀਆਂ ਵਿਚ ਵੰਡ ਦਿੱਤਾ ਗਿਆ ਅਤੇ ਇਨ੍ਹਾਂ ਕਮੇਟੀਆਂ ਵਿੱਚੋਂ ਮਹੱਤਵਪੂਰਨ ਕਮੇਟੀ ਘੱਟ ਗਿਣਤੀ ਵਰਗ ਦੀ ਕਮੇਟੀ ਸੀ, ਜਿਸ ਦਾ ਮੁੱਖ ਕੰਮ ਭਾਰਤ ਦੀ ਫਿਰਕੂ ਸਮੱਸਿਆ ਨੂੰ ਹੱਲ ਕਰਨਾ ਸੀ। ਸਾਰੇ ਵਰਗਾਂ ਦੇ ਪ੍ਰਤੀਨਿਧੀਆਂ ਦੇ ਵਿਚਾਰ ਸੁਣਨ ਤੋਂ ਬਾਅਦ 9 ਕਮੇਟੀਆਂ ਦੀ ਸਥਾਪਨਾ ਕੀਤੀ ਜਿਨ੍ਹਾਂ ਵਿੱਚੋਂ ਬਹੁਤੀਆਂ ਕਮੇਟੀਆਂ ਵਿਚ ਡਾਕਟਰ ਅੰਬੇਡਕਰ ਦਾ ਨਾਮ ਸ਼ਾਮਲ ਸੀ ਪਰ ਉਨ੍ਹਾਂ ਦਾ ਸਭ ਤੋਂ ਮਹੱਤਵਪੂਰਨ ਕੰਮ ਅਛੂਤਾਂ ਦੇ ਸੱਭਿਆਚਾਰਕ, ਧਾਰਮਿਕ ਅਤੇ ਆਰਥਿਕ ਅਧਿਕਾਰਾਂ ਦੀ ਸੁਰੱਖਿਆ ਲਈ ਮੌਲਿਕ ਅਧਿਕਾਰਾਂ ਦਾ ਘੋਸ਼ਣਾ ਪੱਤਰ ਤਿਆਰ ਕਰਕੇ ਘੱਟ ਗਿਣਤੀਆਂ ਬਾਰੇ ਬਣੀ ਉੱਪ ਕਮੇਟੀ ਨੂੰ ਪੇਸ਼ ਕਰਨਾ ਸੀ। ਦੂਜੀ ਗੋਲਮੇਜ਼ ਕਾਨਫਰੰਸ ਲਈ ਜੁਲਾਈ 1931 ਦੇ ਤੀਜੇ ਹਫਤੇ ਡਾਕਟਰ ਅੰਬੇਡਕਰ, ਸਰ ਤੇਜ ਬਹਾਦਰ ਸਪੂਰ, ਮਦਨ ਮੋਹਨ ਮਾਲਵੀਆ, ਸਰੋਜਨੀ ਨਾਇਡੂ, ਮੋਹਨ ਦਾਸ ਕਰਮ ਚੰਦ ਗਾਂਧੀ, ਮਿਰਜ਼ਾ ਇਸਮਾਈਲ, ਮੁਹੰਮਦ ਅਲੀ ਜਿਨਾਹ ਅਤੇ ਹੋਰ ਨੇਤਾਵਾਂ ਨੂੰ ਸੱਦਾ ਪੱਤਰ ਮਿਲਿਆ। ਇਸ ਵਿਚ ਡਾਕਟਰ ਅੰਬੇਡਕਰ ਦਾ ਨਾਮ ਸਟਰੱਕਚਰਲ ਕਮੇਟੀ ਵਿੱਚ ਸ਼ਾਮਲ ਸੀ। ਸੰਵਿਧਾਨ ਬਣਾਉਣ ਦਾ ਕਾਰਜ ਵਿਸ਼ੇਸ਼ ਤੌਰ ਤੇ ਇਸ ਕਮੇਟੀ ਨੇ ਕਰਨਾ ਸੀ। ਗੋਲਮੇਜ਼ ਕਾਨਫਰੰਸਾਂ ਵਿੱਚ ਕਈ ਵਰਗਾਂ ਲਈ ਵੱਖਰੇ ਵੱਖਰੇ ਰਾਜਨੀਤਿਕ ਅਧਿਕਾਰਾਂ ਪ੍ਰਤੀ ਸਹਿਮਤੀ ਹੋਈ ਅਤੇ ਸਦੀਆਂ ਤੋਂ ਲਿਤਾੜੇ ਅਛੂਤਾਂ ਲਈ ਵੀ ਵੱਖਰੇ ਰਾਜਨੀਤਿਕ ਅਧਿਕਾਰਾਂ ਨੂੰ ਸਵੀਕਾਰ ਕੀਤਾ ਗਿਆ। ਗੋਲਮੇਜ਼ ਕਾਨਫਰੰਸ ਦਾ ਦੂਜਾ ਇਜਲਾਸ 7 ਸਤੰਬਰ 1931 ਨੂੰ ਸ਼ੁਰੂ ਹੋਇਆ। ਕਾਨਫਰੰਸ ਨੇ ਪਹਿਲੀ ਗੋਲਮੇਜ਼ ਕਾਨਫਰੰਸ ਵੱਲੋਂ ਸਥਾਪਿਤ ਕਮੇਟੀਆਂ ਦੀਆਂ ਰਿਪੋਰਟਾਂ ਤੇ ਵਿਚਾਰ ਕਰਨਾ ਸੀ। 15 ਸਤੰਬਰ 1931 ਨੂੰ ਗਾਂਧੀ ਨੇ ਫੈਡਰਲ ਸਟਰੱਕਚਰ ਕਮੇਟੀ ਵਿੱਚ ਇਹ ਦਾਅਵਾ ਕੀਤਾ ਕਿ ਕਾਂਗਰਸ ਪਾਰਟੀ ਸਾਰੇ ਵਰਗਾਂ ਦੀ ਨੁਮਾਇੰਦਗੀ ਕਰਦੀ ਹੈ। ਗਾਂਧੀ ਅਤੇ ਹੋਰ ਕਈ ਮੰਨੂਵਾਦੀ ਸੋਚ ਵਾਲੇ ਕਾਂਗਰਸੀ ਆਗੂਆਂ ਨੇ ਅਛੂਤਾਂ ਨੂੰ ਮਿਲਣ ਵਾਲੇ ਵਿਸ਼ੇਸ਼ ਅਧਿਕਾਰਾਂ ਦਾ ਵਿਰੋਧ ਕੀਤਾ। ਡਾਕਟਰ ਅੰਬੇਡਕਰ ਨੇ ਇਨ੍ਹਾਂ ਅਧਿਕਾਰਾਂ ਸਬੰਧੀ ਘੱਟ ਗਿਣਤੀ ਕਮੇਟੀ ਕੋਲ ਦੋ ਮੈਮੋਰੰਡਮ ਪੇਸ਼ ਕੀਤੇ ਜਿਨ੍ਹਾਂ ਤੇ ਘੱਟ ਗਿਣਤੀ ਕਮੇਟੀ ਅਤੇ ਸੰਘੀ ਸ਼ਾਸ਼ਨ ਪ੍ਰਣਾਲੀ ਸੰਮਤੀ ਦੋਹਾਂ ਵਿਚ ਵਿਚਾਰ ਵਟਾਂਦਰਾ ਹੋਇਆ ਜਿਸਤੋਂ ਬਾਦ ਇਹ ਫੈਸਲਾ ਹੋਇਆ ਕਿ 80 ਤੋਂ 90 ਫਿਸਦੀ ਸੀਟਾਂ ਅਲੱਗ ਚੋਣ ਖੇਤਰਾਂ ਰਾਹੀਂ ਭਰੀਆਂ ਜਾਣ ਅਤੇ ਬਾਕੀ ਆਮ ਚੋਣਾਂ ਦੁਆਰਾ ਹੀ ਭਰੀਆਂ ਜਾਣ। ਇਸ ਵਿੱਚ 5 ਫਿਸਦੀ ਸੀਟਾਂ ਔਰਤਾਂ ਲਈ ਵੀ ਰਾਖਵੀਆਂ ਰੱਖਣ ਦਾ ਫੈਸਲਾ ਹੋਇਆ। ਘੱਟ ਗਿਣਤੀਆਂ ਬਾਰੇ ਕਮੇਟੀ ਨੇ ਵੀ ਆਪਣੀ ਰਿਪੋਰਟ ਪੇਸ਼ ਕੀਤੀ ਅਤੇ 17 ਅਗਸਤ 1932 ਨੂੰ ਬ੍ਰਿਟਿਸ਼ ਸਰਕਾਰ ਨੇ ਅਪਣਾ ਮਹੱਤਵਪੂਰਨ ਇਤਿਹਾਸਕ ਫੈਸਲਾ ਸੁਣਾ ਦਿੱਤਾ ਜਿਸ ਵਿੱਚ ਕਈ ਹੋਰ ਵਰਗਾਂ ਵਾਂਗ ਅਛੂਤਾਂ ਨੂੰ ਵੀ ਘੱਟ ਗਿਣਤੀ ਮੰਨਦੇ ਹੋਏ ਦੋ ਵੋਟਾਂ ਦਾ ਵਿਸ਼ੇਸ਼ ਅਧਿਕਾਰ ਦੇਕੇ ਅਪਣੇ ਅਲੱਗ ਪ੍ਰਤੀਨਿਧੀ ਚੁਣਨ ਦਾ ਅਧਿਕਾਰ ਦਿੱਤਾ ਗਿਆ ਜਿਸਨੂੰ ਕਮਿਉਨਲ ਐਵਾਰਡ ਕਿਹਾ ਜਾਂਦਾ ਹੈ ਜਿਸਦਾ ਮੋਹਨ ਦਾਸ ਕਰਮ ਚੰਦ ਗਾਂਧੀ ਨੇ ਸਖਤ ਵਿਰੋਧ ਕੀਤਾ ਅਤੇ ਕਿਹਾ ਕਿ ਸਰਕਾਰ ਅਪਣੇ ਫੈਸਲੇ ਵਿੱਚ ਸੋਧ ਕਰਕੇ ਦਲਿਤਾਂ ਤੋਂ ਵੱਖਰੇ ਅਧਿਕਾਰ ਵਾਪਸ ਲਵੇ। ਗਾਂਧੀ ਜੋਕਿ ਪੂਨਾ ਦੀ ਯਰਵਦਾ ਜੇਲ੍ਹ ਵਿੱਚ ਕੈਦ ਸੀ ਨੇ ਜੇਲ ਵਿੱਚੋਂ ਪ੍ਰਧਾਨ ਮੰਤਰੀ ਮੈਕਡਾਨਲਡ ਨੂੰ ਧਮਕੀ ਭਰਿਆ ਪੱਤਰ ਲਿਖਿਆ ਕਿ ਜੇਕਰ ਦਲਿਤਾਂ ਦੇ ਵੱਖਰੇ ਆਜ਼ਾਦ ਚੋਣ ਅਧਿਕਾਰ ਵਾਪਸ ਨਾ ਲਏ ਤਾਂ ਮੈਂ ਆਪਣੀ ਜਾਨ ਦੇ ਦੇਵਾਂਗਾ।




ਅੰਗਰੇਜ਼ ਸਰਕਾਰ ਵਲੋਂ ਇਸ ਸਬੰਧੀ ਕੋਈ ਕਾਰਵਾਈ ਨਾਂ ਕਰਨ ਦੇ ਫੈਸਲੇ ਤੋਂ ਬਾਦ ਗਾਂਧੀ ਨੇ 20 ਸਤੰਬਰ 1932 ਨੂੰ ਜੇਲ ਵਿੱਚ ਮਰਨ ਵਰਤ ਸ਼ੁਰੂ ਕਰ ਦਿੱਤਾ। ਪ੍ਰਧਾਨ ਮੰਤਰੀ ਰੈਮਜੇ ਮੈਕਡਾਨਲਡ ਨੇ ਗਾਂਧੀ ਨੂੰ ਅਪੀਲ ਕੀਤੀ ਕਿ ਉਹ ਦਲਿਤਾਂ ਵਿਰੁੱਧ ਇਸ ਤਰ੍ਹਾਂ ਦਾ ਖਤਰਨਾਕ ਕਦਮ ਨਾ ਚੁੱਕਣ। ਗਾਂਧੀ ਦੇ ਦਲਿਤ ਵਿਰੋਧੀ ਫੈਸਲੇ ਵਿਰੁੱਧ ਆਦਿ ਧਰਮ ਅੰਦੋਲਨ ਦੇ ਮੋਢੀ ਬਾਬੂ ਮੰਗੂ ਰਾਮ ਮੁਗੋਵਾਲੀਆ ਦੀ ਅਗਵਾਈ ਵਿੱਚ ਕਈ ਆਗੂਆਂ ਨੇ ਮਰਨ ਵਰਤ ਰੱਖਿਆ। ਗਾਂਧੀ ਦੀ ਜਾਨ ਬਚਾਉਣ ਲਈ ਕਈ ਮੰਨੂਵਾਦੀ ਸੰਗਠਨਾਂ ਵਲੋਂ ਡਾਕਟਰ ਅੰਬੇਡਕਰ ਨੂੰ ਧਮਕੀਆਂ ਦਿੱਤੀਆਂ ਗਈਆਂ ਅਤੇ ਦਬਾਅ ਪਾਇਆ ਗਿਆ। ਗਾਂਧੀ ਦੀ ਪਤਨੀ ਕਸਤੂਰਬਾ ਗਾਂਧੀ ਅਤੇ ਬੇਟਾ ਦੇਵ ਦਾਸ ਆਪ ਵੀ ਡਾਕਟਰ ਅੰਬੇਡਕਰ ਨੂੰ ਮਿਲੇ ਅਤੇ ਗਾਂਧੀ ਦੀ ਜਾਨ ਬਚਾਉਣ ਲਈ ਅਪੀਲ ਕੀਤੀ। ਅਖੀਰ 24 ਸਤੰਬਰ, 1932 ਨੂੰ ਸ਼ਾਮ ਨੂੰ ਲੱਗਭੱਗ 5 ਵਜੇ ਯਰਵਦਾ ਜੇਲ ਵਿੱਚ ਮਦਨ ਮੋਹਨ ਮਾਲਵੀਆ, ਤੇਜ ਬਹਾਦਰ ਸਪਰੂ, ਐਮ ਆਰ ਜੈਕਾਰ, ਸ਼੍ਰੀਨਿਵਾਸਨ, ਐਮ ਸੀ ਰਾਜਾਹ, ਜੀ ਡੀ ਬਿਰਲਾ, ਸੀ ਵੀ ਮੈਹਤਾ, ਸੀ ਰਾਜਾਹ ਗੋਪਾਲਚਾਰੀ, ਸ਼ੰਕਰ ਲਾਲ ਬੈਂਕਰ, ਬੀ ਐਸ ਕਾਮਤ, ਜੀ ਕੇ ਦਿਓਧਾਰ, ਏ ਵੀ ਠਕਰ, ਆਰ ਕੇ ਬਾਖਲੇ, ਗਵਾਇ, ਰਾਜਿੰਦਰ ਪ੍ਰਸਾਦ, ਰਾਮੇਸ਼ਵਰ ਦਾਸ ਬਿਰਲਾ, ਪੀ ਜੀ ਸੋਲੰਕੀ, ਪੀ ਬਾਲੂ, ਗੋਬਿੰਦ ਮਾਲਵੀਆ, ਦੇਵਦਾਸ ਗਾਂਧੀ, ਬਿਸਵਾਸ, ਬੀ ਐਨ ਰਾਜਭੋਜ ਆਦਿ ਦੀ ਹਾਜ਼ਰੀ ਵਿੱਚ ਡਾਕਟਰ ਅੰਬੇਡਕਰ ਅਤੇ ਗਾਂਧੀ ਵਿਚਕਾਰ ਇੱਕ ਲਿਖਤੀ ਸਮਝੌਤਾ ਹੋਇਆ ਜਿਸਨੂੰ ਪੂਨਾ ਪੈਕਟ ਦਾ ਨਾਮ ਦਿੱਤਾ ਗਿਆ। ਇਸ ਸਮਝੌਤੇ ਤੇ 25 ਸਤੰਬਰ ਨੂੰ ਮੁੰਬਈ ਵਿੱਚ ਹਿੰਦੂ ਕਾਨਫਰੰਸ ਦੀ ਬੈਠਕ ਵਿੱਚ ਕਈ ਹੋਰ ਵਿਅਕਤੀਆਂ ਲਾਲੂਭਾਈ ਸਾਮਲ ਦਾਸ, ਹਾਂਸਾ ਮਹਿਤਾ, ਕੇ ਨਾਟਰਾਜਨ, ਕਾਮਕੋਟੀ ਨਾਟਰਾਜਾਨ, ਪੁਰਸ਼ੋਤਮ ਦਾਸ ਠਾਕਰਦਾਸ, ਮਥਰਾਦਾਸ ਵਾਸੰਜੀ, ਵਾਲਚੰਦ ਹੀਰਾਚੰਦ, ਐਚ ਐਨ ਕੁੰਜਰੂ, ਕੇ ਜੀ ਲਿਮਾਏ, ਪੀ ਕੋਂਡਾਡਰਾਓ, ਜੀ ਕੇ ਗਾਡਗਿਲ, ਮਨੂ ਸੂਬੇਦਾਰ, ਅਵਾਂਤਿਕਾਬਾਈ ਗੋਖਲੇ, ਕੇ ਜੇ ਚਿਤਾਲਿਆ, ਰਾਧਾਕਾਂਤ ਮਾਲਵੀਆ, ਏ ਆਰ ਭੱਟ ਆਦ ਨੇ ਦਸਤਖਤ ਕੀਤੇ ਜਿਸ ਨਾਲ ਲੰਬੇ ਸੰਘਰਸ਼ ਤੋਂ ਬਾਦ ਦਲਿਤਾਂ ਨੂੰ ਮਿਲੇ ਦੋ ਵੋਟਾਂ ਵਾਲੇ ਅਧਿਕਾਰ ਨੂੰ ਖਤਮ ਕਰ ਦਿਤਾ ਗਿਆ ਅਤੇ ਕਮਿਉਨਲ ਐਵਾਰਡ ਦੁਆਰਾ ਰਾਖਵੀਆਂ ਰੱਖੀਆਂ ਗਈਆਂ 'ਵਿਧਾਨ ਮੰਡਲਾਂ ਦੀਆਂ 78 ਸੀਟਾਂ ਨੂੰ ਵਧਾਕੇ 148 ਕੀਤਾ ਗਿਆ ਜਿਨ੍ਹਾਂ ਵਿੱਚ ਮਦਰਾਸ ਵਿੱਚ 30, ਬੰਬੇ ਅਤੇ ਸਿੰਧ ਪਰਾਂਤ ਵਿੱਚ 15, ਬਿਹਾਰ ਅਤੇ ਉੜੀਸਾ ਵਿੱਚ 18, ਅਸਾਮ ਵਿੱਚ 7, ਬੰਗਾਲ ਵਿੱਚ 30, ਕੇਂਦਰੀ ਪ੍ਰਾਂਤ ਬੈਰਰ ਵਿੱਚ 20, ਪੰਜਾਬ ਵਿੱਚ 8, ਆਗਰਾ ਅਤੇ ਸੰਯੁਕਤ ਪ੍ਰਾਂਤ ਦੀਆਂ 20 ਸੀਟਾਂ ਸ਼ਾਮਲ ਸਨ। ਇਸ ਵਿੱਚ ਦਲਿਤਾਂ ਨੂੰ ਵਿੱਦਿਆ ਪ੍ਰਾਪਤੀ ਲਈ ਆਰਥਿਕ ਮੱਦਦ ਅਤੇ ਨੌਕਰੀਆਂ ਵਿੱਚ ਰਾਖਵਾਂਕਰਣ ਦੀਆਂ ਸਹੂਲਤਾਂ ਵੀ ਦਿੱਤੀਆਂ ਗਈਆਂ। ਪੂਨਾ ਪੈਕਟ ਵਿੱਚ ਹੋਏ ਸਮਝੋਤਿਆਂ ਨੂੰ ਗੋਵਰਨਮੈਂਟ ਆਫ ਇੰਡੀਆ ਐਕਟ 1935 ਵਿੱਚ ਸ਼ਾਮਿਲ ਕਰਨ ਤੋਂ ਬਾਦ ਲਾਗੂ ਕੀਤਾ ਗਿਆ। ਸਾਲ 1937 ਵਿੱਚ ਹੋਈਆਂ ਚੋਣਾਂ ਜਿਨ੍ਹਾਂ ਵਿੱਚ ਗਾਂਧੀ ਵਲੋਂ ਦਿੱਤੇ ਗਏ ਭਰੋਸੇ ਕਿ ਇਨ੍ਹਾਂ 148 ਰਾਖਵੀਆਂ ਸੀਟਾਂ ਸਬੰਧੀ ਕਾਂਗਰਸ ਪਾਰਟੀ ਕੋਈ ਵੀ ਦਖਲਅੰਦਾਜ਼ੀ ਨਹੀਂ ਕਰੇਗੀ ਪਰ ਇਨ੍ਹਾਂ ਵਿੱਚੋਂ ਲੱਗਭੱਗ 78 ਸੀਟਾਂ ਤੇ ਕਾਂਗਰਸ ਪਾਰਟੀ ਨੇ ਹੀ ਕਬਜ਼ਾ ਕੀਤਾ ਸੀ। ਕਈ ਦਲਿਤ ਬੁੱਧੀਜੀਵੀਆਂ ਨੇ ਇਸ ਪੂਨਾ ਪੈਕਟ ਨੂੰ ਵੱਡੀ ਗੱਲਤੀ ਮੰਨਿਆ ਹੈ। ਪੂਨਾ ਪੈਕਟ ਨੇ ਦਲਿਤਾਂ ਨੂੰ ਰਾਜਨੀਤਿਕ ਹਥਿਆਰ ਬਣਾਕੇ ਰੱਖ ਦਿਤਾ ਹੈ। ਸੰਯੁਕਤ ਚੋਣ ਪ੍ਰਣਾਲੀ ਵਿੱਚ ਦਲਾਲ ਅਤੇ ਏਜੰਟ ਹੀ ਤਿਆਰ ਹੋ ਰਹੇ ਹਨ ਅਤੇ ਦਲਿਤਾਂ ਦੇ ਮੰਨੂਵਾਦੀ ਪ੍ਰਥਾ ਨਾਲ ਲੜਣ ਵਾਲੀ ਅਸਲੀ ਅਤੇ ਅਜ਼ਾਦ ਅਗਵਾਈ ਦੀ ਭਾਵਨਾ ਨੂੰ ਬਰਬਾਦ ਕਰ ਦਿਤਾ ਹੈ ਅਤੇ ਹਿੰਦੂ ਸਮਾਜਿਕ ਵਿਵਸਥਾ ਦੇ ਇੱਕ ਹਿੱਸੇ ਵਜੋਂ ਹੀ ਕਾਇਮ ਰੱਖਿਆ ਹੈ। ਡਾਕਟਰ ਅੰਬੇਡਕਰ ਨੇ ਵੀ ਇਸਨੂੰ ਮੰਨੂਵਾਦੀ ਕਾਂਗਰਸੀ ਆਗੂਆਂ ਵਲੋਂ ਅਛੂਤਾਂ ਨਾਲ ਕੀਤਾ ਗਿਆ ਧੋਖਾ ਅਤੇ ਅਪਣੀ ਜਿੰਦਗੀ ਦੀ ਸਭ ਤੋਂ ਵੱਡੀ ਗੱਲਤੀ ਮੰਨਿਆ ਹੈ। ਬਹੁਜਨ ਸਮਾਜ ਪਾਰਟੀ ਦੇ ਸੰਸਥਾਪਕ ਕਾਂਸ਼ੀ ਰਾਮ ਨੇ ਵੀ ਪੂਨਾ ਪੈਕਟ ਨੂੰ ਇੱਕ ਧੋਖਾ ਮੰਨਿਆ ਹੈ ਅਤੇ ਇਸਤੋਂ ਬਾਦ ਦੇ ਸਮੇਂ ਨੂੰ ਚਮਚਾ ਯੁੱਗ ਕਿਹਾ ਹੈ। 23 ਸਤੰਬਰ 1982 ਨੂੰ ਪੂਨਾ ਪੈਕਟ ਦੀ 50ਵੀਂ ਵਰ੍ਹੇਗੰਢ ਮੌਕੇ ਇੱਕ ਕਿਤਾਬ ਚਮਚਾ ਯੁੱਗ ਪ੍ਰਕਾਸ਼ਿਤ ਕੀਤੀ ਜਿਸ ਵਿੱਚ ਕਿਹਾ ਕਿ ਇਸ ਪੂਨਾ ਪੈਕਟ ਦੁਆਰਾ ਦਲਿਤਾਂ ਨੂੰ ਅਪਣੇ ਅਸਲੀ ਪ੍ਰਤੀਨਿਧੀ ਚੁਣਨ ਦੇ ਅਧਿਕਾਰ ਤੋਂ ਦੂਰ ਕੀਤਾ ਗਿਆ ਹੈ। ਕਈ ਆਗੂਆਂ ਅਤੇ ਸੰਗਠਨਾ ਵਲੋਂ ਇਸ ਦਿਨ ਨੂੰ ਧਿਕਾਰ ਅਤੇ ਧੋਖਾ ਦਿਵਸ ਵਜੋਂ ਮਨਾਇਆ ਜਾਂਦਾ ਹੈ।

# ਆਰਮੀ ਵਿੱਚ ਅੱਵਲ ਦਰਜੇ ਦੇ ਰੈਸਲਰ ਰਹੇ ਨਿਮਰਤਾ ਦੇ ਪੁੰਜ ਸਨ ਸਰਦਾਰ ਸਵਰਨ ਸਿੰਘ



ਮੇਜਰ ਸਿੰਘ ਨਾਭਾ
91-94635-53962

ਦੇਸ਼ ਦੀ ਵੰਡ ਸਮੇਂ ਕਠਿਨ ਹਾਲਾਤਾਂ 'ਚੋਂ ਵਿਚਰਦਿਆਂ ਸ੍ਰ. ਸਵਰਨ ਸਿੰਘ ਨੇ ਤਕਰੀਬਨ 12 ਸਾਲ ਦੀ ਉਮਰ ਵਿੱਚ ਆਪਣੇ ਪਰਿਵਾਰ ਨਾਲ ਭਾਰਤੀ ਪੰਜਾਬ ਵਿੱਚ ਆਪਣੇ ਨਾਨਕੇ ਪਿੰਡ ਜਸਤਰਵਾਲ ਤਹਿਸੀਲ ਅਜਨਾਲਾ (ਅੰਮ੍ਰਿਤਸਰ) ਵਿਖੇ ਆ ਕੇ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਕੀਤੀ। ਉਨ੍ਹਾਂ ਦਾ ਜਨਮ 9 ਸਤੰਬਰ 1936 ਨੂੰ ਸ੍ਰ. ਜੀਵਨ ਸਿੰਘ ਦੇ ਘਰ ਮਾਤਾ ਸਰਦਾਰਨੀ ਪ੍ਰੀਤਮ ਕੌਰ ਦੀ ਕੁੱਖੋਂ ਪਿੰਡ ਇਚੋਗਿਲ ਵਿਖੇ ਹੋਇਆ ਜੋ ਕਿ ਅੱਜਕੱਲ੍ਹ ਪਾਕਿਸਤਾਨ ਵਿੱਚ ਹੈ।ਮਿਡਲ ਤੱਕ ਦੀ ਪੜ੍ਹਾਈ ਉਨ੍ਹਾਂ ਪਿੰਡ ਦੇ ਹੀ ਸਕੂਲ ਤੋਂ ਕਰ ਲਈ।ਉਨ੍ਹਾਂ ਨੇ ਮੈਟ੍ਰਿਕ ਤੱਕ ਦੀ ਪੜ੍ਹਾਈ ਹਾਈ ਸਕੂਲ ਅਜਨਾਲਾ ਤੋਂ ਕਰ ਲਈ।ਉਨ੍ਹਾਂ ਨੂੰ ਭਰ ਜਵਾਨੀ ਵਿੱਚ ਰੈਸਲਿੰਗ ਕਰਨ ਦਾ ਸ਼ੋਕ ਸੀ,ਸੋਹਣੀ ਡੀਲ ਡੋਲ ਸਦਕਾ ਉਹ 22 ਮਾਰਚ 1957 ਨੂੰ ਇੰਡੀਅਨ ਆਰਮੀ ਵਿੱਚ ਭਰਤੀ ਹੋ ਗਏ। ਉਨ੍ਹਾਂ ਨੇ 1962,1965 ਅਤੇ 1971 ਦੀਆਂ ਜੰਗਾਂ ਵਿੱਚ ਭਾਗ ਲਿਆ।ਉਨ੍ਹਾਂ ਇਹ ਜੰਗਾਂ ਬਹਾਦਰੀ ਨਾਲ ਲੜ੍ਹ ਕੇ ਆਪਣੀ ਯੂਨਿਟ ਅਤੇ ਦੇਸ਼ ਦਾ ਨਾਮ ਉੱਚਾ ਕੀਤਾ।ਸ. ਸਵਰਨ ਸਿੰਘ ਨੇ ਡਿਊਟੀ ਦੌਰਾਨ ਰੈਸਲਿੰਗ ਕਰਕੇ ਅੱਵਲ ਦਰਜੇ ਦੇ ਖਿਡਾਰੀ ਵਜੋਂ ਨਾਮ ਕਮਾਇਆ।ਉਹ ਤਕਰੀਬਨ 16 ਸਾਲ ਦੀ ਆਰਮੀ ਵਿੱਚ ਬੜੇ ਜਜ਼ਬੇ ਅਤੇ ਇਮਾਨਦਾਰੀ ਨਾਲ ਡਿਊਟੀ ਨਿਭਾਉਣ ਉਪਰੰਤ 8 ਦਸੰਬਰ 1973 ਨੂੰ ਰਿਟਾਇਰਮੈਂਟ ਲੈ ਕੇ ਘਰ ਆ ਗਏ ।

ਹੁਣ ਸ੍ਰ. ਸਵਰਨ ਸਿੰਘ ਦੀ ਜ਼ਿੰਦਗੀ ਦਾ ਅਗਲਾ ਪੜਾਅ ਸ਼ੁਰੂ ਹੋ ਗਿਆ।ਉਨ੍ਹਾਂ ਨੂੰ ਪੋਸਟ ਆਫਿਸ ਵਿੱਚ ਨੌਕਰੀ ਮਿਲ ਗਈ।ਉਹ 1990 ਵਿੱਚ ਲੁਧਿਆਣੇ ਵਿਖੇ ਪਰਿਵਾਰ ਸਮੇਤ ਆ ਕੇ ਸੈਟਲ ਹੋ ਗਏ।ਉਹ ਇਸ ਵਿਭਾਗ ਦੀਆਂ ਸੇਵਾਵਾਂ ਤੋਂ 1996 ਵਿੱਚ ਸੇਵਾ ਮੁਕਤ ਹੋ ਗਏ।ਉਨ੍ਹਾਂ ਦਾ ਕਿਰਦਾਰ ਸੱਚਾ ਸੁੱਚਾ ਰਹਿਆ ਹੈ ।ਉਹ ਹਮੇਸ਼ਾ ਸਹਿਜਤਾ ਅਤੇ ਨਿਮਰਤਾ ਨਾਲ ਵਿਚਰਦੇ ਰਹੇ ਹਨ।ਉਨ੍ਹਾਂ ਨੂੰ ਮਿਲ ਕੇ ਉਨ੍ਹਾਂ ਦੇ ਪਿਆਰ ਦਾ ਨਿੱਘ ਵੱਖਰਾ ਸਕੂਨ ਦਿੰਦਾ ਸੀ।ਉਨ੍ਹਾਂ ਦਾ ਮਿਠਬੋਲੜਾ ਸੁਭਾਅ ਸਭਨਾਂ ਨੂੰ ਆਪਣਾ ਬਣਾ ਲੈਂਦਾ।ਉਨ੍ਹਾਂ ਨੇ ਆਪਣੀ ਆਖਰੀ ਜ਼ਿੰਦਗੀ ਸਾਫ ਸੁੱਥਰੀ ਸਾਦਗੀ ਨਾਲ ਰਹਿ ਕੇ ਬਤਾਈ।ਉਹ ਗੁਰੂ ਘਰ ਨੂੰ ਮੰਨਣ ਵਾਲੇ ਬਾਣੀ ਨਾਲ ਜੁੜੇ ਹੋਏ ਇਨਸਾਨ ਸਨ।ਉਨ੍ਹਾਂ ਦੀ ਧਰਮ ਪਤਨੀ ਸਰਦਾਰਨੀ ਗੁਰਦੀਪ ਕੌਰ ਨੇ ਆਪਣੇ





ਬੱਚਿਆਂ ਦਾ ਪਾਲਣ-ਪੋਸ਼ਣ ਚੰਗੇ ਸ਼ੰਸ਼ਕਾਰ ਦੇ ਕੇ ਕੀਤਾ ਤਾਹੀ-ਉਂ ਸਾਰੇ ਭਰਾ ਥਪਾਕ ਨਾਲ ਰਹਿ ਰਹੇ ਹਨ ਅਤੇ ਗੁਰੂ ਘਰ 'ਚ ਅਥਾਹ ਸ਼ਰਧਾ ਰੱਖਦੇ ਹਨ। ਸ੍ਰ. ਸਵਰਨ ਸਿੰਘ ਲਈ ਮਾਣ ਵਾਲੀ ਗੱਲ ਸੀ ਕਿ ਉਨ੍ਹਾਂ ਦੇ ਭਰਾ ਸ੍ਰ.ਹਰਬੰਸ ਸਿੰਘ, ਸਵ: ਸ੍ਰ. ਕਰਤਾਰ ਸਿੰਘ , ਸ੍ਰ. ਕਰਨੈਲ ਸਿੰਘ ,ਸ੍ਰ. ਸੁਰਜੀਤ ਸਿੰਘ , ਸ੍ਰ. ਕਸ਼ਮੀਰ ਸਿੰਘ ਅਤੇ ਸ੍ਰ. ਨਰਿੰਜਨ ਸਿੰਘ ਨੇ ਆਪਣੇ ਆਪਣੇ ਬੱਚਿਆਂ ਨੂੰ ਵਧੀਆ ਪੜ੍ਹਾਈ ਕਰਵਾਏ ਕੇ ਮੁਹਾਲੀ / ਚੰਡੀਗੜ੍ਹ ਵਿਖੇ ਸੈਂਟਲ ਕਰ ਲਿਆ ਹੈ ।ਸੱਤ ਭਰਾਵਾਂ ਦੀ ਇੱਕੋ ਇੱਕ ਛੋਟੀ ਭੈਣ ਦਾ ਨਾਂ ਬਜ਼ੁਰਗਾਂ ਨੇ ਸਤਵੀਰ ਕੌਰ ਰੱਖਿਆ।

ਸ੍ਰ. ਸਵਰਨ ਸਿੰਘ ਦੇ ਵੱਡੇ ਬੇਟੇ ਸ੍ਰ. ਜਸਵਿੰਦਰ ਸਿੰਘ ਆਰਮੀ ਵਿੱਚੋਂ ਸੂਬੇਦਾਰ ਰਿਟਾਇਰ ਹੋ ਚੁੱਕੇ ਹਨ, ਉਨ੍ਹਾਂ ਦਾ ਬੇਟਾ ਅੰਮ੍ਰਿਤਪਾਲ ਸਿੰਘ ਕਨੇਡਾ ਵਿਖੇ ਪੀ.ਆਰ. ਹੈ।ਦੂਸਰੇ ਬੇਟੇ ਸ੍ਰ. ਜਸਪਾਲ ਸਿੰਘ ਅਤੇ ਉਨ੍ਹਾਂ ਦੇ ਬੇਟੇ ਹਰਮਨਪ੍ਰੀਤ ਸਿੰਘ ਅਕਾਉਂਟੈਂਟ ਵਜੋਂ ਕੰਮ ਕਰ ਰਹੇ ਹਨ। ਤੀਸਰੇ ਬੇਟੇ ਸੂਬੇਦਾਰ ਸਤਪਾਲ ਸਿੰਘ ਦਾ ਆਪਣਾ ਕਾਰੋਬਾਰ ਹੈ,ਉਨ੍ਹਾਂ ਦੇ ਬੇਟੇ ਮਲਕੀਤ ਸਿੰਘ ਅਤੇ ਅਰਿੰਦਰਪਾਲ ਸਿੰਘ ਜਾਬ ਕਰ ਰਹੇ ਹਨ।ਚੌਥੇ ਬੇਟੇ ਸ੍ਰ. ਹਰਪਾਲ ਸਿੰਘ ਪ੍ਰਾਈਵੇਟ ਨੌਕਰੀ ਕਰ ਰਹੇ ਹਨ, ਉਨ੍ਹਾਂ ਦਾ ਬੇਟਾ ਜਸਪ੍ਰੀਤ ਸਿੰਘ ਪੜ੍ਹਾਈ ਕਰ ਰਿਹਾ ਹੈ

ਸ੍ਰ. ਸਵਰਨ ਸਿੰਘ ਦੀਆਂ ਚਾਰ ਪੋਤਰੀਆਂ ਅਰਵਿੰਦਰ ਕੌਰ , ਰਾਜਵੰਤ ਕੌਰ, ਹਰਸਿਮਰਨ ਕੌਰ, ਪਰਮਿੰਦਰ ਕੌਰ ਵਿਆਹ ਉਪਰੰਤ ਆਪਣੇ ਪਰਿਵਾਰਾਂ ਵਿੱਚ ਵਧੀਆ ਜੀਵਨ ਬਸਰ ਕਰ ਰਹੀਆਂ ਹਨ । ਇੱਕ ਪੋਤਰੀ ਕੋਮਲ-ਪ੍ਰੀਤ ਕੌਰ ਉਚੇਰੀ ਪੜ੍ਹਾਈ ਕਰ ਚੁੱਕੀ ਹੈ।

ਪੜਪੋਤੇ ਮਨਕੀਰਤ ਸਿੰਘ ਅਤੇ ਪੜਪੋਤੀ ਏਕਨੂਰ ਕੌਰ ਨਾਲ ਲਾਡ ਲਡਾਉਂਦੇ ਇਸ ਖਿੜ੍ਹੀ ਫੁਲਵਾੜੀ ਨੂੰ ਅਚਾਨਕ ਹੀ ਸਦਾ ਲਈ 7 ਸਤੰਬਰ 2021 ਨੂੰ ਤਕਰੀਬਨ 85 ਸਾਲ ਦੀ ਉਮਰ ਵਿੱਚ ਅਲਵਿਦਾ ਕਹਿ ਗਏ।ਉਨ੍ਹਾਂ ਦੀ ਨਮਿੱਤ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ 14 ਸਤੰਬਰ 2021 ਨੂੰ ਉਨ੍ਹਾਂ ਦੇ ਗ੍ਰਹਿ ਵਿਖੇ ਪਾਉਣ ਉਪਰੰਤ ਅੰਤਿਮ ਅਰਦਾਸ ਗੁਰਦੁਆਰਾ ਸ੍ਰੀ ਸੁਖਮਨੀ ਸਾਹਿਬ ਅਰਬਨ ਅਸਟੇਟ, ਫੇਸ-2, ਦੁਗਰੀ, ਲੁਧਿਆਣਾ ਵਿਖੇ ਦੁਪਿਹਰ ਬਾਅਦ ਪਾਏ ਗਏ। ਇਸ ਸਮੇਂ ਉਨ੍ਹਾਂ ਦੇ ਰਿਸ਼ਤੇਦਾਰ, ਮਿੱਤਰ-ਦੋਸਤ, ਸੁਨੇਹੀ ਵੱਡੀ ਗਿਣਤੀ ਵਿੱਚ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਅਤੇ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਏ। ਅੰਤ 'ਚ ਪਰਿਵਾਰ ਵਲੋਂ ਸਮੂਹ ਸੰਗਤ ਦਾ ਧੰਨਵਾਦ ਕਰਦੇ ਹੋਏ ਸ੍ਰ. ਸੁਰਿੰਦਰਪਾਲ ਸਿੰਘ ਵਲੋਂ ਸਰਦਾਰ ਸਵਰਨ ਸਿੰਘ ਦੀ ਸ਼ਖ਼ਸ਼ੀਅਤ ਬਾਰੇ ਗੁਰਬਾਣੀ ਅਨੁਸਾਰ ਦ੍ਰਿਸ਼ਟਾਂਤ ਦੇ ਕੇ ਉਨ੍ਹਾਂ ਦੇ ਅਨੇਕਾਂ ਗੁਣਾਂ ਦਾ ਜ਼ਿਕਰ ਕੀਤਾ ਜੋ ਕਿ ਸੱਚਮੁੱਚ ਗੁਰਮੁੱਖ ਇਨਸਾਨ ਸਨ।

# "ਸਮਾਲਸਰ ਮੇਰਾ ਪਿੰਡ" ਜੱਗੀ ਬਰਾੜ ਸਮਾਲਸਰ ਦੀ ਇਤਿਹਾਸਕ ਪੁਸਤਕ

ਸਮਾਲਸਰ ਪਿੰਡ ਦੀ ਧੀ ਜੱਗੀ ਬਰਾੜ ਸਮਾਲਸਰ ਨੇ ਆਪਣੇ ਪਿੰਡ ਦੀ ਇਤਿਹਾਸਕ, ਧਾਰਮਿਕ ਅਤੇ ਸਮਾਜਿਕ ਵਿਰਾਸਤ ਬਾਰੇ ਜਾਣਕਾਰੀ ਭਰਪੂਰ ਪੁਸਤਕ " ਸਮਾਲਸਰ ਮੇਰਾ ਪਿੰਡ" ਲਿਖਕੇ ਆਪਣੀ ਵਿਰਾਸਤੀ ਮਿੱਟੀ ਦੀ ਮਹਿਕ ਨੂੰ ਸਤਿਕਾਰ ਅਤੇ ਅਕੀਦਤ ਦੇ ਫੁੱਲ ਭੇਂਟ ਕੀਤੇ ਹਨ। ਮੇਰੀ ਜਾਣਕਾਰੀ ਅਨੁਸਾਰ ਪੰਜਾਬ ਦੇ ਪਿੰਡਾਂ ਬਾਰੇ ਹੁਣ ਤੱਕ ਪ੍ਰਕਾਸ਼ਤ ਹੋਈਆਂ ਸਾਰੀਆਂ ਪੁਸਤਕਾਂ ਤੋਂ ਬਿਹਤਰੀਨ ਪੁਸਤਕ ਹੈ। ਇਹ 372 ਪੰਨਿਆ ਵਾਲੀ ਵਡ ਅਕਾਰੀ, ਸੁਚਿਤਰ ਰੰਗਦਾਰ ਪੁਸਤਕ ਹੈ, ਜਿਸਦਾ ਮੁੱਖ ਕਵਰ ਰੰਗਦਾਰ ਅਤੇ ਪ੍ਰਭਾਵਸ਼ਾਲੀ ਹੈ, ਜਿਸ ਉਪਰ ਪਿੰਡ ਦੀ ਅਸਮਾਨ ਵਿੱਚੋਂ ਖਿਚੀ ਰੰਗਦਾਰ ਤਸਵੀਰ ਲਗਾਈ ਗਈ ਹੈ। ਇਸ ਪੁਸਤਕ ਨੂੰ ਵੋਅਇਸ ਆਫ ਪੰਜਾਬ ਰੇਡੀਓ ਐਂਡ ਟੀ ਵੀ ਲਿਮਟਡ ਕੈਨੇਡਾ ਨੇ ਪ੍ਰਕਾਸ਼ਤ ਕਰਵਾਇਆ ਹੈ। ਇਕ ਧੀ ਦੀ ਇਸਤੋਂ ਵੱਡੀ ਹੋਰ ਕੋਈ ਦੇਣ ਹੋ ਹੀ ਨੀਂ ਸਕਦੀ, ਜਿਨ੍ਹਾਂ ਨੇ ਆਪਣੀ ਵਿਰਾਸਤ ਨੂੰ ਇਤਿਹਾਸ ਦਾ ਹਿੱਸਾ ਬਣਾ ਦਿੱਤਾ ਹੈ। ਕੈਨੇਡਾ ਦੇ ਬ੍ਰਹਮਟਨ ਸ਼ਹਿਰ ਵਿੱਚ ਰਹਿਣ ਦੇ ਬਾਵਜੂਦ ਆਪਣੇ ਪਿੰਡ ਨਾਲ ਇਤਨਾ ਗਹਿਰਾ ਲਗਾਓ ਦਰਸਾਉਂਦਾ ਹੈ ਕਿ ਪੰਜਾਬੀ ਭਾਵੇਂ ਸੰਸਾਰ ਦੇ ਕਿਸੇ ਵੀ ਦੇਸ਼ ਵਿੱਚ ਪਹੁੰਚ ਜਾਣ ਪ੍ਰੰਤੂ ਉਹ ਆਪਣੀ ਮਿੱਟੀ ਦੀ ਖ਼ੁਸ਼ਬੂ ਦਾ ਆਨੰਦ ਮਾਨਣ ਵਿੱਚ ਫ਼ਖ਼ਰ ਮਹਿਸੂਸ ਕਰਦੇ ਰਹਿੰਦੇ ਹਨ, ਜਿਸਦਾ ਸਬੂਤ ਜੱਗੀ ਬਰਾੜ ਸਮਾਲਸਰ ਦੀ ਇਹ ਪੁਸਤਕ ਹੈ। ਇਸ ਪੁਸਤਕ ਵਿੱਚ 800 ਦੇ ਲਗਪਗ ਰੰਗਦਾਰ ਅਤੇ 100 ਦਸਤਾਵੇਜਾਂ ਦੀਆਂ ਤਸਵੀਰਾਂ ਲਗਾਈਆਂ ਹੋਈਆਂ ਹਨ, ਜੋ ਸਮਾਲਸਰ ਦੀ ਵਿਰਾਸਤ ਅਤੇ ਇਸਦੇ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾਉਣ ਵਾਲੇ ਵਿਅਕਤੀਆਂ ਦੀਆਂ ਹਨ। ਇਹ ਤਸਵੀਰਾਂ ਪੁਸਤਕ ਦੀ ਸ਼ਾਨ ਵਿੱਚ ਵਾਧਾ ਹੀ ਨਹੀਂ ਕਰਦੀਆਂ ਸਗੋਂ ਪਿੰਡ ਦਾ ਵਿਰਾਸਤ ਨਾਲ ਮੋਹ ਪੈਦਾ ਕਰਦੀਆਂ ਹਨ। ਪੁਸਤਕ ਵਿੱਚ ਪੁਰਾਤਨ ਸਮੇਂ ਦੇ ਕਿੱਤੇ ਅਤੇ ਵਿਸ਼ੇਸ਼ ਵਿਅਕਤੀ, ਜਿਨ੍ਹਾਂ ਦੀ ਪਿੰਡ ਨੂੰ ਵਿਲੱਖਣ ਉਨ੍ਹਾਂ ਨੂੰ ਆਤਮ ਨਿਰਭਰ ਬਣਾਉਣ ਵਿੱਚ ਵੱਡੀ ਦੇਣ ਸੀ, ਉਨ੍ਹਾਂ ਦੇ ਨਾਮ ਸ਼ਾਮਲ ਕੀਤੇ ਗਏ ਹਨ। ਇਸਤੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕਿਰਛ ਕਰਨ ਦੀ ਪ੍ਰਵਿਰਤੀ ਦੇ ਦਰਸ਼ਨ ਹੁੰਦੇ ਹਨ। ਇਤਨੇ ਨਾਮ ਇਕੱਠੇ ਕਰਕੇ ਪੁਸਤਕ ਵਿੱਚ ਸ਼ਾਮਲ ਕਰਨੇ ਵੀ ਅਸੰਭਵ ਹੁੰਦੇ ਹਨ ਕਿਉਂਕਿ ਪਿੰਡਾਂ ਦੇ ਲੋਕ ਅਜਿਹੇ ਕੰਮ ਵਿੱਚ ਸਹਿਯੋਗ ਹੀ ਨਹੀਂ ਦਿੰਦੇ। ਅਜਿਹੇ ਲੋਕਾਂ ਦੇ ਵਾਰਿਸ ਵੀ ਬਹੁਤੀ ਦਿਲਚਸਪ ਨਹੀਂ ਲੈਂਦੇ। ਇਸ ਤੋਂ ਵੱਡੀ ਗੱਲ ਇਹ ਵੀ ਉਨ੍ਹਾਂ ਕੀਤੀ ਹੈ ਕਿ ਉਨ੍ਹਾਂ ਵਿਅਕਤੀਆਂ ਦੇ ਪੂਰੇ ਵੇਰਵੇ ਦਿੱਤੇ ਹਨ। ਵੇਰਵੇ ਇਕੱਠੇ ਕਰਨੇ ਖਾਲਾ ਜੀ ਦਾ ਵਾੜਾ ਨਹੀਂ ਹੁੰਦਾ ਸਗੋਂ ਬਹੁਤ ਹੀ ਮੁਸ਼ਕਲ ਹੁੰਦੀ ਹੈ ਕਿਉਂਕਿ ਬਹੁਤੇ ਬਜ਼ੁਰਗ ਜਿਨ੍ਹਾਂ ਨੂੰ ਪਿੰਡ ਦੇ ਇਤਿਹਾਸ ਅਤੇ ਵਿਰਾਸਤ ਬਾਰੇ ਜਾਣਕਾਰੀ ਹੁੰਦੀ ਹੈ, ਉਹ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਚੁੱਕੇ ਹੁੰਦੇ ਹਨ। ਜਿਥੇ ਪਿੰਡ ਦੇ ਤਾਮਰ ਪੱਤਰਾਂ ਵਾਲੇ ਸੁਤੰਤਰਤਾ ਸੰਗਰਾਮੀਆਂ, ਪਤੰਵੰਤੇ ਸੱਜਣਾ, ਇਤਿਹਾਸਕ, ਧਾਰਮਿਕ ਅਤੇ ਸਮਾਜਿਕ ਸਥਾਨਾਂ, ਸਭਿਆਚਾਰਕ ਸਰਗਰਮੀਆਂ, ਸਹਿਯੋਗੀਆਂ, ਯੋਗਾ ਅਭਿਆਸ, ਪਹਿਲੀਆਂ ਤਿੰਨ ਧੀਆਂ ਜਿਨ੍ਹਾਂ ਨੇ ਕੋ ਐਜੂਕੇਸ਼ਨ ਸਕੂਲ ਵਿੱਚ ਦਾਖ਼ਲਾ ਲਿਆ, ਫ਼ੌਜੀ ਜਵਾਨ ਅਤੇ ਅਧਿਕਾਰੀ, ਪੁਲਿਸ ਅਤੇ ਸਿਵਲ ਅਧਿਕਾਰੀ, ਪੁਰਾਤਨ ਅਤੇ ਨਵੇਂ ਗੁਰੂ ਘਰ ਗੁਰਦੁਆਰਾ ਸ੍ਰੀ ਸੱਚ ਖੰਡ ਸਾਹਿਬ, ਸ਼ਿਵ ਮੰਦਰ, ਡੇਰਾ ਉਦਾਸੀਨ ਬ੍ਰਹਮ ਪ੍ਰਗਟ, ਮਸਜਿਦ ਅਤੇ ਦਰਗਾਹ ਬਾਬਾ ਸਾਬਰ ਪੀਰ ਜੀ, ਸਥਾਨ ਬੀਬੀ ਭਾਨੀ, ਜਨਮ ਭੂਮੀ ਦੀਆਂ ਯਾਦਾਂ, ਮਿਹਨਤਕਸ਼ ਲੋਕ, ਪੁਰਾਤਨ ਵਿਰਾਸਤੀ ਚੀਜ਼ਾਂ, ਘਰਾਟਾਂ, ਚੱਕੀਆਂ, ਪਬਲਿਕ ਲਾਇਬਰੇਰੀ, ਬਾਬਾ ਫਰੀਦ ਐਜੂਕੇਸ਼ਨ ਸੋਸਾਇਟੀ, ਸਮਾਜ ਸੇਵੀਆਂ, ਸੀਨੀਅਰ ਸੈਕੰਡਰੀ ਸਮਾਰਟ ਸਕੂਲ, ਅਧਿਆਪਕਾਂ, ਖੇਡਾਂ ਤੇ ਖਿਡਾਰੀਆਂ, ਦੇਸ਼ ਦੀ ਵੰਡ ਤੋਂ ਬਾਅਦ ਪਾਕਿਸਤਾਨ ਤੋਂ ਪਿੰਡ ਵਾਸੀਆਂ ਨੂੰ ਮਿਲਣ ਆਏ ਭਰਾਵਾਂ, ਪਿੰਡ ਦੀ ਸੱਥ ਅਤੇ ਨਗਰ ਕੀਰਤਨ ਦੀਆਂ ਤਸਵੀਰਾਂ ਪਿੰਡ ਦੀ ਵੱਖ-ਵੱਖ ਰੰਗਾਂ ਵਿੱਚ ਰੰਗੀ ਤਸਵੀਰ ਪੇਸ਼ ਕਰਨਗੀਆਂ, ਉਥੇ ਪਿੰਡ ਦੇ ਲੋਕਾਂ ਦੇ ਉਦਮੀ ਸੁਭਾਆ ਦਾ ਪ੍ਰਗਟਾਵਾ ਵੀ ਕਰਨਗੀਆਂ। ਇਕ ਸੰਸਥਾ ਜਿਤਨਾ ਕੰਮ ਜੱਗੀ ਬਰਾੜ ਸਮਾਲਸਰ ਅਤੇ ਉਨ੍ਹਾਂ ਦੇ ਹਮਸਫ਼ਰ ਜਸਵਿੰਦਰ ਬਰਾੜ ਦੀ ਲਗਾਤਾਰ ਮਿਹਨਤ, ਸਿਰੜ ਅਤੇ ਲਗਨ ਦਾ ਨਤੀਜਾ ਹੈ।







ਸਮਾਲਸਰ ਪਿੰਡ ਦੀ ਮੋੜ੍ਹੀ ਗੱਡਣ ਤੋਂ ਲੈ ਕੇ ਵਰਤਮਾਨ ਸਮੇਂ ਵਿੱਚ ਹੋਏ ਵਿਕਾਸ ਬਾਰੇ ਵੀ ਬਾਖ਼ੂਬੀ ਨਾਲ ਦਰਸਾਇਆ ਗਿਆ ਹੈ। ਇਹ ਇਤਿਹਾਸਕ ਪਿੰਡ ਹੈ। ਪਿੰਡ ਦੀ ਮੋੜ੍ਹੀ ਗੱਡਣ ਵਾਲਾ ਬਾਬਾ ਸਫ਼ੀ ਬਰਾੜ ਦੀ ਬੰਸਾਵਲੀ ਵੀ ਪ੍ਰਕਾਸ਼ਤ ਕੀਤੀ ਗਈ ਹੈ। ਇਸਦੇ ਧਰਾਮਿਕ ਸਥਾਨ, ਰਹਿਣੀ ਸਹਿਣੀ, ਭੂਗੋਲਿਕ ਸਥਿਤੀ, ਜਾਤਾਂ, ਗੋਤਾਂ, ਪਹਿਰਾਵਾ, ਧਰਮਸ਼ਾਲਾਵਾਂ, ਪੁਰਾਤਨ ਖੂਹਾਂ, ਸਰਕਾਰੀ ਤੇ ਗ਼ੈਰ ਸਰਕਾਰੀ ਅਦਾਰਿਆਂ, ਸੰਸਥਾਵਾਂ, ਸੱਥਾਂ, ਹੱਟੀਆਂ ਭੱਠੀਆਂ, ਦੁਕਾਨਾ, ਪੁਰਾਤਨ ਥਾਵਾਂ, ਅੱਲਾਂ, ਪੰਚਾਂ, ਸਰਪੰਚਾਂ, ਸਿਆਸਤਦਾਨਾ, ਪੱਤੀਆਂ ਤੇ ਉਨ੍ਹਾਂ ਦੀ ਬੰਸਾਵਲੀ, ਪਰਿਵਾਰਾਂ ਦੀ ਵੰਸਾਵਲੀ, ਸਕੂਲਾਂ ਅਤੇ ਅਕੈਡਮੀਆਂ ਬਾਰੇ ਵੀ ਵਿਸਤਾਰ ਨਾਲ ਦੱਸਿਆ ਗਿਆ ਹੈ। ਪਿੰਡ ਦੇ ਵਿਦਵਾਨਾ ਵੱਲੋਂ ਵੱਖ-ਵੱਖ ਖੇਤਰਾਂ ਵਿਚ ਪਾਏ ਯੋਗਦਾਨ ਬਾਰੇ ਲੇਖ ਪ੍ਰਕਾਸ਼ਤ ਕੀਤੇ ਗਏ ਹਨ। ਤੱਥਾਂ ਨਾਲ ਇਹ ਲੇਖ ਲਿਖਵਾਉਣ ਲਈ ਵੀ ਬੜੀ ਜਦੋਜਹਿਦ ਕਰਨੀ ਪਈ ਹੋਵੇਗੀ। ਪਿੰਡ ਦੇ ਅਧਿਆਪਕ ਅਤੇ ਉਨ੍ਹਾਂ ਦੇ ਯੋਗਦਾਨ ਨੂੰ ਦਰਸਾਇਆ ਗਿਆ ਹੈ। ਪਿੰਡ ਵਿਚਲੇ ਨੰਬਰਦਾਰ, ਚੌਕੀਦਾਰ, ਡਾਕੀਏ, ਤਰਖਾਣ, ਜੁਲਾਹੇ, ਘੁਮਿਆਰ, ਮਹਿਰੇ, ਫੋਟੋਗ੍ਰਾਫ਼ਰ, ਟੈਂਪੂ, ਤਾਂਗੇ ਅਤੇ ਰੇੜ੍ਹਿਆਂ ਦਾ ਜ਼ਿਕਰ ਵੀ ਕੀਤਾ ਗਿਆ ਹੈ। ਪਿੰਡ ਵਿਚ ਪੁਰਾਣੇ ਅਤੇ ਨਵੇਂ ਦਰਖਤਾਂ ਦੀਆਂ ਕਿਸਮਾਂ ਅਤੇ ਲਾਭਾਂ ਬਾਰੇ ਦੱਸਿਆ ਗਿਆ ਹੈ। ਪਿੰਡ ਵਿੱਚ ਜਿਤਨੇ ਵੀ ਲੋਕ ਵੱਡੇ ਤੇ ਛੋਟੇ ਕਾਰੋਬਾਰ ਕਰ ਰਹੇ ਹਨ, ਉਨ੍ਹਾਂ ਬਾਰੇ ਵੀ ਲਿਖਿਆ ਗਿਆ ਹੈ। ਪਿੰਡ ਆਮ ਪਿੰਡਾਂ ਨਾਲੋਂ ਕਾਫ਼ੀ ਵੱਡਾ ਹੈ। ਆਧੁਨਿਕ ਜ਼ਮਾਨੇ ਵਿੱਚ ਰੋਜ ਮਰ੍ਹਾ ਦੀਆਂ ਆਧੁਨਿਕ ਜ਼ਰੂਰਤਾਂ ਪੂਰੀਆਂ ਕਰਨ ਲਈ ਹਰ ਤਰ੍ਹਾਂ ਦੀਆਂ ਦੁਕਾਨਾ ਮੌਜੂਦ ਹਨ। ਉਨ੍ਹਾਂ ਸਾਰੀਆਂ ਦੁਕਾਨਾ ਨੂੰ ਚਲਾਉਣ ਵਾਲੇ ਵਿਅਕਤੀਆਂ ਦੀ ਜਾਣਕਾਰੀ ਦਿੱਤੀ ਹੋਈ ਹੈ। ਉਦਾਹਰਣ ਲਈ ਲਲਾਰੀ, ਸੂਤ ਦੇ ਮੰਜੇ ਬੁਣਨ ਵਾਲੇ, ਸਪੀਕਰਾਂ ਵਾਲੇ, ਡਾਕਟਰ, ਇੰਜਿਨੀਅਰ, ਆਰਕੀਟੈਕਟ, ਆਰਟਿਸਟ, ਸ਼ਿਲਪਕਾਰ, ਸਕੂਟਰ ਤੇ ਸਾਈਕਲ ਮੁਰੰਮਤ, ਫ਼ੋਟੋਗ੍ਰਾਫਰ, ਅਸ਼ਟਾਮ ਵਾਲੇ, ਮਿਊਜਿਕ ਸੈਂਟਰ, ਇਲੈਕਟਰੀਸ਼ਨ, ਢਾਬੇ, ਭਾਂਡੇ ਕਲੀ ਕਰਨ ਵਾਲੇ, ਕੈਮਿਸਟ, ਮੋਚੀ, ਕਰਿਆਨਾ ਸਟੋਰ, ਸ਼ਰਾਫ਼, ਦਾਈ, ਹਲਵਾਈ, ਦਰਜ਼ੀ, ਲੁਹਾਰ-ਤਰਖਾਣ ਆਦਿ ਦਾ ਵਰਨਣ ਕੀਤਾ ਗਿਆ ਹੈ। ਇਹ ਪਿੰਡ ਸ਼ਹਿਰ ਦਾ ਰੂਪ ਧਾਰਨ ਕਰ ਚੁੱਕਾ ਹੈ।



ਉਜਾਗਰ ਸਿੰਘ
91-94178-13072

ਪਿੰਡ ਦੇ ਪਰਵਾਸ ਵਿੱਚ ਬੁਲੰਦੀਆਂ ਛੂਹਣ ਵਾਲੇ ਪਰਿਵਾਰਾਂ ਬਾਰੇ ਵੀ ਵਿਸਤਾਰ ਪੂਰਬਕ ਜਾਣਕਾਰੀ ਦਿੱਤੀ ਗਈ ਹੈ ਤਾਂ ਜੋ ਨੌਜਵਾਨ ਪੀੜ੍ਹੀ ਵੀ ਸਫਲਤਾਵਾਂ ਪ੍ਰਾਪਤ ਕਰਨ ਵਿਚੱ ਦਿਲਚਸਪੀ ਲੈ ਸਕੇ। ਇਕ ਪਿੰਡ ਦੀ ਧੀ ਦੇ ਉਦਮ ਤੋਂ ਪਿੰਡ ਦੀਆਂ ਲੜਕੀਆਂ ਮਾਰਗ ਦਰਸ਼ਨ ਲੈਣ ਦੀ ਕੋਸ਼ਿਸ਼ ਕਰਨਗੀਆਂ। ਉਨ੍ਹਾਂ ਨੂੰ ਇਸ ਗੱਲ ਦਾ ਮਾਣ ਹੋਵੇਗਾ ਕਿ ਪਿੰਡ ਦੀਆਂ ਲੜਕੀਆਂ ਮਰਦਾਂ ਨਾਲੋਂ ਕਿਸੇ ਖੇਤਰ ਵਿੱਚ ਵੀ ਪਿਛੇ ਨਹੀਂ ਹਨ। ਇਕ ਹੋਰ ਪ੍ਰੇਰਨਾ ਵਾਲੀ ਗੱਲ ਹੋਵੇਗੀ ਕਿ ਪਤੀ ਤੇ ਪਤਨੀ ਆਪਸੀ ਸਹਿਯੋਗ ਨਾਲ ਹਰੇਕ ਖੇਤਰ ਵਿੱਚ ਸਫਲਤਾ ਪ੍ਰਾਪਤ ਕਰ ਸਕਦੇ ਹਨ।

ਅਖ਼ੀਰ ਵਿੱਚ ਕਿਹਾ ਜਾ ਸਕਦਾ ਹੈ ਕਿ ਪਿੰਡ ਦੀ ਆਉਣ ਵਾਲੀ ਪੀੜ੍ਹੀ ਨੂੰ ਆਪਣੀ ਵਿਰਾਸਤ ਨਾਲ ਜੁੜੇ ਰਹਿਣ ਅਤੇ ਅਮੀਰ ਵਿਰਾਸਤ 'ਤੇ ਫ਼ਖ਼ਰ ਕਰਨ ਦਾ ਮਾਣ ਪ੍ਰਾਪਤ ਹੋਵੇਗਾ। ਪਿੰਡ ਦੇ ਪਰਿਵਾਰਾਂ ਨੂੰ ਆਪੋ ਆਪਣੇ ਪੁਰਖਿਆਂ ਦੀ ਮਿਹਨਤੀ ਦ੍ਰਿਸ਼ਟੀ ਤੋਂ ਪ੍ਰੇਰਨਾ ਲੈਣ ਦਾ ਇਤਫਾਕ ਵੀ ਬਣੇਗੀ। ਜੱਗੀ ਬਰਾੜ ਸਮਾਲਸਰ ਅਤੇ ਜਸਵਿੰਦਰ ਸਿੰਘ ਬਰਾੜ ਦੀ ਉਦਮੀ ਜੋੜੀ ਦੇ ਸੁਨਹਿਰੇ ਪਵਿਖ ਦੀ ਕਾਮਨਾ ਕਰਦਾ ਹਾਂ ਤਾਂ ਜੋ ਉਹ ਪੰਜਾਬ ਮਿੱਟੀ ਦੀ ਮਹਿਕ ਨੂੰ ਸਮੁੱਚੇ ਸੰਸਾਰ ਵਿੱਚ ਫੈਲਾ ਸਕਣ।

## ਗੀਤ

ਤੰਗੀਆਂ ਤੇ ਥੁੜ੍ਹਾਂ ਜਿੱਥੇ ਸਦਾ ਮੰਦਹਾਲੀਆਂ,
ਨੀ ਮਾਏਂ ਤੇਰਾ ਕਿਦਾਂ ਦਾ ਗਰਾਂ।
ਕੰਮ ਦੇ ਇਵਜ ਵਿਚ ਟੁੱਕ ਵੀ ਨਾ ਮਿਲੇ
ਉਥੇ ਕਿਵੇਂ ਬਸਰ ਕਰਾਂ।

ਖੂਨ ਤੇ ਪਸੀਨਾ ਇਕ ਕਰ ਕਰ ਦਿਨ ਰਾਤ,
ਜਿੱਥੇ ਪੈਦਾ ਕਰੀਏ ਅਨਾਜ।
ਚੱਪਾ ਚੱਪਾ ਟੁੱਕ ਤਾਈਂ ਸਹਿਕਦੇ ਨਿਆਣੇ
ਚੰਗਾ ਏਸ ਪਿੰਡ ਦਾ ਰਿਵਾਜ।
ਤਿੱਖੜ ਦੁਪਹਿਰ ਲੂੰਹਦੀ ਕੂਲ਼ੇ ਪਿੰਡਿਆਂ ਨੂੰ
ਵੇਖੀਏ ਨਾ ਅਸੀਂ ਧੁੱਪ ਛਾਂ।
ਕੰਮ ਦੇ ਇਵਜ ਵਿਚ -----

ਤਿੱਪ ਤਿੱਪ ਚੋਂਦੇ ਕੱਚੇ ਕੋਠੜੇ 'ਚ,
ਵਿਲ੍ਹੂੰ ਵਿਲ੍ਹੂੰ ਕਰਦੇ ਜੁਆਕ।
ਜਿਨਸ ਗੁਦਾਮਾਂ ਵਿਚ ਰਾਤੋ ਰਾਤ ਸਾਂਭ ਲੈਣ,
ਵਿਹਲੜ ਧਨਾਢ ਬੰਦੇ ਚੁਸਤ ਚਲਾਕ।
ਗੁਰਬਤ ਨੱਚੇ ਜਿੱਥੇ ਸਦਾ ਵਿਹੜਿਆਂ 'ਚ
ਕਰਦੇ ਭੜੋਲੇ ਭਾਂ ਭਾਂ।
ਕੰਮ ਦੇ ਇਵਜ ਵਿਚ ------

ਹੱਕ ਮੰਗੀਏ ਤਾਂ ਵਰ੍ਹਦੀ ਐ ਡਾਂਗ ਜਿੱਥੇ
ਸਹੀਏ ਨਾਕਾਬੰਦੀਆਂ ਦਾ ਸੇਕ।
ਜੋਬਨ ਰੁੱਤੇ ਜਿੱਥੇ ਡਾਕੇ ਪੈਂਦੇ ਹੁਸਨਾਂ ਤੇ
ਪੈਣ ਹਾਏ ਨੀ ਕਾਲਜੇ ਨੂੰ ਛੇਕ।
ਵੱਟਕੇ ਕਚੀਚੀ, ਹਿਰਸਾਂ ਦੇ ਭੁੱਖਿਆਂ ਦੇ,
ਕਿਉਂ ਨਾ ਗੂਠਾ ਗਲ਼ ,'ਚ ਧਰਾਂ।
ਕੰਮ ਦੇ ਇਵਜ ਵਿਚ -----

ਪੀੜ੍ਹੀ ਦਰ ਪੀੜ੍ਹੀ, ਪੈਦਾ ਹੁੰਦੇ ਸਦੀਆਂ ਤੋਂ
ਸੀਰੀ-ਪਾਲ਼ੀ ਗੋਲੇ ਤੇ ਗੁਲਾਮ।
ਕਿਰਤੀ, ਕਿਸਾਨ, ਕਾਮੇ, ਮਜ਼ਦੂਰ ਲਈ
ਖੌਰੇ ਕਦੋਂ ਬਦਲੂ ਨਿਜ਼ਾਮ।
'ਲਾਲ' ਸੂਹੀ ਚੜ੍ਹਨੀ ਸਵੇਰ ਕਦੋਂ ਵਿਹੜਿਆਂ 'ਚ
ਵਿਹਲੜ ਨਕਾਰੇ ਕਦੋਂ ਕਰਨੇ ਪਰ੍ਹਾਂ।
ਕੰਮ ਦੇ ਇਵਜ ਵਿਚ -----



ਲਾਲ ਸਿੰਘ ਸੁਲਹਾਣੀ
91-98721-55120

## ਖਿੱਚ ਲਈ ਹੈ ਜਿਸ ਨੇ

ਖਿੱਚ ਲਈ ਹੈ ਜਿਸ ਨੇ ਮੇਰੇ ਤੇ ਆਪਣੇ ਵਿੱਚ ਲੀਕ,
ਕੋਸ਼ਿਸ਼ ਕਰਨ ਤੇ ਵੀ ਮੈਂ ਪੁੱਜ ਨ੍ਹੀ ਸਕਦਾ ਉਸ ਦੇ ਤੀਕ।

ਪੇਸ਼ ਨਹੀਂ ਜਾਂਦੀ ਮੇਰੀ ਬਲਵਾਨ ਸਮੇਂ ਦੇ ਅੱਗੇ,
ਮੈਂ ਚਾਹਵਾਂ ਉਸ ਦੇ ਦੁੱਖਾਂ, ਸੁੱਖਾਂ ਵਿੱਚ ਹੋਣਾ ਸ਼ਰੀਕ।

ਫਿਰ ਉਹ ਮੱਥੇ ਉੱਤੇ ਹੱਥ ਧਰ ਕੇ ਯਾਰੋ, ਬੈਠ ਗਿਆ,
ਜਦ ਬਹੁਤ ਸਲਾਹਾਂ ਲੈ ਕੇ ਵੀ ਹੋਇਆ ਕੰਮ ਨਾ ਠੀਕ।

ਪਹਿਲਾਂ ਬੰਦਾ ਉਸ ਦਾ ਨਾਂ ਸਾਰੀ ਉਮਰ ਨਹੀਂ ਲੈਂਦਾ,
ਰੱਬ,ਰੱਬ ਕਰਦਾ ਨਾ ਹਟੇ,ਤੱਕ ਕੇ ਅੰਤ ਸਮਾਂ ਨਜ਼ਦੀਕ।

ਏਨਾ ਬੰਦਾ ਹੋ ਗਿਆ ਹੈ ਨਿਰਮੋਹਾ ਤੇ ਖੁਦਗਰਜ਼,
ਕਿ ਕੁਝ ਵੀ ਨਾ ਕਰੇ,ਸੁਣ ਕੇ ਕਿਸੇ ਦੁਖਿਆਰੇ ਦੀ ਚੀਕ।

ਬੋਲੇ ਨਾ ਰੁੱਖਾ ਬੀਮਾਰਾਂ ਦੇ ਨਾ' ਜਿਹੜਾ ਵੈਦ,
ਉਹ ਉਹਨਾਂ ਨੂੰ ਏਦਾਂ ਹੀ ਕਰ ਦੇਵੇ ਅੱਧਾ ਠੀਕ।

ਮੈਨੂੰ ਨਾ ਭਾਲੋ ਐਵੇਂ ਵੱਡੇ,ਵੱਡੇ ਸ਼ਹਿਰਾਂ 'ਚ ,
ਮੈਂ ਤਾਂ ਹਾਂ ਯਾਰੋ, ਰੱਕੜਾਂ ਢਾਹਾ ਪਿੰਡ ਦਾ ਵਸਨੀਕ।



## ਜਿਸ ਨੂੰ ਮਿਲਦਾ ਨੀ

ਜਿਸ ਨੂੰ ਮਿਲਦਾ ਨ੍ਹੀ ਚੱਜਦਾ ਰਹਿਬਰ,
ਉਹ ਮੰਜ਼ਲ ਤੱਕ ਪੁੱਜਦਾ ਨਾ ਅਕਸਰ।

ਉਹ ਸਾਰੀ ਉਮਰ ਰਹੇ ਨਿਆਣਾ ਹੀ,
ਜਿਸ ਨੂੰ ਜੀਵਨ 'ਚ ਨਾ ਲੱਗੇ ਠੋਕਰ।

ਦੁਨੀਆ ਵਿੱਚ ਆ ਜਾਏਗੀ ਪਰਲੋ,
ਜੇ ਕਰ ਸੁੱਕ ਗਏ ਸਾਰੇ ਸਾਗਰ।

ਸਭ ਨੂੰ ਉੱਥੇ ਜਾਣ ਦਿਓ ਯਾਰੋ,
ਸਾਂਝੇ ਹੁੰਦੇ ਨੇ ਸਭ ਲਈ ਮੰਦਰ।

ਸੀਨੇ ਨੂੰ ਕਰ ਲੈ ਪੱਥਰ ਯਾਰਾ,
ਤੈਨੂੰ ਲੈ ਬੈਠੂ ਗ਼ਮ ਦਾ ਖੰਜ਼ਰ।

ਕੋਸ਼ਿਸ਼ ਕਰਨ ਤੇ ਵੀ ਪੱਥਰ ਦਿਲ ਵਿੱਚ,
ਪਿਆਰ ਦਾ ਬੀਜ ਨਹੀਂ ਸਕਦਾ ਪੁੰਗਰ।

ਉਹ ਲੋਕਾਂ ਦੇ ਮਨਾਂ ਵਿੱਚ ਬੈਠ ਗਏ,
ਜੋ ਸਭ ਕੁਝ ਛੱਡ ਗਏ ਉਹਨਾਂ ਖਾਤਰ।

ਜੀਵਨ ਬਣ ਜਾਏ ਸਵੱਰਗ ਯਾਰੋ,
ਜੇ ਕਰ ਮਿਲ ਜਾਏ ਚੱਜਦਾ ਮਿੱਤਰ।

ਮਹਿੰਦਰ ਸਿੰਘ ਮਾਨ
91-99158-03554)

### 20 ਸਤੰਬਰ ਜੋਤ ਦਿਵਸ ਨੂੰ ਸਮਰਪਿਤ

# ਤੇਰੀ ਉਪਮਾ ਤੋਹਿ ਬਨਿ ਆਵੈ



ਗੁਰੂ ਨਾਨਕ ਪਾਤਸ਼ਾਹ ਜੀ ਦੀ ਤੀਸਰੀ ਜੋਤ ਸ੍ਰੀ ਗੁਰੂ ਅਮਰਦਾਸ ਜੀ ਸਰੀਰਕ ਤੌਰ ਤੇ ਬੇਸ਼ੱਕ ਉਮਰ ਦੇ ਉਸ ਪੜਾਅ ’ਤੇ ਵਿਚਰ ਰਹੇ ਸਨ ਜਿੱਥੇ ਪਹੁੰਚ ਕੇ ਆਮ ਮਨੁੱਖ ਜਿਸਮਾਨੀ ਤੌਰ ’ਤੇ ਕੁੱਝ ਥਕਾਵਟ ਅਤੇ ਰੁਕਾਵਟ ਜਿਹੀ ਮਹਿਸੂਸ ਕਰਨ ਲੱਗ ਪੈਂਦਾ ਹੈ, ਪਰ ਧੰਨ ਹਨ ਸ੍ਰੀ ਗੁਰੂ ਅਮਰਦਾਸ ਜੀ ਜਿਨ੍ਹਾਂ ਨੇ ਸੇਵਾ ਤੇ ਸਿਮਰਨ ਸਦਕਾ ਜੀਵਨ ਵਿੱਚ ਪੈ ਚੁੱਕੀ ਸ਼ਾਮ ਨੂੰ ਇੱਕ ਸਿਖਰ ਦੁਪਹਿਰ ਵਿੱਚ ਢਾਲ ਲਿਆ। ਉਨ੍ਹਾਂ ਦੁਆਰਾ ਅਧਿਆਤਮਕ ਅਤੇ ਸਮਾਜਿਕ ਖੇਤਰ ਵਿੱਚ ਜੋ ਦੇਣ ਮਨੁੱਖੀ ਕਲਿਆਣ ਹਿੱਤ ਦਿੱਤੀ ਗਈ, ਉਹ ਵੱਡਮੁੱਲੀ ਹੋਣ ਦੇ ਨਾਲ-ਨਾਲ ਲਸਾਨੀ ਕਿਸਮ ਦੀ ਵੀ ਹੈ। ਉਮਰ ਦੀ ਅਗਲੇਰੀ ਅਤੇ ਵਡੇਰੀ ਅਵਸਥਾ ਵਿੱਚ ਉਨ੍ਹਾਂ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਅੰਗ ਲੱਗ ਕੇ ਨਾ ਸਿਰਫ ਆਪਣੀ ਸੇਵਾ ਨੂੰ ਹੀ ਘਾਲ ਪਾਇਆ, ਸਗੋਂ ਦੋ ਦਹਾਕਿਆਂ ਤੋਂ ਵੱਧ ਸਮਾਂ ਗੁਰੂ ਨਾਨਕ ਦੇਵ ਜੀ ਦੀ

**ਰਮੇਸ਼ ਬੱਗਾ ਚੋਹਲਾ**
**91-94631-32719**

ਵਿਚਾਰਧਾਰਾ ਦੇ ਪ੍ਰਚਾਰ ਅਤੇ ਪ੍ਰਸਾਰ ਹਿੱਤ ਵੀ ਲਗਾਇਆ। ਗੁਰੂ ਅਮਰਦਾਸ ਦੁਆਰਾ ਸਿੱਖ ਫਿਲਾਸਫੀ ਨੂੰ ਦੂਰ-ਦੁਰਾਡੇ ਪਹੁੰਚਾਉਣ ਲਈ ਕੁੱਝ ਨਿਵੇਕਲੇ ਢੰਗ ਤਰੀਕਿਆਂ ਨੂੰ ਵਰਤੋਂ ਵਿੱਚ ਲਿਆਂਦਾ ਗਿਆ। ਇਹ ਢੰਗ ਤਰੀਕੇ ਨਾ ਸਿਰਫ ਸਮੇਂ ਦੀ ਲੋੜ ਮੁਤਾਬਕ ਹੀ ਖਰੇ ਉਤਰੇ, ਸਗੋਂ ਪੂਰਨ ਰੂਪ ਵਿੱਚ ਕਾਮਯਾਬ ਵੀ ਹੋਏ। ਇਸ ਕਾਮਯਾਬੀ ਕਾਰਨ ਹੀ ਭੱਟ ਭੱਲ ਜੀ ਆਪਣੀਆਂ ਪਾਵਨ ਪੰਕਤੀਆਂ ਵਿੱਚ ਫੁਰਮਾਉਂਦੇ ਹਨ-

ਘਨਹਰ ਬੂੰਦ, ਬਸੁਅ ਰੋਮਾਵਲਿ,
ਕੁਸਮ ਬਸੰਤ ਗਨੰਤ ਨਾ ਆਵੈ॥
ਰਵਿ ਸਸਿ ਕਿਰਣਿ ਉਦਰੁ ਸਾਗਰ ਕੋ,
ਗੰਗ ਤਰੰਗ ਅੰਤੁ ਕੋ ਪਾਵੈ॥
ਰੁਦ੍ਰ ਧਿਆਨ, ਗਿਆਨ ਸਤਿਗੁਰੂ ਕੇ,
ਕਬਿ ਜਨ ਭਲ ਉਨਹੁ ਜੋਗਾਵੈ॥
ਭਲੇ ਅਮਰਦਾਸ ਗੁਣ ਤੇਰੇ
ਤੇਰੀ ਉਪਮਾ ਤੋਹਿ ਬਨਿ ਆਵੈ॥

ਗੁਰੂ ਅਮਰਦਾਸ ਜੀ ਦਾ ਜਨਮ ਮਈ ਮਹੀਨੇ ਦੇ ਪੰਜਵੇਂ ਦਿਨ 1479 ਈ. ਨੂੰ ਪਿੰਡ ਬਾਸਰਕੇ (ਅੰਮ੍ਰਿਤਸਰ) ਵਿਖੇ ਪਿਤਾ ਸ੍ਰੀ ਤੇਜ ਭਾਨ ਜੀ ਅਤੇ ਮਾਤਾ ਸੁਲੱਖਣੀ ਦੀ ਕੁੱਖੋਂ ਹੋਇਆ। ਪਿਤਾ ਤੇਜ ਭਾਨ ਜੀ ਦਾ ਜਨਮ ਸਧਾਰਣ ਪਰ ਆਚਰਣ ਬਹੁਤ ਉੱਚਾ ਤੇ ਸੁੱਚਾ ਸੀ। ਮਾਤਾ ਸੁਲੱਖਣੀ ਜੀ ਵੀ ਬਹੁਤ ਹੀ ਸਹਿਣਸ਼ੀਲ ਅਤੇ ਧਾਰਮਿਕ ਸੁਭਾਅ ਦੀ ਖਵਾਤੀਨ ਸੀ। ਪਰਿਵਾਰਕ ਪੱਖ ਤੋਂ ਗੁਰੂ ਅਮਰਦਾਸਰ ਜੀ ਚਾਰ ਭਰਾ ਸਨ, ਜਿਨ੍ਹਾਂ ਵਿੱਚ ਭਾਈ ਈਸ਼ਰਦਾਸ ਜੀ (ਪਿਤਾ ਭਾਈ ਗੁਰਦਾਸ ਜੀ) ਭਾਈ ਖੇਮ ਰਾਇ ਜੀ ਅਤੇ ਭਾਈ ਮਾਣਕ ਚੰਦ (ਕੁੜਮ ਸ੍ਰੀ ਗੁਰੂ ਅੰਗਦ ਦੇਵ ਜੀ) ਸਨ। ਇਹ ਚਾਰੇ ਭਾਈ ਬੜੇ ਹੀ ਭਲੇ ਅਤੇ ਮਿਲਾਪੜੇ ਸੁਭਾਅ ਦੇ ਮਾਲਕ ਸਨ। ਉਂਝ ਭਾਈ ਤੇਜਭਾਨ ਜੀ ਦਾ ਸਾਰਾ ਘਰਾਣਾ ਬਹੁਤ ਹੀ ਸਤਿਕਾਰ ਅਤੇ ਪਿਆਰ ਵਾਲਾ ਸੀ। ਇਸ ਪਿਆਰ ਅਤੇ ਸਤਿਕਾਰ ਸਦਕਾ ਹੀ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪਣੀ ਸੁੱਘੜ ਅਤੇ ਸਿਆਣੀ ਧੀ ਬੀਬੀ ਅਮਰੋ ਦਾ ਨਾਤਾ ਸ੍ਰੀ ਗੁਰੂ ਰਾਮਦਾਸ ਜੀ ਦੇ ਭਤੀਜੇ ਭਾਈ ਜੱਸੂ (ਸਪੁੱਤਰ ਮਾਣਕ ਚੰਦ) ਨਾਲ ਜੋੜਿਆ ਹੋਇਆ ਸੀ। ਗੁਰੂ ਅਮਰਦਾਸ ਜੀ ਬਚਪਨ ਤੋਂ ਹੀ ਕੁੱਝ ਉਪਰਾਮ ਸੁਭਾਅ ਦੇ ਮਾਲਕ ਸਨ, ਪਰ ਮਾਤਾ ਪਿਤਾ ਦੁਆਰਾ ਗ੍ਰਹਿਸਥ ਧਰਮ ਦੀ ਮਹਿਮਾ ਦ੍ਰਿੜ ਕਰਵਾਉਣ ਸਦਕਾ ਆਪ ਜੀ ਦੀ ਸ਼ਾਦੀ ਸਿਆਲਕੋਟ ਜਿਲ੍ਹੇ ਵਿਚਲੇ ਪਿੰਡ ਸਨਖੜਾ ਦੇ ਵਸਨੀਕ ਦੇਵੀ ਚੰਦ ਜੀ ਦੀ ਲਾਡਲੀ ਪੁੱਤਰੀ ਬੀਬੀ ਮਨਸ਼ਾ ਦੇਵੀ ਨਾਲ ਹੋਈ। ਬੀਬੀ ਮਨਸ਼ਾ ਦੇਵੀ ਜੀ ਵੀ ਵੱਡੇ ਹੌਂਸਲੇ ਵਾਲੇ ਸਨ, ਜਿਨ੍ਹਾਂ ਨੇ ਆਪਣੇ ਪਤੀ ਦੀ ਭਗਤੀ ਅਤੇ ਸੇਵਾ ਭਾਵਨਾ ਵਿੱਚ ਕਿਸੇ ਕਿਸਮ ਦੀ ਕੋਈ ਰੁਕਾਵਟ ਨਹੀਂ ਪੈਣ ਦਿੱਤੀ। ਪਤੀ ਦੀ ਗੈਰਹਾਜ਼ਰੀ ਵਿੱਚ ਉਨ੍ਹਾਂ ਆਪਣੀਆਂ ਪਰਿਵਾਰਕ ਜ਼ਿੰਮੇਵਾਰੀਆਂ ਨੂੰ ਬੜੀ ਤਨਦੇਹੀ ਅਤੇ ਸਮਰਪਣ ਦੀ ਭਾਵਨਾ ਨਾਲ ਨਿਭਾਇਆ।

ਗੁਰੂ ਅੰਗਦ ਦੇਵ ਜੀ ਦੇ ਮਿਲਾਪ ਤੋਂ ਪਹਿਲਾਂ ਗੁਰੂ ਅਮਰਦਾਸ ਜੀ ਹਰ ਛਿਮਾਹੀ ਗੰਗਾ ਇਸ਼ਨਾਨ ਕਰਨ ਲਈ ਪੈਦਲ ਹੀ ਜਾਇਆ ਕਰਦੇ ਸਨ। ਗਰਮੀ ਦੇ ਮੌਸਮ ਵਿੱਚ ਚੇਤ ਨੂੰ ਚੱਲ ਪੈਂਦੇ ਅਤੇ ਵਿਸਾਖੀ ਵਾਲੇ ਦਿਨ ਵਾਪਸੀ ਪਾਉਂਦੇ। ਸਿਆਲ ਦੀ ਰੁੱਤ ਵਿੱਚ ਅੱਸੂ ਦੇ ਮਹੀਨੇ ਰਵਾਨਾ ਹੁੰਦੇ ਅਤੇ ਕੱਤਕ ਦੀ ਪੂਰਨਮਾਸ਼ੀ ਮੋੜਾ ਪਾ ਦਿੰਦੇ। ਤੀਰਥ ਇਸ਼ਨਾਨ ਅਤੇ ਪੁੰਨ ਦਾਨ ਦੇ ਬਾਵਜੂਦ ਵੀ ਮਨ ਦੀ ਅਵਸਥਾ ਟਿਕਾਅ ਵਾਲੀ ਨਹੀਂ ਸੀ ਬਣ ਰਹੀ। ਦਿਲ ਵਿੱਚ ਸਾਈਂ ਦੇ ਮਿਲਾਪ ਦੀ ਜ਼ੋਰਦਾਰ ਤੜਪ ਸੀ। ਇਸ ਤੜਪ ਨੂੰ ਘਟਾਉਣ ਅਤੇ ਮੰਜ਼ਿਲ ਨੂੰ ਨੇੜੇ ਲਿਆਉਣ ਵਿੱਚ ਆਪ ਜੀ ਦੀ ਭਤੀਜ ਨੂੰਹ ਬੀਬੀ ਅਮਰੋ ਨੇ ਬੜਾ ਹੀ ਇਤਿਹਾਸਕ ਤੇ ਸਹਾਈ ਰੋਲ ਅਦਾ ਕੀਤਾ, ਕਿਉਂਕਿ ਅੰਮ੍ਰਿਤ ਵੇਲੇ ਜਦੋਂ ਬੀਬੀ ਅਮਰੋ ਜੀ ਆਪਣੇ ਮੁਖਾਰਬਿੰਦ ’ਚੋਂ ਗੁਰੂ ਨਾਨਕ ਦੇਵ ਜੀ ਦੀ ਮਿੱਠੀ ਤੇ ਰਸੀਲੀ ਬਾਣੀ ਪੜ੍ਹਦੇ ਤਾਂ ਗੁਰੂ ਅਮਰਦਾਸ ਜੀ ਕੰਧ ਨਾਲ ਲੱਗ ਕੇ ਦਿਨ ਚੜ੍ਹਦੇ ਤੱਕ ਸੁਣਦੇ ਰਹਿੰਦੇ। ਇੱਕ ਦਿਨ ਬੀਬੀ ਜੀ ਕਿਸੇ ਜ਼ਰੂਰੀ ਕੰਮ ਆਪਣੇ ਪੇਕੇ (ਖਡੂਰ ਸਾਹਿਬ) ਚੱਲੇ ਗਏ। ਉਸ ਦਿਨ ਗੁਰੂ ਅਮਰਦਾਸ ਜੀ ਨੂੰ ਲੱਗਿਆ ਕਿ ਜਿਸ ਤਰ੍ਹਾਂ ਉਨ੍ਹਾਂ ਦੀ ਰੂਹ ਪਿਆਸੀ ਹੀ ਰਹਿ ਗਈ ਹੋਵੇ। ਜਦੋਂ ਉਨ੍ਹਾਂ ਦੀ ਪਿਆਸ ਵਧੀ ਤਾਂ ਉਨ੍ਹਾਂ ਨੇ ਇਸ ਦਾ ਜ਼ਿਕਰ ਆਪਣੀ ਭਾਬੀ ਭਾਗੋ ਜੀ ਨਾਲ ਕੀਤਾ। ਭਾਬੀ ਭਾਗੋ ਨੇ ਕਿਹਾ ਕਿ ਜੇਕਰ ਤੈਨੂੰ ਬਾਣੀ ਸੁਣਨ ਦੀ ਚਾਹ ਹੈ ਤਾਂ ਕਿਉਂ ਨਹੀਂ ਉਸ ਦੇ ਪਿਤਾ (ਗੁਰੂ ਅੰਗਦ ਦੇਵ ਜੀ) ਪਾਸ ਹੀ ਚੱਲਾ ਜਾਂਦਾ। ਪੇਕਿਆਂ ਤੋਂ ਵਾਪਸ ਆ ਕੇ ਜਦੋਂ ਬੀਬੀ ਅਮਰੋ ਨੇ ਆਪਣੇ ਅੰਮ੍ਰਿਤ ਵੇਲੇ ਦੇ ਨਿੱਤਨੇਮ ਵਿੱਚ ਧੰਨ ਗੁਰੂ ਨਾਨਕ ਪਾਤਸ਼ਾਹ ਜੀ ਦੇ ਅਮੋਲਕ ਵਚਨ ‘‘ਕਰਣੀ ਕਾਗਦ ਮਨ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ’’ ਪੜ੍ਹਿਆ ਤਾਂ ਉਸ ਸ਼ਬਦ ਵਿਚਲੀ ਦਸ਼ਾ ਗੁਰੂ ਅਮਰਦਾਸ ਜੀ ਦੀ ਵੀ ਸੀ। ਉਨ੍ਹਾਂ ਨੇ ਇਹ ਸ਼ਬਦ ਬੜੇ ਹੀ ਧਿਆਨ ਨਾਲ ਸੁਣਿਆ। ਸੁਣ ਕੇ ਇੰਜ ਲੱਗਾ ਜਿਵੇਂ ਚਾਤ੍ਰਿਕ ਨਾਮੀ ਸੁਆਂਤ ਬੂੰਦ ਮਿਲ ਗਈ ਹੋਵੇ। ਮਨ ਇਸ ਕਦਰ ਪਿਘਲ ਗਿਆ ਕਿ ਬੀਬੀ ਅਮਰੋ ਨੂੰ ਨਾਲ ਲੈ ਕੇ ਖਡੂਰ ਸਾਹਿਬ ਪਹੁੰਚ ਗਏ।&; ਕੁੜਮਾਚਾਰੀ ਦੇ ਸਤਿਕਾਰ ਵੱਜੋਂ ਗੁਰੂ ਅੰਗਦ ਦੇਵ ਜੀ ਨੇ ਆਪਣੇ ਗਲੇ ਲਗਾਉਣਾ ਚਾਹਿਆ ਪਰ ਗਲੇ ਮਿਲਣ ਦੀ ਬਜਾਏ ਆਪ ਜੀ ਨੇ ਆਪਣਾ ਸਿਰ ਗੁਰੂ ਅੰਗਦ ਦੇਵ ਜੀ ਦੇ ਚਰਨਾਂ ਉੱਪਰ ਰੱਖ ਦਿੱਤਾ ਅਤੇ ਕਿਹਾ ਕਿ ਮੈਨੂੰ ਆਪਣਾ ਦਾਸ ਹੀ ਸਮਝੋ ਅਤੇ ਨਾਲ ਹੀ ਕਿਹਾ ਕਿ ਗੰਗਾ ਇਸ਼ਨਾਨ ਦਾ ਫਲ ਅੱਜ ਪ੍ਰਾਪਤ ਹੋ ਗਿਆ ਹੈ, ਪਰ ਗੁਰੂ ਪਾਤਸ਼ਾਹ ਨੇ ਕਿਹਾ ਕਿ ਆਪਣੀ ਭਾਵਨਾ ਹੀ ਫਲਦੀ ਹੈ। ਆਪਣਾ ਮਨ ਹੀ ਦੇਵਤਾ ਹੈ। ਮਿਲਾਪ ਦੇ ਇਸ ਪੜਾਅ ਤੇ ਗੁਰੂ ਅਮਰਦਾਸ ਦੀ ਵਰੇਸ ਛੇਵੇਂ ਦਹਾਕੇ ਨੂੰ ਪਾਰ ਕਰ ਚੁੱਕੀ ਸੀ। ਲੱਗਭੱਗ ਇੱਕ ਦਰਜਨ ਸਾਲ ਗੁਰੂ ਅਮਰਦਾਸ ਜੀ ਨੇ ਦੂਸਰੇ ਨਾਨਕ (ਗੁਰੂ ਅੰਗਦ ਦੇਵ ਜੀ) ਦੀ ਤਨ ਮਨ ਨਾਲ ਸੇਵਾ ਕੀਤੀ। ਸੇਵਾ ਕਰਦਿਆਂ ਪਾਣੀ ਢੋਂਦਿਆਂ ਹੱਥ ਫੁੱਟ ਗਏ ਪਰ ਆਪ ਧੀਰਜ ਦੀ ਮੂਰਤੀ ਬਣ ਗਏ। ਨਿਤ ਦੀ ਕਾਰ ਨਹੀਂ ਬਦਲੀ। ਅੰਮ੍ਰਿਤ ਵੇਲੇ ਉੱਠਣਾ ਦਰਿਆ ਬਿਆਸ ਤੋਂ ਪਾਣੀ ਦੀ ਗਾਗਰ ਭਰ ਲਿਆਉਣੀ, ਗੁਰੂ ਪਾਤਸ਼ਾਹ ਦਾ ਇਸ਼ਨਾਨ ਕਰਵਾਉਣਾ, ਲੰਗਰ ਲਈ ਬਾਲਣ ਲਿਆਉਣਾ ਅਤੇ ਜੂਠੇ ਭਾਂਡਿਆਂ ਦੀ ਮਾਂਜਈ ਆਦਿ। ਇੱਕ ਦਿਨ ਗਾਗਰ ਵਿੱਚ ਜਲ ਭਰਦੇ ਸਮੇਂ ਗੁਰੂ ਅਮਰਦਾਸ ਜੀ ਦੇ ਮਨ ਵਿੱਚ ਇੱਕ ਵਿਚਾਰ ਆਇਆ ਕਿ ਮੈਂ ਬਿਨਾਂ ਇਸ਼ਨਾਨ ਹੀ ਗਾਗਰ ਭਰ ਕੇ ਲੈ ਜਾਂਦਾ ਰਿਹਾ ਹਾਂ। ਇਸ ਤਰ੍ਹਾਂ ਕਰਕੇ ਗੁਰੂ ਪਾਤਸ਼ਾਹ ਦੀ ਘੋਰ ਬੇਅਦਬੀ ਹੁੰਦੀ ਰਹੀ ਹੈ। ਪਸ਼ਚਾਤਾਪ ਦੇ ਸੇਕ ਨੂੰ ਘੱਟ ਕਰਨ ਲਈ ਉਨ੍ਹਾਂ ਨੇ ਕੁੱਝ ਸਮਾਂ ਇਸ਼ਨਾਨ ਕਰਕੇ ਗਾਗਰ ਕੈ ਲੇ ਜਾਣੀ ਆਰੰਭ ਕਰ ਦਿੱਤੀ। ਪਰ ਇਸ ਤਰ੍ਹਾਂ ਕਰਨ ਨਾਲ ਵੀ ਤਸੱਲੀ ਨਾ ਹੋ ਸਕੀ। ਸੋਚਿਆ ਮਨਾ ਇਸ ਤਰ੍ਹਾਂ ਕਰਕੇ ਵੀ ਆਪਣੇ ਗੁਰੂ ਤੋਂ ਪਹਿਲਾਂ ਹੀ ਇਸ਼ਨਾਨ ਕਰ ਲਵੇ। ਬਿਰਧ ਸ਼ਰੀਰ ਹੋਣ ਦੇ ਬਾਵਜੂਦ ਦੋਚਿਤੀ ਵਿੱਚੋਂ ਨਿਕਲਣ ਦਾ ਇਹ ਫੈਸਲਾ ਕੀਤਾ ਗਿਆ ਕਿ ਗਾਗਰ ਸਿਰ ਤੇ ਧਰ ਕੇ ਹੀ ਦਰਿਆ ਵਿੱਚ ਪ੍ਰਵੇਸ਼ ਕੀਤਾ ਜਾਵੇ ਅਤੇ ਜਲ ਭਰਿਆ ਜਾਵੇ। ਇਸ ਤਰ੍ਹਾਂ ਨਾਲੇ ਇਸ਼ਨਾਨ ਹੋ ਜਾਵੇ ਅਤੇ ਨਾਲੇ ਗਾਗਰ ਭਰ ਲਈ ਜਾਵੇ। ਪਾਣੀ ਦੀ ਸੇਵਾ ਕਰਦਿਆਂ ਇੱਕ ਦਿਨ ਬੜੇ ਜ਼ੋਰ ਦੀ ਬਾਰਸ਼ ਹੋਣ ਲੱਗੀ। ਬਾਰਸ਼ ਦੇ ਕੁੱਝ ਥੰਮਣ ਤੇ ਜਦ ਗੁਰੂ ਅਮਰਦਾਸ ਨੇ ਖਡੂਰ ਸਾਹਿਬ ਨੂੰ ਚਾਲੇ ਪਾਏ ਤਾਂ ਰਸਤੇ ਵਿੱਚ ਜੁਲਾਹੇ ਦੀ ਕਿੱਲੀ ਨਾਲ ਠੇਡਾ ਖਾ ਕੇ ਡਿੱਗ ਪਏ। ਠੇਡਾ ਬੇਸ਼ੱਕ ਜੋਰਦਾਰ ਸੀ, ਪਰ ਪੂਰੇ ਯਤਨਾਂ ਨਾਲ ਗਾਗਰ ਨੂੰ ਸੰਭਾਲ ਲਿਆ। ਰਾਤ ਸਮੇਂ ਖੜਾਕ ਸੁਣ ਕੇ ਜੁਲਾਹੇ ਨੇ ਕਿਹਾ ਕਿ ਕੌਣ ਹੈ ਬਈ? ਜੁਲਾਹੀ ਜੋ ਆਵਾਜ਼ ਸੁਣ ਰਹੀ ਸੀ ਜੁਲਾਹੇ ਨੂੰ ਸੰਬੋਧਨ ਹੁੰਦਿਆਂ ਕਹਿਣ ਲੱਗੀ ਚੁੱਪ ਕਰਕੇ ਸੁੱਤਾ ਰਹਿ, ਕਿਉਂ ਆਪਣੀ ਨੀਂਦ ਖਰਾਬ ਕਰ ਰਿਹਾ ਹੈਂ। ਇਹ ਉਹੀ ਅਮਰੀ ਨਿਥਾਵਾਂ ਹੈ,ਜੋ ਕੁੜਮਾਂ ਦੇ ਟੁੱਕੜੇ ਖਾਣ ਲਈ ਰਾਤ-ਦਿਨ ਇੱਕ ਕਰੀ ਫਿਰਦਾ ਹੈ। ਜੁਲਾਹੀ ਦੇ ਬੋਲਾਂ ਦਾ ਜਵਾਬ ਗੁਰੂ ਅਮਰਦਾਸ ਜੀ ਬੜੇ ਨਿਮਰ ਸ਼ਬਦਾਂ ਨਾਲ ਦਿੰਦਿਆਂ ਕਿਹਾ ਕਿ ਕਮਲੀਏ ! ਮੈਂ ਨਿਥਾਵਾਂ ਨਹੀਂ ਰਿਹਾ। ਮੇਰੀ ਥਾਂ ਤਾਂ ਉਸ ਦੇ ਚਰਨਾਂ ਵਿੱਚ ਹੈ ਜੋ ਦੀਨ ਦੁਨੀ ਦਾ ਮਾਲਕ ਹੈ। ਦਿਲਾਂ ਦੀਆਂ ਜਾਣਨ ਵਾਲੇ ਗੁਰੂ ਅੰਗਦ ਦੇਵ ਜੀ ਨੂੰ ਜਦੋਂ ਇਸ ਘਟਨਾਕ੍ਰਮ ਦਾ ਪਤਾ ਲੱਗਾ ਤਾਂ ਉਨ੍ਹਾਂ ਨੇ ਆਪਣੀ ਮਿਹਰ ਦੇ ਦਰਵਾਜ਼ੇ ਖੋਲ੍ਹ ਦਿੱਤੇ। ਵਜਦ ਵਿੱਚ ਆ ਕੇ ਕਹਿਣ ਲੱਗੇ ਪੁਰਖਾ ਤੂੰ ਸਾਡਾ ਹੀ ਰੂਪ ਹੈਂ। ਜਿਵੇਂ ਸੋਨੇ ਦੇ ਦੋ ਗਹਿਣਿਆਂ ਨੂੰ ਭੱਠੀ ਵਿੱਚ ਪਾ ਕੇ ਇੱਕ ਕਰ ਲਈਦਾ ਹੈ ਤਿਵੇਂ ਤੂੰ ਵੀ ਆਪਣੇ ਆਪ ਨੂੰ ਢਾਲ ਲਿਆ ਹੈ। ਸੰਨ 1552 ਮਾਰਚ ਮਹੀਨੇ ਦਾ ਆਖਰੀ ਪੱਖ। ਗੁਰੂ ਅੰਗਦ ਦੇਵ ਜੀ ਅੰਮ੍ਰਿਤ ਵੇਲੇ ਦੇ ਦੀਵਾਨ ਵਿੱਚ ਬਚਨ ਕੀਤਾ ਤਜਹਿ ਸਰੀਰ ਅਬਹਿ ਚਿਤ ਆਈ॥ ਬਚਨ ਸੁਣ ਕੇ ਗੁਰੂ ਅਮਰਦਾਸ ਜੀ ਕੁੱਝ ਉਦਾਸ ਜਿਹੇ ਹੋ ਗਏ। ਗੁਰੂ ਅੰਗਦ ਦੇਵ ਜੀ ਨੇ ਉਨ੍ਹਾਂ ਨੂੰ ਆਪਣੇ ਕੋਲ ਬੁਲਾ ਕੇ ਗੁਰੂ ਨਾਨਕ ਪਾਤਸ਼ਾਹ ਦੀ ਸੋਚ ਦਾ ਤੀਸਰਾ ਪਹਿਰੇਦਾਰ ਥਾਪ ਦਿੱਤਾ। ਪਹਿਲਾਂ ਤਾਂ ਗੁਰੂ ਜੀ ਨੇ ਆਪ ਨਮਸਕਾਰ ਕੀਤੀ ਅਤੇ ਫਿਰ ਹਾਜ਼ਰ ਸੰਗਤਾਂ ਨੂੰ ਵੀ ਗੁਰੂ ਅਮਰਦਾਸ ਜੀ ਨੂੰ ਪ੍ਰਣਾਮ ਕਰਨ ਲਈ ਕਿਹਾ। ਗੁਰੂ ਨਾਨਕ ਦੀ ਸੋਚ ਦਾ ਵਾਰਸ ਬਣਨ ਤੋਂ ਬਾਅਦ ਗੁਰੂ ਅਮਰਦਾਸ ਜੀ ਨੇ 22 ਸਾਲ ਮਨੁੱਖੀ ਭਾਈਚਾਰੇ ਦੀ ਬਰਾਬਰੀ ਅਤੇ ਬਿਹਤਰੀ ਲਈ ਗੁਜਾਰੇ। ਇਸ ਮੰਤਵ ਦੀ ਸਿੱਧੀ ਲਈ ਉਨ੍ਹਾਂ ਨੇ ਵੱਖ-ਵੱਖ ਅਧਿਆਤਮਕ ਅਤੇ ਸਮਾਜਿਕ ਜੁਗਤਾਂ ਨੂੰ ਹਕੀਕਤਾਂ ਦੇ ਸਨਮੁੱਖ ਕੀਤਾ। ਸਿੱਖੀ ਦੇ ਪ੍ਰਚਾਰ ਹਿੱਤ ਉਨ੍ਹਾਂ ਨੇ ਕੁੱਝ ਨਵੀਆਂ ਪਿਰਤਾਂ ਵੀ ਪਾਈਆਂ। ਇਨ੍ਹਾਂ ਪਿਰਤਾਂ ਕਰਕੇ ਹੀ ਉਨ੍ਹਾਂ ਦਾ ਨਾਮ ਸਿੱਖ ਇਤਿਹਾਸ ਦੇ ਨਾਲ-ਨਾਲ ਮਨੁੱਖੀ ਇਤਿਹਾਸ ਦੇ ਸੁਨਹਿਰੀ ਪੰਨਿਆਂ ਤੇ ਵੀ ਦਰਜ ਰਹੇਗਾ ਕਿਉਂਕਿ ਜਿੱਥੇ ਉਨ੍ਹਾਂ ਨੇ ਸੰਗਤ ਤੇ ਪੰਗਤ ਵਿੱਚ ਸਥਾਈ ਸਬੰਧ ਪੈਦਾ ਕੀਤਾ, ਉੱਥੇ ਸਤੀ ਪ੍ਰਥਾ ਵਰਗੀ ਜਾਨ ਲੇਵਾ ਰਸਮ ਨੂੰ ਵੀ ਜ਼ੋਰਦਾਰ ਅਤੇ ਪੁਰ ਅਸਰ ਸ਼ਬਦਾਂ ਵਿੱਚ ਨਿੰਦਿਆ। ਇਸ ਦੇ ਨਾਲ ਹੀ ਨਸ਼ਿਆਂ ਜਿਹੀ ਬੁਰਾਈ ਨੂੰ ਸਮਾਜ ਵਿੱਚੋਂ ਖਤਮ ਕਰਨ ਲਈ ਵੀ ਅਹਿਮਤਰੀਨ ਯੋਗਦਾਨ ਪਾਇਆ।

### 20 ਸਤੰਬਰ ਜੋੜ-ਮੇਲੇ ’ਤੇ

# ਸਿੱਖੀ ਦਾ ਧੁਰਾ:-ਸ੍ਰੀ ਗੋਇੰਦਵਾਲ ਸਾਹਿਬ

ਸਿੱਖ ਧਰਮ ਸਮਾਜਿਕ ਸਰੋਕਾਰਾਂ ਨਾਲ ਜੁੜਿਆ ਹੋਣ ਕਾਰਨ ਸਮਾਜ ਦੀ ਬੇਹਤਰੀ/ਭਲਾਈ ਲਈ ਹਮੇਸ਼ਾਂ ਹੀ ਤੱਤਪਰ ਰਿਹਾ ਹੈ।ਸਰਬੱਤ ਦੇ ਭਲੇ ਨੂੰ ਆਪਣਾ ਮੁੱਖ ਮਨੋਰਥ ਮੰਨ ਕੇ ਚੱਲਣ ਵਾਲਾ ਇਹ ਧਰਮ ਆਪਣੀਆਂ ਵਿਲੱਖਣ ਵਿਸ਼ੇਸ਼ਤਾਈਆਂ ਕਾਰਣ ਦੁਨੀਆਂ ਦੇ ਬਾਕੀ ਧਰਮਾਂ ਨਾਲੋਂ ਕੁੱਝ ਵਿੱਥਾਂ ਵੀ ਰੱਖਦਾ ਹੈ।ਇਹ ਵਿੱਥਾਂ ਜਿਥੇ ਇਸ ਨੂੰ ਬਾਕੀ ਧਰਮਾਂ ਨਾਲੋਂ ਵੱਖਰਿਉਂ-ਦੀਆਂ ਹਨ ਉੱਥੇ ਇਸ ਦੇ ਨਵੀਨ ਮੁਹਾਂਦਰੇ ਦੀ ਹਾਮੀ ਵੀ ਭਰਦੀਆਂ ਹਨ।

ਸਿੱਖ ਧਰਮ ਦੇ ਸ਼ੁਰੂਆਤੀ ਸਮੇਂ ਵਿਚ ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਹਿੱਤ ਨਵੇਂ ਨਗਰਾਂ ਨੂੰ ਵਸਾਉਣਾ ਗੁਰੂ ਸਾਹਿਬਾਨ ਦੇ ਮਿਸ਼ਨ ਦਾ ਅਹਿਮ ਹਿੱਸਾ ਰਿਹਾ ਹੈ।ਤੀਸਰੇ ਨਾਨਕ ਸ੍ਰੀ ਗੁਰੂ ਅਮਰਦਾਸ ਜੀ ਦੀ ਵਿਸ਼ੇਸ਼ ਕਿਰਪਾ/ ਘਾਲਣਾ ਨਾਲ ਵੱਸਿਆ ਇਤਿਹਾਸਕ ਨਗਰ ਸ੍ਰੀ ਗੋਇੰਦਵਾਲ ਸਾਹਿਬ ਸਿੱਖ ਸੰਗਤ ਵਿਚ ਸਤਿਕਾਰਯੋਗ ਸਥਾਨ ਰੱਖਦਾ ਹੈ।ਦਰਿਆ ਬਿਆਸ ਦੇ ਕਿਨਾਰੇ 'ਤੇ ਵੱਸੇ ਇਸ ਨਗਰ ਨੂੰ ਸਿੱਖੀ ਦਾ ਧੁਰਾ ਕਰਕੇ ਵੀ ਸਤਿਕਾਰਿਆ ਜਾਂਦਾ ਹੈ।

ਸ੍ਰੀ ਗੋਇੰਦਵਾਲ ਸਾਹਿਬ ਦੀ ਸਥਾਪਨਾ ਤੋਂ ਪਹਿਲਾਂ ਇਸ ਥਾਂ 'ਤੇ ਇੱਕ ਥੇਹ ਹੋਇਆ ਕਰਦਾ ਸੀ ਜਿਸ ਦੇ ਮਾਲਕ ਖੱਤਰੀ ਗੋਂਦੇ ਮਰਵਾਹੇ ਦੇ ਵਡੇਰੇ ਸਨ। ਆਪਣੇ ਵਡੇਰਿਆਂ ਦੀ ਯਾਦ ਨੂੰ ਸਦੀਵੀਂ ਬਣਾਉਣ ਹਿੱਤ ਗੋਂਦਾ ਚਾਹੁੰਦਾ ਸੀ ਕਿ ਇਸ ਸਥਾਨ 'ਤੇ ਇੱਕ ਨਗਰ ਵੱਸ ਜਾਵੇ ਪਰ ਇਹ ਉਸ ਦੀ ਸਿਰਫ ਇੱਕ ਚਾਹਤ ਹੀ ਸੀ ਜਿਸ ਨੂੰ ਅਮਲੀ ਜਾਮਾ ਪਹਿਨਾਉਣਾ ਉਸ ਦੇ ਵੱਸ ਦੀ ਗੱਲ ਨਹੀਂ ਸੀ।ਨਵਾਂ ਨਗਰ ਵਸਾਉਣ ਲਈ ਇੱਕ ਉੱਚੀ,ਸੁੱਚੀ ਅਤੇ ਸਾਂਝੀ ਪਹੁੰਚ ਦੀ ਲੋੜ ਸੀ ਜਿਹੜੀ ਉਸ ਵਕਤ ਗੋਂਦੇ ਕੋਲ ਨਾ ਹੋ ਕੇ ਕੇਵਲ ਗੁਰੂ ਸਾਹਿਬ ਅਤੇ ਉਨ੍ਹਾਂ ਦੀ ਸੰਗਤ ਕੋਲ ਮੌਜੂਦ ਸੀ।ਆਪਣੇ ਆਪ ਨੂੰ ਅਸਮਰੱਥ ਜਾਣ ਕੇ ਗੋਂਦਾ ਖੱਤਰੀ ਗੁਰੂ ਅੰਗਦ ਸਾਹਿਬ ਦੀ ਸ਼ਰਨ ਵਿਚ ਆ ਗਿਆ ਅਤੇ ਉਸ ਥੇਹ ਉਪਰ ਨਵਾਂ ਨਗਰ ਵਸਾਉਣ ਦੀ ਜੋਦੜੀ ਕਰਨ ਲੱਗਾ।ਗੋਂਦਾ ਇਹ ਗੱਲ ਭਲੀ-ਭਾਂਤ ਜਾਣਦਾ ਸੀ ਕਿ ਗੁਰੂ ਸਾਹਿਬ ਦਾ ਹੁਕਮ ਸਿੱਖ-ਸੰਗਤ ਲਈ (2) ਇਲਾਹੀ ਹੁਕਮ ਦੇ ਬਰਾਬਰ ਹੁੰਦਾ ਹੈ ਜਿਹੜਾ ਬਹੁਤੀਆਂ ਹਾਲਤਾਂ ਵਿਚ ਪ੍ਰਵਾਨ ਚੜ੍ਹਕੇ ਹੀ ਰਹਿੰਦਾ। ਗੁਰਮਿਤ ਦੇ ਨਜ਼ਰੀਏ ਤੋਂ ਵਿਚਾਰਦਿਆਂ ਗੁਰੂ ਅੰਗਦ ਦੇਵ ਜੀ ਨੇ ਗੋਂਦੇ ਮਰਵਾਹੇ ਦੀ ਬੇਨਤੀ ਨੂੰ ਪ੍ਰਵਾਨ ਕਰ ਲਿਆ। ਕਿਉਂਕਿ ਦਰਿਆ ਦੇ ਕੰਢੇ 'ਤੇ ਹੋਣ ਦੇ ਨਾਲ-ਨਾਲ ਇਹ ਥਾਂ ਦਿੱਲੀ ਤੋਂ ਲਾਹੌਰ ਨੂੰ ਜਾਣ ਵਾਲੇ ਸ਼ਾਹੀ ਮਾਰਗ ਨਾਲ ਵੀ ਲੱਗਦੀ ਸੀ ਜਿੱਥੇ ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਦਾ ਇੱਕ ਸੋਹਣਾ ਕੇਂਦਰ ਬਣ ਸਕਦਾ ਸੀ।ਇਸ ਆਸ਼ੇ ਦੀ ਪੂਰਤੀ ਲਈ ਗੁਰੂ ਅੰਗਦ ਦੇਵ ਜੀ ਨੇ ਬਾਬੇ ਅਮਰਦਾਸ ਜੀ ਚੋਣ ਕੀਤੀ ਅਤੇ ਉਨ੍ਹਾਂ ਨੂੰ ਨਵਾਂ ਨਗਰ ਵਸਾਉਣ ਦੀ ਜ਼ਿੰਮੇਵਾਰੀ ਪੂਰੀ ਤਰ੍ਹਾਂ ਸੰਭਾਲ ਦਿੱਤੀ।ਗੁਰੂ ਸਾਹਿਬ ਨੇ ਬਾਬਾ ਜੀ ਨੂੰ ਇਹ ਵੀ ਹੁਕਮ ਕੀਤਾ ਕਿ ਨਗਰ ਤਿਆਰ ਕਰਕੇ ਆਪਣੇ ਪਿੰਡ ਬਾਸਰਕੇ ਤੋਂ ਆਪਣੇ ਅੰਗਾਂ-ਸਾਕਾਂ ਅਤੇ ਨਿਕਟਵਰਤੀਆਂ ਨੂੰ ਲਿਆ ਕੇ ਇਸ ਨਵੇਂ ਨਗਰ (ਗੋਇੰਦਵਾਲ ਸਾਹਿਬ) ਵਿਚ ਵਸਾਉਣਾ ਕਰੋ।ਇਹ ਹੁਕਮ ਸੰਮਤ 1603 (1546 ਈ.) ਵਿਚ ਕੀਤਾ ਗਿਆ ਸੀ।



ਗੁਰੂ ਅੰਗਦ ਦੇਵ ਜੀ ਦਾ ਹੁਕਮ ਪਾ ਕੇ ਬਾਬਾ ਅਮਰਦਾਸ ਜੀ ਨੇ ਨਵੇਂ ਨਗਰ ਦੀ ਮੋੜੀ ਗੱਡ ਦਿੱਤੀ। ਬਾਬਾ ਜੀ ਦੀ ਵਿਸ਼ੇਸ਼ ਨਿਗਰਾਨੀ ਅਤੇ ਸੰਗਤ ਦੇ ਭਰਪੂਰ ਸਹਿਯੋਗ ਇਹ ਨਵਾਂ ਨਗਰ ਕੁੱਝ ਕੁ ਸਮੇਂ ਵਿਚ ਹੀ ਬਣ ਕੇ ਤਿਆਰ ਹੋ ਗਿਆ, ਜਿਸ ਦਾ ਨਾਮ ਗੋਇੰਦਵਾਲ ਸਾਹਿਬ ਰੱਖਿਆ ਗਿਆ। ਗੋਇੰਦਵਾਲ ਸਾਹਿਬ ਦੇ ਬਣ ਜਾਣ ਤੋਂ ਬਾਅਦ (ਗੁਰੂ) ਅਮਰਦਾਸ ਜੀ ਨੇ ਆਪਣੇ ਜੱਦੀ ਪਿੰਡ ਬਾਸਰਕੇ ਤੋਂ ਆਪਣੇ ਪਰਿਵਾਰ ਅਤੇ ਹੋਰ ਨੇੜਤਾ ਵਾਲਿਆਂ ਨੂੰ ਲਿਆ ਕੇ ਇਸ ਨਗਰ ਵਿਚ ਵਸਾਉਣਾ ਸ਼ੁਰੂ ਕਰ ਦਿੱਤਾ।

ਸ੍ਰੀ ਗੋਇੰਦਵਾਲ ਸਾਹਿਬ ਦਰਿਆ ਬਿਆਸ ਦੇ ਕੰਢੇ 'ਤੇ ਸਥਿਤ ਹੋਣ ਕਰਕੇ ਪਹਿਲਾਂ ਸਿੱਖ-ਸੰਗਤ ਦੇ ਲਈ (ਸਰੋਵਰ ਦੇ ਰੂਪ ਵਿਚ) ਪਾਣੀ ਦੀ ਲੋੜ ਮਹਿਸੂਸ ਹੀ ਨਾ ਹੋਈ। 6-7 ਸਾਲ ਤੱਕ ਇਹ ਲੋੜ ਇੱਕ ਸਾਂਝੇ ਖੂਹ ਤੋਂ ਹੀ ਪੂਰੀ ਕਰ ਲਈ ਗਈ।ਪਰ ਜਦੋਂ ਗੋਂਦੇ ਅਤੇ ਉਸ ਦੇ ਸਾਥੀਆਂ ਵੱਲੋਂ ਸੰਗਤ ਨਾਲ ਛੇੜਖਾਨੀ ਕੀਤੀ ਗਈ ਤਾਂ ਗੁਰੂ ਅਮਰਦਾਸ ਜੀ ਨੇ ਸੰਗਤ ਦੀ ਸਹੂਲਤ ਲਈ ਪਾਣੀ ਦੇ ਵੱਖਰੇ ਪ੍ਰਬੰਧ ਦਾ ਫ਼ੈਸਲਾ ਕਰ ਲਿਆ। ਇਸ ਫ਼ੈਸਲੇ ਤਹਿਤ ਗੁਰੂ ਸਾਹਿਬ ਨੇ ਲੋੜੀਂਦੀ ਜਮੀਨ ਮੁੱਲ ਖ੍ਰੀਦ ਕੇ ਸਮੰਤ 1616 ਨੂੰ ਕੱਤਕ ਦੀ ਪੂਰਨਮਾਸ਼ੀ ਵਾਲੇ ਦਿਨ (ਅਰਦਾਸ ਕਰਕੇ) ਬਾਉਲੀ ਦਾ ਟੱਪ ਲਗਾ ਦਿੱਤਾ।ਭਾਵੇਂ ਸ੍ਰੀ ਗੋਇੰਦਵਾਲ ਸਾਹਿਬ ਦਰਿਆ ਬਿਆਸ ਦੇ ਕਿਨਾਰੇ 'ਤੇ ਵੱਸਿਆ ਹੋਣ ਕਰਕੇ ਇੱਥੇ ਪਾਣੀ ਦੀ ਕੋਈ ਕਿਲਤ ਨਹੀਂ ਸੀ ਪਰ ਬਾਉਲੀ ਸਾਹਿਬ ਦੇ ਨਿਰਮਾਣ ਪਿੱਛੇ ਗੁਰੂ ਅਮਰਦਾਸ ਪਾਤਸ਼ਾਹ ਦਾ ਇੱਕ ਮਹਾਨ ਉਦੇਸ਼ ਸੀ।ਇਸ ਉਦੇਸ਼ ਦੀ ਜੜ੍ਹ ਸਿੱਖੀ ਦੇ ਉਸ ਸਿਧਾਂਤ ਨਾਲ ਜੁੜੀ ਹੋਈ ਹੈ ਜਿਹੜਾ ਕਹਿੰਦਾ ਹੈ 'ਏਕ ਨੂਰ ਤੇ ਸਭ ਜਗੁ ਉਪਜਿਆ ਕਉਨ ਭਲੇ ਕੋ ਮੰਦੇ’। ਇਸ ਤੋਂ ਪਹਿਲਾਂ (ਮਨੁਸਿਮ੍ਰਤੀ ਦੇ ਮੁਤਾਬਿਕ) ਵਗਦੇ ਪਾਣੀ ਦੀ ਵਰਤੋਂ ਦਾ ਸਭ ਤੋਂ ਪਹਿਲਾ ਅਧਿਕਾਰ ਬ੍ਰਾਹਮਣ ਦਾ,ਫਿਰ ਖੱਤਰੀ ਦਾ,ਫਿਰ ਵੈਸ਼ ਦਾ ਸੀ ਅਤੇ ਸਭ ਤੋਂ ਅਖੀਰ ਵਿਚ ਇਸ (ਤਿੰਨ ਧਿਰਾਂ ਦੇ ਜੂਠੇ) ਪਾਣੀ ਦੀ ਵਰਤੋਂ ਸ਼ੂਦਰ ਕਰ ਸਕਦਾ ਸੀ।ਗੁਰੂ ਸਾਹਿਬ ਇਸ ਮਨੁੱਖੀ ਵਿਤਕਰੇ ਨੂੰ ਸਦੀਵੀਂ ਤੌਰ 'ਤੇ ਖ਼ਤਮ ਕਰਕੇ 'ਏਕੁ ਪਿਤਾ ਏਕਸ ਕੇ ਹਮ ਬਾਰਿਕ’ ਵਿਚਾਰ ਨੂੰ ਦ੍ਰਿੜ ਕਰਵਾਉਣਾ ਚਾਹੁੰਦੇ ਸਨ। ਇਸ ਤਰ੍ਹਾਂ ਆਪਣੇ ਉੱਚੇ,ਸੁੱਚੇ ਅਤੇ ਮਾਨਵ ਹਿੱਤਕਾਰੀ ਉਦੇਸ਼ ਦੀ ਪੂਰਤੀ ਲਈ ਤੀਸਰੇ ਨਾਨਕ ਨੇ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਬਾਉਲੀ ਸਾਹਿਬ ਦੀ ਰਚਨਾ ਕਰਵਾਈ।ਇਸ ਮਹਾਨ ਕਾਰਜ ਲਈ ਗੁਰੂ ਜੀ ਨੇ ਬਾਬਾ ਬਕਾਲਾ ਨਿਵਾਸੀ ਭਾਈ ਸਧਾਰਣ (ਜੋ ਕਿ ਇੱਕ ਮਿਸਤਰੀ ਸਿੱਖ ਸੀ) ਦੀ ਵਿਸ਼ੇਸ਼ ਸੇਵਾ ਲਈ। ਸਿੱਖਾਂ ਵਾਸਤੇ ਇਹ ਪਹਿਲਾ ਤੀਰਥ ਸਥਾਨ ਸੀ ਜਿਸ ਦਾ ਨਿਰਮਾਣ ਗੁਰੂ ਜੀ ਨੇ ਆਪ ਆਰੰਭ ਕਰਵਾਇਆ ਅਤੇ ਇਸ ਦੀ ਤਿਆਰੀ ਲਈ ਲਗਭਗ ਛੇ ਸਾਲ ਦਾ ਸਮਾਂ ਲੱਗਾ।ਬਾਉਲੀ ਸਾਹਿਬ ਦਾ ਬਣਨਾ ਜਿਥੇ ਉਸ ਸਮੇਂ ਦੇ ਜਾਤੀ ਵੰਡ-ਵਿਤਕਰੇ ਉਪਰ ਇੱਕ ਕਰਾਰੀ ਅਤੇ ਵਿਹਾਰੀ ਚੋਟ ਸੀ,ਉਥੇ ਗੁਰੂਕਿਆਂ ਦੇ ਉਸ ਪੱਖ ਨੂੰ ਵੀ ਪੂਰਦੀ ਸੀ ਜਿਹੜਾ 'ਮਾਨਸ ਕੀ ਜਾਤ ਸਭੇ ਏਕੈ ਪਹਿਚਾਨਬੋ’ ਦੇ ਮਹਾਂਵਾਕ ਨਾਲ ਜੁੜਿਆ ਹੋਇਆ ਹੈ। ਮਿਥੇ ਹੋਏ ਪ੍ਰੋਗਰਾਮ ਮੁਤਾਬਿਕ ਗੁਰੂ ਅਮਰਦਾਸ ਜੀ ਨੇ ਇਸ ਬਾਉਲੀ ਤੱਕ ਪਹੁੰਚ ਕਰਨ ਲਈ ਚੌਰਾਸੀ ਪੌੜੀਆਂ ਬਣਵਾਈਆਂ ਅਤੇ ਨਾਲ ਹੀ ਇਹ ਵਾਕ ਵੀ ਕਰ ਦਿੱਤਾ ਕਿ ਜੇਕਰ ਇਸ ਬਾਉਲੀ 'ਤੇ ਕੋਈ ਸ਼ਰਧਾਵਾਨ (ਚਾਹੇ ਉਹ ਕਿਸੇ ਵੀ ਧਰਮ,ਵਰਣ,ਜਾਤ ਅਤੇ ਨਸਲ ਨਾਲ ਸੰਬੰਧਤ ਹੋਵੇ) ਪੂਰੀ ਸ਼ਰਧਾ-ਭਾਵਨਾ ਨਾਲ ਜੁਪ ਜੀ ਸਾਹਿਬ ਦਾ ਪਾਠ ਅਤੇ ਇਸ਼ਨਾਨ ਕਰੇਗਾ ਉਹ ਆਪਣੇ ਲੋਕ ਅਤੇ ਪ੍ਰਲੋਕ ਨੂੰ ਸੁੰਵਾਰਨ ਵਿਚ ਸਫ਼ਲ ਹੋਵੇਗਾ।ਉਸ ਸਮੇਂ ਤੋਂ ਹੀ ਗੁਰੂ ਨਾਨਕ ਨਾਮ-ਲੇਵਾ ਸੰਗਤ ਇਸ ਬਾਉਲੀ ਵਿਚ ਪਾਠ ਅਤੇ ਇਸ਼ਨਾਨ ਕਰਕੇ ਆਤਮਿਕ ਆਨੰਦ ਪ੍ਰਾਪਤ ਕਰਦੀ ਆ ਰਹੀ ਹੈ।

## ਗੁਰੂ ਅਰਜਨ ਦੇਵ ਜੀ ਦੇ ਗੁਰਗੱਦੀ ਪੁਰਬ 'ਤੇ ਵਿਸ਼ੇਸ਼

# 'ਅਧਿਆਤਮਵਾਦ ਦੇ ਮਹਾਨ ਬ੍ਰਹਮ ਗਿਆਨੀ'



ਪ੍ਰੋ: ਐਚ.ਐਲ.ਕਪੂਰ

ਗੁਰੂ ਅਰਜਨ ਦੇਵ ਜੀ ਸਿੱਖ ਧਰਮ ਦੇ ਪੰਜਵੇਂ ਗੁਰੂ ਸਨ। ਉਨ੍ਹਾਂ ਨੂੰ ਸ਼ਹੀਦਾਂ ਦੇ ਸਿਰਤਾਜ ਤੇ ਸ਼ਾਂਤੀ ਦੇ ਪੁੰਜ ਵੀ ਕਿਹਾ ਜਾਂਦਾ ਹੈ। ਸੰਸਾਰ ਦੇ ਅਧਿਆਤਮਕ ਜਗਤ 'ਚ ਉਨ੍ਹਾਂ ਦਾ ਸਰਬ-ਉੱਚ ਸਥਾਨ ਹੈ। ਉਹਨਾਂ ਨੂੰ 'ਅਧਿਆਤਮਵਾਦ ਦੇ ਮਹਾਨ ਬ੍ਰਹਮ ਗਿਆਨੀ' ਵੀ ਕਿਹਾ ਜਾਂਦਾ ਹੈ। ਉਨ੍ਹਾਂ ਦੀ ਸ਼ਹੀਦੀ ਸੰਸਾਰ ਦੇ ਇਤਿਹਾਸ 'ਚ ਅਦੁੱਤੀ ਤੇ ਬੇਮਿਸਾਲ ਹੈ, ਜਿਸ ਦੀ ਕੋਈ ਹੋਰ ਉਦਾਹਰਣ ਲੱਭਣੀ ਮੁਸ਼ਕਿਲ ਹੈ। ਗੁਰੂ ਨਾਨਕ ਦੇਵ ਜੀ ਦੁਆਰਾ ਆਰੰਭ ਕੀਤੇ ਗਏ ਮਿਸ਼ਨ ਨੂੰ ਗੁਰੂ ਅਰਜਨ ਦੇਵ ਜੀ ਨੇ ਆਪਣੀ ਸ਼ਹਾਦਤ ਦੇ ਕੇ ਖ਼ੂਨ ਨਾਲ ਸਿੰਜਿਆ ਤੇ ਸਿੱਖੀ ਰੂਪੀ ਲੱਗੇ ਹੋਏ ਬੂਟੇ ਦੀਆਂ ਜੜ੍ਹਾਂ ਨੂੰ ਇਕ ਮਜ਼ਬੂਤ ਆਧਾਰ ਦੇ ਕੇ ਪ੍ਰਫੁੱਲਿਤ ਕੀਤਾ। ਗੁਰੂ ਸਾਹਿਬ ਦੀ ਇਸ ਸ਼ਹਾਦਤ ਨੇ ਸਿੱਖ ਸੰਸਕ੍ਰਿਤੀ ਤੇ ਸੱਭਿਆਚਾਰ ਨੂੰ ਨਵੇਂ ਅਰਥ ਦੇ ਕੇ, ਅੱਗੋਂ ਸਿੱਖੀ ਦੇ ਭਵਿੱਖ ਲਈ ਨਵਾਂ ਤੇ ਮਜ਼ਬੂਤ ਰਸਤਾ ਲੱਭਣ ਲਈ ਆਧਾਰ ਵੀ ਪ੍ਰਦਾਨ ਕੀਤਾ। ਇਹ ਕਹਿਣਾ ਵੀ ਕੋਈ ਅਤਿਕਥਨੀ ਨਹੀਂ ਹੋਵੇਗਾ ਕਿ ਉਹ ਬੜੇ ਪੁਰ ਅਮਨ ਤੇ ਸ਼ਾਂਤਮਈ ਤਰੀਕੇ ਨਾਲ ਆਪਣੇ ਸਿੱਖੀ ਦੇ ਸਿਧਾਂਤਾਂ ਨੂੰ ਪ੍ਰਫੁੱਲਿਤ ਕਰ ਰਹੇ ਸਨ ਪਰ ਈਰਖਾਲੂ ਤੇ ਕੱਟੜਪੰਥੀ ਲੋਕਾਂ ਦੇ ਅਸਲ ਚਿਹਰੇ, ਜੋ ਧਰਮ ਦੇ ਨਾਂ 'ਤੇ ਅੱਤਿਆਚਾਰ ਕਰ ਰਹੇ ਸਨ, ਵੀ ਲੋਕਾਈ ਦੇ ਸਾਹਮਣੇ ਨੰਗੇ ਹੋਏ।

ਗੁਰੂ ਅਰਜਨ ਦੇਵ ਜੀ ਸਿੱਖਾਂ ਦੇ ਚੌਥੇ ਗੁਰੂ ਰਾਮਦਾਸ ਜੀ ਦੇ ਬਹੁਤ ਹੀ ਲਾਇਕ ਤੇ ਸੁਹਿਰਦ ਸਪੁੱਤਰ ਸਨ। ਉਨ੍ਹਾਂ ਦੀ ਮਾਤਾ ਜੀ ਦਾ ਨਾਮ ਬੀਬੀ ਭਾਨੀ ਜੀ ਸੀ ਜੋ ਤੀਸਰੇ ਗੁਰੂ ਸਾਹਿਬ ਅਮਰਦਾਸ ਜੀ ਦੀ ਸਪੁੱਤਰੀ ਨ। ਗੁਰੂ ਅਰਜਨ ਦੇਵ ਜੀ ਦਾ ਜਨਮ 15 ਅਪ੍ਰੈਲ, 1563 ਈਸਵੀ ਨੂੰ ਗੋਇੰਦਵਾਲ ਵਿਖੇ ਹੋਇਆ ਤੇ ਵਿਆਹ 1579 ਈਸਵੀ ਨੂੰ ਹੋਇਆ। ਸਿੱਖ ਸੰਸਕ੍ਰਿਤੀ ਤੇ ਸਿਧਾਂਤਾਂ ਨੂੰ ਘਰ-ਘਰ ਪਹੁੰਚਾਉਣ ਲਈ ਉਨ੍ਹਾਂ ਨੇ ਸਿਰਤੋੜ ਯਤਨ ਕੀਤੇ। ਉਨ੍ਹਾਂ ਦੇ ਪਿਤਾ ਸ੍ਰੀ ਗੁਰੂ ਰਾਮਦਾਸ ਜੀ ਨੇ ਸਿੱਖੀ ਦੇ ਮਹਾਨ ਕੇਂਦਰ 'ਸ੍ਰੀ ਹਰਿਮੰਦਰ ਸਾਹਿਬ' ਦੀ ਨੀਂਹ, ਇਕ ਮਹਾਨ ਮੁਸਲਮਾਨ ਫਕੀਰ ਸਾਂਈ ਮੀਆਂ ਮੀਰ ਜੀ ਪਾਸੋਂ ਰਖਵਾਈ। ਗੁਰੂ ਅਰਜਨ ਦੇਵ ਜੀ ਨੇ ਇਸ ਮਹਾਨ ਸਿੱਖੀ ਦੇ ਕੇਂਦਰ ਦੀ ਉਸਾਰੀ ਪੂਰੀ ਕਰਾਉਣ 'ਚ ਬਹੁਤ ਹੀ ਮਹੱਤਵਪੂਰਨ ਯੋਗਦਾਨ ਪਾਇਆ। ਸੰਨ 1590 ਈਸਵੀ 'ਚ ਤਰਨਤਾਰਨ ਸਾਹਿਬ ਦੇ ਸਰੋਵਰ ਦੀ ਪੱਕੀ ਉਸਾਰੀ ਵੀ ਉਨ੍ਹਾਂ ਨੇ ਕਰਵਾਈ। ਗੁਰੂ ਜੀ ਬਹੁਤ ਹੀ ਸ਼ਾਂਤ ਤੇ ਗੰਭੀਰ ਸੁਭਾਅ ਦੇ ਮਾਲਕ ਸਨ। ਉਹ ਆਪਣੇ ਜ਼ਮਾਨੇ ਦੇ ਸਰਵ-ਪ੍ਰਮਾਣਿਤ ਨਾਇਕ ਸਨ ਜੋ ਦਿਨ-ਰਾਤ, ਸਾਧ-ਸੰਗਤ ਦੀ ਸੇਵਾ 'ਚ ਲੱਗੇ ਰਹਿੰਦੇ ਸਨ। ਉਹਨਾਂ ਦੇ ਮਨ 'ਚ ਸਾਰੇ ਧਰਮਾਂ ਲਈ ਅਥਾਹ ਪਿਆਰ ਸੀ। ਮਾਨਵ ਕਲਿਆਣ ਲਈ ਉਨ੍ਹਾਂ ਨੇ ਅਥਾਹ ਕੰਮ ਕੀਤੇ। ਗੁਰੂ ਅਰਜਨ ਦੇਵ ਜੀ ਨੇ 1604 ਈਸਵੀ ਨੂੰ 'ਸ੍ਰੀ ਆਦਿ (ਗੁਰੂ) ਗ੍ਰੰਥ' ਦੀ ਰਚਨਾ ਤੇ ਸੰਪਾਦਨਾ ਭਾਈ ਗੁਰਦਾਸ ਜੀ ਦੀ ਸਹਾਇਤਾ ਨਾਲ ਕਰਵਾਈ। ਇਸ 'ਚ 30 ਰਾਗਾਂ 'ਚ ਬਾਣੀ ਦਰਜ ਹੈ। ਗਿਣਤੀ ਦੇ ਪੱਖੋਂ 'ਗੁਰੂ ਗ੍ਰੰਥ ਸਾਹਿਬ' ਵਿਚ ਸਭ ਤੋਂ ਵੱਧ ਬਾਣੀ ਉਨ੍ਹਾਂ ਦੀ ਹੀ ਹੈ। 'ਗੁਰੂ ਗ੍ਰੰਥ ਸਾਹਿਬ' ਦੀ ਰਚਨਾ ਗੁਰੂ ਸਾਹਿਬ ਦੀ ਇਕ ਅਦੁੱਤੀ ਕਲਾ ਹੈ, ਜਿਸ 'ਚੋਂ ਉਨ੍ਹਾਂ ਦੀ ਵਿਦਵਤਾ ਝਲਕਦੀ ਹੈ। ਉਨ੍ਹਾਂ ਨੇ ਰਾਗਾਂ ਦੇ ਆਧਾਰ 'ਤੇ ਗੁਰੂ ਗ੍ਰੰਥ ਸਾਹਿਬ 'ਚ ਦਰਜ ਬਾਣੀਆਂ ਦਾ ਜੋ ਵਰਗੀਕਰਨ ਕੀਤਾ ਹੈ, ਇਸਦੀ ਭਾਰਤ ਦੇ ਮੱਧਕਾਲ ਯੁੱਗ 'ਚ, ਸਾਹਿਤ ਦੇ ਇਤਿਹਾਸ 'ਚ, ਕਿਧਰੇ ਹੋਰ ਧਾਰਮਿਕ ਗ੍ਰੰਥ 'ਚ ਮਿਸਾਲ ਨਹੀਂ ਮਿਲਦੀ। ਇਹ ਉਨ੍ਹਾਂ ਦੀ ਉਚੇਰੀ ਸੂਝ-ਬੂਝ ਦਾ ਹੀ ਪ੍ਰਣਾਮ ਹੈ ਕਿ 'ਗੁਰੂ ਗ੍ਰੰਥ ਸਾਹਿਬ' 'ਚ 36 ਮਹਾਨ ਬਾਣੀਕਾਰਾਂ ਦੀ ਬਾਣੀ, ਬਿਨਾਂ ਕਿਸੇ ਭੇਦ-ਭਾਵ ਦੇ ਸੰਕਲਿਤ ਕੀਤੀ ਗਈ ਹੈ। 'ਪੰਜਾਬੀ ਸਾਹਿਤ ਦੇ ਇਤਿਹਾਸ 'ਚ 17ਵੀਂ ਸਦੀ ਨੂੰ 'ਗੁਰੂ ਗ੍ਰੰਥ ਸਾਹਿਬ' ਦੀ ਰਚਨਾ ਕਾਰਨ 'ਸੁਨਹਿਰੀ ਯੁੱਗ' ਵੀ ਕਿਹਾ ਜਾਂਦਾ ਹੈ। ਇਸ 'ਚ ਤਕਰੀਬਨ 600 ਸਾਲਾਂ ਦਾ ਰਚਿਆ ਗਿਆ ਮਹਾਨ ਸਾਹਿਤ ਤੇ ਸੰਸਕ੍ਰਿਤੀ ਨੂੰ ਸੁਰਜੀਤ ਕੀਤਾ ਗਿਆ ਹੈ। ਇਸ 'ਚ ਨਵੀਆਂ ਜੀਵਨ ਕਦਰਾਂ-ਕੀਮਤਾਂ ਦੀ ਸਥਾਪਨਾ ਕੀਤੀ ਗਈ ਹੈ, ਜਿਹਨਾਂ ਨਾਲ ਪੰਜਾਬੀ ਸਾਹਿਤ ਦੇ ਇਤਿਹਾਸ ਦਾ ਇਕ ਨਵਾਂ ਯੁੱਗ ਸ਼ੁਰੂ ਹੁੰਦਾ ਹੈ ਕਿਉਂਕਿ ਗੁਰੂ ਅਰਜਨ ਦੇਵ ਜੀ ਦੀ ਬਾਣੀ ਦੀ ਮੂਲ-ਸੰਵੇਦਨਾ ਪ੍ਰੇਮ ਭਗਤੀ ਨਾਲ ਜੁੜੀ ਹੋਈ ਹੈ। ਗੁਰਮਤਿ ਵਿਚਾਰਧਾਰਾ ਦੇ ਪ੍ਰਚਾਰ ਤੇ ਪ੍ਰਸਾਰ ਲਈ, ਉਨ੍ਹਾਂ ਦਾ ਦਿੱਤਾ ਗਿਆ ਯੋਗਦਾਨ ਕਦੀ ਵੀ ਭੁਲਾਇਆ ਨਹੀਂ ਜਾ ਸਕਦਾ। ਗੁਰੂ ਜੀ ਨੇ ਪੰਜਾਬੀ ਭਾਸ਼ਾ, ਸਾਹਿਤ ਤੇ ਸੰਸਕ੍ਰਿਤੀ ਨੂੰ ਜੋ ਦੇਣ ਦਿੱਤੀ ਹੈ, ਉਸ ਦੀ ਸ਼ਬਦਾਂ 'ਚ ਪ੍ਰਸੰਸਾ ਕਰਨੀ ਬੜੀ ਕਠਿਨ ਹੈ। 'ਸੁਖਮਨੀ ਸਾਹਿਬ' ਸੁੱਖ ਦਾ ਆਨੰਦ ਦੇਣ ਵਾਲੀ ਬਾਣੀ ਹੈ। ਸੁਖਮਨੀ ਸਾਹਿਬ ਮਾਨਸਿਕ ਤਣਾਅ ਦੀ ਅਵਸਥਾ ਦਾ ਸ਼ੁੱਧੀਕਰਨ ਕਰਨ ਦਾ ਇਕ ਵਧੀਆ ਉਪਰਾਲਾ ਹੈ। ਇਸ ਰਚਨਾ ਦੀ ਭਾਸ਼ਾ, ਭਾਵਾਂ ਅਨੁਕੂਲ ਹੀ ਹੈ। ਸਰਲ ਬ੍ਰਿਜ ਭਾਸ਼ਾ ਅਤੇ ਪੰਜਾਬੀ ਭਾਸ਼ਾ 'ਚ ਰਚਿਤ ਇਹ ਬਾਣੀ ਗੁਰੂ ਅਰਜਨ ਦੇਵ ਜੀ ਦੀ ਇਕ ਮਹਾਨ ਅਧਿਆਤਮਕ ਕਲਾਕ੍ਰਿਤ ਹੈ, ਜਿਸ ਨੂੰ ਅਧਿਆਤਮਵਾਦ ਦਾ ਸਿਰਮੌਰ ਵੀ ਕਿਹਾ ਜਾ ਸਕਦਾ ਹੈ। ਇਹ ਸਮੁੱਚੀ ਮਾਨਵਤਾ ਨੂੰ ਸ਼ਾਂਤੀ ਦਾ ਉਪਦੇਸ਼ ਵੀ ਦਿੰਦੀ ਹੈ। ਇਹ ਉਨ੍ਹਾਂ ਦੀ ਇਕ ਅਮਰ ਬਾਣੀ ਹੈ ਜੋ ਕਰੋੜਾਂ ਜਗਿਆਸੂਆਂ ਨੂੰ ਅੰਮ੍ਰਿਤ ਵੇਲੇ, ਇਸ ਬਾਣੀ ਦਾ ਪਾਠ ਕਰਨ ਨਾਲ ਸ਼ਾਂਤੀ ਪ੍ਰਦਾਨ ਕਰਦੀ ਹੈ। ਇਸ 'ਚ 24 ਅਸ਼ਟਪਦੀਆਂ ਹਨ। ਇਹ ਰਚਨਾ 'ਰਾਗ ਗਾਉੜੀ' ਵਿਚ ਰਚੀ ਗਈ ਹੈ। ਇਸ ਰਚਨਾ ਦੀ ਸ਼ੈਲੀ 'ਸੂਤ੍ਰਿਕ' ਹੈ। ਇਸ 'ਚ ਸਾਧਨਾ, ਨਾਮ ਸਿਮਰਨ ਤੇ ਇਸ ਦੇ ਪ੍ਰਭਾਵ, ਸੇਵਾ ਤੇ ਤਿਆਗ, ਮਾਨਸਿਕ ਸੁੱਖ-ਦੁੱਖ ਅਤੇ ਸ਼ਕਤੀ ਦੀਆਂ ਉਨ੍ਹਾਂ ਅਵਸਥਾਵਾਂ ਦਾ ਵਰਣਨ ਕੀਤਾ ਗਿਆ ਹੈ, ਜਿਹਨਾਂ ਦੀ ਪ੍ਰਾਪਤੀ ਕਰਕੇ ਮਾਨਵ ਉਸ 'ਪਾਰ-ਬ੍ਰਹਮ ਪ੍ਰਭੂ' ਦੇ ਸੁੱਖਾਂ ਦਾ ਅਹਿਸਾਸ ਕਰ ਸਕਦਾ ਹੈ। ਸੁਖਮਨੀ ਸ਼ਬਦ ਆਪਣੇ ਆਪ 'ਚ ਹੀ ਇਕ ਬਹੁਤ ਭਾਵ-ਪੂਰਤ ਸ਼ਬਦ ਹੈ। ਮਨ ਨੂੰ ਸੁੱਖ ਦੇਣ ਵਾਲੀ ਜਾਂ ਸੁੱਖਾਂ ਦੀ ਮਣੀ ਆਦਿਕ।

ਸੁਖਮਨੀ ਸੁਖ ਅੰਮ੍ਰਿਤ ਪ੍ਰਭੂ ਨਾਮ। ਭਗਤ ਜਨਾਂ ਕੇ ਮਨ ਬਿਸਰਾਮ।। ਤੀਸਰੇ ਗੁਰੂ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਨੇ ਸਿੱਖ ਧਰਮ ਦੇ ਵਿਸਥਾਰ ਤੇ ਪ੍ਰਚਾਰ ਲਈ ਦੂਰ-ਦੂਰ ਤੱਕ ਮੰਜੀਆਂ ਭਾਵ ਪ੍ਰਚਾਰ ਕੇਂਦਰ, ਜਿਸ ਨੂੰ 'ਮਸੰਦ ਪ੍ਰਥਾ' ਵੀ ਕਿਹਾ ਜਾਂਦਾ ਹੈ, ਨੂੰ ਸਥਾਪਤ ਕੀਤਾ। ਇਹਨਾਂ ਕੇਂਦਰਾਂ ਤੋਂ ਸਿੱਖ ਸਿ-ਧਾਂਤਾਂ ਤੇ ਸਿੱਖਿਆਵਾਂ ਦਾ ਪ੍ਰਚਾਰ ਕੀਤਾ ਜਾਂਦਾ ਸੀ। ਸਾਧਸੰਗਤ ਇਕੱਠੀ ਹੁੰਦੀ ਤੇ ਗੁਰਬਾਣੀ ਦਾ ਰਸਭਿੰਨਾ ਕੀਰਤਨ ਕੀਤਾ ਜਾਂਦਾ। ਗੁਰਬਾਣੀ ਦਾ ਸੰਗੀਤਮਈ ਕੀਰਤਨ, ਗੁਰੂ ਨਾਨਕ ਦੇਵ ਜੀ ਤੋਂ ਹੀ ਸ਼ੁਰੂ ਹੋ ਗਿਆ ਸੀ। ਉਨ੍ਹਾਂ ਦਾ ਸਾਥੀ ਮਰਦਾਨਾ ਉਸ ਸਮੇਂ ਦਾ ਬਹੁਤ ਵੱਡਾ ਰਬਾਬੀ ਸੀ ਜੋ ਰਬਾਬ ਨਾਲ, ਗੁਰੂ ਨਾਨਕ ਦੇਵ ਜੀ ਸੰਗ, ਗੁਰਬਾਣੀ ਦੀਆਂ ਮਿੱਠੀਆਂ ਸੰਗੀਤਕ ਧੁਨਾਂ ਤੇ ਸ਼ਬਦ ਗਾਇਨ ਕਰਦੇ ਸਨ। ਉਸ ਤੋਂ ਬਾਅਦ ਗੁਰੂ ਅੰਗਦ ਦੇਵ ਜੀ ਦੇ ਸਮੇਂ ਇਸ ਪ੍ਰੰਪਰਾ ਨੂੰ ਸੱਤਾ ਤੇ ਬਲਵੰਡ ਨੇ ਖੂਬ ਨਿਭਾਇਆ। ਉਹ ਗੁਰੂ ਘਰ ਦੇ ਬੜੇ ਮਸ਼ਹੂਰ ਅਧਿਆਤਮਕ ਢਾਡੀ ਸਨ ਜੋ ਆਪਣੀਆਂ ਵਾਰਾਂ ਤੇ ਗੁਰੂ ਸਾਹਿਬ ਵੱਲੋਂ ਰਚੀ



ਗਈ ਬਾਣੀ ਦਾ ਕੀਰਤਨ ਕਰਕੇ, ਸੰਗਤਾਂ ਨੂੰ ਨਿਹਾਲ ਕਰਦੇ ਸਨ। ਇਸ ਤਰ੍ਹਾਂ ਸੰਗਤਾਂ ਗੁਰਬਾਣੀ ਦਾ ਆਨੰਦ ਮਾਣਦੀਆਂ ਤੇ ਸਿੱਖੀ ਸਿਧਾਂਤਾਂ ਨੂੰ ਆਪਣੇ ਲੜ ਬੰਨ੍ਹਦੀਆਂ। ਇਸ ਢੰਗ ਨਾਲ ਸਿੱਖ ਧਰਮ ਦਾ ਪ੍ਰਚਾਰ ਕੀਤਾ ਜਾਂਦਾ ਤੇ ਇਸ ਤਰੀਕੇ ਨੇ ਸਿੱਖ ਧਰਮ ਦੇ ਫੈਲਾਅ ਲਈ ਲੋਕਾਂ 'ਚ ਖਿੱਚ ਪੈਦਾ ਕਰ ਦਿੱਤੀ। ਇਸ ਨਾਲ ਹਿੰਦੂ ਤੇ ਮੁਸਲਮਾਨ, ਸਿੱਖ ਧਰਮ 'ਚ ਪ੍ਰਵਰਤਿਤ ਹੋਣ ਲੱਗੇ। ਇਹ ਗੁਰਬਾਣੀ ਦੀ ਸੰਗੀਤਕ ਵਿਆਖਿਆ, ਗੁਰੂ ਅਰਜਨ ਦੇਵ ਜੀ ਤੱਕ ਨਿਰੰਤਰ ਚਲਦੀ ਰਹੀ। ਇਸ ਨਾਲ ਦੂਸਰੇ ਧਰਮਾਂ ਦੇ ਲੋਕਾਂ 'ਚ ਸਿੱਖ ਧਰਮ ਪ੍ਰਤੀ ਤੇ ਗੁਰੂ ਸਾਹਿਬਾਨ ਪ੍ਰਤੀ, ਨਫ਼ਰਤ ਤੇ ਈਰਖਾ ਉਪਜਣ ਲੱਗ ਪਈ ਜੋ ਬਾਅਦ 'ਚ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੇ ਰੂਪ 'ਚ ਪ੍ਰਗਟ ਹੋਈ। ਇਕ ਵਾਰ ਅਕਬਰ ਬਾਦਸ਼ਾਹ ਗੋਇੰਦਵਾਲ ਸਾਹਿਬ ਆਏ, ਉਨ੍ਹਾਂ ਨੇ ਵੀ ਸਿੱਖ ਧਰਮ ਦੀ ਸ਼ੋਭਾ ਬਹੁਤ ਸੁਣੀ ਹੋਈ ਸੀ। ਉਨ੍ਹਾਂ ਇੱਥੇ ਪੰਗਤ 'ਚ ਜ਼ਮੀਨ ਤੇ ਬੈਠ ਕੇ, ਆਮ ਸੰਗਤ ਨਾਲ, ਗੁਰੂ ਦਾ ਸਾਦਾ ਲੰਗਰ ਛਕਿਆ ਤੇ ਬੜੀ ਖੁਸ਼ੀ ਪ੍ਰਾਪਤ ਕੀਤੀ ਤੇ ਇਸ ਤਰ੍ਹਾਂ ਲੰਗਰ ਛਕਣਾ, ਉਨ੍ਹਾਂ ਨੂੰ ਬੜਾ ਚੰਗਾ ਲੱਗਿਆ। ਉਹ ਗੁਰੂ ਅਮਰਦਾਸ ਜੀ ਨੂੰ ਮਿਲ ਕੇ, ਉਨ੍ਹਾਂ ਦੇ ਵਿਅਕਤਿਤਵ ਤੋਂ ਬਹੁਤ ਪ੍ਰਭਾਵਿਤ ਹੋਏ। ਗੁਰੂ ਅਰਜਨ ਦੇਵ ਜੀ ਦੇ ਦੋਖੀ, ਉਨ੍ਹਾਂ ਦੇ ਵੱਡੇ ਭਰਾ ਸ੍ਰੀ ਪ੍ਰਿਥੀ ਚੰਦ ਤੇ ਭਤੀਜਾ ਮਿਹਰਵਾਨ ਗੁਰੂ ਜੀ ਨਾਲ ਗੁਰਗੱਦੀ ਨਾ ਮਿਲਣ ਕਾਰਨ ਬਹੁਤ ਨਫ਼ਰਤ ਕਰਦੇ ਸਨ। ਉਨ੍ਹਾਂ ਨੇ ਗੁਰੂ ਅਰਜਨ ਦੇਵ ਜੀ ਦੇ ਵਿਰੁੱਧ ਅਕਬਰ ਬਾਦਸ਼ਾਹ ਕੋਲ ਸ਼ਿਕਾਇਤ ਕੀਤੀ ਕਿ ਮੁਸਲਮਾਨ ਧਰਮ ਵਿਰੁੱਧ ਗੁਰੂ ਜੀ ਨੇ 'ਆਦਿ (ਗੁਰੂ) ਗ੍ਰੰਥ' ਵਿਚ ਕੁਝ ਇਤਰਾਜ਼ਯੋਗ ਟਿੱਪਣੀਆਂ ਕੀਤੀਆਂ ਹਨ। ਇਸ ਸ਼ਿਕਾਇਤ ਦਾ ਬਾਦਸ਼ਾਹ ਅਕਬਰ ਤੇ ਕੋਈ ਅਸਰ ਨਾ ਹੋਇਆ। ਇਸ ਸ਼ਿਕਾਇਤ ਪ੍ਰਤੀ ਉਨ੍ਹਾਂ ਨੇ ਸਾਂਈ ਮੀਆਂ ਮੀਰ ਜੀ ਤੋਂ ਸਪਸ਼ਟੀਕਰਨ ਕਰ ਲਿਆ ਕਿ ਇਸ ਤਰ੍ਹਾਂ ਦੀ ਕੋਈ ਟਿੱਪਣੀ ਇਸਲਾਮ ਧਰਮ ਦੇ ਵਿਰੁੱਧ 'ਆਦਿ (ਗੁਰੂ) ਗ੍ਰੰਥ' ਵਿਚ ਕੁਝ ਵੀ ਨਹੀਂ ਹੈ ਤੇ ਇਹੋ ਗੱਲ ਅਕਬਰ ਬਾਦਸ਼ਾਹ ਨੇ ਪ੍ਰਿਥੀ ਚੰਦ ਤੇ ਉਨ੍ਹਾਂ ਦੇ ਪੁੱਤਰ ਮਿਹਰਬਾਨ ਨੂੰ ਆਖ ਦਿੱਤੀ। ਬਾਦਸ਼ਾਹ ਨੇ ਸਗੋਂ ਸਿੱਖ ਧਰਮ ਦੀਆਂ ਚੰਗਿਆਈਆਂ ਦੱਸੀਆਂ ਕਿ ਉਹ ਤਾਂ ਮਨੁੱਖੀ ਸ਼ਾਂਤੀ ਲਈ, ਸਿੱਖ ਧਰਮ ਦਾ ਪ੍ਰਚਾਰ ਬੜੇ ਸ਼ਾਂਤਮਈ ਤਰੀਕੇ ਨਾਲ ਕਰਕੇ, ਮਾਨਵਤਾ ਨੂੰ ਵਧੀਆ ਜੀਵਨ ਜਿਊਣ ਲਈ ਸੇਧ ਦਿੰਦੇ ਹਨ। ਬਾਦਸ਼ਾਹ ਅਕਬਰ ਨੇ ਗੁਰੂ ਅਰਜਨ ਦੇਵ ਜੀ ਤੇ ਉਨ੍ਹਾਂ ਤੋਂ ਪਹਿਲੇ ਸਿੱਖ ਗੁਰੂ ਸਾਹਿਬਾਨ ਦੀ ਬੜੀ ਤਾਰੀਫ਼ ਕੀਤੀ। ਉਨ੍ਹਾਂ ਦੀ ਸ਼ਿਕਾਇਤ ਦਾ ਬਾਦਸ਼ਾਹ ਤੇ ਕੋਈ ਅਸਰ ਨਾ ਹੋਇਆ ਕਿਉਂਕਿ ਬਾਦਸ਼ਾਹ ਅਕਬਰ ਦਾ 'ਦੀਨ-ਏ-ਇਲਾਹੀ' ਮੱਤ, ਸਭ ਧਰਮਾਂ ਨੂੰ ਪਿਆਰ ਕਰਨ ਦੀ ਸਿੱਖਿਆ ਦਿੰਦਾ ਸੀ ਤੇ ਨਾਲੇ ਆਪ ਉਹ, ਇਕ ਕੱਟੜ ਸ਼ਾਸਕ ਵੀ ਨਹੀਂ ਸੀ। ਗੁਰੂ ਅਰਜਨ ਦੇਵ ਜੀ ਦੇ ਵਿਰੋਧੀਆਂ ਦੀ ਸਾਜ਼ਿਸ਼ ਦਾ ਜਦੋਂ ਬਾਦਸ਼ਾਹ ਅਕਬਰ ਨੂੰ ਪਤਾ ਲੱਗਾ ਤਾਂ ਬਾਦਸ਼ਾਹ ਨੇ ਭਾਈ ਗੁਰਦਾਸ ਜੀ ਤੇ ਬਾਬਾ ਬੁੱਢਾ ਜੀ ਦੇ ਮਾਧਿਅਮ ਰਾਹੀਂ 51 ਮੋਹਰਾਂ ਭੇਟ ਕਰਕੇ ਅਫਸੋਸ ਪ੍ਰਗਟ ਕੀਤਾ।

ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੇ ਵੱਖ-ਵੱਖ ਇਤਿਹਾਸਕਾਰਾਂ ਨੇ ਕਈ ਕਾਰਨ ਦੱਸੇ ਹਨ। ਜਿਵੇਂ: - ਚੰਦੂ ਸ਼ਾਹ ਦੀ ਦੁਸ਼ਮਣੀ, ਪ੍ਰਿਥੀਚੰਦ ਦਾ ਗੁਰਗੱਦੀ, ਪ੍ਰਾਪਤ ਨਾ ਕਰ ਸਕਣਾ ਤੇ ਗੁਰੂ ਸਾਹਿਬ ਦਾ ਵਿਰੋਧ ਕਰਨਾ, ਬਾਗੀ ਸ਼ਹਿਜ਼ਾਦੇ ਖੁਸਰੋ ਦੀ ਮਦਦ ਕਰਨਾ, ਪੰਥ ਦੋਖੀਆਂ ਵੱਲੋਂ ਬਾਦਸ਼ਾਹ ਜਹ-ਾਂਗੀਰ ਦੇ ਕੰਨ ਭਰਨਾ, 'ਗੁਰੂ ਗ੍ਰੰਥ ਸਾਹਿਬ' ਦੀ ਸੰਪਾਦਨਾ, ਬਾਦਸ਼ਾਹ ਜਹਾਂਗੀਰ ਦੀ ਨਿੱਜੀ ਸੋਚ ਨਾਲ ਜੁੜੇ ਕੁਝ ਨਿੱਜੀ ਕਾਰਨ, ਰਾਜਨੀਤਿਕ ਕਾਰਨ ਤੇ ਕੁਝ ਫੁਟਕਲ ਕਾਰਨ ਹਨ। 'ਨਕਸ਼ਬੰਦੀ' ਇਸਲਾਮ ਧਰਮ ਦਾ ਇਕ ਕੱਟੜ ਸੂਫ਼ੀ ਸਿਲਸਿਲਾ ਸੀ। ਸ਼ੇਖ ਅਹਿਮਦ ਸਰਹੰਦੀ ਇਨ੍ਹਾਂ ਦਾ ਮੁੱਖੀ ਸੀ। ਉਹ ਆਪਣੇ ਪੱਧਰ ਤੇ ਵਿਅਕਤਿਤਵ ਨੂੰ ਗੁਰੂ ਸਾਹਿਬ ਦੇ ਪੱਧਰ ਤੋਂ ਉਪਰ ਮੰਨਦਾ ਸੀ। ਗੁਰੂ ਅਰਜਨ ਦੇਵ ਜੀ ਪਾਸ ਇਕੱਤਰ ਹੁੰਦੀ ਬਹੁ-ਗਿਣਤੀ 'ਚ ਸੰਗਤ ਤੇ ਸਿੱਖ ਧਰਮ ਦਾ ਹੁੰਦਾ ਫੈਲਾਅ ਦੇਖ ਕੇ ਤੇ ਹਿੰਦੂਆਂ ਤੇ ਮੁਸਲਮਾਨਾਂ ਵੱਲੋਂ ਅਪਣਾਏ ਜਾ ਰਹੇ ਸਿੱਖ ਧਰਮ ਤੋਂ, ਉਹ ਬਹੁਤ ਚਿੰਤਤ ਸੀ ਤੇ ਇਸ ਨੂੰ ਉਹ ਇਸਲਾਮ ਧਰਮ ਲਈ ਖ਼ਤਰੇ ਦੀ ਘੰਟੀ ਸਮਝਦਾ ਸੀ। ਦਿਨ ਪ੍ਰਤੀ ਦਿਨ ਸਿੱਖ ਧਰਮ ਦਾ ਫੈਲਾਅ ਹੋ ਰਿਹਾ ਸੀ। ਧਰਮਸਾਲਾਵਾਂ, ਬਾਉਲੀਆਂ ਅਤੇ ਗੁਰਦੁਆਰਿਆਂ ਦੇ ਨਾਲਨਾਲ ਮੰਜੀਦਾਰ ਅਤੇ ਮਸੰਦ ਸੰਸਥਾ ਸਥਾਪਤ ਹੋ ਚੁੱਕੀ ਸੀ। ਚਾਰੇ ਵਰਣਾਂ ਦਾ ਉਪਦੇਸ਼ ਦੇਣ ਵਾਲੇ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦੀ ਸੰਪਾਦਨਾ ਹੋ ਚੁੱਕੀ ਸੀ। ਇਸ ਸਭ ਵਰਤਾਰੇ ਨੂੰ ਨਕਸ਼ਬੰਦੀ, ਕੱਟੜਪੰਥੀ ਕਿਸ ਤਰ੍ਹਾਂ ਬਰਦਾਸ਼ਤ ਕਰ ਸਕਦੇ ਸਨ। ਉਹ ਤਾਂ ਸਾਰੇ ਭਾਰਤ ਵਰਸ਼ 'ਚ ਇਸਲਾਮ ਦਾ ਹੀ ਬੋਲਬਾਲਾ ਦੇਖਣਾ ਚਾਹੁੰਦੇ ਸਨ। ਇਸੇ ਲਈ ਹੀ ਤਾਂ ਉਨ੍ਹਾਂ ਨੇ ਅਕਬਰ ਬਾਦਸ਼ਾਹ ਦੇ ਕਈ ਵਾਰ ਕੰਨ ਭਰੇ ਤੇ ਕਈ ਤੋਹਮਤਾਂ ਲਾਈਆਂ ਪਰ ਉਨ੍ਹਾਂ ਦੀ ਇਕ ਨਾ ਚੱਲੀ। ਜਦੋਂ 1605 ਈਸਵੀ 'ਚ ਬਾਦਸ਼ਾਹ ਅਕਬਰ ਦੀ ਮੌਤ ਹੋ ਗਈ ਤੇ ਰਾਜ ਗੱਦੀ ਪ੍ਰਾਪਤ ਕਰਨ ਲਈ ਕਈ ਧੜੇ ਬਣ ਗਏ ਤੇ ਲੜਾਈ ਝਗੜੇ ਸ਼ੁਰੂ ਹੋ ਗਏ। ਸਲੀਮ ਦੇ ਗੱਦੀ ਪ੍ਰਾਪਤ ਕਰਨ 'ਚ ਸ਼ੇਖ ਫ਼ਰੀਦ ਬੁਖ਼ਾਰੀ ਨੇ ਬਹੁਤ ਮਦਦ ਕੀਤੀ ਜੋ ਬਾਅਦ 'ਚ (ਸ਼ਹਿਜ਼ਾਦਾ ਸਲੀਮ ਤੋਂ ਜਹਾਂਗੀਰ) ਦੇ ਨਾਮ ਨਾਲ ਪ੍ਰਸਿੱਧ ਹੋਇਆ। ਸ਼ੇਖ ਫ਼ਰੀਦ ਬੁਖ਼ਾਰੀ ਖੁਦ ਇਕ ਨਕਸ਼ਬੰਦੀ ਪ੍ਰਥਾ ਦਾ ਮੁਖੀ ਸੀ, ਜਿਸ ਦਾ ਮੁਗਲ ਦਰਬਾਰ 'ਚ ਬੜਾ ਅਸਰ-ਰਸੂਖ ਸੀ। ਹੁਣ ਨਕਸ਼ਬੰਦੀਆਂ ਕੋਲ ਸੁਨਹਿਰੀ ਮੌਕਾ ਸੀ ਕਿ ਉਹ ਬਾਦਸ਼ਾਹ ਨੂੰ ਗੁਰੂ ਸਾਹਿਬ ਵਿਰੁੱਧ ਭੜਕਾਉਣ।

ਬਾਦਸ਼ਾਹ ਜਹਾਂਗੀਰ ਨੇ ਤਖਤ 'ਤੇ ਬੈਠਦਿਆਂ ਸਾਰ ਹੀ, ਇਸਲਾਮ ਧਰਮ ਦਾ ਪ੍ਰਚਾਰ ਕਰਨਾ, ਆਪਣਾ ਪਰਮ-ਧਰਮ ਸਮਝਿਆ। ਉਹ ਇਸਲਾਮ ਧਰਮ ਨੂੰ ਫੈਲਾਉਣ ਲਈ ਵਿਰੋਧੀਆਂ ਨੂੰ ਖਤਮ ਕਰਨ ਲਈ ਵਿਉਂਤਾਂ ਘੜਨ ਲੱਗਿਆ। ਸਭ ਤੋਂ ਪਹਿਲਾਂ ਉਸ ਨੇ ਅਕਬਰ ਦੁਆਰਾ ਚਲਾਏ ਗਏ 'ਦੀਨਏ- ਇਲਾਹੀ' ਦੀ ਸਰਕਾਰੀ ਸਰਪ੍ਰਸਤੀ ਖਤਮ ਕੀਤੀ ਤੇ ਉਸ ਤੋਂ ਬਾਅਦ ਇਸਲਾਮ ਵਿਰੋਧੀਆਂ ਦਾ ਖਾਤਮਾ ਕਰਨ ਲਈ ਨੀਤੀ ਬਣਾਈ। ਅਕਬਰ ਦੇ ਸਮੇਂ ਗੁਰੂ ਸਾਹਿਬ ਦੇ ਸਬੰਧ, ਉਸ ਨਾਲ ਬੜੇ ਚੰਗੇ ਸਨ ਪਰ ਉਸ ਦੀ ਮੌਤ ਤੋਂ ਬਾਅਦ ਜਹਾਂਗੀਰ ਗੱਦੀ 'ਤੇ ਬੈਠਦਿਆਂ ਹੀ ਗੁਰੂ ਸਾਹਿਬ ਦੇ ਵਿਰੁੱਧ ਹੋ ਗਿਆ। ਸਿੱਖ ਧਰਮ ਵਿਰੁੱਧ, ਉਸ ਦੀ ਨੀਤੀ, ਆਪਣੀ ਸਵੈ-ਜੀਵਨੀ 'ਤੁਜ਼ਕਿ-ਜਹਾਂਗੀਰੀ' ਤੋਂ ਪਤਾ ਲੱਗਦਾ ਹੈ, ਜਿਸ ਵਿਚ ਉਹ ਆਪਣੀ ਬੁਰੀ ਨੀਅਤ ਖੁਦ ਬਿਆਨ ਕਰਦਾ ਹੈ ਕਿ ਗੋਇੰਦਵਾਲ, ਜਿਹੜਾ ਬਿਆਸ ਨਦੀ ਦੇ ਕੰਢੇ 'ਤੇ ਸਥਿਤ ਹੈ, ਪੀਰਾਂ ਫਕੀਰਾਂ ਦੇ ਲਿਬਾਸ 'ਚ (ਗੁਰੂ) ਅਰਜਨ ਨਾਮੀ ਇਕ ਹਿੰਦੂ ਫਕੀਰ ਸੀ। ਤਿੰਨ-ਚਾਰ ਪੀੜ੍ਹੀਆਂ ਤੋਂ ਉਨ੍ਹਾਂ ਦੀ ਇਹ ਝੂਠ ਦੀ ਦੁਕਾਨ (ਦੁਕਾਨੇ ਬਾਤਲ) ਗਰਮ ਸੀ। ਕਈ ਚਿਰਾਂ ਤੋਂ ਮੇਰੇ ਦਿਲ 'ਚ ਖਿਆਲ ਆਉਂਦਾ ਹੈ ਕਿ ਇਸ ਝੂਠ ਦੇ ਵਿਪਾਰ ਨੂੰ, ਬੰਦ ਕਰ ਦੇਵਾਂ ਜਾਂ ਫਿਰ ਉਸ ਨੂੰ ਇਸਲਾਮ 'ਚ ਲੈ ਆਵਾਂ।''

ਬਾਦਸ਼ਾਹ ਜਹਾਂਗੀਰ ਦੇ ਗੱਦੀ ਉੱਤੇ ਬੈਠਣ ਤੋਂ ਥੋੜ੍ਹਾ ਸਮਾਂ ਬਾਅਦ, ਉਸ ਦੇ ਪੁੱਤਰ ਖੁਸਰੋ ਨੇ ਬਗਾਵਤ ਕਰ ਦਿੱਤੀ ਤੇ ਉਹ ਲਾਹੌਰ ਨੂੰ ਭੱਜ ਨਿਕਲਿਆ। ਬਿਆਸ ਦਰਿਆ ਪਾਰ ਕਰਕੇ ਗੋਇੰਦਵਾਲ ਸਾਹਿਬ ਵਿਖੇ ਖੁਸਰੋ ਨੇ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਕੀਤੇ। ਗੁਰੂ ਸਾਹਿਬ ਨੇ ਖੁਸਰੋ ਦੇ ਮੱਥੇ 'ਤੇ ਤਿਲਕ ਲਗਾਇਆ ਤੇ ਆਸ਼ੀਰਵਾਦ ਵੀ ਦਿੱਤਾ। ਇਸ ਮਿਲਾਪ ਨੂੰ ਜਹਾਂਗੀਰ ਨੇ, ਸ੍ਰੀ ਗੁਰੂ ਅਰਜਨ ਦੇਵ ਜੀ ਦੇ ਵਿਰੁੱਧ, ਕਾਰਵਾਈ ਕਰਨ ਦੇ ਇਕ ਚੰਗੇ ਮੌਕੇ ਵਜੋਂ ਵਰਤਣ ਦਾ ਮਨ ਬਣਾਇਆ। ਉਸਨੇ ਗੁਰੂ ਅਰਜਨ ਦੇਵ ਜੀ ਦੀ ਗ੍ਰਿਫਤਾਰੀ ਸਬੰਧੀ ਹੁਕਮ ਦਿੰਦਿਆਂ ਗੁਰੂ ਜੀ ਨੂੰ ਗ੍ਰਿਫ਼ਤਾਰ ਕਰਕੇ ਹਾਜ਼ਰ ਕਰਨ ਅਤੇ ਪਾਤਸ਼ਾਹ ਦੇ ਘਰ-ਘਾਟ ਅਤੇ ਬੱਚਿਆਂ ਨੂੰ ਮੁਰਤਜ਼ਾ ਖਾਨ ਦੇ ਹਵਾਲੇ ਕਰਨ, ਮਾਲ-ਅਸਬਾਬ ਜ਼ਬਤ ਕਰਕੇ ਡਰਾਉਣ, ਸਜ਼ਾ ਦੇਣ ਅਤੇ ਤਸੀਹੇ ਦੇ ਕੇ ਕਤਲ ਕਰਨ ਦਾ ਹੁਕਮ ਜਾਰੀ ਕੀਤਾ। ਜਹਾਂਗੀਰ ਦੇ ਹੁਕਮ ਅਨੁਸਾਰ ਗੁਰੂ ਜੀ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਯਾਸਾ-ਏ-ਸਿਆਸਤ ਦੇ ਕਾਨੂੰਨ ਅਧੀਨ, ਜ਼ੁਲਮ ਕਰਨੇ ਸ਼ੁਰੂ ਕਰ ਦਿੱਤੇ। ਪਹਿਲਾਂ ਤੱਤੀ ਤਵੀ 'ਤੇ ਬਿਠਾਇਆ, ਸੀਸ ਉਪਰ ਗਰਮ ਰੇਤ ਪਾਈ ਗਈ, ਦੇਗ਼ 'ਚ ਉਬਾਲਿਆ ਗਿਆ। ਇਸ ਤਰ੍ਹਾਂ ਲਗਾਤਾਰ ਤਸੀਹੇ ਦਿੱਤੇ ਜਾਂਦੇ ਰਹੇ। ਅੰਤ 16, 1606 ਈਸਵੀ ਨੂੰ ਰਾਵੀ ਦਰਿਆ 'ਚ ਰੋੜ੍ਹ ਦਿੱਤਾ ਗਿਆ। ਗੁਰੂ ਸਾਹਿਬ ਨੇ ਇਸ ਸਭ ਕੁਝ ਨੂੰ ਉਸ ਪ੍ਰਮਾਤਮਾ ਦਾ ਭਾਣਾ ਮੰਨਦਿਆਂ ਹੋਇਆਂ, ਜ਼ਾਲਮ ਹਕੂਮਤ ਦੇ ਹਰ ਤਸੀਹੇ ਨੂੰ ਆਪਣੇ ਪਿੰਡੇ 'ਤੇ ਜਰਿਆ। ਤੱਪਦੀ ਤਵੀ, ਉਨ੍ਹਾਂ ਦੇ ਸੀਤਲ ਸੁਭਾਅ ਦੇ ਸਾਹਮਣੇ, ਸੁਖਦਾਇਕ ਬਣ ਗਈ। ਤੱਪਦੀ ਰੇਤ ਨੇ ਵੀ ਉਨ੍ਹਾਂ ਦੀ ਨਿਸ਼ਠਾ ਨੂੰ ਭੰਗ ਨਹੀਂ ਕੀਤਾ। ਗੁਰੂ ਜੀ ਨੇ ਸਭ ਕਸ਼ਟ ਹੱਸਦੇ-ਹੱਸਦੇ ਬਰਦਾਸ਼ਤ ਕੀਤੇ ਅਤੇ ਪ੍ਰਮਾਤਮਾ ਅੱਗੇ ਇਹੀ ਅਰਦਾਸ ਕੀਤੀ:-

ਤੇਰਾ ਕੀਆ ਮੀਠਾ ਲਾਗੈ।।
ਹਰਿ ਨਾਮ ਪਦਾਰਥ ਨਾਨਕ ਮਾਗੈ।।

ਜਹਾਂਗੀਰ ਬਾਦਸ਼ਾਹ ਖੁਦ ਆਪਣੀ ਸਵੈ ਜੀਵਨੀ 'ਤੋਜ਼ਕਿ-ਜਹਾਂਗੀਰੀ' ਵਿਚ ਮੰਨਦਾ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਗ੍ਰਿਫ਼ਤਾਰੀ ਦੇ ਹੁਕਮ ਦਿੱਤੇ ਕਿਉਂਕਿ ਗੁਰੂ ਅਰਜਨ ਦੇਵ ਜੀ ਦੀ ਪ੍ਰਸਿੱਧੀ ਤੋਂ ਉਸਨੂੰ ਬਹੁਤ ਈਰਖਾ ਸੀ। ਉਹ ਹਿੰਦੂ ਅਤੇ ਮੁਸਲਮਾਨ ਦੋਹਾਂ ਕੌਮਾਂ 'ਚ ਬਹੁਤ ਹਰਮਨ ਪਿਆਰੇ ਸਨ, ਮੇਰਾ ਭਾਵ ਬਾਦਸ਼ਾਹ ਜਹਾਂਗੀਰ ਦੀ ਇਸਲਾਮ ਧਰਮ ਪ੍ਰਤੀ ਕੱਟੜਤਾ ਤੇ ਸ਼ਹਿਜ਼ਾਦਾ ਖੁਸਰੋ ਨੂੰ ਪਨਾਹ ਦੇਣਾ, ਗੁਰੂ ਅਰਜਨ ਦੇਵ ਜੀ ਦੇ ਕਤਲ ਦਾ ਮੁੱਖ ਕਾਰਨ ਹਨ। ਉਹ ਖ਼ੁਦ ਮੰਨਦਾ ਹੈ ਕਿ ਉਸ ਨੂੰ ਕੱਟੜ ਪੰਥੀਆਂ ਨੇ ਰੱਜ ਕੇ ਗੁੰਮਰਾਹ ਕੀਤਾ ਪਰ ਉਸ ਨੇ ਸਚਾਈ ਨੂੰ ਜਾਨਣ ਲਈ, ਬਾਦਸ਼ਾਹ ਨੇ ਕੋਈ ਕਦਮ ਨਹੀਂ ਚੁੱਕਿਆ ਤੇ ਨਾ ਹੀ ਪੂਰੇ ਹਾਲਾਤਾਂ ਤੇ ਕਾਰਨਾਂ ਦੀ ਘੋਖ ਕਰਨ ਦਾ ਯਤਨ ਕੀਤਾ। ਉਹ ਕੱਟੜ ਪੰਥੀਆਂ ਨੂੰ ਖੁਸ਼ ਕਰਨ ਲਈ ਗਲਤ ਕਦਮ (ਭਾਵ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ) ਕਰਨ ਦਾ ਚੁੱਕਿਆ। ਇਹ ਉਸ ਨੂੰ ਆਪਣੀ ਗਲਤੀ ਦਾ ਮਗਰੋਂ ਅਹਿਸਾਸ ਹੋਇਆ ਕਿ ਉਸ ਨੂੰ ਗੁੰਮਰਾਹ ਕਰਕੇ ਤੇ ਸਚਾਈ ਨਾ ਦੱਸ ਕੇ ਗੁਰੂ ਸਾਹਿਬ ਦਾ ਕਤਲ ਕਰਵਾਇਆ। ਇਹ ਮਹਿਸੂਸ ਕਰਨ ਉਪਰੰਤ ਬਾਦਸ਼ਾਹ ਜਹਾਂਗੀਰ ਨੇ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਨਾਲ ਨੇੜਤਾ ਕਰ ਲਈ। ਇਸ ਅਦੁੱਤੀ ਸ਼ਹਾਦਤ ਨੇ ਸਿੱਖ ਧਰਮ ਦੇ ਇਤਿਹਾਸਕ, ਸਿਧਾਂਤਕ ਤੇ ਵਿਹਾਰਕ ਰੂਪ 'ਚ ਤਬਦੀਲੀ ਲਿਆਂਦੀ। ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਨੇ ਗੱਦੀ ਉੱਤੇ ਬਿਰਾਜਮਾਨ ਹੋਣ ਸਮੇਂ, ਦੋ ਤਲਵਾਰਾਂ ਇਕ 'ਮੀਰੀ ਦੀ ਅਤੇ ਇਕ ਪੀਰੀ ਦੀ' ਪਹਿਨੀਆਂ ਤਾਂ ਜੋ ਜਬਰ ਤੇ ਜ਼ੁਲਮ ਦਾ ਟਾਕਰਾ ਕੀਤਾ ਜਾ ਸਕੇ। ਭਗਤੀ-ਸ਼ਕਤੀ ਦੇ ਪ੍ਰਤੀਕ 'ਸ੍ਰੀ ਅਕਾਲ ਤਖਤ ਸਾਹਿਬ' ਦੀ ਸਥਾਪਨਾ ਕੀਤੀ। ਬੀਰ ਰਸੀ ਸਾਹਿਤ 'ਵਾਰਾਂ' ਦਾ ਗਾਇਨ (ਢਾਡੀ ਪ੍ਰੰਪਰਾ) ਆਰੰਭ ਕਰਵਾਇਆ। ਮੁਗ਼ਲ ਫੌਜਾਂ ਦਾ ਮੈਦਾਨ-ਏ-ਜੰਗ 'ਚ ਡੱਟ ਕੇ ਸਾਹਮਣਾ ਕੀਤਾ ਤੇ ਜਿੱਤਾਂ ਪ੍ਰਾਪਤ ਕੀਤੀਆਂ। ਇਸ ਸ਼ਹਾਦਤ ਨੇ ਸਿੱਖੀ ਜਜ਼ਬੇ ਅੰਦਰ ਐਸਾ ਉਤਸ਼ਾਹ ਭਰਿਆ ਕਿ ਸਿੱਖਾਂ ਅੰਦਰ ਜਬਰ ਤੇ ਜ਼ੁਲਮ ਦਾ ਟਾਕਰਾ ਕਰਨ ਦਾ ਅਹਿਸਾਸ ਪੈਦਾ ਹੋਇਆ। ਅੱਜ ਉਨ੍ਹਾਂ ਦੇ 'ਗੁਰਗੱਦੀ ਪੁਰਬ' 'ਤੇ ਉਨ੍ਹਾਂ ਨੂੰ ਯਾਦ ਕਰਨ ਦਾ ਅਰਥ ਹੈ, ਉਸ ਧਰਮ ਨਿਰਪੱਖ ਵਿਚਾਰਧਾਰਾ ਨੂੰ ਮਾਨਤਾ ਦੇਣਾ, ਜਿਸ ਦਾ ਸਮਰਥਨ ਗੁਰੂ ਜੀ ਨੇ ਆਪਣਾ ਬਲੀਦਾਨ ਦੇ ਕੇ ਕੀਤਾ ਹੈ। ਉਨ੍ਹਾਂ ਨੇ ਸੰਦੇਸ਼ ਦਿੱਤਾ ਸੀ ਕਿ ਮਹਾਨ ਕਦਰਾਂ ਕੀਮਤਾਂ ਦੇ ਲਈ, ਆਤਮ ਬਲੀਦਾਨ ਦੇਣ ਲਈ ਮਾਨਵ ਲੂੰ ਸਦਾ ਤਿਆਰ ਰਹਿਣਾ ਚਾਹੀਦਾ ਹੈ ਤਾਂ ਹੀ ਕੌਮ ਤੇ ਰਾਸ਼ਟਰ ਆਪਣੇ ਗੌਰਵ ਨਾਲ ਜਿੰਦਾ ਰਹਿ ਸਕਦੇ ਹਨ। ਉਨ੍ਹਾਂ ਦੀ ਸ਼ਹੀਦੀ ਨਾਲ ਸਿੱਖ ਕੌਮ ਨੂੰ ਆਪਣੀ ਰੱਖਿਆ, ਆਪਣੇ ਧਰਮ ਦੀ ਰੱਖਿਆ ਤੇ ਜ਼ੁਲਮ ਦਾ ਟਾਕਰਾ ਕਰਨ ਲਈ, ਨਵੀਂ ਸੋਚ ਦਾ ਆਧਾਰ ਮਿਲਿਆ ਜੋ ਅੱਗੇ ਚੱਲ ਕੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ 'ਚ 'ਪੰਜ ਪਿਆਰਿਆਂ' ਦੀ ਸਥਾਪਨਾ ਕਰਕੇ 'ਖਾਲਸਾ-ਪੰਥ' ਦੇ ਰੂਪ 'ਚ ਪ੍ਰਗਟ ਹੋਇਆ। ਮੇਰੀ ਸਮੂਹ ਮਾਨਵਤਾ ਨੂੰ ਪੁਰਜ਼ੋਰ ਸ਼ਬਦਾਂ 'ਚ ਬੇਨਤੀ ਹੈ ਕਿ ਅੱਜ ਗੁਰੂ ਸਾਹਿਬ ਦੇ ਗੁਰਗੱਦੀ ਦਿਵਸ 'ਤੇ ਉਨ੍ਹਾਂ ਨੂੰ ਯਾਦ ਕਰਦਿਆਂ ਮਨੁੱਖੀ ਅਧਿਕਾਰਾਂ, ਅਨਿਆਂ ਵਿਰੁੱਧ ਚੇਤਨਤਾ, ਜਾਤ-ਪਾਤ ਦਾ ਖੰਡਨ, ਮਨੁੱਖੀ ਬਰਾਬਰੀ ਲਈ 'ਸਮਾਜਿਕ-ਬਰਾਬਰੀ', ਸਰਬੱਤ ਦਾ ਭਲਾ ਤੇ ਸੱਚੀ-ਸੁੱਚੀ ਇਮਾਨਦਾਰੀ ਦੀ ਕਿਰਤ ਦੇ ਗੁਰਮਤਿ ਸਿਧਾਂਤਾਂ ਨੂੰ ਆਪਣੇ ਵਿਵਹਾਰਿਕ ਜੀਵਨ ਦਾ ਹਿੱਸਾ ਬਣਾਈਏ ਤਾਂ ਜੋ ਇਕ ਨਵੇਂ ਸਮਾਜ ਦੀ ਸਿਰਜਣਾ ਹੋ ਸਕੇ।



Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook rajasweetsandcatering
Follow us on Twitter rajasweets




INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੈਂਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell : 916-798-8142
Email: IndiaMarketRoseville@gmail.com




HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com




Kash FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾੜੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਬ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189+Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99+ Labor |
| Recap Truck Tire | $ 249+Labor |
| Recap Trailar Tires and Kind | $ 199+ Labor |

LUCAS OIL LUCAS INJECTOR CLEANER $28.99

NEW & USED
TIRES
WASH, LUBE, BRAKES

Call:
650-642-0697

**3525 Highway 99, West Corning, CA 96021**
Across the Street from TA Truck Stop